Voice of Social Concerns

Pro-People Arts Project Media Group

# ਸਰੋਕਾਰਾਂ ਦੀ ਆਵਾਜ਼

Email: ppapmg@gmail.com

ਸਾਲ-6, ਅੰਕ-9, ਸਤੰਬਰ 2016

Website: www.ppapmg.com

HARBANS SINGH 416-817-7142 DEVINDER TOOR 416-902-9372 MASTER BHAJAN SINGH 403-455-4220

Registration No. 210836300




## ਗੁਜਰਾਤ

## ਗਊ ਰੱਖਿਆ ਦੇ ਨਾਂ ਹੇਠ ਮਨੂੰਵਾਦੀ ਧੌਂਸਗਿਰੀ

**ਨਰਭਿੰਦਰ**

ਦੇਸ਼ ਦੇ ਇਕ ਵਰਗ ਵਲੋਂ ਦਲਿਤਾਂ ਨੂੰ ਦੂਸਰੇ ਦਰਜੇ ਦਾ ਨਾਗਰਿਕ ਤਾਂ ਸਮਝਿਆ ਹੀ ਜਾਂਦਾ ਹੈ ਅਤੇ ਅਜਿਹਾ ਕੁਫਰ ਵਿਉਪਾਰ ਉਨ੍ਹਾਂ ਵਲੋਂ ਦੇਸ਼ ਭਰ ਵਿਚ ਥਾਂ ਪੁਰ ਥਾਂ ਪ੍ਰਗਟ ਹੁੰਦਾ ਹੀ ਰਹਿੰਦਾ ਹੈ ਪਰ ਜੋ ਕੁਝ ਗੁਜਰਾਤ ਦੇ ਜ਼ਿਲ੍ਹੇ ਸੋਮਨਾਥ ਗਿਰੀ ਦੇ ਕਸਬੇ ਊਨਾ ਵਿਚ ਵਾਪਰਿਆ, ਉਹ ਅਤਿ ਭਿਆਨਕ ਵੀ ਹੈ ਅਤੇ ਦੇਸ਼ ਲਈ ਸ਼ਰਮਿੰਦਗੀ ਵਾਲਾ ਵੀ ਹੈ। ਇਸ ਵਰਤਾਰੇ ਨੂੰ ਦੇਸ਼ ਹੀ ਨਹੀਂ ਵਿਦੇਸ਼ਾਂ ਵਿਚ ਵੀ ਸੋਸ਼ਲ ਮੀਡੀਆ ਉਤੇ ਵੇਖਿਆ ਗਿਆ। ਘਟਨਾ ਇਹ ਸੀ ਕਿ 12 ਜੁਲਾਈ ਨੂੰ ਚਾਰ ਦਲਿਤ ਨੌਜਵਾਨ ਆਪਣੀ ਰੋਜ਼ੀ ਰੋਟੀ ਲਈ ਉਹ ਜ਼ਿੰਮੇਵਾਰੀ ਨਿਭਾ ਰਹੇ ਸਨ ਜਿਹੜੀ ਉਨ੍ਹਾਂ ਨੂੰ ਮਨੂੰ ਸਿਮਰਤੀ ਦੇ ਅਲੰਬਰਦਾਰਾਂ ਨੇ ਸੌਂਪੀ ਸੀ, ਭਾਵ ਇਕ ਮ੍ਰਿਤਕ ਗਾਂ ਦਾ ਚਮੜਾ ਉਤਾਰ ਰਹੇ ਸਨ ਕਿ ਹਿੰਦੂ ਸ਼ਿਵ ਸੈਨਾ ਦੇ ਗਊ ਰੱਖਿਅਕ ਦਲ ਨੇ ਉਨ੍ਹਾਂ ਉਤੇ ਰਾਡਾਂ ਨਾਲ ਹਮਲਾ ਕਰ ਦਿੱਤਾ। ਨਿਰਵਸਤਰ ਕਰਕੇ ਕੁੱਟਿਆ, ਕਾਰ ਪਿਛੇ ਹੱਥ ਬੰਨ੍ਹ ਕੇ ਘੁੰਮਾਇਆ। ਸ਼ਹਿਰ 'ਚ ਘੁਮਾਉਂਦਿਆਂ ਥਾਣੇ ਲਿਜਾ ਕੇ ਕੇਸ ਦਰਜ ਕਰਨ ਲਈ ਦਬਾਅ ਪਾਇਆ ਅਤੇ ਇਸ ਸਾਰੀ ਕਮੀਨੀ ਕਰਤੂਰ ਦਾ ਵੀਡੀਓ ਵੀ ਬਣਾਇਆ ਜਿਹਨੂੰ ਪਿਛੋਂ ਆਪਣੀ ਗਊ ਰੱਖਿਆ ਬਹਾਦਰੀ ਨੂੰ ਦਰਸਾਉਣ ਲਈ ਸੋਸ਼ਲ ਮੀਡੀਆ ਉਤੇ ਵੀ ਪਾਇਆ।

ਮ੍ਰਿਤਕ ਪਸ਼ੂਆਂ ਦਾ ਚਮੜਾ ਲਾਹੁਣਾ ਤਾਂ ਉਨ੍ਹਾਂ ਦਾ ਪੇਸ਼ਾ ਸੀ, ਪਰ ਇਸ ਘਟਨਾ ਦੇ ਸੋਸ਼ਲ ਮੀਡੀਆ ਉਤੇ ਚਲਣ ਪਿਛੋਂ ਵੀ ਸਰਕਾਰ ਜਾਂ ਪ੍ਰਸ਼ਾਸਨ ਨੇ ਕੋਈ ਕਾਰਵਾਈ ਨਹੀਂ ਕੀਤੀ ਜਿਵੇਂ ਗਊ ਰੱਖਿਅਕਾਂ ਲਈ ਅਜਿਹੀਆਂ ਜ਼ਾਲਮਾਨਾ ਕਾਰਵਾਈਆਂ ਉਨ੍ਹਾਂ ਦਾ ਸੰਵਿਧਾਨਕ ਅਧਿਕਾਰ ਹੋਵੇ ਜਾਂ ਉਨ੍ਹਾਂ ਨੂੰ ਕਾਨੂੰਨੀ ਸਰਟੀਫਿਕੇਟ ਦਿੱਤਾ ਗਿਆ ਹੋਵੇ। ਸਿਤਮ ਦੀ ਗੱਲ ਇਹ ਹੈ ਕਿ ਦੇਸ਼ ਦੇ ਕੇਂਦਰੀ ਗ੍ਰਹਿ ਮੰਤਰੀ ਰਾਜਨਾਥ ਸਿੰਘ ਨੇ ਇਸ ਕਾਰਵਾਈ ਲਈ ਰਾਜ ਸਰਕਾਰ ਨੂੰ ਥਾਪੀ ਵੀ ਦਿੱਤੀ। ਦਲਿਤਾਂ ਦਾ ਹਮਾਇਤੀ ਤੇ ਅੰਬੇਡਕਰ ਦਾ ਚੇਲਾ ਹੋਣ ਦਾ ਖੇਖਣ ਕਰਨ ਵਾਲਾ ਅਤੇ ਆਪਣੇ ਆਪ ਨੂੰ ਮਹਾਂ ਦਲਿਤ ਕਹਾਉਣ ਵਾਲਾ ਨਰਿੰਦਰ ਮੋਦੀ ਲਗਭਗ ਇਕ ਮਹੀਨਾ ਚੁੱਪ ਹੀ ਰਿਹਾ ਅਤੇ ਦੇਸ਼ ਭਰ ਵਿਚ ਪੂਰਾ ਹੋ ਹੱਲਾ ਮੱਚਣ ਅਤੇ ਦਲਿਤਾਂ ਦਾ ਰੋਹ ਦੇਸ਼ ਵਿਆਪੀ ਫੈਲਣ ਪਿਛੋਂ ਜੇ ਬੋਲਿਆ ਹੀ ਤਾਂ ਉਹ ਲੂੰਬੜੀ ਵਾਂਗੂੰ ਨਾਟਕੀ ਅੰਦਾਜ਼ ਦੀ ਭਾਸ਼ਾ 'ਚ ਜਿਸ ਦੇ 'ਚ ਇਸ ਘਟਨਾ ਪ੍ਰਤੀ ਸ਼ਰਮਿੰਦਗੀ ਦਾ ਅਹਿਸਾਸ ਅਤੇ ਦਲਿਤਾਂ ਪ੍ਰਤੀ ਦਿਲੋਂ ਹਮਦਰਦੀ ਨਹੀਂ ਸੀ, ਬਸ ਇਕ ਰੁਦਨ ਸੀ।

ਦਲਿਤਾਂ ਪ੍ਰਤੀ ਉਚ ਜਾਤੀਆਂ ਦੇ ਵਿਉਹਾਰ ਦਾ ਕਰੂਰ ਪ੍ਰਗਟਾਅ ਦੇਸ਼ ਦੀ ਆਜ਼ਾਦੀ ਤੋਂ ਪਿਛੋਂ ਵੀ ਲਗਾਤਰ ਹੁੰਦਾ ਆ ਰਿਹਾ ਹੈ ਅਤੇ ਸੰਵਿਧਾਨਕ ਬਰਾਬਰ ਦੇ ਅਧਿਕਾਰ ਹੋਣ ਦੇ ਬਾਵਜੂਦ ਉਨ੍ਹਾਂ ਨਾਲ ਦੋਇਮ ਦਰਜੇ ਦੇ ਨਾਗਰਿਕ ਦੇ ਤੌਰ 'ਤੇ ਮੱਧਯੁੱਗੀ ਵਰਤਾਰਾ, ਜ਼ਬਰ ਅਤੇ ਤਸ਼ੱਦਦ ਜਾਰੀ ਚਲਿਆ ਆ ਰਿਹਾ ਹੈ ਪਰ ਜਦੋਂ ਦੀ ਕੇਂਦਰ 'ਚ ਮੋਦੀ ਦੀ ਅਗਵਾਈ ਵਾਲੀ ਭਾਜਪਾ ਦੀ ਬਹੁਸੰਮਤੀ ਵਾਲੀ ਸਰਕਾਰ ਆਈ ਹੈ, ਉਸ ਪਿਛੋਂ ਦੇਸ਼ ਦੇ ਸੰਵਿਧਾਨ ਨਾਲੋਂ ਮਨੂੰ ਸਮ੍ਰਿਤੀ ਵਾਲੀ ਸਰਕਾਰ ਆਈ ਹੈ, ਉਸ ਪਿਛੋਂ ਦੇਸ਼ ਦੇ ਸੰਵਿਧਾਨ ਨਾਲੋਂ ਮਨੂੰ ਸਮ੍ਰਿਤੀ ਦੇ ਸੰਵਿਧਾਨ ਨੂੰ ਤਰਜੀਹੀ ਤੌਰ 'ਤੇ ਹਰ ਵਰਗ ਉਤੇ ਥੋਪਣ ਦੀਆਂ ਕਮੀਨੀਆਂ ਹਰਕਤਾਂ ਥਾਂ ਪੁਰ ਥਾਂ ਤੇ ਹਰ ਰੋਜ਼ ਵੇਖਣ ਨੂੰ ਮਿਲ ਰਹੀਆਂ ਹਨ। ਇਥੇ ਹੀ ਨਹੀਂ ਇਨ੍ਹਾਂ ਸ਼ਰਮਨਾਕ ਘਟਨਾਵਾਂ ਨੂੰ ਆਪਣੀਆਂ ਪ੍ਰਾਪਤੀਆਂ ਤੇ ਬਹਾਦਰੀ ਵਜੋਂ ਵੀ ਪੇਸ਼ ਕੀਤਾ ਜਾ ਰਿਹਾ ਹੈ ਅਤੇ ਇਹ ਉਹ ਵਰਗ ਹੈ ਜਿਹੜਾ ਪਸ਼ੂਆਂ ਦੀ ਪੂਜਾ ਕਰਨ ਦਾ ਦਾਅਵਾ ਕਰਦਾ ਹੈ, ਪਰ ਇਨਸਾਨਾਂ ਪ੍ਰਤੀ ਪਸ਼ੂਆਨਾ ਬਿਰਤੀ ਵਾਲੀ ਪਹੁੰਚ ਰੱਖਦਾ ਹੈ।

ਦੇਸ਼ ਵਿਚ ਗਊ ਦੀ ਰਾਖੀ ਹੇਠ ਊਨਾ (ਗੁਜਰਾਤ) ਦੀ ਘਟਨਾ ਪਹਿਲੀ ਨਹੀਂ। ਅਜੇ ਕੁਝ ਮਹੀਨੇ ਪਹਿਲਾਂ ਹੀ ਯੂ. ਪੀ. ਦੇ ਜ਼ਿਲ੍ਹੇ ਦਾਦਰੀ ਵਿਚ ਗਊ ਮਾਸ ਦੇ ਬਹਾਨੇ ਹੇਠ ਇਕ ਗਰੀਬ ਮੁਸਲਮਾਨ ਪਰਿਵਾਰ ਉਤੇ ਹਮਲਾ ਕਰਕੇ ਉਨ੍ਹਾਂ ਦੀ ਕੁੱਟ ਮਾਰ ਕਰ ਦਿੱਤੀ ਸੀ ਜਿਸ 'ਚ ਮੁਹੰਮਦ ਅਖਲਾਕ ਨਾਮੀ ਪਰਿਵਾਰ ਮੁਖੀ ਦੀ ਮੌਤ ਹੋ ਗਈ ਸੀ। ਪਿਛੋਂ ਜਾਂਚ ਦੌਰਾਨ ਇਹ ਮਾਸ ਬੱਕਰੇ ਦਾ ਮੀਟ ਸਾਬਤ ਹੋਇਆ ਸੀ। ਅੱਜ ਤੋਂ ਕੋਈ 14 ਕੁ ਸਾਲ ਪਹਿਲਾਂ ਹਰਿਆਣੇ 'ਚ ਦੁਲੀਨਾ ਕਾਂਡ (ਜ਼ਿਲ੍ਹਾ ਝੱਜਰ) ਵੀ ਅਜਿਹੇ ਜ਼ਾਲਮਾਨਾਂ ਕਾਰਵਾਈ ਵਜੋਂ ਚਰਚਿਤ ਹੋਇਆ ਸੀ ਜਦੋਂ ਪੁਲਿਸ ਦੀ ਹਾਜ਼ਰੀ 'ਚ ਪੰਜ ਨੌਜਵਾਨਾਂ ਨੂੰ ਕੱਟੜਾ ਹਿੰਦੂ ਗਊ ਰੱਖਿਅਕਾਂ ਨੂੰ ਕੁੱਟ ਕੁੱਟ ਕੇ ਮਾਰ ਦਿੱਤਾ ਸੀ। ਪਿਛੇ ਜਿਹੇ ਹੀ ਇਸੇ ਸੂਬੇ ਦੇ ਜ਼ਿਲ੍ਹਾ ਫਰੀਦਾਬਾਦ ਵਿਚ ਇਕ ਦਲਿਤ ਪਰਿਵਾਰ ਦੇ ਘਰ ਨੂੰ ਉਚ ਜਾਤੀ ਦੇ ਲੋਕਾਂ ਨੇ ਅੱਗ ਲਾ ਦਿੱਤੀ ਸੀ ਜਿਸ 'ਚ ਦੋ ਮਾਸੂਮ ਸੜ ਕੇ ਮਰ ਗਏ ਸਨ। ਅਜਿਹੇ ਦਰਦਨਾਕ ਕਾਂਡਾਂ ਦੀ ਇਕ ਲੰਮੀ ਲਿਸਟ ਹੈ। ਮੋਦੀ ਸਰਕਾਰ ਬਣਨ ਪਿਛੋਂ ਤਾਂ ਗਊ ਰੱਖਿਆ ਦੇ ਨਾਂ ਹੇਠ ਕਈ ਹਿੰਦੂਵਾਦੀ ਸੰਗਠਨ ਜਿਹੜੇ ਬਜਰੰਗ ਦਲ ਤੇ ਹਿੰਦੂ

(ਬਾਕੀ ਸਫ਼ਾ 25 'ਤੇ)


4
ਸੰਘੀ ਫਾਸ਼ੀਵਾਦ ਵਿਰੁੱਧ ਉੱਠ ਰਹੇ ਵਿਰੋਧ ਦੀ ਦਸਤਕ


7
ਕਾਰਪੋਰੇਟ ਮੁਨਾਫ਼ਾ, ਕੈਨੇਡਾ ਪੋਸਟ ਤੇ ਦਲਾਲ ਸਰਕਾਰਾਂ


8
ਇਤਿਹਾਸ ਦੇ ਅਹਿਮ ਪੰਨਿਆਂ 'ਚ ਭਗਤ ਸਿੰਘ


28
ਨਸਲੀ ਹਿੰਸਾ-ਅਮਰੀਕਾ ਦੇ ਮੱਥੇ 'ਤੇ ਬੱਦਨੁੰਮਾਂ ਦਾਗ

SUPER VISA INSURANCE

PUNJAB INSURANCE INC.



Sherjang Singh Rana
416.910.9000

• Life Insurance • Mortgage Insurance
• Critical Illness Insurance • Disability Insurance
• RESP, RRSP

www.punjabinsurance.ca



Ravinder Singh Basra
416.845.6232

# ਜਾਗੋ ਨੌਜਵਾਨੋਂ, ਉੱਠੋ ਸਾਨੂੰ ਸੁੱਤਿਆਂ ਨੂੰ ਯੁੱਗ ਬੀਤ ਚੁੱਕੇ ਹਨ!



ਇਹ ਬੋਲ ਸ਼ਹੀਦ ਭਗਤ ਸਿੰਘ ਦੇ ਹਨ। ਆਉਣ ਵਾਲ਼ੀ 28 ਸਤੰਬਰ ਨੂੰ ਸ਼ਹੀਦ ਭਗਤ ਸਿੰਘ, ਦਾ ਜਨਮ ਦਿਹਾੜਾ ਹੈ। ਅੱਜ ਤੋਂ ਲਗਭਗ ਅੱਠ ਦਹਾਕੇ ਪਹਿਲਾਂ ਭਗਤ ਸਿੰਘ ਨੇ ਨੌਜਵਾਨਾਂ ਨੂੰ ਵਿਦੇਸ਼ੀ ਗੁਲਾਮੀ ਵਿਰੁੱਧ ਉੱਠ ਖੜ੍ਹੇ ਹੋਣ ਲਈ ਲਲਕਾਰਿਆ ਸੀ। ਉਦੋਂ ਸਾਡਾ ਦੇਸ਼ ਅੰਗਰੇਜ਼ਾਂ ਦਾ ਗੁਲਾਮ ਸੀ। ਸਾਡੇ ਦੇਸ਼ ਦੇ ਜਗੀਰਦਾਰਾਂ ਅਤੇ ਰਾਜੇ ਰਜਵਾੜਿਆ ਨਾਲ਼ ਉਹਨਾਂ ਦੀ ਗੂੜ੍ਹੀ ਯਾਰੀ ਸੀ। ਇਹ ਦੋਵੇਂ ਮਿਲ਼ ਕੇ ਸਾਡੇ ਦੇਸ਼ ਦੇ ਮਜ਼ਦੂਰਾਂ, ਕਿਸਾਨਾਂ ਨੂੰ ਨਪੀੜ ਰਹੇ ਸਨ। ਇਸ ਲੁੱਟ, ਜ਼ਬਰ, ਅਨਿਆਂ ਵਿਰੁੱਧ ਉਦੋਂ ਚੱਲ ਰਹੀ ਲੜਾਈ ਵਿੱਚ ਨੌਜਵਾਨ ਵੀ ਮੂਹਰਲੀਆਂ ਸਫਾਂ ਵਿੱਚ ਸਨ। ਜੇਲ੍ਹਾਂ, ਫਾਂਸੀਆਂ, ਜਲਾਵਤਨੀਆਂ, ਗੋਲ਼ੀਆਂ ਆਦਿ ਦਾ ਵੇਲੇ ਦੇ ਹਾਕਮਾਂ ਦਾ ਕੋਈ ਵੀ ਜ਼ਬਰ ਉਹਨਾਂ ਨੂੰ ਦੇਸ਼ ਦੀ ਜੰਗੇ ਆਜ਼ਾਦੀ 'ਚ ਹਿੱਸਾ ਲੈਣੋ ਰੋਕ ਨਾ ਸਕਿਆ। ਦੇਸ਼ ਦੇ ਮਜ਼ਦੂਰਾਂ, ਕਿਸਾਨਾਂ, ਵਿਦਿਆਰਥੀਆਂ, ਨੌਜਵਾਨਾਂ ਦੇ ਅਨੇਕਾਂ ਜੁਝਾਰੂ ਸੰਘਰਸ਼ਾਂ, ਤਿਆਗ, ਕੁਰਬਾਨੀਆਂ ਦਾ ਹੀ ਨਤੀਜਾ ਸੀ ਕਿ 1947 'ਚ ਅੰਗਰੇਜ਼ਾਂ ਨੂੰ ਇੱਥੋਂ ਦਫਾ ਹੋਣਾ ਪਿਆ। ਪਰ 1947 'ਚ ਦੇਸ਼ ਦੀ ਲੁਟੇਰੀ ਸਰਮਾਏਦਾਰ ਜਮਾਤ ਸੱਤ੍ਹਾ 'ਤੇ ਕਾਬਜ਼ ਹੋਈ। ਭਗਤ ਸਿੰਘ ਦੇ ਸ਼ਬਦਾਂ 'ਚ ਕਹਿਣਾ ਹੋਵੇ ਤਾਂ 'ਗੋਰੀ ਬੁਰਾਈ ਦੀ ਥਾਂ ਕਾਲ਼ੀ ਬੁਰਾਈ' ਨੇ ਲੈ ਲਈ।

1947 ਤੋਂ ਬਾਅਦ ਜੋ ਇਸ ਦੇਸ਼ ਵਿੱਚ ਤਬਦੀਲੀ ਹੋਈ ਉਹ ਬੱਸ ਇਹ ਸੀ ਕਿ ਇੱਕ ਧੀਮੀ ਪ੍ਰੀਕ੍ਰਿਆ 'ਚ ਜਗੀਰਦਾਰੀ ਦੀ ਥਾਂ ਸਰਮਾਏਦਾਰੀ ਨੇ ਲੈ ਲਈ, ਪਿੰਡਾਂ ਵਿੱਚ ਵੀ ਅਤੇ ਸ਼ਹਿਰਾਂ ਵਿੱਚ ਵੀ। ਹੁਣ ਵੀ ਸਿੱਧੇ ਦੀ ਥਾਂ ਅਸਿੱਧੇ ਰੂਪ ਵਿੱਚ ਸਾਮਰਾਜਵਾਦੀ ਦੇਸ਼ਾਂ ਦੁਆਰਾ ਸਾਡੇ ਦੇਸ਼ ਦੇ ਕੁਦਰਤੀ ਸਾਧਨਾਂ ਅਤੇ ਕਿਰਤ ਸ਼ਕਤੀ ਦੀ ਲੁੱਟ ਬਾਦਸਤੂਰ ਜਾਰੀ ਰਹੀ।

ਅਜ਼ਾਦੀ ਤੋਂ ਬਾਅਦ ਦੇ ਪਿਛਲੇ ਛੇ ਦਹਾਕਿਆਂ 'ਚ ਇੱਥੇ ਜੋ ਸਮਾਜ ਬਣਿਆ ਹੈ, ਇਹ ਬਹੁਤ ਹੀ ਗੈਰ-ਬਰਾਬਰੀ ਪੂਰਨ ਹੈ। ਅਮੀਰ ਗਰੀਬ ਵਿਚਲਾ ਪਾੜਾ ਪਿਛਲੇ ਛੇ ਦਹਾਕਿਆਂ 'ਚ ਛਾਲ਼ੀਂ ਵਧਿਆ ਹੈ। ਉੱਪਰਲੀ 15 ਤੋਂ 20 ਫੀਸਦੀ ਅਬਾਦੀ ਨੂੰ ਇੱਥੇ ਹਰ ਤਰ੍ਹਾਂ ਦੀਆਂ ਸੁੱਖ-ਸਹੂਲਤਾਂ ਉਪਲਬਧ ਹਨ। ਇਸ ਕੋਲ ਧਨ ਦੌਲਤ ਦੇ ਅੰਬਾਰ ਹਨ। ਇਸ ਦੀ ਅੱਯਾਸ਼ੀ ਦੇ ਕਿੱਸਿਆਂ ਅੱਗੇ ਇਤਿਹਾਸ ਦੇ ਸਭ ਤਰ੍ਹਾਂ ਦੇ ਹਾਕਮਾਂ ਦੀ ਅੱਯਾਸ਼ੀ ਦੇ ਕਿੱਸੇ ਛੋਟੇ ਪੈ ਜਾਂਦੇ ਹਨ। ਦੂਜੇ ਪਾਸੇ ਇਸੇ ਦੇਸ਼ ਦੀ 77 ਫੀਸਦੀ ਆਬਾਦੀ 20 ਰੁਪੈ ਰੋਜ਼ਾਨਾ 'ਤੇ ਗੁਜ਼ਾਰਾ ਕਰ ਰਹੀ ਹੈ। ਦੇਸ਼ ਦੇ 80 ਫੀਸਦੀ ਕਿਰਤ ਲੋਕ ਮਹਿੰਗਾਈ, ਗਰੀਬੀ, ਬੇਰੁਜ਼ਗਾਰੀ ਦੀ ਚੱਕੀ 'ਚ ਪਿਸ ਰਹੇ ਹਨ।

> ਮਾਓ-ਜ਼ੇ-ਤੁੰਗ ਨੇ ਕਿਹਾ ਸੀ ਕਿ 'ਰੁੱਖ ਜਿੰਨਾ ਮਰਜ਼ੀ ਸ਼ਾਂਤ ਰਹਿਣਾ ਚਾਹੁਣ ਪਰ ਹਵਾ ਉਹਨਾਂ ਨੂੰ ਟਿਕਣ ਨਹੀਂ ਦਿੰਦੀ।' ਇਸ ਸਮਾਜ ਵਿੱਚ ਰਹਿੰਦੇ ਹੋਏ ਅਸੀਂ ਇਸ ਤੋਂ ਨਿਰਲੇਪ ਨਹੀਂ ਰਹਿ ਸਕਦੇ। ਸਾਰੇ ਸੰਸਾਰ ਦਾ ਇਤਿਹਾਸ ਗਵਾਹ ਹੈ ਕਿ ਹਰ ਸਮਾਜੀ ਉੱਥਲ-ਪੁੱਥਲ ਵਿੱਚ, ਹਰ ਇਨਕਲਾਬ ਵਿੱਚ ਨੌਜਵਾਨਾਂ ਨੇ ਮੂਹਰਲੇ ਮੋਰਚਿਆਂ 'ਤੇ ਲੜਾਈ ਲੜੀ ਹੈ।

1991 'ਚ ਦੇਸ਼ ਦੇ ਹਾਕਮਾਂ ਵੱਲੋਂ ਅਪਣਾਈ ਨਵੀਂ ਆਰਥਿਕ ਨੀਤੀ ਦੇ ਪਿਛਲੇ ਦੋ ਦਹਾਕਿਆਂ 'ਚ ਕਰੋੜਾਂ ਕਿਸਾਨ ਅਤੇ ਹੋਰ ਛੋਟੇ ਕਾਰੋਬਾਰੀ ਉੱਜੜਕੇ, ਜਾਇਦਾਦ ਵਿਹੀਣ ਮਜ਼ਦੂਰਾਂ ਦੀਆਂ ਸਫਾਂ ਵਿੱਚ ਸ਼ਾਮਲ ਹੋਏ ਹਨ। ਆਉਣ ਵਾਲ਼ੇ ਦਿਨਾਂ ਵਿੱਚ ਇਹ ਗਤੀ ਹੋਰ ਤੇਜ਼ ਹੋਵੇਗੀ। ਦੇਸ਼ ਵਿੱਚ ਅਮੀਰ ਗਰੀਬ ਦਰਮਿਆਨ ਧਰੁਵੀਕਰਨ ਹੋਰ ਵਧੇਰੇ ਤਿੱਖਾ ਹੋਵੇਗਾ।

ਦੇਸ਼ ਦੇ ਕਰੋੜਾਂ ਨੌਜਵਾਨ ਬੇਰੁਜ਼ਗਾਰ ਹਨ ਜਾਂ ਅਰਧ ਬੇਰੁਜ਼ਗਾਰ ਹਨ। ਪਬਲਿਕ ਸੈਕਟਰ ਦੇ ਨਿੱਜੀਕਰਨ ਹੁੰਦੇ ਜਾਣ ਨਾਲ਼ ਪੱਕੀਆਂ ਨੌਕਰੀਆਂ ਦਾ ਸਕੋਪ ਲਗਾਤਾਰ ਸੁੰਗੜਦਾ ਜਾ ਰਿਹਾ ਹੈ। ਅਜਿਹੇ ਸਮੇਂ 'ਚ ਜਾਂ ਤਾਂ ਰੁਜ਼ਗਾਰ ਮਿਲਦਾ ਹੀ ਨਹੀਂ ਜੇ ਮਿਲਦਾ ਹੈ ਤਾਂ ਬੇਹੱਦ ਘੱਟ ਤਨਖਾਹ 'ਤੇ ਕੰਮ ਕਰਨਾ ਪੈਂਦਾ ਹੈ। ਇਹ ਰੁਜ਼ਗਾਰ ਵੀ ਅਨਿਸ਼ਚਿਤ ਹੀ ਹੁੰਦਾ ਹੈ। ਕਿਸੇ ਵੀ ਸਮੇਂ ਇੱਕ ਬਾਰੁਜ਼ਗਾਰ, ਬੇਰੁਜ਼ਗਾਰ ਹੋ ਸਕਦਾ ਹੈ। ਪ੍ਰਾਈਵੇਟ ਸੈਕਟਰ ਵਿੱਚ ਮਾਲਕ ਕੰਮ ਤਾਂ ਨਿਚੋੜ ਕੇ ਲੈਂਦੇ ਹਨ, ਪਰ ਬਦਲੇ 'ਚ ਤਨਖਾਹ ਬੇਹੱਦ ਘੱਟ ਦਿੰਦੇ ਹਨ। ਅਜਿਹੇ ਖੇਤਰਾਂ 'ਚ ਕੰਮ ਕਰਨ ਵਾਲ਼ੇ ਨੌਜਵਾਨ ਹਮੇਸ਼ਾ ਭਿਆਨਕ ਮਾਨਸਿਕ ਤਣਾਅ ਵਿੱਚ ਜਿਉਂਦੇ ਹਨ। ਇੱਕ ਅੰਦਾਜ਼ੇ ਮੁਤਾਬਕ ਦੇਸ਼ ਦੇ ਪਿੰਡਾਂ ਵਿੱਚ ਹੀ 5 ਕਰੋੜ ਦੇ ਲਗਭਗ ਨੌਜਵਾਨ ਬੇਰੁਜ਼ਗਾਰ ਹਨ। ਦੇਸ਼ ਦੀ ਕੁੱਲ ਕੰਮ ਕਰਨ ਯੋਗ ਆਬਾਦੀ ਵਿੱਚੋਂ ਇੱਕ ਤਿਹਾਈ ਆਬਾਦੀ ਬੇਰੁਜ਼ਗਾਰੀ, ਅਰਧ-ਬੇਰੁਜ਼ਗਾਰੀ ਦੀ ਸ਼ਿਕਾਰ ਹੈ।

ਇੱਕ ਪਾਸੇ ਦੇਸ਼ ਦੇ ਸ਼ਹਿਰਾਂ ਦੇ ਪੌਸ਼ ਇਲਾਕਿਆਂ 'ਚ ਲਗਾਤਾਰ ਵੱਡੇ-ਵੱਡੇ ਖ਼ੂਬਸੂਰਤ ਬੰਗਲੇ ਉੱਸਰ ਰਹੇ ਹਨ। ਸ਼ਹਿਰਾਂ ਦੇ ਬਾਹਰਵਾਰ ਕਈ ਕਈ ਏਕੜਾਂ 'ਚ ਫਾਰਮ ਹਾਊਸ ਬਣ ਰਹੇ ਹਨ ਜੋ ਸ਼ਹਿਰੀ ਧਨਾਢਾਂ ਦੇ ਅੱਯਾਸ਼ੀ ਦੇ ਅੱਡੇ ਹਨ। ਦੂਜੇ ਪਾਸੇ ਝੁੱਗੀਆਂ-ਝੌਂਪੜੀਆਂ ਵੀ ਖੁੰਭਾ ਵਾਂਗ ਵੱਧ ਫੁੱਲ ਰਹੀਆਂ ਹਨ। ਰਾਤ ਵੇਲੇ ਬੰਦ ਦੁਕਾਨਾਂ ਮੂਹਰੇ, ਫੁੱਟਪਾਥਾਂ ਅਤੇ ਸੜਕਾਂ ਦੇ ਡਿਵਾਈਡਰਾਂ 'ਤੇ ਸੌਣ ਵਾਲਿਆਂ ਦੀ ਸੰਖਿਆ ਲਗਾਤਾਰ ਵੱਧ ਰਹੀ ਹੈ। ਰੇਲ ਲਾਈਨਾਂ ਦੇ ਕਿਨਾਰੇ ਅਤੇ ਲਗਾਤਾਰ ਉਸਰ ਰਹੇ ਫਲਾਈਓਵਰਾਂ ਦੇ ਹੇਠਾਂ ਇੱਕ ਪੂਰਾ ਸੰਸਾਰ ਵਸਦਾ ਹੈ, ਜਿੱਥੇ ਦਿਨ ਰਾਤ ਹੱਡ ਭੰਨਵੀਂ ਮਿਹਨਤ ਕਰਨ ਵਾਲ਼ੇ ਕੀੜੇ ਮਕੌੜਿਆਂ ਜਿਹਾ ਜੀਵਨ ਜੀਉਣ ਲਈ ਮਜਬੂਰ ਹਨ।

ਇਹ ਸੀ ਦੇਸ਼ ਦੇ ਅਰਥਚਾਰੇ ਦੀ ਇੱਕ ਝਲਕ। ਆਓ! ਹੁਣ ਰਾਜਨੀਤੀ ਦੇ ਦਰਸ਼ਨ ਕਰਦੇ ਹਾਂ।

ਭਾਰਤ ਦੇ ਹਾਕਮ ਅਤੇ ਉਹਨਾਂ ਦੀਆਂ ਬੌਧਿਕ ਵੇਸਵਾਵਾਂ ਭਾਵ ਉਹਨਾਂ ਦੇ ਬੁੱਧੀਜੀਵੀ ਦਿਨ ਰਾਤ ਇਹ ਦੁਹਰਾਉਂਦੇ ਨਹੀਂ ਥੱਕਦੇ ਕਿ ਭਾਰਤ ਦੁਨੀਆਂ ਦਾ ਸਭ ਤੋਂ ਵੱਡਾ ਲੋਕਤੰਤਰ ਹੈ। ਲੋਕਤੰਤਰ ਦੀ ਅਬਰਾਹਮ ਲਿੰਕਨ ਨੇ ਇੱਕ ਪਰਿਭਾਸ਼ਾ ਦਿੱਤੀ ਸੀ। ਉਸਨੇ ਕਿਹਾ ਸੀ ਕਿ, ਲੋਕਤੰਤਰ ਲੋਕਾਂ ਦੀ, ਲੋਕਾਂ ਦੁਆਰਾ ਅਤੇ ਲੋਕਾਂ ਲਈ ਸਰਕਾਰ ਹੈ। ਪਰ ਸਾਡਾ ਕਹਿਣਾ ਹੈ ਤਿੰਨਾਂ ਪੱਖਾਂ ਤੋਂ ਹੀ ਇਹ ਗੱਲ ਝੂਠ ਹੈ। ਨਾ ਤਾਂ ਇਹ ਸਰਕਾਰ ਲੋਕਾਂ ਦੀ ਹੈ, ਨਾ ਲੋਕਾਂ ਦੁਆਰਾ ਅਤੇ ਨਾ ਹੀ ਲੋਕਾਂ ਲਈ ਹੈ। ਇਹ ਸਰਕਾਰ ਜੇਕਰ ਲੋਕਾਂ ਦੀ ਹੁੰਦੀ ਤਾਂ ਦੇਸ਼ ਦੇ 80 ਫੀਸਦੀ ਲੋਕਾਂ ਦੀ ਹਾਲਤ ਉਹ ਨਾ ਹੁੰਦੀ ਜਿਸਦਾ ਉੱਪਰ ਵਰਣਨ ਕੀਤਾ ਗਿਆ ਹੈ।

ਜਿੱਥੋਂ ਤੱਕ ਸਰਕਾਰ ਦੇ ਲੋਕਾਂ ਦੁਆਰਾ ਚੁਣੇ ਜਾਣ ਦਾ ਸਵਾਲ ਹੈ, ਇਹ ਵੀ ਇੱਕ






**SARO KARAN DI AWAZ**

**Publisher**
Pro-People Arts Project Media Group 29 Mapleview Ave, Brampton
Ontario, CA, L6R 1M2

**Chief Editor**
**Harbans Singh**
416-817-7142
ppapmg@gmail.com

**Managing Director**
**Devinder Toor, Toronto**
416-902-9372
ppapmg@gmail.com

**Sub Editor**
**Master Bhajan Singh**
Calgary (Alberta)
403-455-4220
btarksheel@gmail.com

**Sub Editor**
**Dr. Hardeep Singh, Milton (Ontario)**
226-979-5688
deephsingh@gmail.com

**Literary Advisor**
**Gurbachan Singh Brar**
Calgary (NE) Alberta
403-470-2628
brargurbachan@yahoo.ca

**Advisory Board**
**Narbhinder Singh (India)**
935-443-0211

**Buta Singh Nawan Shahr (India)**
946-347-4342
atoozed@gmail.com

**Jaswant Zirakh (India)**
98151-69825
jaswantzirakh@gmail.com

**Harnek Dhaliwal, Winnipeg**
(Manitoba)
204-488-6960

**Parshotam Dosanjh, Surrey (BC)**
1-604-512-8371

**Sukhdev Singh Sandhu (Toronto)**

**Master Balbir Singh Gill (Toronto)**

**Jaspreet Dhaliwal (Toronto)**

**Randeep Singh (India)**
09855695905
rvs0001@gmail.com

**Baljinder Singh**
Graphic Desinger
+91-98782-29598
+91-92167-29598
akashdeep.1064@gmail.com

ਸੰਪਾਦਕੀ ਮੰਡਲ ਦਾ ਕਿਸੇ ਵੀ ਰਚਨਾ ਨਾਲ ਸਹਿਮਤ ਹੋਣਾ ਜ਼ਰੂਰੀ ਨਹੀਂ। ਮੈਟਰ ਵਿਚ ਵਾਧਾ-ਘਾਟਾ ਕਰਨ ਦਾ ਅਧਿਕਾਰ ਅਦਾਰਾ 'ਸਰੋਕਾਰਾਂ ਦੀ ਆਵਾਜ਼' ਨੂੰ ਹੋਵੇਗਾ। ਪੇਪਰ ਵਿਚ ਛਪੀ ਹਰ ਲਿਖਤ ਜਾਂ ਇਸ਼ਤਿਹਾਰ ਸਬੰਧੀ ਲੇਖਕ ਅਤੇ ਇਸ਼ਤਿਹਾਰਦਾਤਾ ਹੀ ਜ਼ਿੰਮੇਵਾਰ ਹੋਵੇਗਾ।

ਭਰਮ ਹੀ ਹੈ ਕਿ ਇੱਥੇ ਲੋਕ ਆਵਦੇ ਨੁਮਾਇੰਦੇ ਚੁਣਦੇ ਹਨ। ਲੋਕ ਭਾਵੇਂ ਵੋਟ ਪਰਚੀ ਤੇ ਮੋਹਰ ਲਾਉਣ ਦੀ ਰਸਮ ਅਦਾਇਗੀ ਕਰਦੇ ਹਨ, ਪਰ ਅੱਸੀ ਫੀਸਦੀ ਲੋਕ ਖੁਦ ਚੁਣੇ ਜਾਣ ਦੇ ਦਾਇਰੇ ਤੋਂ ਬਾਹਰ ਹਨ। ਅੱਜ ਇੱਥੇ ਇੱਕ ਸਰਪੰਚ ਬਣਨ ਲਈ ਘੱਟੋ ਘੱਟ ਇੱਕ ਕਰੋੜ ਦੀ ਲਾਗਤ ਆਉਂਦੀ ਹੈ, ਵਿਧਾਇਕ ਲਈ ਕਈ ਕਰੋੜ ਅਤੇ ਐੱਮ. ਪੀ. ਬਣਨ ਲਈ ਤਾਂ ਪੁੱਛੋ ਹੀ ਨਾ। ਇਸ ਲਈ ਇਸ ਦੇਸ਼ ਦੇ 80 ਫੀਸਦੀ ਲੋਕ ਤਾਂ ਚੋਣ ਲੜਨ ਦਾ ਸੁਪਨਾ ਵੀ ਨਹੀਂ ਲੈ ਸਕਦੇ। ਅੱਜ ਦੇਸ਼ ਦੀ ਸੰਸਦ, ਵਿਧਾਨ ਸਭਾਵਾਂ ਵਿੱਚ ਕਰੋੜਪਤੀਆਂ, ਅਰਬਪਤੀਆਂ, ਗੁੰਡਿਆਂ, ਬਦਮਾਸ਼ਾਂ, ਕਾਤਲਾਂ, ਬਲਾਤਕਾਰੀਆਂ ਦੀ ਭਰਮਾਰ ਹੈ। ਅਤੇ ਲੋਕਾਂ ਨੇ ਇਹਨਾਂ ਵਿੱਚੋਂ ਹੀ ਕਿਸੇ ਨੂੰ ਚੁਣਨਾ ਹੁੰਦਾ ਹੈ। ਇਸ ਲਈ ਲੋਕਾਂ ਦੀ ਚੋਣ ਦਾ ਸਕੋਪ ਵੀ ਬੇਹੱਦ ਸੀਮਤ ਹੈ। ਅਤੇ ਇਹ ਇਸ ਅਰਥ ਵਿੱਚ ਸੀਮਤ ਹੈ ਕਿ ਵੱਖ ਵੱਖ ਵੋਟ ਪਾਰਟੀਆਂ ਲੁਟੇਰੇ ਪੂੰਜੀਵਾਦੀ ਢਾਂਚੇ ਦੀਆਂ ਰੱਖਿਅਕ ਹਨ। ਸਭ ਬੁਨਿਆਦੀ ਮੁੱਦਿਆਂ 'ਤੇ ਉਹਨਾਂ ਵਿੱਚ ਸਹਿਮਤੀ ਹੈ। ਇਸ ਲਈ ਲੋਕਾਂ ਕੋਲ ਚੁਣਨ ਲਈ ਕੁਝ ਵੀ ਨਹੀਂ ਬਚਦਾ।

ਇਹ ਸਰਕਾਰ ਲੋਕਾਂ ਲਈ ਇਸ ਕਰਕੇ ਨਹੀਂ ਹੈ, ਕਿਉਂਕਿ ਪਿਛਲੇ 60 ਸਾਲਾਂ ਦਾ ਇਤਿਹਾਸ ਦੱਸਦਾ ਹੈ ਕਿ ਕੋਈ ਵੀ ਸਰਕਾਰ ਲੋਕਾਂ ਦੇ ਹਿੱਤ ਵਿੱਚ ਕੰਮ ਨਹੀਂ ਕਰਦੀ। ਇੱਕ ਵਾਰ ਚੁਣੇ ਜਾਣ ਤੋਂ ਬਾਅਦ ਹਰ ਸਰਕਾਰ ਇੱਕ ਹੀ ਕੰਮ ਕਰਦੀ ਹੈ, ਉਹ ਹੈ ਲੋਕਾਂ ਨੂੰ ਲੁੱਟਣਾ ਤੇ ਕੁੱਟਣਾ ਅਤੇ ਸਰਮਾਏਦਾਰ ਜਮਾਤਾਂ ਦੀ ਸੇਵਾ ਕਰਨਾ। ਇਸ ਤਰ੍ਹਾਂ ਇਹ ਲੋਕਤੰਤਰ ਇੱਕ ਫਰੇਬ, ਇਹ ਲੋਕਾਂ ਦੇ ਅੱਖੀਂ ਘੱਟਾ ਪਾਉਂਦਾ ਹੈ। ਇਹ ਲੋਕਤੰਤਰ ਦੇ ਪਰਦੇ 'ਚ ਲੁਕੀ ਸਰਮਾਏਦਾਰ ਜਮਾਤ ਦੀ ਤਾਨਾਸ਼ਾਹੀ ਅਤੇ ਅੱਜ ਹਰ ਪੱਖੋਂ ਦੇਸ਼ ਦੀ ਪੂੰਜੀਵਾਦੀ ਰਾਜਨੀਤੀ ਦਾ ਨਿਘਾਰ ਆਪਣੀਆਂ ਸਿਖਰਾਂ ਛੂਹ ਰਿਹਾ ਹੈ।

ਦੇਸ਼ ਦੇ ਸਮਾਜ, ਸੱਭਿਆਚਾਰ ਦੀ ਗੱਲ ਕਰਨੀ ਹੋਵੇ ਤਾਂ ਪੂੰਜੀਵਾਦ ਨੇ ਲੋਕਾਂ ਨੂੰ ਇੱਕ ਚੂਹਾ ਦੌੜ ਵਿੱਚ ਲਗਾ ਰੱਖਿਆ ਹੈ। ਚਾਰੇ ਪਾਸੇ ਗਲਾ ਵੱਢ ਮੁਕਾਬਲੇ ਦਾ ਬੋਲਬਾਲਾ ਹੈ। ਹਰ ਕੋਈ ਦੂਸਰੇ ਦੀ ਧੌਣ 'ਤੇ ਪੈਰ ਰੱਖ ਕੇ ਅੱਗੇ ਵਧਣ ਦੀ ਦੌੜ 'ਚ ਹੈ। ਚਾਰੇ ਪਾਸੇ ਲੋਭ-ਲਾਲਚ ਦਾ ਸੱਭਿਆਚਾਰ ਹਾਵੀ ਹੈ। ਸਭ ਰਿਸ਼ਤਿਆਂ 'ਤੇ ਇੱਥੇ ਸੋਨੇ ਚਾਂਦੀ ਦੀ ਝਾਲ ਚੜ੍ਹੀ ਹੋਈ ਹੈ। ਸਭ ਮਨੁੱਖੀ ਰਿਸ਼ਤੇ ਬਿਜ਼ਨਸ ਡੀਲਜ਼ ਵਿੱਚ ਬਦਲ ਚੁੱਕੇ ਹਨ। ਸਾਡੇ ਇੱਥੇ ਪਹਿਲਾਂ ਤੋਂ ਹਾਵੀ ਜਗੀਰੂ ਸੱਭਿਆਚਾਰ ਨਾਲ਼ ਪੂੰਜੀਵਾਦੀ ਖਪਤ ਸੱਭਿਆਚਾਰ ਆਣ ਮਿਲਿਆ ਹੈ। ਇਹਨਾਂ ਦੋਹਾਂ ਦੇ ਮਿਸ਼ਰਣ ਤੋਂ ਗੰਦੀ ਬਦਬੂਦਾਰ ਖਿਚੜੀ ਤਿਆਰ ਹੋਈ ਹੈ। ਚਾਰੇ ਪਾਸੇ ਹਰ ਹੀਲੇ ਧਨ ਇਕੱਠਾ ਕਰਨ ਦੀ ਕੁੱਤਾ ਦੌੜ ਜਾਰੀ ਹੈ। ਇਸ ਦੇਸ਼ ਦੇ ਧਨਾਢਾਂ ਦੀ ਧਨ ਦੀ ਹਵਸ ਫੈਕਟਰੀਆਂ, ਜ਼ਮੀਨਾਂ 'ਤੇ ਮਜ਼ਦੂਰਾਂ ਦੀ ਕਿਰਤ ਸ਼ਕਤੀ ਦੀ ਅੰਨ੍ਹੀ ਲੁੱਟ ਰਾਹੀਂ ਸ਼ਾਂਤ ਨਹੀਂ ਹੋਈ। ਹੁਣ ਇੱਥੇ ਜਥੇਬੰਦ ਗਰੋਹਾਂ ਨੇ ਲੋਕਾਂ ਦੇ ਬੱਚਿਆਂ ਨੂੰ ਚੁੱਕ ਕੇ ਉਹਨਾਂ ਦੇ ਅੰਗ ਵੇਚਣ ਅਤੇ ਮਾਸੂਮ ਬੱਚੀਆਂ ਨੂੰ ਵੇਸਵਾਗਿਰੀ ਦੇ ਧੰਦੇ ਵਿੱਚ ਧੱਕਣ ਦਾ ਨਵਾਂ ਕਾਰੋਬਾਰ ਸ਼ੁਰੂ ਕੀਤਾ ਹੈ। ਕੁਝ ਸਾਲ ਪਹਿਲਾਂ ਨਿਠਾਰੀ ਕਾਂਢ ਨੇ ਇਹ ਘਿਨੌਣਾ ਕਾਰੋਬਾਰ ਸਾਹਮਣੇ ਲਿਆਂਦਾ ਸੀ, ਜੋ ਅਜੇ ਵੀ ਬਾਦਸਤੂਰ ਜਾਰੀ ਹੈ। 26 ਫਰਵਰੀ 2011 ਦੇ ਪੰਜਾਬੀ ਟ੍ਰਿਬਿਊਨ ਮੁਤਾਬਕ ਪਿਛਲੇ ਇੱਕ ਦਹਾਕੇ ਵਿੱਚ ਪੰਜਾਬ ਦੀਆਂ 781 ਧੀਆਂ ਲਾਪਤਾ ਹੋਈਆਂ ਹਨ। ਜਿਹਨਾਂ ਦੇ ਵੇਸਵਾਗਿਰੀ 'ਚ ਧੱਕੀਆਂ ਜਾਣ ਬਾਰੇ ਸ਼ੰਕਾ ਪ੍ਰਗਟਾਇਆ ਜਾ ਰਿਹਾ ਹੈ। ਇਹ ਤਾਂ ਬੱਸ ਉਹ ਗਿਣਤੀ ਹੈ ਜਿਸ ਦੀ ਪੁਲਿਸ ਕੋਲ ਰਿਪੋਰਟ ਦਰਜ ਕਰਾਈ ਜਾਂਦੀ ਹੈ। ਅਤੇ ਜਿਹੜੇ ਮਾਮਲੇ ਪੁਲਿਸ ਰਿਕਾਰਡ ਤੋਂ ਬਾਹਰ ਰਹਿ ਜਾਂਦੇ ਹਨ ਉਹਨਾਂ ਦੀ ਗਿਣਤੀ ਇਸ ਤੋਂ ਕਿਤੇ ਵਧੇਰੇ ਹੋਵੇਗੀ।

ਇਹ ਹੈ ਅਜ਼ਾਦੀ ਤੋਂ ਬਾਅਦ ਇੱਥੇ ਉਸਰੇ ਸਮਾਜ ਦੀ ਨੰਗੀ ਅਤੇ ਗੰਦੀ ਤਸਵੀਰ। ਨੌਜਵਾਨ ਦੋਸਤੋ ਕੀ ਅਜਿਹੇ ਵਾਤਾਵਰਣ ਵਿੱਚ ਤੁਹਾਡਾ ਦਮ ਨਹੀਂ ਘੁੱਟਦਾ? ਕੀ ਦਿਲ ਵਿੱਚ ਇੱਕ ਤੜਪ ਨਹੀਂ ਉੱਠਦੀ ਕਿ ਅਜਿਹੇ ਆਰਥਿਕ-ਰਾਜਸੀ-ਸਮਾਜੀ ਨਿਜ਼ਾਮ ਨੂੰ ਉਖਾੜ ਸੁੱਟਿਆ ਜਾਣਾ ਚਾਹੀਦਾ ਹੈ? ਕੀ ਇਹ ਸੰਭਵ ਹੈ ਕਿ ਅਜਿਹੇ ਸਮਾਜ ਵਿੱਚ ਜੀਉਂਦੇ ਹੋਏ ਸਾਡਾ ਭਵਿੱਖ, ਕੈਰੀਅਰ ਸੁਰੱਖਿਅਤ ਰਹਿ ਸਕਦਾ ਹੈ? ਮਾਓ-ਜ਼ੇ-ਤੁੰਗ ਨੇ ਕਿਹਾ ਸੀ ਕਿ 'ਰੁੱਖ ਜਿੰਨਾ ਮਰਜ਼ੀ ਸ਼ਾਂਤ ਰਹਿਣਾ ਚਾਹੁਣ ਪਰ ਹਵਾ ਉਹਨਾਂ ਨੂੰ ਟਿਕਣ ਨਹੀਂ ਦਿੰਦੀ।' ਇਸ ਸਮਾਜ ਵਿੱਚ ਰਹਿੰਦੇ ਹੋਏ ਅਸੀਂ ਇਸ ਤੋਂ ਨਿਰਲੇਪ ਨਹੀਂ ਰਹਿ ਸਕਦੇ। ਸਾਰੇ ਸੰਸਾਰ ਦਾ ਇਤਿਹਾਸ ਗਵਾਹ ਹੈ ਕਿ ਹਰ ਸਮਾਜੀ ਉੱਥਲ-ਪੁੱਥਲ ਵਿੱਚ, ਹਰ ਇਨਕਲਾਬ ਵਿੱਚ ਨੌਜਵਾਨਾਂ ਨੇ ਮੂਹਰਲੇ ਮੋਰਚਿਆਂ 'ਤੇ ਲੜਾਈ ਲੜੀ ਹੈ। ਸਾਡੀ ਕੌਮੀ ਅਜ਼ਾਦੀ ਦੀ ਲਹਿਰ ਦਾ ਇਤਿਹਾਸ ਵੀ ਇਸ ਦੀ ਗਵਾਹੀ ਦਿੰਦਾ ਹੈ, ਜਿੱਥੇ ਭਗਤ ਸਿੰਘ, ਰਾਜਗੁਰੂ, ਸੁਖਦੇਵ, ਅਜ਼ਾਦ, ਕਰਤਾਰ ਸਿੰਘ ਸਰਭਾ ਜਿਹੇ ਹਜ਼ਾਰਾਂ ਨੌਜਵਾਨਾਂ ਨੇ ਸ਼ਹਾਦਤਾਂ ਦੇ ਜਾਮ ਪੀਤੇ। ਅੱਜ ਜਦੋਂ ਸਾਡੇ ਸਮਾਜ ਵਿੱਚ ਚੌਤਰਫਾ ਨਿਘਾਰ ਦਾ ਬੋਲਬਾਲਾ ਹੈ, ਜਦੋਂ ਚਾਰੇ ਪਾਸੇ ਲੁੱਟ ਜ਼ਬਰ ਅਨਿਆਂ ਹਾਵੀ ਤਾਂ ਕੀ ਸਾਡੇ ਨੌਜਵਾਨ ਹੱਥ 'ਤੇ ਹੱਥ ਧਰੀ ਬੈਠੇ ਰਹਿਣਗੇ? ਅੱਜ ਸਾਡੇ ਸਮਾਜ ਦੀਆਂ ਹਾਲਤਾਂ ਚੀਕ ਚੀਕ ਕੇ ਇਹ ਮੰਗ ਕਰ ਰਹੀਆਂ ਹਨ ਕਿ ਇਹ ਇਸ ਦੁਨੀਆਂ ਨੂੰ ਬਦਲਣ ਲਈ ਨੌਜਵਾਨ ਅੱਗੇ ਆਉਣ। ਹਾਲਾਤ ਮੰਗ ਕਰਦੇ ਹਨ ਕਿ ਭਗਤ ਸਿੰਘ ਦੇ ਵਾਰਸੋ! ਜਾਗੋ, ਉੱਠੋ ਸਾਨੂੰ ਸੁਤਿਆਂ ਨੂੰ ਯੁੱਗ ਬੀਤ ਚੁੱਕੇ ਹਨ।

**ਨੌਜਵਾਨ ਭਾਰਤ ਸਭਾ**
**ਸੰਪਰਕ-8568821890**

## ਵਿਸ਼ੇਸ਼ ਸੰਪਾਦਕੀ

ਅਜੋਕੀ ਦੁਨੀਆ ਵਿਚ ਇਕ ਵੱਡੀ ਤਬਦੀਲੀ ਇਹ ਹੋਈ ਹੈ ਕਿ ਦੁਨੀਆ ਦੇ ਹਰੇਕ ਕੋਨੇ 'ਚ ਵੱਖ-ਵੱਖ ਧਰਮਾਂ, ਸਭਿਆਚਾਰਾਂ, ਰਹੁ-ਰੀਤਾਂ, ਆਰਥਿਕਤਾਵਾਂ, ਰਾਜਨੀਤੀਆਂ, ਵਿਚਾਰਧਾਰਾਵਾਂ ਅਤੇ ਸਭਿਆਚਾਰਾਂ ਦੇ ਲੋਕ ਇਕ ਦੂਸਰੇ ਵਿਚ ਘੁਲਮਿਲ ਗਏ ਹਨ। ਅਦਾਨ-ਪ੍ਰਦਾਨ ਦੀ ਅਜੋਕੀ ਤਾਕਤ ਨੇ ਸੰਚਾਰ ਮਾਧਿਆਮਾਂ ਰਾਹੀਂ ਜਿਸ ਵਿਚ ਕੰਪਿਊਟਰ, ਮੋਬਾਇਲ, ਇੰਟਰਨੈਟ ਅਤੇ ਹਰ ਕਿਸਮ ਦੀ ਅਜੋਕੀ ਤਕਨੀਕ ਦਾ ਵੱਡਾ ਯੋਗਦਾਨ ਹੈ ਕਿ ਦੁਨੀਆ ਦੀ ਚੰਗੀ ਤੋਂ ਚੰਗੀ ਜਾਣਕਾਰੀ ਅਤੇ ਬਿਹਤਰ ਤੋਂ ਬਿਹਤਰ ਗਿਆਨ ਇਕ ਹਿੱਸੇ ਤੋਂ ਦੂਸਰੇ ਹਿੱਸੇ ਤੱਕ ਹਾਸਲ ਕੀਤਾ ਜਾ ਰਿਹਾ ਹੈ। ਕਿਰਤੀ ਹੱਥਾਂ ਨੇ ਇਕ ਕਿਸਮ ਦਾ ਧਰਤੀ 'ਤੇ ਸਵਰਗ ਉਸਾਰ ਦਿੱਤਾ ਹੈ। ਇਕ ਦੂਸਰੇ ਸਭਿਆਚਾਰ ਨੂੰ ਸਮਝਣ ਅਤੇ ਉਸ ਵਿਚੋਂ ਸ਼ਾਨਦਾਰ ਹਿੱਸੇ ਆਪਸ ਵਿਚੋਂ ਸ਼ਾਮਲ ਦੀ ਪਿਰਤ ਕਈ ਮੁਲਕਾਂ ਨੇ ਆਪਣੇ ਸੰਵਿਧਾਨਾਂ ਵਿਚ ਸ਼ਾਮਲ ਕਰ ਲਈ ਹੈ ਜਿਸ ਵਿਚ ਦੁਨੀਆ ਦਾ ਹਰੇਕ ਮੁਲਕ ਭਾਗੀਦਾਰ ਹੋ ਰਿਹਾ ਹੈ ਪਰ ਸਮਿਆਂ ਦੀ ਇਕ ਨਵੀਂ ਚੁਣੌਤੀ ਇਹ ਖੜ੍ਹੀ ਹੋ ਰਹੀ ਹੈ ਕਿ ਕਈ ਅਜਿਹੇ ਸੋਚਣ ਦੇ ਢੰਗ ਮੁਲਕਾਂ ਅੰਦਰ ਵਿਕਸਿਤ ਹੋ ਰਹੇ ਹਨ ਜੋ ਅਜੇ ਵੀ ਇਕ ਦੂਸਰੇ ਸਭਿਆਚਾਰ ਅਤੇ ਮੁਲਾਂ ਦੀ ਪਹਿਚਾਣ ਕਰਕੇ ਉਸ ਨੂੰ ਯੋਗ ਸਥਾਨ ਨਹੀਂ ਦੇ ਰਹੇ। ਲੋੜ ਇਸ ਗੱਲ ਦੀ ਹੈ ਕਿ ਅਸੀਂ ਆਪਣੀਆਂ ਵਲਗਨਾਂ ਤੋਂ ਉਪਰ ਉਠੀਏ ਅਤੇ ਇਕ ਦੂਸਰੇ ਦੀਆਂ ਇਤਿਹਾਸਕ, ਸਭਿਆਚਾਰਕ ਅਤੇ ਸਮਾਜਿਕ ਰਹੁ-ਰੀਤਾਂ ਅਤੇ ਮੁਲਾਂ ਨੂੰ ਪਹਿਚਾਣੀਏ ਅਤੇ ਉਨ੍ਹਾਂ ਦੀ ਕਦਰ ਕਰੀਏ। ਇਹ ਸਾਡੇ ਸਾਰਿਆਂ ਦਾ ਸਰੋਕਾਰਾਂ ਹੋਣਾ ਚਾਹੀਦਾ ਹੈ ਪਰ ਕਈ ਵਾਰੀ ਆਪਸੀ ਸਾਂਝ ਨੂੰ ਤੋੜਨ ਲਈ ਸਮੇਂ ਦੀਆਂ ਹਕੂਮਤਾਂ ਜਾਂ ਉਨ੍ਹਾਂ ਦੇ ਕੁਝ ਹਿੱਸੇ ਲੋਕਾਈ ਦੇ ਅੰਦਰ ਨਵੇਂ ਕਿਸਮ ਦੇ ਪਾੜਾ ਪਾਉਣ ਦੀ ਕੋਸ਼ਿਸ਼ ਕਰਦੇ ਹਨ। ਉਨ੍ਹਾਂ ਨੂੰ ਪਹਿਚਾਣਨਾ ਸਾਡੀ ਸਾਰਿਆਂ ਦੀ ਜ਼ਰੂਰਤ ਹੈ। ਇਹ ਇਕ ਕਿਸਮ ਦੀ ਚੁਣੌਤੀ ਜਿਹੜੀ ਇਸ ਵੇਲੇ ਪਛੜੇ ਹਿੱਸਿਆਂ ਦਾ ਤਾਂ ਮਸਲਾ ਹੋ ਸਕਦੀ ਹੈ ਪ੍ਰੰਤੂ ਜੇ ਇਹ ਦੁਨੀਆ ਦੇ ਸਭ ਤੋਂ ਬਹੁ-ਸਭਿਆਚਾਰਾਂ ਵਾਲੇ ਮੁਲਕਾਂ ਵਿਸ਼ੇਸ਼ ਕਰਕੇ ਕੈਨੇਡੀਅਨ ਸਮਾਜ ਵਿਚ ਅਜਿਹੀ ਸੋਚ ਉਤਪੰਨ ਹੁੰਦੀ ਹੈ ਸਮੁੱਚੇ ਸਮਾਜ ਅੰਦਰ ਇਕ ਨਵੇਂ ਕਿਸਮ ਦੀ ਨਾਂਪੱਖੀ ਪ੍ਰਵਿਰਤੀ ਨੂੰ ਜਨਮ ਦਿੰਦੀ ਹੈ ਅਤੇ ਉਸ ਲਈ ਆਧਾਰ ਤਿਆਰ ਕਰਦੀ ਹੈ ਉਸ ਨੂੰ ਪਛਾਣਨਾ, ਉਸ ਨੂੰ ਪਛਾੜਨਾ ਸਾਡੀ ਸਾਰਿਆਂ ਦੀ ਜ਼ਿੰਮੇਵਾਰੀ ਹੈ। ਇਸ ਦਿਸ਼ਾ ਵੱਲ ਕਦਮ ਪੁੱਟਣੇ ਚਾਹੀਦੇ ਹਨ ਕਿ ਅਸੀਂ ਸਾਰੀਆਂ ਭਾਸ਼ਾਵਾਂ, ਸਭਿਆਤਾਵਾਂ, ਨਸਲਾਂ, ਭਾਈਚਾਰਿਆਂ, ਧਰਮਾਂ, ਵਿਚਾਰਾਂ ਦੀ ਕਦਰ ਕਰਦੇ ਹਾਂ ਅਤੇ ਉਨ੍ਹਾਂ ਨੂੰ ਵਧਣ ਫੁੱਲਣ ਲਈ ਹਰ ਕਿਸਮ ਦੇ ਮੌਕੇ ਪ੍ਰਦਾਨ ਕਰਦੇ ਹਾਂ ਇਨ੍ਹਾਂ ਮੌਕਿਆਂ ਲਈ ਅਸੀਂ ਹਮੇਸ਼ਾਂ ਆਪਣੀ ਕਲਮ ਅਤੇ ਆਵਾਜ਼ ਬੁਲੰਦ ਕਰਨ ਵਾਲੇ ਹਾਂ ਤਾਂ ਕਿ ਸਾਡੇ ਕਿਰਤੀ ਹੱਥਾਂ ਵਿਚ ਕਿਸੇ ਕਿਸਮ ਦਾ ਦੋਫੇੜ ਨਾ ਪਵੇ ਬਲਕਿ ਇਹ ਅਲੱਗ ਅਲੱਗ ਪਹਿਚਾਣਾਂ ਅਤੇ ਅਕੀਦਿਆਂ ਦੇ ਸਮੂਹਾਂ ਨੂੰ ਇਕ ਕਰਨ ਦਾ ਕਾਰਜ ਕਰਨ।

**- ਹਰਬੰਸ ਸਿੰਘ**






# ਸੰਘੀ ਫਾਸ਼ੀਵਾਦ ਵਿਰੁੱਧ ਉੱਠ ਰਹੇ ਵਿਰੋਧ ਦੀ ਦਸਤਕ



**ਬੂਟਾ ਸਿੰਘ, ਨਵਾਂ ਸ਼ਹਿਰ**

ਜੇ ਕੇਂਦਰ ਵਿਚ ਸੰਘ ਪ੍ਰਚਾਰਕਾਂ ਦੀ ਸਰਕਾਰ ਦੇ ਥਾਪੜੇ ਨਾਲ ਹਿੰਦੂਤਵੀ ਏਜੰਡਾ ਮੁਲਕ ਉੱਪਰ ਥੋਪਣ ਲਈ ਸੰਘ ਪਰਿਵਾਰ ਸਰਗਰਮ ਹੈ ਤਾਂ ਅਵਾਮ ਵਲੋਂ ਇਸ ਦਾ ਵਿਰੋਧ ਵੀ ਕਿਸੇ ਨਾ ਕਿਸੇ ਸ਼ਕਲ ਵਿਚ ਲਗਾਤਾਰ ਹੋ ਰਿਹਾ ਹੈ। ਹਾਲ ਹੀ ਵਿਚ ਦੋ ਅਹਿਮ ਘਟਨਾਵਾਂ ਨਾਲ ਇਹ ਵਿਰੋਧ ਹੋਰ ਵੀ ਤਿੱਖੇ ਰੂਪ 'ਚ ਸਾਹਮਣੇ ਆਇਆ ਹੈ। 11 ਜੁਲਾਈ ਨੂੰ ਗੁਜਰਾਤ ਦੇ ਸੋਮਨਾਥ ਜ਼ਿਲ੍ਹੇ ਦੇ ਊਨਾ ਇਲਾਕੇ ਵਿਚ ਇਕ ਮੁਰਦਾ ਗਾਂ ਦੀ ਖੱਲ ਲਾਹ ਰਹੇ 4 ਦਲਿਤਾਂ ਨੂੰ ਸ਼ਿਵ ਸੈਨਾ ਦੇ 'ਗੌਰਕਸ਼ਾ ਦਲ' ਨੇ ਅਗਵਾ ਕਰਕੇ ਜਿਸ ਕਦਰ ਦਰਿੰਦਗੀ ਨਾਲ ਜ਼ੁਲਮ ਕੀਤੇ ਅਤੇ ਨਾਲ ਹੀ ਇਨ੍ਹਾਂ ਜ਼ੁਲਮਾਂ ਨੂੰ ਫਿਲਮਾਕੇ ਜਿਵੇਂ ਬੇਖ਼ੌਫ਼ ਹੋਕੇ ਸੋਸ਼ਲ ਮੀਡੀਆ ਉੱਪਰ ਵੀਡੀਓ ਕਲਿੱਪ ਪਾਕੇ ਪ੍ਰਚਾਰਿਆ ਉਹ ਮਾਮਲੇ ਦੀ ਗੰਭੀਰਤਾ ਨੂੰ ਸਮਝਣ ਲਈ ਕਾਫ਼ੀ ਹੈ। ਇਸਦਾ ਜਿਥੇ ਪੂਰੇ ਮੁਲਕ ਵਿਚ ਵਿਰੋਧ ਹੋਇਆ ਉਥੇ ਗੁਜਰਾਤ ਵਿਚ ਦਲਿਤ ਭਾਈਚਾਰੇ ਦੇ ਬੇਮਿਸਾਲ ਵਿਰੋਧ ਨੇ ਸੱਤਾ ਦੇ ਗ਼ਰੂਰ ਵਿਚ ਅੰਨ੍ਹੇ ਹੋ ਚੁੱਕੇ ਭਗਵੇਂ ਹੁਕਮਰਾਨਾਂ ਨੂੰ ਹੱਥਾਂ ਪੈਰ ਦੀ ਪਾ ਦਿੱਤੀ। ਦੂਜੀ ਘਟਨਾ ਪੰਜਾਬ ਦੀ ਹੈ, ਜਿਥੇ 22 ਜੁਲਾਈ ਨੂੰ ਫ਼ਗਵਾੜਾ ਵਿਚ ਮੁਸਲਿਮ ਭਾਈਚਾਰੇ ਨੂੰ ਤੰਗ-ਪ੍ਰੇਸ਼ਾਨ ਕਰ ਰਹੇ ਭੂਤਰੇ ਹੋਏ 'ਸ਼ਿਵ ਸੈਨਿਕਾਂ' ਨੂੰ ਦਲਿਤ, ਸਿੱਖ ਅਤੇ ਮੁਸਲਿਮ ਭਾਈਚਾਰਿਆਂ ਨੇ ਮਿਲਕੇ ਸੜਕਾਂ ਉੱਪਰ ਦਬੱਲਿਆ ਅਤੇ ਬਾਖ਼ੂਬੀ ਸਬਕ ਸਿਖਾਇਆ।

ਦੋਵਾਂ ਥਾਵਾਂ ਉੱਪਰ ਹਿੰਦੂਤਵੀ ਗਰੋਹਾਂ ਨੇ ਆਪਣੇ ਸਿੱਕੇਬੰਦ ਢੰਗ ਅਨੁਸਾਰ ਪੂਰੀ ਤਰ੍ਹਾਂ ਮਨਘੜਤ ਮੁੱਦੇ ਖੜ੍ਹੇ ਕਰਕੇ ਦਲਿਤਾਂ ਅਤੇ ਮੁਸਲਮਾਨਾਂ ਉੱਪਰ ਹਮਲੇ ਕੀਤੇ। ਊਨਾ ਵਿਚ ਮਜਬੂਰੀ ਨੂੰ ਮਰੇ ਹੋਏ ਪਸ਼ੂ ਚੁੱਕਣ ਦਾ ਜ਼ਲਾਲਤ ਵਾਲਾ ਕੰਮ ਕਰਨ ਵਾਲੇ ਦਲਿਤਾਂ ਉੱਪਰ ਹਮਲਾ ਕੋਈ ਭੁੱਲ-ਭੁਲੇਖੇ ਦਾ ਮਾਮਲਾ ਨਹੀਂ ਸੀ। ਦਾਦਰੀ ਕਾਂਡ ਦੀ ਤਰ੍ਹਾਂ ਇਹ ਸੰਘ ਪਰਿਵਾਰ ਦੇ ਸਾਜ਼ਿਸ਼ਾਂ ਤੇ ਅਫ਼ਵਾਹਾਂ ਦੇ ਮਾਹਰ



ਤਾਣੇਬਾਣੇ ਦੀ ਗਿਣੀ-ਮਿਥੀ ਚਾਲ ਸੀ ਜਿਨ੍ਹਾਂ ਨੇ ਮਰੀ ਹੋਈ ਗਊ ਦੇ ਬਹਾਨੇ ਦਲਿਤਾਂ ਉੱਪਰ ਦਹਿਸ਼ਤੀ ਕਾਂਡ ਨੂੰ ਅੰਜਾਮ ਦਿੱਤਾ। ਇਹ ਆਉਣ ਵਾਲੇ ਮਹੀਨਿਆਂ ਵਿਚ ਗੁਜਰਾਤ ਅਤੇ ਕੁਝ ਹੋਰ ਸੂਬਿਆਂ ਵਿਚ ਹੋਣ ਜਾ ਰਹੀਆਂ ਚੋਣਾਂ ਦੀ ਤਿਆਰੀ ਵਜੋਂ ਫਿਰਕੂ ਪਾਲਾਬੰਦੀ ਦੀ ਭਗਵੀਂ ਯੋਜਨਾ ਦਾ ਹਿੱਸਾ ਸੀ ਅਤੇ ਇਹ ਦਲਿਤ ਲੋਕਾਂ ਨੂੰ ਚੋਣਾਂ ਮੌਕੇ ਹਿੰਦੂਤਵੀ ਕੈਂਪ ਤੋਂ ਨਾਬਰ ਹੋਣ ਦੀ ਸੂਰਤ 'ਚ ਖੌਫ਼ਨਾਕ ਪ੍ਰਤੀਕਰਮ ਦੀ ਅਗੇਤੀ ਚੇਤਾਵਨੀ ਸੀ। ਇਹ ਵੱਖਰੀ ਗੱਲ ਹੈ ਇਸਦੇ ਨਤੀਜੇ ਉਨ੍ਹਾਂ ਦੀ ਇੱਛਾ ਤੋਂ ਉਲਟ ਨਿੱਕਲੇ। ਦਲਿਤਾਂ ਦੇ ਭਾਰੀ ਵਿਰੋਧ ਨੂੰ ਦੇਖਦਿਆਂ ਨਰਿੰਦਰ ਮੋਦੀ ਨੂੰ ਜ਼ੁਬਾਨ ਖੋਹਲਣੀ ਪਈ। ਦਲਿਤ ਰੋਹ ਨੂੰ ਸ਼ਾਂਤ ਕਰਨ ਲਈ ਉਸਨੇ ਖੇਖਣਬਾਜ਼ੀ ਦੀ ਹੱਦ ਕਰ ਦਿੱਤੀ ਜਦੋਂ ਉਸਨੇ ਉਚਰਿਆ, "ਜੇ ਮਾਰਨਾ ਹੈ ਤਾਂ ਮੈਨੂੰ ਮਾਰੋ"! ਉਸ ਨੂੰ ਝੂਠੇ 'ਗਊ ਰੱਖਿਅਕਾਂ' ਨੂੰ ਚੇਤਾਵਨੀ ਦੇਣ ਦਾ ਨਾਟਕ ਵੀ ਕਰਨਾ ਪਿਆ। ਇਸੇ ਤਰ੍ਹਾਂ, ਆਰ.ਐੱਸ.ਐੱਸ. ਵਲੋਂ ਵੀ ਦਲਿਤਾਂ ਉੱਪਰ ਜ਼ੁਲਮ ਕਰਨ ਵਾਲਿਆਂ ਦੇ ਖ਼ਿਲਾਫ਼ ਕਾਰਵਾਈ ਦੀ ਮੰਗ ਕੀਤੀ ਗਈ। ਇਹ ਸੰਘ ਪਰਿਵਾਰ ਦਾ ਸਿੱਕੇਬੰਦ ਤਰੀਕਾ ਹੈ। ਇਸਦੀ ਇਕ ਜੀਭ ਆਪਣੇ ਗਰੋਹਾਂ ਨੂੰ ਫਾਸ਼ੀਵਾਦੀ ਹਮਲੇ ਜਾਰੀ ਰੱਖਣ ਲਈ ਹੱਲਾਸ਼ੇਰੀ ਦੇ ਰਹੀ ਹੈ ਅਤੇ ਦੂਜੀ ਜੀਭ ਦਲਿਤਾਂ ਨੂੰ ਸ਼ਾਂਤ ਰੱਖਣ ਲਈ 'ਗਊ ਰੱਖਿਅਕਾਂ' ਦੀ ਝਾੜਝੰਭ ਕਰ ਰਹੀ ਹੈ।

ਜਿਸ ਗੁਜਰਾਤ ਨੂੰ ਵਿਕਾਸ ਦਾ ਬੇਮਿਸਾਲ ਨਮੂਨਾ ਬਣਾਕੇ ਪ੍ਰਚਾਰਿਆ ਜਾ ਰਿਹਾ ਹੈ ਦਰਅਸਲ ਉਥੇ ਭਾਜਪਾ ਦੀ ਸਰਕਾਰ ਵਿਰੁੱਧ ਆਮ ਲੋਕਾਂ ਅੰਦਰ ਡੂੰਘੀ ਬੇਚੈਨੀ ਫੈਲੀ ਹੋਈ ਹੈ। ਇਸ ਦਾ ਇਕ ਉੱਘੜਵਾਂ ਇਜ਼ਹਾਰ ਪਟੇਲਾਂ ਦੇ ਰਾਖ਼ਵਾਂਕਰਨ ਅੰਦੋਲਨ ਦੀ ਸ਼ਕਲ 'ਚ ਪਹਿਲਾਂ ਹੀ ਸਾਹਮਣੇ ਆ ਚੁੱਕਾ ਹੈ। ਭਾਜਪਾ ਆਗੂਆਂ ਨੂੰ ਨਜ਼ਰ ਆ ਰਿਹਾ ਹੈ ਕਿ ਅਗਲੀਆਂ ਵਿਧਾਨ-ਸਭਾ ਚੋਣਾਂ ਵਿਚ ਉਨ੍ਹਾਂ ਲਈ ਗੁਜਰਾਤ ਦੀ ਸੱਤਾ ਵਿਚ ਬਣੇ ਰਹਿਣਾ ਸੁਖਾਲਾ ਨਹੀਂ ਹੈ। ਵੋਟ ਸਮੀਕਰਨ ਵਿਚ ਵੱਡਾ ਬਦਲਾਓ ਆ ਰਿਹਾ ਹੈ। ਦਲਿਤ ਵੋਟ ਬੈਂਕ ਉੱਪਰ ਭਾਜਪਾ ਦੀ ਪਹਿਲਾਂ ਵਾਲੀ ਪਕੜ ਨਹੀਂ ਰਹੀ। ਮਨੁੱਖੀ ਜ਼ਿੰਦਗੀ ਲਈ ਜ਼ਰੂਰੀ ਮੁੱਢਲੀਆਂ ਸਹੂਲਤਾਂ ਤੋਂ ਵਾਂਝੇ ਗ਼ਰੀਬ ਲੋਕਾਂ ਵਿਚ ਸਰਕਾਰ ਵਿਰੁੱਧ ਗੁੱਸਾ ਵਧ ਰਿਹਾ ਹੈ। 'ਵਾਈਬਰੈਂਟ ਗੁਜਰਾਤ', 'ਗੋਲਡਨ ਗੁਜਰਾਤ', 'ਸਭਕਾ ਸਾਥ, ਸਭਕਾ ਵਿਕਾਸ' ਦੇ ਚੋਣ ਜੁਮਲੇ ਹੁਣ ਅਵਾਮ ਨੂੰ ਵਰਚਾਉਣ ਤੋਂ ਅਸਮਰੱਥ ਹਨ। ਖ਼ਾਸ ਕਰਕੇ ਦਲਿਤਾਂ ਦੀ ਨੌਜਵਾਨ ਪੀੜ੍ਹੀ ਉਸ ਜਾਤਪਾਤੀ ਦਾਬੇ, ਅਪਮਾਨ ਅਤੇ ਜ਼ਲਾਲਤ ਨੂੰ ਬਰਦਾਸ਼ਤ ਕਰਨ ਤੋਂ ਨਾਬਰ ਹੋ ਰਹੀ ਹੈ ਜੋ ਉਨ੍ਹਾਂ ਉੱਪਰ ਅਖਾਉਤੀ ਉੱਚ ਜਾਤਾਂ ਨੇ ਸਦੀਆਂ ਤੋਂ ਥੋਪਿਆ ਹੋਇਆ ਹੈ। ਜਿਸ ਬਾਰੇ ਭਗਵਾਂ ਬ੍ਰਿਗੇਡ ਝੂਠ ਬੋਲ ਰਿਹਾ ਹੈ ਕਿ ਗੁਜਰਾਤ ਵਿਚ ਦਲਿਤਾਂ ਉੱਪਰ ਜ਼ੁਲਮਾਂ ਵਿਚ ਤੇਜ਼ੀ ਨਾਲ ਕਮੀ ਆਈ ਹੈ। ਇਹ ਹਾਲਾਤ ਹਨ ਜਿਨ੍ਹਾਂ ਵਿਚ ਸੰਘ ਪਰਿਵਾਰ ਦੀਆਂ ਜਥੇਬੰਦੀਆਂ ਗੁਜਰਾਤ ਦੇ ਸਮਾਜ ਅੰਦਰ ਫਿਰਕੂ ਪਾਲਾਬੰਦੀ ਨੂੰ ਵਧਾਉਣ ਲਈ 'ਗਊ ਰੱਖਿਆ' ਵਰਗੇ ਮੁੱਦਿਆਂ ਰਾਹੀਂ ਫਿਰਕੂ ਜਜ਼ਬਾਤ ਭੜਕਾਉਣ ਵਿਚ ਮਸਰੂਫ਼ ਹਨ।

ਸਰਕਾਰੀ ਅੰਕੜਿਆਂ ਅਨੁਸਾਰ ਗੁਜਰਾਤ ਵਿਚ ਇਸ ਵਕਤ 200 'ਗੌਰਕਸ਼ਾ ਦਲ' ਸਰਗਰਮ ਹਨ ਜੋ ਇਸ ਤਰ੍ਹਾਂ ਦੇ ਕਾਂਡ ਰਚਾਉਣ ਲਈ ਬਹਾਨੇ ਲੱਭਦੇ ਫਿਰਦੇ ਹਨ। ਸਮੁੱਚੇ ਮੁਲਕ ਅੰਦਰ ਇਸ ਤਰ੍ਹਾਂ ਦੇ 'ਗੌਰਕਸ਼ਾ ਦਲ' ਤੇਜ਼ੀ ਨਾਲ ਉਭਰ ਰਹੇ ਹਨ। ਹਾਲ ਹੀ ਵਿਚ ਬਜਰੰਗ ਦਲ ਦੇ ਗੁੰਡਿਆਂ ਵਲੋਂ ਅਲੀਗੜ੍ਹ ਵਿਚ ਇਕ ਵਾਹਨ ਵਿਚ ਜਾ ਰਹੇ ਚਾਰ ਬੰਦਿਆਂ ਨੂੰ ਮਸ਼ਕੂਕ "ਗਊ ਚੋਰ" ਹੋਣ ਦਾ ਇਲਜ਼ਾਮ ਲਾਕੇ ਬੁਰੀ ਤਰ੍ਹਾਂ ਕੁੱਟਮਾਰ ਕੀਤੀ, ਪੁਲਿਸ ਨੇ ਬਜਰੰਗ ਦਲੀਆਂ ਉੱਪਰ ਕਾਰਵਾਈ



ਕਰਨ ਦੀ ਥਾਂ ਉਲਟਾ ਪੀੜਤਾਂ ਨੂੰ ਤਫ਼ਤੀਸ਼ ਲਈ ਹਿਰਾਸਤ ਵਿਚ ਲੈ ਲਿਆ। ਕੀ ਗੁਜਰਾਤ, ਕੀ ਹਰਿਆਣਾ, ਹਰ ਥਾਂ ਹੀ ਫਿਰਕੂ ਅਤੇ ਉੱਚ ਜਾਤੀ ਜ਼ਿਹਨੀਅਤ ਵਿਚ ਗ੍ਰਸੀ ਰਾਜ-ਮਸ਼ੀਨਰੀ ਦੀ ਤਕਰੀਬਨ ਹਰ ਹਿੰਦੂਤਵੀ ਹਮਲੇ ਵਿਚ ਮਿਲੀਭੁਗਤ ਦੇਖੀ ਜਾ ਸਕਦੀ ਹੈ। ਇੱਥੋਂ ਤਕ ਚਰਚਾ ਹੈ ਕਿ ਊਨਾ ਮਾਮਲੇ ਵਿਚ 'ਗਊ ਹੱਤਿਆ' ਦੀ ਜਾਣਕਾਰੀ 'ਗੌਰਕਸ਼ਕਾਂ' ਨੂੰ ਪੁਲਿਸ ਵਲੋਂ ਹੀ ਪਹੁੰਚਾਈ ਗਈ ਸੀ। ਇਹ ਮਨਘੜਤ ਇਲਜ਼ਾਮ ਨਹੀਂ ਹੈ, ਨਿਆਂ ਪ੍ਰਣਾਲੀ ਇਸ ਸਚਾਈ ਉੱਪਰ ਮੋਹਰ ਲਾ ਚੁੱਕੀ ਹੈ ਕਿ ਇਨ੍ਹਾਂ ਦਲਾਂ ਨੂੰ ਪੁਲਿਸ ਸਮੇਤ ਸੀਨੀਅਰ ਸਰਕਾਰੀ ਅਧਿਕਾਰੀਆਂ ਅਤੇ ਸੱਤਾਧਾਰੀ ਸਿਆਸੀ ਬੌਸਾਂ ਦਾ ਥਾਪੜਾ ਹਾਸਲ ਹੈ। ਪਿਛੇ ਜਹੇ (ਮਾਰਚ 2016) ਕੁਰਕਸ਼ੇਤਰ ਵਿਚ 'ਗੌਰਕਸ਼ਾ ਦਲ' ਵਲੋਂ ਕਤਲ ਕੀਤੇ ਗਏ ਵਾਹਨ ਮਾਲਕ ਮਸਤਾਨ ਦੇ ਮਾਮਲੇ ਵਿਚ ਪੰਜਾਬ ਅਤੇ ਹਰਿਆਣਾ ਹਾਈਕੋਰਟ ਨੇ ਉਸ ਕਾਂਡ ਦੀ ਜਾਂਚ ਸੀ.ਬੀ.ਆਈ. ਦੇ ਸਪੁਰਦ ਕਰਦੇ ਵਕਤ ਸਾਫ਼ ਲਫ਼ਜ਼ਾਂ ਵਿਚ ਇਸ ਮਿਲੀਭੁਗਤ ਦੀ ਨਿਸ਼ਾਨਦੇਹੀ ਕਰਦਿਆਂ ਕਿਹਾ ਸੀ ਕਿ "ਜ਼ਾਹਰਾ ਤੌਰ 'ਤੇ ਪੁਲਿਸ ਤੇ ਆਹਲਾ ਪ੍ਰਸ਼ਾਸਨਿਕ ਅਹਿਲਕਾਰ ਅਜਿਹੇ ਚੌਕਸੀ ਗਰੋਹਾਂ ਨਾਲ ਮਿਲੇ ਹੋਏ ਹਨ।" ਅਦਾਲਤਾਂ ਦੇ ਜੱਜਾਂ ਤੋਂ ਵੱਧ ਹੋਰ ਕਿਸ ਦੀ ਗੱਲ ਨੂੰ ਪ੍ਰਮਾਣਿਕ ਮੰਨਿਆ ਜਾ ਸਕਦਾ ਹੈ!

ਕਈ ਸਾਲਾਂ ਤੋਂ ਸੌਰਾਸ਼ਟਰ ਇਲਾਕੇ ਵਿਚ ਦਲਿਤਾਂ ਅੰਦਰ ਜ਼ੁਲਮਾਂ ਖ਼ਿਲਾਫ਼ ਗੁੱਸਾ ਧੁਖ ਰਿਹਾ ਸੀ। ਹਾਲ ਹੀ ਵਿਚ ਪੋਰਬੰਦਰ ਵਿਚ ਇਕ ਦਲਿਤ ਦੀ ਹੱਤਿਆ ਕਰ ਦਿੱਤੀ ਗਈ। 2012 ਵਿਚ ਊਨਾ ਤਾਲੁਕਾ ਵਿਚ ਉੱਚ ਜਾਤੀ ਦੇ ਲੋਕਾਂ ਨੇ ਇਕ ਦਲਿਤ ਨੌਜਵਾਨ ਨੂੰ ਅੱਗ ਲਾ ਕੇ ਜ਼ਿੰਦਾ ਸਾੜ ਦਿੱਤਾ। ਪਰਿਵਾਰ ਨੂੰ ਊਨਾ ਤੋਂ ਹਿਜਰਤ ਕਰਕੇ ਜਾਣਾ ਪਿਆ ਪਰ ਅਜੇ ਤੱਕ ਉਨ੍ਹਾਂ ਨੂੰ ਸਰਕਾਰੀ ਮੁਆਵਜ਼ਾ ਵੀ ਨਹੀਂ ਮਿਲਿਆ। 2012 'ਚ ਤਿੰਨ ਦਲਿਤ ਨੌਜਵਾਨਾਂ ਨੂੰ ਪੁਲਿਸ ਨੇ ਕੁੱਟ-ਕੁੱਟਕੇ ਚਮੜੀ ਉਧੇੜ ਦਿੱਤੀ ਅਤੇ ਬਾਅਦ ਵਿਚ ਏ.ਕੇ. 47 ਨਾਲ ਗੋਲੀ ਮਾਰ ਦਿੱਤੀ। ਗੋਂਦਲ ਵਿਚ ਇਕ

## ਰੱਖੜੀ...



ਆਹ ਫੜ ਰੱਖੜੀ ਵੀਰਾ,
ਤੇ ਮੇਰੇ ਗੁੱਟ ਤੇ ਬੰਨ ਦੇ ।
ਮੇਰੇ ਕੋਲੋਂ ਹੁਣ,
ਇਹ ਡਰਾਮਾ ਨਹੀਂ ਹੁੰਦਾ ।
ਰੱਖੜੀ ਬੰਨਣ ਦਾ,
ਅਤੇ ਝੂਠ ਬੋਲਣ ਦਾ ।
ਜੇ ਰੱਖੜੀ ਰੱਖਿਆ ਹੈ,
ਇਸਦਾ ਮਾਣ ਮੈਂ ਰੱਖਿਆ ਹੈ ।
ਤੇਰੇ ਇਲਜ਼ਾਮ ਆਪਣੇ ਸਿਰ ਲੈ ਕੇ
ਤੈਨੂੰ ਮਾਂ ਦੀ ਕੁੱਟ ਤੋਂ ਬਚਾਇਆ ਹੈ ।
ਤੇਰੇ ਕੋਲੋਂ ਟੁੱਟੀ ਵਸਤ ਲਈ,
ਝਿੜਕਾਂ ਮੈਂ ਖਾਧੀਆ ਹਨ ।
ਤੈਨੂੰ ਧੁੱਪ ਲੱਗਦੀ ਸੀ,
ਤੇਰੇ ਹਿੱਸੇ ਦਾ ਚਾਰਾ ਮੈਂ ਵੱਢਿਆ ਹੈ ।
ਤੇਰੇ ਕੋਲੋਂ ਹੋਈ ਅਵੱਗਿਆ ਦੀ,
ਸਜ਼ਾ ਮੈਂ ਭੁਗਤੀ ਹੈ ।
ਤੇਰੇ ਸਕੂਲ ਦਾ ਰਹਿ ਗਿਆ ਕੰਮ ਕਰਦੀ
ਮੈਂ ਅਧਿਆਪਕ ਬਣ ਗਈ ਹਾਂ ।
ਤੇ ਤੂੰ ਨਸ਼ੇੜੀ ਅਤੇ ਅਵਾਰਾ ।
ਮੈਨੂੰ ਪਤਾ ਜਦੋਂ ਮੈ ਸਹੁਰੇ ਤੁਰੀ
ਤੂੰ ਬੜਾ ਰੋਇਆ ਸੀ ।
ਪਰ ਉਹ ਰੋਣ ਮਹੱਬਤ ਦਾ ਘੱਟ
ਅਤੇ ਲੋੜ ਦਾ ਜ਼ਿਆਦਾ ਸੀ ।
ਮੈਂ ਆਪਣਾ ਘਰ ਵਸਾ ਕੇ ਵੀ,
ਤੇਰੇ ਘਰ ਲਈ ਫ਼ਿਕਰਮੰਦ ਹਾਂ ।
ਮੈਨੂੰ ਜਨਮ ਭੌਂ ਦਾ ਹੇਰਵਾ ਘੱਟ
ਤੇਰੇ ਖੁਰ ਜਾਣ ਦਾ ਜ਼ਿਆਦਾ ਹੈ ।
ਹਰ ਰਾਤ ਮੇਰੇ ਸੁਪਨੇ ਵਿੱਚ
ਸੱਧਰਾਂ ਦਾ ਸਿਵਾ ਬਲਦਾ ਹੈ,
ਮੇਰੇ ਵਿੱਚ ਹੁਣ ਬਹਾਨੇ ਪਾਣ,
ਜਾਂ ਮੁਕਾਣੇ ਜਾਣ ਦੀ ਹਿੰਮਤ ਨਹੀਂ ।
ਮੈਂ ਘਰੋਂ ਤੋਂ ਰੱਖੜੀ ਬੰਨਣ ਆਈ ਹਾਂ,
ਪੇਕਿਆਂ ਵਲੋਂ ਸੁਰਖ਼ਰੂ ਹੋਣ ਆਈ ਹਾਂ ।
ਹੁਣ ਮੈਂ ਵੀਰਾ ! ਤੇਰੇ ਗੁੱਟ ਤੇ,
ਰੱਖੜੀ ਬੰਨਣ ਦਾ ਦੰਭ ਨਹੀਂ ਕਰਨਾ ।
ਤੂੰ ਮੇਰੇ ਰੱਖੜੀ ਬੰਨ ਕੇ,
ਮੈਨੂੰ ਮੇਰੇ ਸੱਚ ਦੇ ਦਰਪੇਸ ਕਰ ।

**- ਅਮਰੀਕ ਪਲਾਹੀ**

HOMELIFE
Home Life/Superstars
Real Estate Ltd., Brokerage
Each office is independently owned & operated
*Residential *Commercial
*Investment *Condominium
Cell : 416-274-1146
Email : sliddar@hotmail.com
*Office : 905-792-7800 *Fax : 905-792-9092
Sukdev Singh Liddar
*2555 Steeles Ave E. Unit 11 *Brampton *ON*L6T4L6



Hiring Drivers/Owners/Operators
GALAXY Freightline Inc.
We Offer:
*Competitive Salary
*Fuel Cards
*Late Model Equipment
*NewPay Package
*On Site Maintenance Facility
*Extra Drops and Pickups Paid
*Guaranteed Miles Per Month
*Guaranteed Home Time
We Require:
*2 Years Experience
*Clean Current Abstract
*Ability to Cross Border
*Positive, Professional Attitude
For:
*GTA
*ON-QC
*ON-MB-AB-BC
*USA
TEL: 1-877-251-5299
FAX: 416-644-8882
EMAIL: dispatch@galaxyfreightline.com
www.galaxyfreightline.com
*1580 Brittania Road East *Mississauga *ON *L4W 1J2

ਨੌਜਵਾਨ ਪੁਲੀਸ ਹਿਰਾਸਤ ਵਿਚ ਮਾਰਿਆ ਗਿਆ। ਇਸ ਤਰ੍ਹਾਂ ਦੇ ਉੱਪਰੋਥਲੀ ਅੱਤਿਆਚਾਰ ਦਲਿਤ ਸਮਾਜ ਨੂੰ ਝੰਜੋੜ ਰਹੇ ਸਨ ਅਤੇ ਉਨ੍ਹਾਂ ਦੀ ਸੋਚ ਨੂੰ ਦਾਬੇ ਤੋਂ ਨਾਬਰੀ ਵੱਲ ਲਿਜਾ ਰਹੇ ਸਨ। ਜਦੋਂ ਉਨ੍ਹਾਂ ਦੇ ਉਸ ਜ਼ਲਾਲਤ ਵਾਲੇ ਧੰਦੇ ਅੰਦਰ ਵੀ ਹਿੰਦੂਤਵੀ ਧੌਂਸਬਾਜ਼ੀ ਸ਼ੁਰੂ ਹੋ ਗਈ ਜਿਸ ਨਾਲ ਉਨ੍ਹਾਂ ਦੀ ਰੋਟੀ-ਰੋਜ਼ੀ ਚਲਦੀ ਸੀ ਜਾਂ ਉਨ੍ਹਾਂ ਨੂੰ ਉੱਚਜਾਤੀ ਦਾਬੇ ਹੇਠ ਇਹ ਕਰਨਾ ਪੈਂਦਾ ਤਾਂ ਉਨ੍ਹਾਂ ਦਾ ਸਬਰ ਜਵਾਬ ਦੇ ਗਿਆ।

ਇਸ ਜ਼ੁਲਮ ਦਾ ਟਾਕਰਾ ਕਰਨ ਲਈ ਦਲਿਤ ਭਾਈਚਾਰਾ ਥਾਂ-ਥਾਂ ਹਜ਼ਾਰਾਂ ਦੀ ਤਾਦਾਦ ਸੜਕਾਂ 'ਤੇ ਨਿਕਲ ਆਇਆ। ਉਨ੍ਹਾਂ ਦਾ ਗੁੱਸਾ ਬੰਦ ਦੇ ਸੱਦੇ, ਦਫ਼ਤਰਾਂ ਦੇ ਘਿਰਾਓ, ਸਰਕਾਰੀ ਜਾਇਦਾਦ ਦੀ ਭੰਨਤੋੜ ਆਦਿ ਵਿਰੋਧ ਦੀਆਂ ਰਵਾਇਤੀ ਸ਼ਕਲਾਂ ਤਕ ਸੀਮਤ ਨਾ ਰਿਹਾ। ਪਹਿਲਾਂ ਇਸਦੇ ਪ੍ਰਤੀਕਰਮ ਵਜੋਂ ਵੱਖ-ਵੱਖ ਥਾਵਾਂ ਉੱਪਰ ਇਕ ਹਫ਼ਤੇ ਦੇ ਅੰਦਰ 30 ਦਲਿਤ ਨੌਜਵਾਨਾਂ ਨੇ ਆਤਮਦਾਹ ਕਰਨ ਦੇ ਯਤਨ ਕੀਤੇ, ਯੋਗੇਸ਼ ਨਾਂ ਦੇ ਇਕ ਨੌਜਵਾਨ ਦੀ ਜ਼ਹਿਰ ਪੀਣ ਨਾਲ ਮੌਤ ਵੀ ਹੋ ਗਈ। ਪਰ ਛੇਤੀ ਹੀ ਦਲਿਤ ਪ੍ਰਤੀਕਰਮ ਨੇ ਉੱਚ ਜਾਤੀਆਂ ਨੂੰ ਵੰਗਾਰਨ ਦਾ ਰਾਹ ਅਖ਼ਤਿਆਰ ਕਰ ਲਿਆ। ਆਤਮਦਾਹ ਦਾ ਸਵੈਘਾਤੀ ਵਿਰੋਧ ਤਿਆਗਕੇ ਦਲਿਤਾਂ ਨੇ ਮਰੇ ਹੋਏ ਪਸ਼ੂ ਬੇਸ਼ੁਮਾਰ ਤਾਦਾਦ 'ਚ ਟਰੈਕਟਰਾਂ ਉੱਪਰ ਲੱਦਕੇ ਗੋਂਧਲ ਅਤੇ ਸੁਰੇਂਦਰਨਗਰ ਦੇ ਸਰਕਾਰੀ ਦਫ਼ਤਰਾਂ ਅੱਗੇ ਸੁੱਟ ਦਿੱਤੇ। ਔਰਤਾਂ ਵਲੋਂ ਵਿਰੋਧ-ਪ੍ਰਦਰਸ਼ਨਾਂ ਵਿਚ ਵੈਣ ਪਾਕੇ ਮੋਦੀ ਦਾ ਸਿਆਪਾ ਕੀਤਾ ਗਿਆ। ਉੱਚ ਜਾਤੀ ਹੰਕਾਰ ਦੇ ਡੰਗੇ 'ਸਵਰਨਾਂ' ਨੇ ਇਸ ਤਰ੍ਹਾਂ ਦਾ ਵਿਰੋਧ ਕਦੇ ਖ਼ੁਆਬਾਂ ਵਿਚ ਵੀ ਨਹੀਂ ਸੋਚਿਆ ਹੋਵੇਗਾ। ਗੁਜਰਾਤ ਵਿਚ ਹੁਣ ਤਕ ਉਹ ਦਲਿਤ ਭਾਈਚਾਰੇ ਨੂੰ ਭੜਕਾਕੇ ਮੁਸਲਮਾਨਾਂ ਉੱਪਰ ਹਮਲੇ ਕਰਵਾਉਣ ਅਤੇ ਆਪਣੇ ਸੌੜੇ ਮੁਫ਼ਾਦ ਲਈ ਇਸਤੇਮਾਲ ਕਰਦੇ ਆਏ ਹਨ। 2002 ਵਿਚ ਮੁਸਲਮਾਨਾਂ ਦਾ ਕਤਲੇਆਮ ਇਸਦੀ ਸਭ ਤੋਂ ਉੱਘੜਵੀਂ ਮਿਸਾਲ ਰਿਹਾ ਹੈ। ਇਹ ਚੰਗੀ ਗੱਲ ਹੈ ਕਿ ਦਲਿਤਾਂ ਨੂੰ ਅਹਿਸਾਸ ਹੋ ਗਿਆ ਕਿ ਭਗਵੀਂ ਸਿਆਸਤ ਉਨ੍ਹਾਂ ਦੀ ਹਿਤੈਸ਼ੀ ਨਹੀਂ, ਸੰਘ ਪਰਿਵਾਰ ਉਨ੍ਹਾਂ ਨੂੰ ਮਹਿਜ਼ ਆਪਣੇ ਮੋਹਰੇ ਬਣਾਕੇ ਹੋਰ ਫਿਰਕਿਆਂ ਖ਼ਿਲਾਫ਼ ਆਪਣੇ ਘਿਨਾਉਣੇ ਏਜੰਡੇ ਨੂੰ ਅੰਜਾਮ ਦੇਣ ਲਈ ਵਰਤਦਾ ਹੈ।

ਦਲਿਤਾਂ ਨੂੰ ਦਹਿਸ਼ਤਜ਼ਦਾ ਕਰਨ ਲਈ ਸੰਘ ਪਰਿਵਾਰ ਦਾ ਇਹ ਹਥਿਆਰ ਇਸ ਵਾਰ ਕੰਮ ਨਹੀਂ ਆਇਆ। ਦਬਣ ਦੀ ਬਜਾਏ ਦਲਿਤ ਸਮੂਹਿਕ ਤੌਰ 'ਤੇ ਹਿੰਦੂਤਵੀ ਫਾਸ਼ੀਵਾਦ ਵਿਰੁੱਧ ਡੱਟ ਗਏ। ਦਲਿਤਾਂ ਉੱਪਰ ਜ਼ੁਲਮ ਇਥੇ ਪਹਿਲਾਂ ਵੀ ਬਥੇਰੇ ਹੁੰਦੇ ਰਹੇ ਹਨ ਪਰ ਇਹ ਪਹਿਲੀ ਵਾਰ ਹੈ ਕਿ ਉਹ ਜਾਤਪਾਤੀ ਦਾਬੇ ਨੂੰ ਵੰਗਾਰਕੇ ਸਵੈਮਾਣ ਨਾਲ ਜਿਊਣ ਦੇ ਹੱਕ ਦੀ ਮੰਗ ਕਰਨ ਲੱਗੇ ਹਨ। ਮਰੇ ਹੋਏ ਪਸ਼ੂ ਚੁੱਕਣ ਦਾ ਕੰਮ ਛੱਡਣ ਵਾਲਿਆਂ ਨੂੰ ਗੁਜ਼ਾਰੇ ਲਈ 5 ਏਕੜ ਖੇਤੀਯੋਗ ਜ਼ਮੀਨ ਦੇਣ ਦੀ ਮੰਗ ਨੂੰ ਲੈਕੇ ਵਿਸ਼ਾਲ ਲਾਮਬੰਦੀ ਅਤੇ ਮੈਲਾ ਢੋਣ ਦਾ ਘਿਨਾਉਣਾ ਕੰਮ ਬੰਦ ਕਰਨ ਦਾ ਐਲਾਨ ਗੁਜਰਾਤ ਦੇ ਦਲਿਤਾਂ ਅੰਦਰ ਅਹਿਮ ਬਦਲਾਓ ਦਾ ਸੂਚਕ ਹੈ। ਪਹਿਲਾਂ 31 ਜੁਲਾਈ ਨੂੰ ਸਾਬਰਮਤੀ (ਅਹਿਮਦਾਬਾਦ) ਵਿਚ ਮਹਾਂਸੰਮੇਲਨ ਕੀਤਾ ਗਿਆ ਅਤੇ ਫਿਰ 5 ਅਗਸਤ ਨੂੰ ਅਹਿਮਦਾਬਾਦ ਤੋਂ ਸ਼ੁਰੂ ਹੋਇਆ 10 ਦਿਨਾਂ ਦਾ ਮਾਰਚ 15 ਅਗਸਤ ਨੂੰ ਊਨਾ ਵਿਚ ਵਿਸ਼ਾਲ ਰੈਲੀ ਵਿਚ ਵਟ ਗਿਆ ਜਿਸ ਵਿਚ ਮੁਸਲਿਮ ਭਾਈਚਾਰੇ ਨੇ ਵੀ ਵੱਡੀ ਤਾਦਾਦ 'ਚ ਹਿੱਸਾ ਲਿਆ। ਬੇਸ਼ੱਕ ਇਸ ਲਾਮਬੰਦੀ ਪਿੱਛੇ ਐੱਨ.ਜੀ.ਓ. ਸਰਗਰਮ ਹਨ, ਅਤੇ ਉਨ੍ਹਾਂ ਵਲੋਂ ਦਲਿਤ ਰੋਹ ਨੂੰ ਆਪਣੇ ਸੌੜੇ ਏਜੰਡਿਆਂ ਵਿਚ ਢਾਲਣ ਦੇ ਵੱਡੇ ਖ਼ਤਰੇ ਵੀ ਅੰਦੋਲਨ ਦੇ ਵਜੂਦ-ਸਮੋਏ ਹਨ, ਇਸਦੇ ਬਾਵਜੂਦ ਹਾਲੀਆ ਦਲਿਤ ਉਭਾਰ ਸਵਾਗਤਯੋਗ ਵਰਤਾਰਾ ਹੈ ਅਤੇ ਇਸ ਨੂੰ ਸਹੀ ਦਿਸ਼ਾ ਦੇਣ ਲਈ ਅਗਾਂਹਵਧੂ ਤਾਕਤਾਂ ਨੂੰ ਸੰਜੀਦਾ ਯਤਨ ਕਰਨੇ ਚਾਹੀਦੇ ਹਨ।

ਫ਼ਗਵਾੜਾ ਵਿਚ ਸ਼ਿਵ ਸੈਨੀਏ ਹਜੂਮ ਵਲੋਂ ਕਸ਼ਮੀਰ ਵਿਚ 'ਅੱਤਵਾਦੀਆਂ' ਦੀ ਧੱਕੇਸ਼ਾਹੀ ਨੂੰ ਮੁੱਦਾ ਬਣਾਇਆ ਗਿਆ। ਸ਼ਿਵ ਸੈਨੀਆਂ ਨੇ ਇਥੇ ਜ਼ਹਿਰੀਲਾ ਪ੍ਰਚਾਰ ਵਿੱਢ ਦਿੱਤਾ ਕਿ ਕਸ਼ਮੀਰ ਵਿਚ 'ਗੜਬੜ' ਲਈ ਮੁਸਲਮਾਨ ਜ਼ਿੰਮੇਵਾਰ ਹਨ; ਕਿ ਮੁਸਲਮਾਨ ਪਾਕਿਸਤਾਨ ਦੇ ਇਸ਼ਾਰੇ 'ਤੇ ਅਮਰਨਾਥ ਯਾਤਰਾ ਵਿਚ ਰੁਕਾਵਟ ਪਾ ਰਹੇ ਹਨ। ਉਨ੍ਹਾਂ ਵਲੋਂ ਇਸ ਬਹਾਨੇ ਗੁੰਡਾਗਰਦੀ ਸ਼ੁਰੂ ਕਰ ਦਿੱਤੀ ਗਈ। ਹਿਦੁਸਤਾਨ-ਪਾਕਿਸਤਾਨ ਦਰਮਿਆਨ ਰਿਸ਼ਤੇ ਦਾ ਚਿੰਨ੍ਹ "ਸਦਾ-ਏ-ਸਰਹੱਦ" ਬੱਸ ਰੋਕਕੇ ਹੁੱਲੜਬਾਜ਼ੀ ਕੀਤੀ ਗਈ। ਸ਼ਹਿਰ ਵਿਚ ਮੁਸਲਮਾਨਾਂ ਦੀਆਂ ਦੁਕਾਨਾਂ ਉੱਪਰ ਭੜਕਾਊ ਨਾਅਰੇ ਲਿਖਕੇ ਉਨ੍ਹਾਂ ਨੂੰ ਜ਼ਲੀਲ ਕਰਨ ਦਾ ਸਿਲਸਿਲਾ ਸ਼ੁਰੂ ਕਰ ਦਿੱਤਾ ਗਿਆ। ਇਸਦੇ ਵਿਰੋਧ ਵਿਚ ਜਦੋਂ ਮੁਸਲਿਮ ਭਾਈਚਾਰੇ ਨੇ ਇਕੱਠੇ ਹੋ ਕੇ ਸ਼ਾਹੀ ਇਮਾਮ ਜਾਮਾ ਮਸਜਿਦ ਦੀ ਅਗਵਾਈ ਹੇਠ ਪੁਲਿਸ ਅਧਿਕਾਰੀਆਂ ਨੂੰ ਮੰਗ-ਪੱਤਰ ਦੇਣਾ ਚਾਹਿਆ ਤਾਂ ਸ਼ਿਵ ਸੈਨਿਕਾਂ ਨੇ ਉਨ੍ਹਾਂ ਉੱਪਰ ਹਮਲਾ ਕਰ ਦਿੱਤਾ। ਇਹ ਧੱਕੇਸ਼ਾਹੀ ਦੇਖਕੇ ਸਿੱਖ ਅਤੇ ਦਲਿਤ ਗਰੁੱਪ ਮੁਸਲਮਾਨਾਂ ਦੀ ਹਮਾਇਤ 'ਤੇ ਆ ਗਏ ਅਤੇ ਉਨ੍ਹਾਂ ਵਲੋਂ ਮਿਲਕੇ ਸ਼ਿਵ ਸੈਨਿਕਾਂ ਨੂੰ ਖਦੇੜ ਦਿੱਤਾ ਗਿਆ। ਇਨ੍ਹਾਂ ਸਾਰੇ ਭਾਈਚਾਰਿਆਂ ਦੇ ਇਕੱਠੇ ਹੋਣ ਦੀ ਵਜ੍ਹਾ ਇਹ ਹੈ ਕਿ ਸ਼ਿਵ ਸੈਨਿਕਾਂ ਦੀ ਬੁਰਛਾਗਰਦੀ ਦੀ ਇਹ ਪਹਿਲੀ ਵਾਰਦਾਤ ਨਹੀਂ ਹੈ। ਫ਼ਗਵਾੜਾ ਪੰਜਾਬ ਦੇ ਉਨ੍ਹਾਂ ਸ਼ਹਿਰਾਂ ਵਿੱਚੋਂ ਇਕ ਹੈ ਜਿਥੇ ਸ਼ਿਵ ਸੈਨਾ ਦੇ ਫਿਰਕੂ ਅਨਸਰ ਆਨੇ-ਬਹਾਨੇ ਭਾਈਚਾਰਕ ਸਦਭਾਵਨਾ ਨੂੰ ਤੋੜਨ 'ਚ ਮਸਰੂਫ਼ ਰਹਿੰਦੇ ਹਨ। ਇਹ ਸ਼ਹਿਰ ਰਵਾਇਤੀ ਤੌਰ 'ਤੇ ਸ਼ਿਵ ਸੈਨਾ ਅਤੇ ਹੋਰ ਹਿੰਦੂ ਫਿਰਕਾਪ੍ਰਸਤੀ ਦੇ ਚੋਣਵੇਂ ਗੜ੍ਹਾਂ ਵਿੱਚੋਂ ਇਕ ਰਿਹਾ ਹੈ। ਖ਼ਾਲਸਤਾਨ ਲਹਿਰ ਦੌਰਾਨ ਇੱਥੋਂ ਦੇ ਸ਼ਿਵ ਸੈਨੀਏ ਪੰਜਾਬ ਦੇ ਮਾਹੌਲ ਨੂੰ ਵਿਗਾੜਨ ਵਿਚ ਵਧ-ਚੜ੍ਹਕੇ ਹਿੱਸਾ ਪਾਉਂਦੇ ਰਹੇ। ਇਥੇ ਪਹਿਲਾਂ ਵੀ ਹਿੰਦੂ ਫਿਰਕਾਪ੍ਰਸਤ ਸਿੱਖ ਅਤੇ ਦਲਿਤ ਜਥੇਬੰਦੀਆਂ ਨਾਲ ਟਕਰਾਓ ਵਿਚ ਆਉਂਦੇ ਰਹੇ ਹਨ। ਡਾ. ਅੰਬੇਡਕਰ ਦੇ ਬੁੱਤ ਦੀ ਬੇਅਦਬੀ ਕਰਨ ਦੀਆਂ ਵਾਰਦਾਤਾਂ ਵੀ ਇਥੇ ਹੁੰਦੀਆਂ ਰਹੀਆਂ ਹਨ।

ਬਾਦਲ ਅਕਾਲੀ ਦਲ ਅਤੇ ਇਸਦੀ ਇਤਹਾਦੀ ਭਾਜਪਾ ਦੇ ਸੱਤਾਧਾਰੀ ਹੋਣ ਨੇ ਹਿੰਦੂ ਫਿਰਕਾਪ੍ਰਸਤ ਗਰੋਹਾਂ ਨੂੰ ਪ੍ਰਫੁੱਲਤ ਹੋਣ ਲਈ ਹੋਰ ਵੀ ਜ਼ਰਖੇਜ਼ ਭੋਇੰ ਮੁਹੱਈਆ ਕਰ ਦਿੱਤੀ। ਕੇਂਦਰ ਵਿਚ ਮੋਦੀ ਸਰਕਾਰ ਬਣਨ ਨਾਲ ਇਨ੍ਹਾਂ ਦੇ ਹੌਸਲੇ ਹੋਰ ਬੁਲੰਦ ਹੋ ਗਏ। ਪਿਛਲੇ ਦੋ ਸਾਲਾਂ ਵਿਚ ਪੰਜਾਬ ਵਿਚ ਆਰ.ਐੱਸ.ਐੱਸ. ਆਪਣਾ ਤਾਣਾਬਾਣਾ ਫੈਲਾਉਣ ਲਈ ਗੁਪਤੋ-ਗੁਪਤੀ ਵਸੀਹ ਪੈਮਾਨੇ 'ਤੇ ਸਰਗਰਮ ਹੈ। ਇਸ ਮਾਹੌਲ ਦਾ ਲਾਹਾ ਲੈਣ ਲਈ ਉਹ ਸ਼ਿਵ ਸੈਨਾਵਾਂ ਵੀ ਸਰਗਰਮ ਹਨ ਜੋ ਸਿੱਧੇ ਤੌਰ 'ਤੇ ਭਾਵੇਂ ਆਰ.ਐੱਸ.ਐੱਸ. ਦੇ ਵਿੰਗ ਨਹੀਂ ਪਰ ਵਿਚਾਰਧਾਰਕ ਤੌਰ 'ਤੇ ਖ਼ੁਦ ਨੂੰ ਇਸੇ ਕੈਂਪ ਦਾ ਹਿੱਸਾ ਸਮਝਦੀਆਂ ਹਨ। ਕੁਝ ਮਹੀਨੇ ਪਹਿਲਾਂ ਇੱਥੋਂ ਦੇ ਇਕ ਸ਼ਿਵ ਸੈਨਾ ਆਗੂ ਦੀ ਭੇਦਭਰੇ ਢੰਗ ਨਾਲ ਮੌਤ ਪਿੱਛੋਂ ਭੂਤਰੇ ਹੋਏ ਸ਼ਿਵ ਸੈਨਿਕਾਂ ਵਲੋਂ ਨਵਾਂਸ਼ਹਿਰ ਵਿਚ ਸੜਕ ਜਾਮ ਕਰਕੇ ਸ਼ਰੇਆਮ ਗੁੰਡਾਗਰਦੀ ਕੀਤੀ ਗਈ। ਸਿੱਖ ਰਾਹਗੀਰਾਂ ਦੀ ਕੁੱਟਮਾਰ ਕੀਤੀ ਗਈ ਅਤੇ ਲਲਕਾਰੇ ਮਾਰੇ ਗਏ, ਪੁਲਿਸ ਤੇ ਪ੍ਰਸ਼ਾਸਨਿਕ ਅਧਿਕਾਰੀ ਸੱਤਾਧਾਰੀ ਧਿਰ ਦੇ ਦਬਾਓ ਹੇਠ ਕੋਲ ਖੜ੍ਹੇ ਤਮਾਸ਼ਾ ਦੇਖਦੇ ਰਹੇ। ਬੁਰਛਾਗਰਦੀ ਨੂੰ ਠੱਲ ਓਦੋਂ ਹੀ ਪਈ ਜਦੋਂ ਕੁਝ ਸਿੱਖ ਜਥੇਬੰਦੀਆਂ ਨੇ ਸ਼ਿਵਸੈਨੀਆਂ ਨੂੰ ਸਮਾਂ ਦੇ ਕੇ ਦੋ ਹੱਥ ਕਰਨ ਲਈ ਲਲਕਾਰਿਆ।

ਇਹ ਯਾਦ ਰੱਖਣਾ ਹੋਵੇਗਾ ਕਿ ਹਰ ਥਾਂ ਹੀ ਹਿੰਦੂਤਵੀ ਅਤੇ ਹੋਰ ਹਿੰਦੂ ਫਿਰਕਾਪ੍ਰਸਤ ਧੜਿਆਂ ਨੇ ਦਲਿਤ ਨੌਜਵਾਨਾਂ ਨੂੰ ਵਰਗਲਾਕੇ ਆਪਣੇ ਗਰੋਹਾਂ ਵਿਚ ਲਾਮਬੰਦ ਕੀਤਾ ਹੋਇਆ ਹੈ। ਦੱਬੀ-ਕੁਚਲੀ ਸਮਾਜੀ ਹੈਸੀਅਤ, ਥੁੜ੍ਹਾਂ ਮਾਰੀ ਜ਼ਿੰਦਗੀ, ਬੇਕਾਰੀ, ਗ਼ਰੀਬੀ, ਸਮਾਜੀ ਪਛੜੇਵਾਂ ਅਤੇ ਹੋਰ ਬਹੁਤ ਸਾਰੇ ਕਾਰਨ ਹਨ ਜਿਨ੍ਹਾਂ ਕਰਕੇ ਉਹ ਸੌਖਿਆਂ ਹੀ ਇਨ੍ਹਾਂ ਦੇ ਜਾਲ ਵਿਚ ਫਸ ਜਾਂਦੇ ਹਨ। ਚਾਹੇ ਹਿੰਦੂਤਵੀ ਲਾਣਾ ਦਾਅਵੇ ਕਰਦਾ ਹੈ ਕਿ ਦਲਿਤ ਹਿੰਦੂ ਸਮਾਜ ਦਾ ਹਿੱਸਾ ਹਨ। ਪਰ ਹਕੀਕਤ ਇਸ ਤੋਂ ਪੂਰੀ ਤਰ੍ਹਾਂ ਉਲਟ ਹੈ, ਦਲਿਤਾਂ ਨੂੰ ਹਮੇਸ਼ਾ ਵਰਣ-ਢਾਂਚੇ ਤੋਂ ਬਾਹਰ ਰੱਖਿਆ ਗਿਆ ਹੈ। ਸੰਘ ਇਕੋ ਵਕਤ ਦੋਧਾਰੀ ਨੀਤੀ 'ਤੇ ਚਲਦਾ ਹੈ। ਜੀਭ ਦੇ ਜ਼ੋਰ ਦਲਿਤ ਹਿਤੈਸ਼ੀ ਹੋਣ ਦਾ ਨਾਟਕ ਅਤੇ ਵਿਹਾਰਕ ਤੌਰ 'ਤੇ ਦਲਿਤ ਭਾਈਚਾਰੇ ਨੂੰ ਵੱਧ ਤੋਂ ਵੱਧ ਨੁਕਸਾਨ ਪਹੁੰਚਾਉਣ ਦੀਆਂ ਸਾਜ਼ਿਸ਼ਾਂ ਨੂੰ ਅੰਜਾਮ। ਜ਼ਬਾਨੀ-ਕਲਾਮੀ ਡਾ. ਅੰਬੇਡਕਰ ਦਾ ਗੁਣਗਾਣ ਪਰ ਉਸਦੀ ਵਿਚਾਰਧਾਰਾ ਦੇ ਪੈਰੋਕਾਰਾਂ ਉੱਪਰ ਘਾਤਕ ਹਮਲੇ। ਹਾਲ ਹੀ ਵਿਚ ਮੁੰਬਈ ਵਿਚ ਡਾ.ਅੰਬੇਡਕਰ ਦੀ ਯਾਦਗਾਰ ਨੂੰ ਢਾਹੁਣਾ ਇਸੇ ਦੋਹਰੀ ਨੀਤੀ ਦਾ ਨਤੀਜਾ ਹੈ। ਪਿਛਲੇ ਸਮੇਂ ਵਿਚ ਸੰਘ ਦੀ ਗੁਪਤ ਚਿੱਠੀ ਦਾ ਭੇਤ ਖੁੱਲ੍ਹਣ ਨਾਲ ਬਿਲਕੁਲ ਸਾਫ਼ ਹੋ ਚੁੱਕਾ ਹੈ ਕਿ ਅਸਲ ਵਿਚ ਇਸ ਫਾਸ਼ੀਵਾਦੀ ਤਾਕਤ ਦੇ ਇਰਾਦੇ ਕਿੰਨੇ ਖ਼ਤਰਨਾਕ ਹਨ? ਗ਼ੌਰਤਲਬ ਹੈ ਕਿ ਐਨਾ ਥੋਕ ਪੱਧਰ 'ਤੇ ਛਪਣ ਅਤੇ ਚਰਚਾ ਵਿਚ ਆਉਣ ਤੋਂ ਬਾਦ ਸੰਘ ਦੇ ਕਿਸੇ ਤਰਜ਼ਮਾਨ ਨੇ ਇਕ ਵਾਰ ਵੀ ਉਸ ਅੰਦਰੂਨੀ ਗਸ਼ਤੀ-ਚਿੱਠੀ ਨੂੰ ਰੱਦ ਨਹੀਂ ਕੀਤਾ। ਦਰਅਸਲ, ਮੁਸਲਮਾਨ, ਔਰਤਾਂ ਅਤੇ ਦਲਿਤਾਂ ਨੂੰ ਦਬਾਕੇ ਰੱਖਣਾ ਹਿੰਦੂਤਵ ਦੀ ਮੂਲ ਫ਼ਿਲਾਸਫ਼ੀ ਹੈ। ਇਹ ਉਨ੍ਹਾਂ ਦਾ 'ਸੁਨਹਿਰੀ ਯੁਗ' ਹੈ ਜਿਸ ਨੂੰ ਉਹ ਵਾਪਸ ਲਿਆਉਣਾ ਚਾਹੁੰਦੇ ਹਨ। ਹਰ ਘੱਟਗਿਣਤੀ ਉਨ੍ਹਾਂ ਦੀਆਂ ਨਜ਼ਰਾਂ ਵਿਚ ਹਿੰਦੂ ਸੰਸਕ੍ਰਿਤੀ ਦੀ ਦੁਸ਼ਮਣ ਹੈ। ਇਹ ਮਹਿਜ਼ ਉਨ੍ਹਾਂ ਦੀ ਕੂਟਨਲੀਤੀ ਹੈ ਕਿ ਕਿਸ ਨੂੰ ਅੱਜ 'ਆਪਣਾ' ਦੱਸਦੇ ਹਨ ਅਤੇ ਕਿਸਨੂੰ ਅੱਜ 'ਪਰਾਇਆ' ਕਰਾਰ ਦੇਕੇ ਸਿੱਧਾ ਵਾਰ ਕਰਦੇ ਹਨ। ਜਿੰਨੀ ਛੇਤੀ ਹਿੰਦੁਸਤਾਨ ਦੀ ਜੂਹ ਵਿਚ ਵਸਦੇ ਸਾਰੇ ਦਬਾਏ-ਲਤਾੜੇ ਹੋਏ ਸਮਾਜੀ ਸਮੂਹ ਇਸ ਹਕੀਕਤ ਨੂੰ ਪਛਾਣਕੇ ਇਕਜੁੱਟ ਹੋ ਜਾਣਗੇ ਅਤੇ ਮਨੂਵਾਦੀ ਫ਼ਿਲਾਸਫ਼ੀ ਦੀ ਸ਼ਨਾਖ਼ਤ ਆਪਣੇ ਮੂਲ ਵਿਚਾਰਧਾਰਕ ਦੁਸ਼ਮਣ ਵਜੋਂ ਕਰ ਲੈਣਗੇ ਓਨੀ ਛੇਤੀ ਹੀ ਉਨ੍ਹਾਂ ਦੀ ਇਕਜੁੱਟਤਾ ਵਿਹਾਰਕ ਤੌਰ 'ਤੇ ਸੰਭਵ ਹੋ ਜਾਵੇਗੀ ਅਤੇ ਉਨ੍ਹਾਂ ਦੀ ਬੰਦਖ਼ਲਾਸੀ ਲਈ ਸਾਂਝੇ ਸੰਘਰਸ਼ ਦਾ ਰਸਤਾ ਖੁੱਲ੍ਹ ਜਾਵੇਗਾ। ਪੰਜਾਬ ਅਤੇ ਗੁਜਰਾਤ ਦੇ ਹਾਲੀਆ ਘਟਨਾ-ਵਿਕਾਸ ਇਸ ਪੱਖੋਂ ਵੱਡੀ ਅਹਿਮੀਅਤ ਵਾਲੇ ਹਨ।

# ਸੱਚੀ ਆਜ਼ਾਦੀ ਲਈ ਜੱਦੋ-ਜਹਿਦ ਦੀ ਹਮਾਇਤ ਹੀ ਫਾਸ਼ੀਵਾਦ ਦੇ ਹਮਲੇ ਨੂੰ ਠੱਲ ਪਾ ਸਕਦੀ ਹੈ : ਉਮਰ ਖ਼ਾਲਿਦ





"ਜਿਸ ਰਾਜ ਪ੍ਰਬੰਧ ਵਿਚ ਸੋਨੀ ਸੋਰੀ ਨੂੰ ਜਿਨਸੀ ਤਸੀਹੇ ਦੇਣ ਵਾਲਾ ਬਹਾਦਰੀ ਮੈਡਲ ਨਾਲ ਸਨਮਾਨਤ ਕੀਤਾ ਜਾਂਦਾ ਹੈ ਅਤੇ 2000 ਲੋਕਾਂ ਦਾ ਕਾਤਲ ਜੇਲ੍ਹ ਦੀ ਬਜਾਏ ਪ੍ਰਧਾਨ ਮੰਤਰੀ ਦੇ ਅਹੁਦੇ ਤੇ ਬਿਰਾਜਮਾਨ ਹੁੰਦਾ ਹੈ ਤਾਂ ਇਹ ਸਹੀ ਮਾਇਨਿਆਂ ਵਿਚ ਜਮਹੂਰੀਅਤ ਅਤੇ ਆਜ਼ਾਦੀ ਨਹੀਂ ਹੈ ਚਾਹੇ ਇਸ ਨੂੰ ਚੁਣੇ ਹੋਏ ਨੁਮਾਇੰਦਿਆਂ ਦੀ ਸਰਕਾਰ ਦਾ ਨਾਂ ਦਿੱਤਾ ਜਾ ਰਿਹਾ ਹੈ, ਸਾਨੂੰ ਸੱਚੀ ਜਮਹੂਰੀਅਤ ਅਤੇ ਆਜ਼ਾਦੀ ਲਈ ਡੱਟਕੇ ਲੜਨਾ ਹੋਵੇਗਾ।"

ਇਹ ਵਿਚਾਰ 7 ਅਗਸਤ ਨੂੰ ਜਮਹੂਰੀ ਅਧਿਕਾਰ ਸਭਾ ਪੰਜਾਬ ਅਤੇ ਸ਼ਹੀਦ ਭਗਤ ਸਿੰਘ ਵਿਚਾਰ ਮੰਚ ਵਲੋਂ ਪੰਜਾਬੀ ਭਵਨ ਲੁਧਿਆਣਾ ਵਿਖੇ 'ਹਿੰਦੂਤਵੀ ਫ਼ਾਸ਼ੀਵਾਦ ਦਾ ਟਾਕਰਾ ਅਤੇ ਬਸਤਰ ਵਿਚ ਦਮਨ' ਵਿਸ਼ੇ ਬਾਰੇ ਕਨਵੈਨਸ਼ਨ ਨੂੰ ਸੰਬੋਧਨ ਕਰਦਿਆਂ ਜੇ.ਐਨ.ਯੂ. ਤੋਂ ਵਿਦਿਆਰਥੀ ਆਗੂ ਉਮਰ ਖ਼ਾਲਿਦ ਨੇ ਪ੍ਰਗਟ ਕੀਤੇ। ਕਨਵੈਨਸ਼ਨ ਦੇ ਪ੍ਰਧਾਨਗੀ ਮੰਡਲ ਵਿਚ ਉਮਰ ਖ਼ਾਲਿਦ, ਮਾਲਿਨੀ ਸੁਬਰਾਮਨੀਅਮ, ਪ੍ਰੋਫੈਸਰ ਜਗਮੋਹਣ ਸਿੰਘ, ਪ੍ਰੋਫੈਸਰ ਏ. ਕੇ. ਮਲੇਰੀ, ਸਤੀਸ਼ ਸਚਦੇਵਾ ਸ਼ੁਸ਼ੋਭਿਤ ਸਨ। ਸ੍ਰੀ ਖ਼ਾਲਿਦ ਨੇ ਕਿਹਾ ਕਿ ਅਸੀਂ ਤੈਅ ਕਰਨਾ ਹੈ ਕਿ ਕਿਸ ਤਰ੍ਹਾਂ ਦੀ ਆਜ਼ਾਦੀ ਨੂੰ ਮਨਜ਼ੂਰ ਕਰਨਾ ਹੈ। ਲਾਲ ਕਿਲ੍ਹੇ ਤੋਂ ਆਜ਼ਾਦੀ ਦੇ ਦੰਭੀ ਤੇ ਖੋਖਲੇ ਭਾਸ਼ਣਾਂ ਨੂੰ ਜਾਂ ਸੱਚੀ ਆਜ਼ਾਦੀ ਲਈ ਅਵਾਮੀ ਸੰਘਰਸ਼ਾਂ ਨੂੰ। ਬਸਤਰ ਉੱਪਰ ਥੋਪੇ ਜਾ ਜਾ ਰਹੇ ਅਖਾਉਤੀ ਵਿਕਾਸ ਮਾਡਲ ਦੇ ਦਾਅਵਿਆਂ ਦੀ ਗੱਲ ਕਰਦਿਆਂ ਉਨ੍ਹਾਂ ਕਿਹਾ ਕਿ ਵਿਕਾਸ ਲਈ ਆਦਿਵਾਸੀਆਂ ਦੀ ਬਲੀ ਨੂੰ ਜਾਇਜ਼ ਠਹਿਰਾਉਣ ਵਾਲਾ ਵਿਕਾਸ ਮਾਡਲ ਹੱਲ ਨਹੀਂ ਦਰਅਸਲ ਖ਼ੁਦ ਹੀ ਸਮੱਸਿਆ ਹੈ ਜਿਸ ਤਹਿਤ ਚਾਰ-ਮਾਰਗੀ ਸੜਕਾਂ ਉਥੇ ਤੇਜ਼ੀ ਨਾਲ ਸੁਰੱਖਿਆ ਤਾਕਤਾਂ ਭੇਜਣ ਲਈ ਵਿਛਾਈਆਂ ਜਾ ਰਹੀਆਂ ਹਨ, ਜੋ ਲੋਕਾਂ ਲਈ ਸਿਹਤ ਤੇ ਸਿੱਖਿਆ ਸਹੂਲਤਾਂ ਨਹੀਂ ਸਗੋਂ ਵਿਨਾਸ਼ ਅਤੇ ਤਬਾਹੀ ਦਾ ਸਾਧਨ ਹਨ। ਬਸਤਰ ਵਿਚ ਇਸ ਵਕਤ ਮਿਸ਼ਨ-2016 ਤਹਿਤ ਹਵਾਈ ਬੰਬਾਰੀ ਰਾਹੀਂ ਆਦਿਵਾਸੀ ਵਸੋਂ ਨੂੰ ਨੇਸਤੋਨਾਬੂਦ ਕਰਕੇ ਕਾਰਪੋਰੇਟ ਕਬਜ਼ੇ ਨੂੰ ਅੰਜਾਮ ਦਿੱਤਾ ਜਾ ਰਿਹਾ ਹੈ। ਬਾਕੀ ਮੁਲਕ ਵਿਚ ਇਹ 'ਵਿਕਾਸ' ਥੋਪਣ ਤੋਂ ਪਹਿਲਾਂ ਬਸਤਰ ਨੂੰ ਪ੍ਰਯੋਗਸ਼ਾਲਾ ਬਣਾਇਆ ਗਿਆ ਹੈ। ਉਨ੍ਹਾਂ ਜ਼ੋਰ ਦੇ ਕੇ ਕਿਹਾ ਕਿ ਇਹ ਕਹਿਣਾ ਗ਼ਲਤ ਹੈ ਕਿ ਲੋਕ ਮਾਓਵਾਦੀਆਂ ਅਤੇ ਸੁਰੱਖਿਆ ਤਾਕਤਾਂ ਦਰਮਿਆਨ ਪਿਸ ਰਹੇ ਹਨ, ਲੋਕ ਤਾਂ ਆਪਣੇ ਜੀਵਨ-ਵਸੀਲਿਆਂ ਅਤੇ ਸਵੈਮਾਣ ਦੀ ਰਾਖੀ ਲਈ ਲੜ ਰਹੇ ਹਨ। ਇਹ ਲੜਾਈ ਹੀ ਅਖਾਉਤੀ ਵਿਕਾਸ ਮਾਡਲ ਅਤੇ ਹਿੰਦੂਤਵੀ ਫਾਸ਼ੀਵਾਦ ਦੇ ਜੁੜਵੇਂ ਹਮਲੇ ਨੂੰ ਠੱਲ ਪਾ ਸਕਦੀ ਹੈ। ਜਿਸਦੀ ਸਾਨੂੰ ਡੱਟਕੇ ਹਮਾਇਤ ਕਰਨੀ ਚਾਹੀਦੀ ਹੈ। ਉਨ੍ਹਾਂ ਨੇ ਸਰਕਾਰੀ ਪ੍ਰਾਪੇਗੰਡੇ ਤੋਂ ਸੁਚੇਤ ਕਰਦਿਆਂ ਕਿਹਾ ਕਿ ਜੇ ਲੋਕਾਂ ਦੇ ਟੈਕਸਾਂ ਦਾ ਪੈਸਾ ਜੇ ਗ਼ਰੀਬੀ, ਭੁੱਖਮਰੀ ਅਤੇ ਲੋਕਾਂ ਨੂੰ ਬੁਨਿਆਦੀ ਸਹੂਲਤਾਂ ਦੀ ਬਜਾਏ ਲੋਕਾਂ ਦੀ ਹੱਕ-ਜਤਾਈ ਨੂੰ ਦਬਾਉਣ ਲਈ ਸੁਰੱਖਿਆ ਤਾਕਤਾਂ ਉੱਪਰ ਖ਼ਰਚਿਆ ਜਾ ਰਿਹਾ ਹੈ ਤਾਂ ਇਹ ਸਭ ਤੋਂ ਵੱਡਾ ਘਪਲਾ ਹੈ ਜਿਸ ਉੱਪਰ ਹਰ ਜਾਗਰੂਕ ਨਾਗਰਿਕ ਨੂੰ ਸਵਾਲ ਉਠਾਉਣਾ ਚਾਹੀਦਾ ਹੈ। ਮੁੱਖਧਾਰਾ ਦੀ ਸੁਰੱਖਿਆ ਕੇਂਦਰਤ ਰਾਸ਼ਟਰਵਾਦੀ ਨੂੰ ਚੁਣੌਤੀ ਦਿੰਦਿਆਂ ਉਨ੍ਹਾਂ ਕਿਹਾ ਕਿ ਦੁਨੀਆ ਵਿਚ ਅੱਜ ਤਕ ਐਸੀ ਕੋਈ ਫ਼ੌਜ ਨਹੀਂ ਜੋ ਅਵਾਮ ਦੀ ਆਜ਼ਾਦੀ ਦੀ ਰੀਝ ਨੂੰ ਖ਼ਤਮ ਕਰ ਸਕੇ। ਕਸ਼ਮੀਰ ਬਾਰੇ ਇਹ ਬਹੁਤ ਹੀ ਜ਼ਾਹਰਾ ਸੱਚ ਹੈ। ਕਸ਼ਮੀਰ ਵਿਚ ਹਾਲੀਆ ਵਿਰੋਧ ਲਹਿਰ ਦੀ ਗੱਲ ਕਰਦਿਆਂ ਉਨ੍ਹਾਂ ਕਿ ਸਥਾਪਤੀ ਦਾ ਪ੍ਰਚਾਰ ਹਮੇਸ਼ਾ ਲਈ ਲੋਕਾਂ ਨੂੰ ਗੁੰਮਰਾਹ ਕਰਕੇ ਹਨੇਰੇ ਵਿਚ ਨਹੀਂ ਰੱਖ ਸਕਦਾ।

ਕੌਮਾਂਤਰੀ ਪੱਤਰਕਾਰ ਸਨਮਾਨ ਨਾਲ ਸਨਮਾਨਿਤ ਪੱਤਰਕਾਰ ਮਾਲਿਨੀ ਸੁਬਰਾਮਨੀਅਮ ਨੇ ਬਸਤਰ ਵਿਚ ਆਦਿਵਾਸੀਆਂ ਵਿਰੁੱਧ ਲੜੀ ਜਾ ਰਹੀ ਨਹੱਕੀ ਜੰਗ ਬਾਰੇ ਆਪਣੇ ਸਿੱਧੇ ਅਨੁਭਵ ਬਿਆਨ ਕਰਦਿਆਂ ਕਿਹਾ ਕਿ ਉਥੇ ਪ੍ਰੈੱਸ ਦੀ ਆਜ਼ਾਦੀ ਸਹਿਮ ਦੇ ਸਾਏ ਹੇਠ ਹੈ ਜਿਥੇ ਜਾਂ ਤਾਂ ਪੱਤਰਕਾਰਾਂ ਨੂੰ ਪੁਲਿਸ ਦੇ ਪ੍ਰੈੱਸ ਨੋਟ ਖ਼ਬਰ ਵਜੋਂ ਛਾਪਣੇ ਪੈਂਦੇ ਹਨ ਜਾਂ ਫਿਰ ਬਸਤਰ ਛੱਡਣਾ ਪੈਂਦਾ ਹੈ। ਇਸ ਅਖਾਉਤੀ ਵਿਕਾਸ ਮਾਡਲ ਨੂੰ ਰੱਦ ਕਰਦੇ ਹੋਏ ਵਿਕਾਸ ਨੂੰ ਮੁੜ ਪ੍ਰੀਭਾਸ਼ਤ ਕਰਨਾ ਹੋਵੇਗਾ। ਵਿਕਾਸ ਲਈ ਕੁਦਰਤੀ ਵਸੀਲਿਆਂ ਦੀ ਵਰਤੋਂ ਦੇ ਨਾਂ ਹੇਠ ਐਸੇ ਵਿਕਾਸ ਦੀ ਇਜਾਜ਼ਤ ਨਹੀਂ ਦਿੱਤੀ ਜਾ ਸਕਦੀ ਕਿ ਜੋ ਵਿਸ਼ਾਲ ਅਵਾਮ ਦੇ ਉਜਾੜੇ, ਬਰਬਾਦੀ ਅਤੇ ਮਨੁੱਖੀ ਹੱਕਾਂ ਦੇ ਘਾਣ ਦੀ ਵਾਹਕ ਹੋਵੇ। ਐਸੇ ਮਾਡਲ ਵਿਰੁੱਧ ਲੋਕਾਂ ਦੀ ਜੱਦੋਜਹਿਦ ਦਾ ਸਾਥ ਦੇਕੇ ਹੀ ਕਾਰਪੋਰੇਟ ਵਿਕਾਸ ਦੀ ਦਰਿੰਦਗੀ ਨੂੰ ਰੋਕਿਆ ਜਾ ਸਕਦਾ ਹੈ। ਕਨਵੈਨਸ਼ਨ ਨੂੰ ਸੰਬੋਧਨ ਕਰਦਿਆਂ ਸਭਾ ਦੇ ਜਨਰਲ ਸਕੱਤਰ ਪ੍ਰੋਫੈਸਰ ਜਗਮੋਹਣ ਸਿੰਘ ਨੇ ਕਿਹਾ ਕਿ ਫਾਸ਼ੀਵਾਦ ਦੀ ਬੁਨਿਆਦ ਝੂਠ ਦੇ ਪ੍ਰਚਾਰ ਅਤੇ ਅਫ਼ਵਾਹਾਂ ਉੱਪਰ ਹੁੰਦੀ ਹੈ ਜਿਸ ਨੂੰ ਬੇਨਕਾਬ ਕਰਨ ਲਈ ਹਰ ਵਰਤਾਰੇ ਦੇ ਸਹੀ ਤੱਥ ਲੋਕਾਂ ਵਿਚ ਲਿਜਾਕੇ ਲੋਕਰਾਇ ਬਣਾਉਣ ਜ਼ਰੂਰੀ ਹੈ, ਤੱਥਾਂ ਨੂੰ ਸਾਹਮਣੇ ਆਉਣ ਤੋਂ ਰੋਕਣ ਲਈ ਪੱਤਰਕਾਰਾਂ, ਵਕੀਲਾਂ ਅਤੇ ਜਮਹੂਰੀਅਤ ਪਸੰਦ ਲੋਕਾਂ ਦੀ ਆਵਾਜ਼ ਨੂੰ ਦਬਾਇਆ ਜਾ ਰਿਹਾ ਹੈ। ਇਸ ਮੌਕੇ ਪ੍ਰੋਫੈਸਰ ਮਲੇਰੀ ਵਲੋਂ ਪੇਸ਼ ਕੀਤੇ ਮਤਿਆਂ ਵਿਚ ਕਸ਼ਮੀਰ ਵਿਚ ਢਾਹੇ ਜਾ ਰਹੇ ਜਬਰ ਦੀ ਸਖ਼ਤ ਨਿਖੇਧੀ ਕੀਤੀ ਗਈ ਅਤੇ ਕਸ਼ਮੀਰੀ ਲੋਕਾਂ ਨੂੰ ਸਵੈਨਿਰਨੇ ਦਾ ਹੱਕ ਦੇਣ, ਉੱਥੋਂ ਫ਼ੌਜੀ ਤਾਕਤਾਂ ਬਾਹਰ ਕੱਢਣ, ਅਫ਼ਸਪਾ ਅਤੇ ਹੋਰ ਜ਼ਾਲਮ ਕਾਨੂੰਨ ਵਾਪਸ ਲੈਣ ਦੀ ਮੰਗ ਕੀਤੀ ਗਈ। ਇਕ ਹੋਰ ਮਤੇ ਰਾਹੀਂ ਗੁਜਰਾਤ ਵਿਚ ਗਊ ਹੱਤਿਆ ਦੇ ਨਾਂ ਹੇਠ ਦਲਿਤਾਂ ਉੱਪਰ ਢਾਹੇ ਵਹਿਸ਼ੀ ਤਸ਼ੱਦਦ ਦੀ ਪੁਰਜ਼ੋਰ ਨਿਖੇਧੀ ਕੀਤੀ ਗਈ ਅਤੇ ਇਸ ਦੇ ਖ਼ਿਲਾਫ਼ ਦਲਿਤਾਂ ਦੇ ਸੰਘਰਸ਼ ਅਤੇ ਫ਼ਗਵਾੜਾ ਵਿਚ ਦਲਿਤ, ਸਿੱਖ ਅਤੇ ਮੁਸਲਿਮ ਭਾਈਚਾਰਿਆਂ ਵਲੋਂ ਹਿੰਦੂ ਫਾਸ਼ੀਵਾਦ ਦੇ ਸਾਂਝੇ ਵਿਰੋਧ ਨਾਲ ਇਕਮੁੱਠਤਾ ਪ੍ਰਗਟਾਈ ਗਈ।

ਅਗਲੇ ਦਿਨ, 8 ਅਗਸਤ ਨੂੰ ਉਮਰ ਖ਼ਾਲਿਦ ਵਲੋਂ ਰਾਮਪੁਰਾ ਫੂਲ ਵਿਚ ਵੀ ਇਕ ਇਕੱਤਰਤਾ ਨੂੰ ਸੰਬੋਧਨ ਕੀਤਾ ਗਿਆ।

-ਬੂਟਾ ਸਿੰਘ

5 ਸਤੰਬਰ ਅਧਿਆਪਕ ਦਿਵਸ 'ਤੇ ਵਿਸ਼ੇਸ਼

# ਅਧਿਆਪਕ ਤੇ ਵਿਦਿਆਰਥੀ ਦੇ ਰਿਸਤੇ 'ਚ ਵਧ ਰਹੀ ਤਰੇੜ



ਸੁਖਵਿੰਦਰ ਲੀਲ੍ਹ- ਫੁੱਲਾਂਵਾਲ

'ਅਧਿਆਪਕ ਦੀ ਚੰਗੀ ਤਸਵੀਰ, ਵਿਦਿਆਰਥੀਆਂ ਦੀ ਚੰਗੀ ਤਕਦੀਰ' ਇਹ ਲਾਈਨਾਂ ਆਪਾਂ ਸਾਰਿਆਂ ਨੇ ਹੀ ਕਿਤੇ ਨਾ ਕਿਤੇ ਸਕੂਲ, ਕਾਲਜ 'ਚ ਪੜ੍ਹਦਿਆਂ ਕਮਰਿਆਂ ਦੀਆਂ ਦੀਵਾਰਾਂ ਉੱਪਰ ਮਾਟੋ ਦੇ ਰੂਪ ਵਿੱਚ ਲਿਖੀਆਂ ਹੋਈਆਂ ਜ਼ਰੂਰ ਪੜ੍ਹੀਆਂ ਹੋਣਗੀਆਂ। ਇਹੀ ਨਹੀਂ ਤੁਸੀਂ ਇਸ ਮਾਟੋ ਦੇ ਅਰਥਾਂ ਤੋਂ ਵੀ ਚੰਗੀ ਤਰ੍ਹਾਂ ਜਾਣੂੰ ਹੋਵੋਗੇ, ਫਿਰ ਵੀ ਥੋੜ੍ਹੀ ਜਾਣਕਾਰੀ ਲਈ ਦੱਸ ਦੇਵਾਂ ਕਿ ਸਾਡੀ ਸਿੱਖਿਆ ਪ੍ਰਣਾਲੀ ਅੰਦਰ ਸੇਵਾ ਕਰ ਰਹੇ ਕਿਸੇ ਅਧਿਆਪਕ ਦੀ ਜਿਹੋ-ਜਿਹੀ ਆਪਣੀ ਪਹਿਚਾਣ ਸਕੂਲ/ਕਾਲਜ ਅੰਦਰ ਅਤੇ ਸਮਾਜ 'ਚ ਵਿਚਰਦੇ ਸਮੇਂ ਹੋਵੇਗੀ, ਉਹੋ ਜਿਹੀ ਤਸਵੀਰ ਉਸ ਅਧਿਆਪਕ ਵੱਲੋਂ ਪੜ੍ਹਾਏ ਗਏ ਬੱਚਿਆਂ ਉੱਪਰ ਪੈਣੀ ਲਾਜ਼ਮੀ ਹੈ।

ਇਸ ਦੀ ਝਲਕ ਅਧਿਆਪਕ ਵੱਲੋਂ ਪੜ੍ਹਾਏ ਗਏ ਬੱਚਿਆਂ ਉੱਪਰ ਉਹਨਾਂ ਦੀ ਪੂਰੀ ਜ਼ਿੰਦਗੀ ਸਮਾਜ ਵਿੱਚ ਵਿਚਰਦੇ ਸਮੇਂ ਕਿਸੇ ਨਾ ਕਿਸੇ ਰੂਪ ਵਿੱਚ ਵੇਖੀ ਜਾ ਸਕਦੀ ਹੈ। ਆਪਣੇ ਮਾਂ-ਬਾਪ ਤੋਂ ਬਾਅਦ ਜੇਕਰ ਵਿਦਿਆਰਥੀ ਆਪਣਾ ਕਿਸੇ ਨੂੰ ਅਦਰਸ ਮੰਨਦੇ ਹਨ, ਤਾਂ ਉਹ ਉਸ ਦਾ ਅਧਿਆਪਕ ਭਾਵ ਗੁਰੂ ਹੀ ਹੁੰਦਾ ਹੈ। ਪੰਜਾਬੀ ਦੀ ਇੱਕ ਕਹਾਵਤ ਹੈ "ਜੈਸਾ ਗੁਰੂ ਵੈਸਾ ਚੇਲਾ" ਪਰ ਅੱਜ ਦੇ ਮੌਜੂਦਾ ਦੌਰ ਅੰਦਰ ਗੁਰੂ ਚੇਲੇ ਦੇ ਇਸ ਪਵਿੱਤਰ ਰਿਸ਼ਤੇ ਵਿੱਚ ਬਹੁਤ ਸਾਰੀਆਂ ਊਣਤਾਈਆਂ ਆਉਣ ਕਾਰਨ ਇਹ ਰਿਸ਼ਤਾ ਦਿਨੋ-ਦਿਨ ਬਿਖਰਦਾ ਜਾ ਰਿਹਾ ਹੈ। ਜਦ ਅਸੀਂ 5 ਸਤੰਬਰ ਵਾਲੇ ਦਿਨ ਨੂੰ ਭਾਰਤ ਦੇਸ਼ ਦੇ ਵਿਦਵਾਨ, ਚਿੰਤਕ, ਅਧਿਆਪਕ ਅਤੇ ਸਾਬਕਾ ਰਾਸ਼ਟਰਪਤੀ ਡਾ. ਰਾਧਾ ਕ੍ਰਿਸ਼ਨ ਦੇ ਜਨਮ ਨਾਲ ਜੋੜ ਕੇ ਅਧਿਆਪਕ ਦਿਵਸ਼ ਦੇ ਰੂਪ 'ਚ ਮਨਾਉਂਦੇ ਆ ਰਹੇ ਹਾਂ, ਤਾਂ ਸਾਡਾ ਫਰਜ਼ ਬਣਦਾ ਹੈ ਕਿ ਜਿੱਥੇ ਅਸੀਂ ਇਸ ਦਿਨ ਹਰ ਅਧਿਆਪਕ ਦੇ ਜੀਵਨ ਅਤੇ ਉਸ ਵੱਲੋਂ ਆਪਣੇ ਵਿਦਿਆਰਥੀਆਂ ਨੂੰ ਦਿੱਤੀ ਜਾਣ ਵਾਲੀ ਸਿੱਖਿਆ ਦਾ ਜਿਕਰ ਕਰਦੇ ਹਾਂ, ਉੱਥੇ ਸਾਡੇ ਸਮਾਜ ਦੇ ਆਮ ਲੋਕਾਂ ਅਤੇ ਵਿਦਿਆਰਥੀਆਂ ਨੂੰ ਸਮਾਜ ਅੰਦਰ ਵਿਚਰਦਿਆਂ ਅਧਿਆਪਕ ਵਰਗ ਭਾਵ ਗੁਰੂ ਚੇਲੇ ਦੇ ਆਪਸੀ ਸਬੰਧਾਂ ਵਿੱਚ ਆ ਰਹੀਆਂ ਤਰੇੜਾਂ ਦਾ ਵੀ ਚਿੰਤਨ ਕਰੀਏ।

ਇਤਿਹਾਸ/ਮਿਥਿਹਾਸ ਮੁਤਾਬਿਕ ਗੁਰੂ ਚੇਲੇ ਪ੍ਰਤੀ ਬਹੁਤ ਸਾਰੀਆਂ ਕਹਾਣੀਆਂ ਜੁੜੀਆਂ ਹੋਈਆਂ ਹਨ। ਜਿਨ੍ਹਾਂ ਵਿੱਚ ਪੁਰਾਤਨ ਸਮੇਂ ਗੁਰੂ ਦਰੋਣਾਚਾਰੀਆ ਤੋਂ ਲੈ ਕੇ ਇੱਕ ਲੰਬਾ ਸਮਾਂ ਸਦੀਆਂ ਬਾਅਦ ਤੱਕ ਇਸ ਰਿਸ਼ਤੇ ਦੀ ਮਰਿਆਦਾ ਸਾਡੇ ਸਮਾਜ ਅੰਦਰ ਨੂੰ ਕਾਇਮ ਰਹੀ, ਪਰ ਪਿੱਛਲੇ 4-5 ਦਹਾਕਿਆਂ ਤੋਂ ਇਸ ਰਿਸ਼ਤੇ ਦੇ ਆਪਸੀ ਸਬੰਧਾਂ 'ਚ ਆ ਰਹੀ ਗਿਰਾਵਟ ਦੇ ਚੱਲਦਿਆਂ ਹੌਲੀ ਹੌਲੀ ਇਸ ਰਿਸ਼ਤੇ ਵਿੱਚ ਦੂਰੀਆਂ ਵਧਣੀਆਂ ਸ਼ੁਰੂ ਹੋ ਗਈਆਂ ਹਨ, ਜੋ ਕਿ ਅੱਜ ਖਤਮ ਹੋਣ ਕਿਨਾਰੇ ਆ ਖੜੀਆਂ ਹਨ। ਸਾਡੇ ਸਮਾਜ ਅੰਦਰ ਸਮਾਜ ਅਨਪੜ੍ਹ ਹੋਣ ਦੇ ਬਾਵਜੂਦ ਹੱਥੀਂ ਕਿਰਤ ਦੇ ਕੰਮਾਂ ਨੂੰ ਅਗਲੀ ਪੀੜ੍ਹੀ ਤੱਕ ਪਹੁੰਚਾਉਣ ਲਈ ਇੱਕ ਦੂਸਰੇ ਤੋਂ ਸਿੱਖਣ ਸਿਖਾਉਣ ਦਾ ਕੰਮ ਸਦੀਆਂ ਤੋਂ ਹੀ ਚੱਲਦਾ ਆ ਰਿਹਾ ਹੈ। ਇਸੇ ਪਿਰਤ ਨੂੰ ਹੌਲੀ-ਹੌਲੀ ਗੁਰੂ ਚੇਲੇ ਦਾ ਨਾਮ ਦਿੱਤਾ ਗਿਆ। ਇਹ ਅੱਜ ਵੀ ਕਿਸੇ ਨਾ ਕਿਸੇ ਰੂਪ ਵਿੱਚ ਜਾਰੀ ਹੈ, ਖਾਸ ਕਰਕੇ ਵਿੱਦਿਆ ਦੇ ਖੇਤਰ ਵਿੱਚ ਇਸ ਦੀ ਥੋੜ੍ਹੀ ਬਹੁਤੀ ਪਹਿਚਾਣ ਹਾਲੇ ਵੀ ਕਾਇਮ ਹੈ।

ਅੱਜ ਦੇ ਮੌਜੂਦਾ ਸਮਾਜ ਅੰਦਰ ਜੇਕਰ ਇਸ ਰਿਸ਼ਤੇ ਦੀਆਂ ਤਾਰ ਤਾਰ ਹੋ ਰਹੀਆਂ ਤੰਦਾਂ ਦੀ ਗੱਲ ਕਰਨੀ ਹੋਵੇ ਤਾਂ ਸਾਡੇ ਸਾਹਮਣੇ ਚੇਲਾ ਆਪਣੇ ਗੁਰੂ ਵੱਲੋਂ ਦਿੱਤੀ ਜਾਣ ਵਾਲੀ ਹਰ ਤਰ੍ਹਾਂ ਦੀ ਸਿੱਖਿਆ ਗ੍ਰਹਿਣ ਕਰਨ ਨੂੰ ਅਣਗੌਲਿਆ ਕਰਦਾ ਨਜ਼ਰੀ ਪੈਂਦਾ ਹੈ ਅਤੇ ਗੁਰੂ ਵੀ ਆਪਣੇ ਫ਼ਰਜਾਂ ਤੋਂ ਕੰਨੀ ਕਤਰਾਉਂਦਾ ਵਿਖਾਈ ਦਿੰਦਾ ਹੈ। ਗੱਲ ਕੀ ਗੁਰੂ ਚੇਲੇ ਦਾ ਆਪਸੀ ਤਾਲਮੇਲ ਖਤਮ ਹੋਣ ਦੇ ਕਿਨਾਰੇ ਆ ਖੜਾ ਹੈ। ਇਸ ਸਾਰੇ ਲਈ ਜੇਕਰ ਜ਼ਿੰਮੇਵਾਰੀ ਦੀ ਗੱਲ ਕਰਨੀ ਹੋਵੇ ਤਾਂ ਸਭ ਤੋਂ ਪਹਿਲਾਂ ਇਸ ਦੀ ਜ਼ਿੰਮੇਵਾਰੀ ਗੁਰੂ ਸਿਰ ਹੀ ਆਵੇਗੀ, ਜਿਸਨੇ ਆਪਣੇ ਚੇਲੇ ਨੂੰ ਚੰਗੀ ਸਿੱਖਿਆ ਦੇ ਕੇ ਸਮਾਜ ਅੰਦਰ ਵਿਚਰਨ ਦੇ ਕਾਬਲ ਬਨਾਉਣਾ ਹੁੰਦਾ ਹੈ, ਪਰ ਉਸ ਵੱਲੋਂ ਸਿੱਖਿਆ ਦੇਣ ਵੇਲੇ ਕਿਤੇ ਨਾ ਕਿਤੇ ਜਾਣੇ-ਅਣਜਾਣੇ ਵਿੱਚ ਵਿਖਾਈ ਅਣਗਹਿਲੀ ਦੇ ਰਹੇ ਫਰਕ ਕਾਰਨ ਹੀ ਅੱਜ ਅਜਿਹੀ ਸਥਿਤੀ ਪੈਦਾ ਹੋਈ ਹੈ। ਇਸ ਵਰਤਾਰੇ ਦੇ ਹੋਰ ਵੀ ਕਈ ਸਮਾਜਿਕ ਤੇ ਆਰਥਿਕ ਕਾਰਨ ਹੋ ਸਕਦੇ ਹਨ,ਪਰ ਇੱਥੇ ਆਪਾਂ ਸਿੱਖਿਆ ਦੇ ਖੇਤਰ ਨਾਲ ਸਬੰਧਤ ਗੱਲ ਹੀ ਕਰਾਂਗੇ।

ਸਾਡੇ ਦੇਸ਼ ਦੇ ਸਕੂਲਾਂ/ਕਾਲਜਾਂ ਅੰਦਰ ਇੱਕ ਅਧਿਆਪਕ ਦਾ ਦਰਜਾ ਗੁਰੂ ਸਮਾਨ ਮੰਨਿਆ ਜਾਂਦਾ ਆਇਆ ਹੈ। ਜਿੱਥੇ ਉਸ ਅਧਿਆਪਕ ਨੇ ਆਪਣੇ ਸਕੂਲ ਦੇ ਵਿਦਿਆਰਥੀਆਂ ਨੂੰ ਕਲਾਸ ਦੇ ਵਾਤਾਵਰਨ, ਉਸ ਦੀ ਉਮਰ ਅਤੇ ਉਸ ਦੀ ਸਮਝ ਮੁਤਾਬਿਕ ਸਿੱਖਿਆ ਦੇ ਕੇ ਉਸ ਬੱਚੇ ਨੂੰ ਪੜ੍ਹਾਈ ਕਰਨ ਲਈ ਪ੍ਰੇਰਤ ਕਰਨਾ ਹੁੰਦਾ ਹੈ। ਅਧਿਆਪਕ ਨੇ ਹੀ ਕਲਾਸ ਵਿੱਚ ਸਿੱਖਿਆ ਦੇਣ ਦੇ ਨਾਲ ਨਾਲ ਆਪਣੇ ਗੁਰੂ ਵਾਲਾ ਫਰਜ਼ ਨਿਭਾਉਣਾ ਹੁੰਦਾ ਹੈ, ਕਿਉਂਕਿ ਉਹ ਆਪਣੇ ਹਰ ਇੱਕ ਬੱਚੇ ਦੀ ਮਾਨਸਿਕਤਾ, ਘਰੇਲੂ ਹਾਲਾਤਾਂ ਅਤੇ ਵਿਦਿਆਰਥੀ ਨੂੰ ਆ ਰਹੀਆ ਚੰਗੀਆਂ ਮਾੜੀਆਂ ਮੁਸ਼ਕਲਾਂ ਦੀ ਚੰਗੀ ਤਰਾਂ ਜਾਣਕਾਰੀ ਵੀ ਰੱਖਦਾ ਹੈ। ਇਸ ਤਰ੍ਹਾਂ ਦੀਆਂ ਹੋਰ ਬਹੁਤ ਸਾਰੀਆ ਗੱਲਾਂ ਨੂੰ ਉਸ ਅਧਿਆਪਕ ਵੱਲੋਂ ਹੀ ਵਿਗਿਆਨਕ ਢੰਗ ਤਰੀਕਿਆਂ ਰਾਹੀਂ ਹੱਲ ਵੀ ਕਰਨਾ ਹੁੰਦਾ ਹੈ।

ਹਰੇਕ ਅਧਿਆਪਕ ਦੇ ਬੋਲਾਂ ਵਿੱਚ ਇੰਨੀ ਤਾਕਤ ਹੁੰਦੀ ਹੈ ਕਿ ਉਸ ਦੇ ਬੱਚੇ ਆਪਣੇ ਅਧਿਆਪਕ ਵੱਲੋਂ ਕਹੀ ਜਾਣ ਵਾਲੀ ਹਰ ਗੱਲ ਦਾ ਬਹੁਤ ਜਲਦੀ ਅਸਰ ਕਬੂਲਦੇ ਹਨ। ਅਧਿਆਪਕ ਵੱਲੋਂ ਕਹੀ ਹਰ



ਗੱਲ ਬੱਚਿਆਂ ਉੱਪਰ ਜਲਦੀ ਅਸਰ ਕਰਦੀ ਹੈ। ਇਸੇ ਲਈ ਤਾਂ ਕਿਹਾ ਜਾਂਦਾ ਹੈ ਕਿ ਅਧਿਆਪਕ ਦੇ ਹੱਥਾਂ ਵਿੱਚ ਦੇਸ਼ ਦਾ ਭਵਿੱਖ ਛੁੱਪਿਆ ਹੁੰਦਾ ਹੈ। ਜੇਕਰ ਉਹ ਚਾਹੇ ਤਾਂ ਸਮਾਜ ਅੰਦਰ ਫੈਲਣ ਵਾਲੀਆਂ ਬੁਰਾਈਆਂ ਨੂੰ ਫੈਲਣ ਤੋਂ ਵੀ ਰੋਕ ਸਕਦਾ ਹੈ। ਜਿਸ ਤਰਾਂ ਪੇਪਰਾਂ ਵਿੱਚ ਨਕਲ ਦਾ ਰੁਝਾਨ, ਨਸ਼ੇ ਵਰਗੀਆਂ ਭੈੜੀਆਂ ਆਦਤਾਂ, ਭ੍ਰਿਸ਼ਟਾਚਾਰ, ਦਾਜ ਦੀ ਲਾਹਨਤ, ਅੰਧ-ਵਿਸ਼ਵਾਸ ਅਤੇ ਹੋਰ ਸਮਾਜ ਵਿਰੋਧੀ ਗੱਲਾਂ ਨੂੰ ਸੁੱਚਾਰੂ ਢੰਗ ਤਰੀਕੇ ਅਪਣਾ ਕੇ ਗੱਲਾਂ-ਬਾਤਾਂ ਰਾਹੀਂ ਕੋਰੇ ਕਾਗਜ ਵਿਦਿਆਰਥੀਆਂ ਦੇ ਮਨਾਂ ਉੱਪਰ ਲਿਖ ਸਕਦਾ ਹੈ।ਸਾਡੇ ਵਿਦਿਅਕ ਅਦਾਰਿਆਂ ਅੰਦਰ ਇਸ ਤਰਾਂ ਦੀਆਂ ਗੱਲਾਂ-ਬਾਤਾਂ ਨੂੰ ਖਾਸ ਅਹਿਮੀਅਤ ਨਹੀਂ ਦਿੱਤੀ ਜਾਂਦੀ, ਇੱਥੇ ਤਾਂ ਵਿਦਿਆਰਥੀਆਂ ਨੂੰ ਮੁਕਾਬਲੇਵਾਜੀ ਰਾਹੀਂ ਸਿਰਫ ਸਿਲੇਬਸਾਂ ਨੂੰ ਪੜ੍ਹ ਕੇ ਇੱਕ ਦੂਸਰੇ ਤੋਂ ਅੱਗੇ ਲੰਘਣਾ ਹੀ ਸਿਖਾਇਆ ਜਾਂਦਾ ਹੈ। ਬਹੁਤ ਘੱਟ ਅਧਿਆਪਕ ਅਜਿਹੇ ਹੋਣਗੇ ਜੋ ਬੱਚਿਆਂ ਨੂੰ ਚੰਗੀਆਂ ਸਮਾਜਿਕ ਸੇਧਾਂ ਦੇਣ ਵਾਲੀਆਂ ਕਿਤਾਬਾਂ ਪੜ੍ਹਨ ਲਈ ਸਕੂਲਾਂ ਅੰਦਰ ਚੱਲ ਰਹੀਆਂ ਲਾਇਬ੍ਰੇਰੀਆਂ ਵਿੱਚ ਜਾਣ ਲਈ ਪ੍ਰੇਰਤ ਕਰਦੇ ਹੋਣਗੇ।

ਦੇਸ਼ ਦੇ ਵਿਦਿਅਕ ਅਦਾਰਿਆਂ ਅੰਦਰ ਤਾਂ ਬੱਚਿਆਂ ਨੂੰ ਸਿਰਫ ਜੋੜ-ਘਟਾਓ, ਪੰਜਾਬੀ ਦੇ ਪੈਂਤੀ ਅੱਖਰ ਅਤੇ ਅੰਗਰੇਜ਼ੀ ਦੇ ਛੱਬੀ ਅੱਖਰਾਂ ਨੂੰ ਪੜ੍ਹਕੇ ਜਾਂ ਸਿਲੇਬਸਾਂ ਨੂੰ ਪੜ੍ਹਨਾ, ਇਮਤਿਹਾਨਾਂ ਚੋਂ ਇੱਕ ਦੂਸਰੇ ਤੋਂ ਵਧੇਰੇ ਚੰਗੇ ਨੰਬਰ ਲੈ ਕੇ ਪਾਸ ਹੋਣਾ ਹੀ ਸਿਖਾਇਆ ਜਾਂਦਾ ਹੈ। ਅਧਿਆਪਕਾਂ ਨੂੰ ਤਾਂ ਆਪਣੇ ਸਿਲੇਬਸਾਂ ਨੂੰ ਖਤਮ ਕਰਨ ਦੀ ਚਿੰਤਾ ਲੱਗੀ ਹੁੰਦੀ ਹੈ, ਜਿਸ ਦੇ ਚੱਲਦੇ ਬੱਚਿਆਂ ਦੇ ਸਰੀਰਕ ਤੇ ਮਾਨਸਿਕ ਵਿਕਾਸ ਉੱਪਰ ਵਧੇਰੇ ਦਬਾਅ ਬਣ ਜਾਂਦਾ ਹੈ ਤੇ ਬੱਚੇ ਲਗਾਤਾਰ ਚਿੜਚੜੇਪਣ ਦਾ ਸ਼ਿਕਾਰ ਹੁੰਦੇ ਜਾਂਦੇ ਹਨ। ਸਕੂਲਾਂ ਅੰਦਰ ਜਿੱਥੇ ਪਾਠ ਪੁਸਤਕਾਂ ਦੇ ਸਿਲੇਬਸਾਂ ਉੱਪਰ ਜ਼ੋਰ ਦਿੱਤਾ ਜਾਂਦਾ ਹੈ, ਉੱਥੇ ਬੱਚਿਆਂ ਨੂੰ ਸਮਾਜਿਕ ਗਿਆਨ, ਆਪਸੀ ਭਾਈਚਾਰਕ ਸਾਂਝ, ਵੱਡੇ-ਛੋਟੇ ਦਾ ਸਤਿਕਾਰ, ਅਨੁਸ਼ਾਸਨ, ਮੁੰਡੇ-ਕੁੜੀਆਂ ਦੇ ਆਪਸੀ ਸਬੰਧ, ਜਾਤਾਂ-ਪਾਤਾਂ ਸਮੇਤ ਬੱਚਿਆਂ ਦੀ ਆਉਣ ਵਾਲੀ ਜ਼ਿੰਦਗੀ ਵਿੱਚ ਸੈਕਸ ਸਬੰਧੀ ਉਲਝਣਾ ਆਦਿ ਵਾਰੇ ਵੀ ਜਾਣਕਾਰੀ ਦੇਣਾ ਅਧਿਆਪਕ ਦੀ ਜ਼ਿੰਮੇਵਾਰੀ ਬਣਦੀ ਹੈ।

ਵਿਦਿਆਰਥੀ ਆਪਣੇ ਅਧਿਆਪਕ ਨੂੰ ਇੱਕ ਮਾਰਗ ਦਰਸ਼ਕ ਦੇ ਰੂਪ ਵਿੱਚ ਵੇਖਦਾ ਹੈ। ਹੁਣ ਇਹ ਸਾਰੀਆਂ ਗੱਲਾਂ ਉਸ ਅਧਿਆਪਕ ਦੀ ਆਪਣੀ ਸਖਸ਼ੀਅਤ ਉੱਪਰ ਨਿਰਭਰ ਕਰਦੀਆਂ ਹਨ ਕਿ ਉਹ ਆਪਣੇ ਬੱਚਿਆਂ ਨੂੰ ਇਤਿਹਾਸ, ਭੂਗੋਲ, ਹਿਸਾਬ ਦੇ ਨਾਲ ਉਹਨਾਂ ਦੇ ਸਰੀਰਕ ਵਿਕਾਸ਼, ਸ਼ੈਕਸ ਸਬੰਧੀ ਅੰਗਾਂ ਵਾਰੇ ਕਿੰਨ੍ਹੀ ਕੁ ਜਾਣਕਾਰੀ ਦਿੰਦਾ ਹੈ। ਜਿਹਨਾਂ ਨੂੰ ਸਾਡਾ ਅਧਿਆਪਕ ਵਰਗ ਫਜੂਲ ਸਮਝਕੇ ਜਾਂ ਸ਼ਰਮਿੰਦਗੀ ਮਹਿਸੂਸ ਕਰਦੇ ਅਣਗੌਲਿਆ ਕਰ ਛੱਡਦੇ ਹਨ। ਅੱਜ ਅਸੀ ਵੇਖਦੇ ਹਾਂ ਕਿ ਜਿਆਦਾਤਰ ਵਿਦਿਆਰਥੀਆਂ ਦੀ ਰੁੱਚੀ ਪੜ੍ਹਾਈ ਤੋਂ ਮਨਫੀ ਹੋ ਰਹੀ ਹੈ । ਉਸਨੂੰ ਇਸ ਮੁਕਾਬਲੇਵਾਜੀ ਤੋਂ ਇਲਾਵਾ ਇਹ ਸਮਝ ਹੀ ਨਹੀਂ ਪੈਂਦੀ ਕਿ ਉਸਨੂੰ ਇਹ ਸਭ ਕਿਉਂ ਪੜ੍ਹਾਇਆ ਜਾ ਰਿਹਾ ਹੈ ਅਤੇ ਉਸਦੀ ਜਿੰਦਗੀ ਵਿੱਚ ਇਹਨਾਂ ਗੱਲਾਂ ਨਾਲ ਕੀ ਸਬੰਧ ਹੈ? ਉਹ ਇੱਕ ਹਨੇਰੀ ਗੁਫਾ ਵੱਲ ਨੂੰ ਧੱਕਿਆ ਜਾ ਰਿਹਾ ਹੈ। ਉਹ ਸ਼ੈਕਸ ਨਾਲ ਜੁੜੀਆਂ ਸਰੀਰਕ ਤਬਦੀਲੀਆਂ ਸਬੰਧੀ ਉੱਠ ਰਹੇ ਸੁਆਲਾਂ ਤੋਂ ਨਿਰਾਸ਼ ਹੋ ਕੇ ਅਗਿਆਨਤਾ ਕਾਰਨ ਹੀਣ ਭਾਵਨਾ ਵਿੱਚ ਆ ਕੇ ਕਈ ਤਰਾਂ ਦੀਆਂ ਮਾਨਸਿਕ ਬਿਮਾਰੀਆਂ ਅਤੇ ਨਸ਼ਿਆਂ ਵੱਲ ਖਿੱਚੇ ਚੱਲੇ ਜਾਂਦੇ ਹਨ।

ਦੂਸਰੇ ਪਾਸੇ ਇਸ ਸਭ ਕਾਸੇ ਲਈ ਇਕੱਲੇ ਅਧਿਆਪਕ ਨੂੰ ਵੀ ਦੋਸ ਦੇਣਾ ਬੇਇਨਸਾਫੀ ਹੋਵੇਗੀ। ਇਸ ਸਾਰੇ ਵਰਤਾਰੇ ਵਾਰੇ ਮਾਪੇ ਅਤੇ ਵਿਦਿਆਰਥੀ ਵੀ ਬਰੀ ਨਹੀਂ ਕੀਤੇ ਜਾ ਸਕਦੇ। ਅੱਜ ਦਾ ਮਨੁੱਖ ਪੈਸੇ ਦੀ ਦੌੜ ਵਿੱਚ ਅੰਨਾ ਹੋਇਆ ਦੂਸਰੇ ਨੂੰ ਲਤਾੜ ਕੇ ਅੱਗੇ ਲੰਘਣ ਦੀ ਕੋਸ਼ਿਸ਼ 'ਚ ਲੱਗਾ ਹੋਇਆ ਹੈ। ਉਹ ਤਾਂ ਪੈਸੇ ਦੇ ਜ਼ੋਰ ਨਾਲ ਵਿੱਦਿਆ ਨੂੰ ਖ੍ਰੀਦਣਾ ਚਾਹੁੰਦਾ ਹੈ। ਮਾਂ-ਬਾਪ ਕੋਲ ਆਪਣੇ ਬੱਚਿਆਂ ਪ੍ਰਤੀ ਗੰਭੀਰਤਾ ਨਾਲ ਸੋਚਣ ਦਾ ਸਮਾਂ ਹੀ ਨਹੀਂ ਹੈ। ਜੋ ਬੱਚੇ ਕੋਲ ਬੈਠ ਕੇ ਉਸ ਦੀ ਪੜ੍ਹਾਈ ਦੇ ਨਾਲ ਸਕੂਲ, ਆਲੇ ਦੁਆਲੇ ਅਤੇ ਅਧਿਆਪਕਾਂ ਵਾਰੇ ਗੱਲ ਕਰ ਸਕਣ ਉਹ ਤਾਂ ਬੱਚੇ ਦੀਆਂ ਫੀਸਾਂ ਭਰ ਕੇ ਸਾਰਾ ਭਾਰ ਸਕੂਲ ਅਧਿਆਪਕ ਉੱਪਰ ਸੁੱਟ ਰਿਹਾ ਹੈ। ਇਸ ਤਰ੍ਹਾਂ ਦੇ ਮਾਹੌਲ ਵਿੱਚ ਜਵਾਨ ਹੋ ਰਹੇ ਧੀਆਂ-ਪੁੱਤਰਾਂ ਤੋਂ ਆਪਣੇ ਅਧਿਆਪਕ ਦੇ ਸਤਿਕਾਰ ਦੀ ਕੀ ਉਮੀਦ ਕੀਤੀ ਜਾ ਸਕਦੀ ਹੈ? ਕੋਈ ਸਮਾਂ ਸੀ ਜਦ ਸਾਡੇ ਸਮਾਜ ਵਿੱਚ ਸੰਯੁਕਤ ਪਰਵਾਰ ਸਨ ਤੇ ਸਾਨੂੰ ਖੁਦ ਨੂੰ ਵੀ ਪਤਾ ਨਹੀਂ ਚਲਦਾ ਸੀ ਕਿ ਸਾਡੇ ਬੱਚੇ ਕਦ ਜਵਾਨ ਹੋ ਜਾਂਦੇ ਸਨ ਉਸ ਸਮੇਂ ਪਰਵਾਰਾਂ ਵਿੱਚ ਚਾਚਾ-ਚਾਚੀ, ਤਾਇਆ-ਤਾਈ ਅਤੇ ਦਾਦਾ-ਦਾਦੀ ਦੀ ਦੇਖ ਰੇਖ ਹੇਠ ਬੱਚੇ ਪਲਦੇ ਸਨ। ਜਿੱਥੇ ਬੱਚੇ ਸਾਂਝੇ ਪਰਿਵਾਰ ਵਿੱਚ ਆਪ ਤੋਂ ਵੱਡੇ-ਛੋਟੇ ਨਾਲ ਇਕੱਠੇ ਰਹਿੰਦੇ ਇੱਕ ਦੂਸਰੇ ਦਾ ਸਤਿਕਾਰ ਕਰਨਾ ਸਿੱਖਦੇ ਰਹਿੰਦੇ ਸਨ, ਪਰ ਅੱਜ ਇਹ ਸਭ ਖਤਮ ਹੋ ਗਿਆ ਹੈ। ਇਹੀ ਕਾਰਨ ਹਨ ਕਿ ਅੱਜ ਬੱਚੇ ਇਕੱਲੇਪਣ ਦਾ ਸ਼ਿਕਾਰ ਹੋ ਕੇ ਚਿੜਚਿੜੇ ਸੁਭਾਅ ਦੇ ਹੁੰਦੇ ਜਾ ਰਹੇ ਹਨ ਅਤੇ ਉਹ ਆਪਣੇ ਅਧਿਆਪਕ ਵੱਲੋਂ ਕਹੀ ਗੱਲ ਦੀ ਬਹੁਤੀ ਅਹਿਮੀਅਤ ਨਹੀਂ ਸਮਝਦੇ। ਇਹੀ ਨਹੀ ਬੱਚੇ ਅਧਿਆਪਕ ਵੱਲੋਂ ਪੜ੍ਹਾਈ ਪ੍ਰਤੀ ਦਿੱਤੀ ਝਿੜਕ ਨੂੰ ਬਰਦਾਸਤ ਨਹੀਂ ਕਰਦੇ ਅਤੇ ਮਾਪੇ ਵੀ ਜਾਣੇ ਅਣਜਾਣੇ ਵਿੱਚ ਬੱਚੇ ਦੇ ਪੱਖ ਵਿੱਚ ਖੜ ਜਾਂਦੇ ਹਨ। ਜਿਸ ਨਾਲ ਅਧਿਆਪਕ ਦੇ ਮਨ ਨੂੰ ਠੇਸ ਪਹੁੰਚਦੀ ਹੈ, ਕਿਉਂਕਿ ਕਿਸੇ ਵੀ ਅਧਿਆਪਕ ਦੀ ਬੱਚੇ ਨਾਲ ਕੋਈ ਨਿੱਜੀ ਰੰਜਸ ਨਹੀਂ ਹੁੰਦੀ, ਉਹ ਤਾਂ ਆਪਣੇ ਬੱਚੇ ਨੂੰ ਚੰਗਾ ਬਨਾਉਣ ਖਾਤਰ ਹੀ ਝਿੜਕਦਾ ਹੈ।

ਸਰਕਾਰੀ ਸਿੱਖਿਆ ਸੰਸਥਾਵਾਂ ਵਿੱਚ ਹਾਲੇ ਵੀ ਕੁਝ ਅਜਿਹੇ ਅਧਿਆਪਕ ਮੌਜੂਦ ਹਨ, ਜਿਹੜੇ ਅਧਿਆਪਕ ਵਰਗ ਦੇ ਰੁਤਬੇ ਨੂੰ ਬਰਕਰਾਰ ਰੱਖਣ ਲਈ ਯਤਨਸ਼ੀਲ ਹਨ। ਉਹ ਆਪਣੇ ਪੜ੍ਹਾਏ ਬੱਚਿਆਂ ਨੂੰ ਕਿਸੇ ਉੱਚੇ ਰੁਤਬੇ ਉੱਪਰ ਲੱਗਿਆ ਵੇਖਣਾ ਚਾਹੁੰਦੇ ਹਨ। ਉਹ ਆਪਣੇ ਵਿਦਿਆਰਥੀ ਨੂੰ ਉਹ ਸਾਰੀ ਸਿੱਖਿਆ ਦੇਣੀ ਚਾਹੁੰਦੇ ਹਨ, ਜੋ ਉਹਨਾ ਨੂੰ ਸਮਾਜ ਅੰਦਰ ਚੰਗੀ ਜ਼ਿੰਦਗੀ ਜਿਉਣ ਦੇ ਕਾਬਲ ਬਣਾਉਂਦੀ ਹੈ। ਸੋ ਲੋੜ ਹੈ ਅਜਿਹੇ ਅਧਿਆਪਕਾਂ ਨਾਲ ਮੋਢੇ ਨਾਲ ਮੋਢਾ ਲਾ ਕੇ ਚੱਲਣ ਦੀ, ਤਾਂ ਕਿ ਵਿਦਿਆਰਥੀ ਤੇ ਅਧਿਆਪਕ ਦੇ ਰਿਸ਼ਤੇ ਵਿੱਚ ਆ ਰਹੀ ਤਰੇੜ ਨੂੰ ਭਰਿਆ ਜਾ ਸਕੇ। ਜਿੱਥੇ ਇਸ ਸਭ ਕਾਸੇ ਲਈ ਪਹਿਲੀ ਜਿੰਮੇਵਾਰੀ ਅਧਿਆਪਕ ਦੀ ਬਣਦੀ ਹੈ ਉੱਥੇ ਮਾਪਿਆਂ ਤੇ ਵਿਦਿਆਰਥੀਆਂ ਦਾ ਵੀ ਫਰਜ ਬਣਦਾ ਹੈ ਕਿ ਉਹ ਆਪਣੇ ਅਧਿਆਪਕ ਦੇ ਸਤਿਕਾਰ ਨੂੰ ਬਰਕਰਾਰ ਰੱਖਣ ਲਈ ਆਪਣੇ ਅਧਿਆਪਕਾਂ ਵੱਲੋਂ ਦਿੱਤੀ ਜਾਣ ਵਾਲੀ ਚੰਗੀ ਸਿੱਖਿਆ ਉੱਪਰ ਫੁੱਲ ਝੜਾਵੇ। ਅਧਿਆਪਕ ਜਿੱਥੇ ਇੱਕ ਸਿੱਖਿਆਦਾਇਕ ਵਿਆਕਤੀ ਹੈ, ਉੱਥੇ ਉਹ ਇੱਕ ਇਨਸਾਨ ਵੀ ਹੈ। ਬੇਸ਼ੱਕ ਸਿੱਖਿਆ ਦੇਣੀ ਉਸ ਦੀ ਡਿਊਟੀ ਹੈ, ਪਰ ਆਪਣੇ ਕੀਤੇ ਕੰਮ ਬਦਲੇ ਉਸਨੂੰ ਵੀ ਸਨਮਾਨ ਅਤੇ ਸਤਿਕਾਰ ਦੇਣਾ ਬਣਦਾ ਹੈ। ਜੇਕਰ ਅਧਿਆਪਕ ਦਾ ਮਾਪੇ ਅਤੇ ਬੱਚੇ ਸਨਮਾਨ ਨਹੀਂ ਕਰਨਗੇ ਤਾਂ ਅਧਿਆਪਕ ਤੇ ਵਿਦਿਆਰਥੀ ਦੇ ਰਿਸ਼ਤੇ ਵਿੱਚ ਤਰੇੜ ਘਟਣ ਦੀ ਥਾਂ ਦਿਨੋ-ਦਿਨ ਵਧਦੀ ਜਾਵੇਗੀ। ਇਸੇ ਤਰਾਂ ਦੀਆਂ ਹੋਰ ਸਿੱਖਿਆ ਦੇ ਖੇਤਰ ਨਾਲ ਜੁੜੀਆਂ ਛੋਟੀਆ-ਛੋਟੀਆਂ ਗੱਲਾਂ ਨੂੰ ਆਪਸੀ ਤਾਲਮੇਲ ਰਾਹੀਂ ਧਿਆਨ ਦੇ ਕੇ ਗੁਰੂ ਅਤੇ ਚੇਲੇ ਅੰਦਰ ਆ ਰਹੀ ਨਿਰਾਸ਼ਤਾ ਨੂੰ ਦੂਰ ਕੀਤਾ ਜਾ ਸਕਦਾ, ਫਿਰ ਹੀ ਅਧਿਆਪਕ ਦੀ ਤਸਵੀਰ ਵਿੱਚੋਂ ਵਿਦਿਆਰਥੀ ਦੀ ਤਕਦੀਰ ਸਾਹਮਣੇ ਲਿਆਂਦੀ ਜਾ ਸਕਦੀ ਹੈ। 9888814227



ਗੁਰਿੰਦਰ ਬਰਾੜ
403-808-8400

# ਕਾਰਪੋਰੇਟ ਮੁਨਾ.ਫ਼ਾ, ਕੈਨੇਡਾ ਪੋਸਟ ਤੇ ਦਲਾਲ ਸਰਕਾਰਾਂ

**(ਇਹ ਲੇਖ ਕੈਲਗਰੀ ਦੇ ਅਗਾਂਹਵਧੂ ਨੌਜਵਾਨ ਲੇਖਕ ਗੁਰਿੰਦਰ ਬਰਾੜ ਦਾ ਅੰਗਰੇਜ਼ੀ ਵਿਚ ਲਿਖਿਆ ਮਿਲਿਆ ਹੈ, ਜਿਸ ਨੂੰ ਪੰਜਾਬੀ ਵਿਚ ਅਨੁਵਾਦ ਕਰਨ ਦੀ ਖੁਸ਼ੀ ਲੈ ਰਿਹਾ ਹਾਂ- (ਹਰੀਪਾਲ 403-714-4816)**

ਪਿਛਲੀਆਂ ਕਈ ਸਦੀਆਂ ਤੋਂ ਸਾਡਾ ਬੈਂਕਾਂ ਨਾਲ ਵਾਹ ਪਿਆ ਹੈ। ਅਸੀਂ ਬੈਂਕਾਂ ਨੂੰ ਪੈਸੇ ਜਮ੍ਹਾਂ ਕਰਾਉਣ ਲਈ, ਕਢਵਾਉਣ ਲਈ, ਕਰਜ਼ਾ ਚੁੱਕਣ ਲਈ ਅਤੇ ਹੋਰ ਬਹੁਤ ਸਾਰੇ ਨਿੱਕੇ ਮੋਟੇ ਕੰਮਾਂ ਲਈ ਵਰਤ ਰਹੇ ਹਾਂ ਪਰ ਕੀ ਤੁਹਾਨੂੰ ਪਤਾ ਹੈ ਕਿ ਬੈਂਕਾਂ ਜਾਂ ਬੈਂਕਿੰਗ ਦਾ ਅਸਲੀ ਮਕਸਦ ਕੀ ਹੈ? ਕੀ ਤੁਹਾਨੂੰ ਪਤਾ ਹੈ ਕਿ ਕਿਹੜੇ ਮੁਢਲੇ ਪ੍ਰਿੰਸੀਪਲ ਤੇ ਬੈਂਕ ਖੜ੍ਹੀ ਹੈ? ਕੀ ਤੁਹਾਨੂੰ ਪਤਾ ਹੈ ਕਿ ਕੀ ਫਰਕ ਹੈ ਪੈਸੇ ਘਰੇ ਰੱਖਣ ਦਾ ਜਾਂ ਬੈਂਕ ਵਿਚ ਰੱਖਣ ਦਾ? ਬਿਨਾ ਕਿਸੇ ਚੀਜ਼ ਦਾ ਉਤਪਾਦਨ ਕੀਤਿਆਂ ਕਿਸ ਤਰ੍ਹਾਂ ਬੈਂਕਾਂ ਲਾਭ ਕਮਾ ਰਹੀਆਂ ਹਨ? ਬੈਂਕਾਂ ਕੀ ਕਰਦੀਆਂ ਹਨ, ਆਓ ਸੰਖੇਪ ਵਿਚ ਇਸ ਨੂੰ ਸਮਝਣ ਦੀ ਕੋਸ਼ਿਸ਼ ਕਰੀਏ। ਬੈਂਕਾਂ ਪੈਸੇ ਜਮ੍ਹਾਂ ਕਰਾਉਣ ਵਾਲਿਆਂ ਅਤੇ ਕਰਜ਼ਾ ਚੱਕਣ ਵਾਲਿਆਂ ਵਿਚਕਾਰ ਇਕ ਦਲਾਲ ਦਾ ਜਾਂ ਵਿਚੋਲੇ ਦਾ ਕੰਮ ਕਰਦੀਆਂ ਹਨ। ਇਸ ਸਮੇਂ ਵਿਚ ਉਹ ਇਕ ਅਚਲ ਸੰਪਤੀ ਨੂੰ ਚੱਲ ਸੰਪਤੀ ਬਣਾ ਕੇ ਨਫ਼ਾ ਕਮਾਉਂਦੀਆਂ ਹਨ। ਆਓ ਥੋੜ੍ਹਾ ਹੋਰ ਵਿਸਤਾਰ ਵਿਚ ਵਿਚਾਰੀਏ ਕਿ ਅਚਲ ਸੰਪਤੀ ਨੂੰ ਚਲ ਸੰਪਤੀ ਕਿਵੇਂ ਬਣਾਇਆ ਜਾਂਦਾ ਹੈ। ਬੈਂਕਾਂ ਸਾਰੀ ਆਪਣੀ ਜਮ੍ਹਾਂ ਪੂੰਜੀ ਇਕੱਠੀ ਕਰਕੇ ਉਦਯੋਗਕਾਰਾਂ ਨੂੰ ਕਰਜ਼ੇ 'ਤੇ ਦਿੰਦੀਆਂ ਹਨ। ਜਦ ਦਾ ਬੈਂਕ ਸਿਸਟਮ ਸ਼ੁਰੂ ਹੋਇਆ ਹੈ, ਉਦੋਂ ਤੋਂ ਉਹ ਇਹ ਕੰਮ ਕਰ ਰਹੀਆਂ ਹਨ। ਵੱਡੀਆਂ ਬੈਂਕਾਂ ਹੋਰ ਛੋਟੀਆਂ ਨੂੰ ਖਰੀਦ ਕੇ, ਹੋਲਡ ਕਰਕੇ, ਇਕ ਵੱਡੀਆਂ ਵੱਡੀਆਂ ਕਾਰਪੋਰੇਸ਼ਨਾਂ ਦਾ ਰੂਪ ਧਾਰਨ ਕਰ ਗਈਆਂ ਹਨ। ਜੇਕਰ ਆਪਾਂ ਧਿਆਨ ਨਾਲ ਦੇਖੀਏ ਤਾਂ ਸਮਾਜ ਦੇ ਦੋ ਵੱਖ-ਵੱਖ ਵਰਗਾਂ ਨੂੰ (ਆਮ ਲੋਕਾਂ ਤੇ ਉਦਯੋਗਪਤੀਆਂ ਨੂੰ) ਕਰਜ਼ਾ ਦੇਣ ਦੀ ਉਨ੍ਹਾਂ ਦੀਆਂ ਨੀਤੀਆਂ ਅਤੇ ਸ਼ਰਤਾਂ ਵੱਖ-ਵੱਖ ਹਨ ਜਿਸ ਤਰ੍ਹਾਂ ਆਪਾਂ ਜਾਣਦੇ ਹਾਂ ਕਿ ਬੈਂਕਾਂ ਦਾ ਅਸਲੀ ਨਿਸ਼ਾਨਾ ਤਾਂ ਨਫ਼ਾ ਕਮਾਉਣਾ ਹੈ, ਸੋ ਉਨ੍ਹਾਂ ਦੀ ਬਹੁਤੀ ਦਿਲਚਸਪੀ ਉਦਯੋਗਪਤੀਆਂ ਅਤੇ ਕਾਰਪੋਰੇਸ਼ਨਾਂ ਦੀ ਦੁਨੀਆਂ ਵੱਲ ਹੈ। ਜਿਹੜੇ ਬੈਂਕਾਂ ਦੇ ਵੱਡੇ ਅਫ਼ਸਰ ਜਾਂ ਸੀ. ਈ. ਓ. ਹੁੰਦੇ ਹਨ ਉਹ ਵੱਡੀਆਂ ਵੱਡੀਆਂ ਕਾਰਪੋਰੇਸ਼ਨਾਂ ਵਲੋਂ ਹੀ ਆਉਂਦੇ ਹਨ। ਇਸ ਕਰਕੇ ਬੈਂਕਾਂ 'ਤੇ ਵੀ ਇਕੋ ਤਰ੍ਹਾਂ ਦਾ ਉਦਯੋਗਿਕ ਕਾਰਪੋਰੇਸ਼ਨਾਂ ਦਾ ਹੀ ਗਲਬਾ ਹੈ। ਜੇਕਰ ਆਪਾਂ ਕੈਨੇਡੀਅਨ ਬੈਂਕਾਂ ਵੱਲ ਦੇਖੀਏ ਤਾਂ ਸੀ.ਆਈ.ਬੀ.ਸੀ. ਦੀ ਸੀ.ਈ.ਓ. ਕੈਥਰੀਨ ਸਟੀਵਨਸ਼ਨ ਸੀ. ਏ. ਈ. ਵਲੋਂ ਆਈ ਹੈ, ਪੈਟਰਿਕ ਡੈਨੀਅਲ ਕੈਪੀਟਲ ਪਾਵਰ ਤੋਂ ਅਤੇ ਲੂਕ ਡੀਜਾਰਡਿਨਜ਼ ਸੁਪੀਰੀਅਰ ਪਲੱਸ ਕਾਰਪੋਰੇਸ਼ਨ ਤੋਂ ਹਨ ਜੋ ਸੀ.ਆਈ.ਬੀ.ਸੀ. ਦੇ ਬੋਰਡ ਆਫ਼ ਡਾਇਰੈਕਟਰ ਹਨ। ਇਸੇ ਤਰ੍ਹਾਂ ਟੀ. ਡੀ. ਬੈਂਕ ਦੇ ਬੋਰਡ ਦੇ ਡਾਇਰੈਕਟਰ, ਬਰਾਇਨ ਚਾਰਲਸ ਅਤੇ ਮੇਰੀ ਹੈਡਿਡ ਕਰਮਵਾਰ ਸੀਨੋਵੱਸ ਅਤੇ ਟੈਲਸ ਕਾਰਪੋਰੇਸ਼ਨਾਂ ਵਲੋਂ ਆਏ ਹਨ। ਇਸੇ ਤਰ੍ਹਾਂ ਇਹ ਕਹਾਣੀ ਦੂਜੀਆਂ ਬੈਂਕਾਂ ਦੀ ਹੈ। ਬੈਂਕਾਂ ਦੇ ਸੈਕਟਰ ਵਿਚ ਬਹੁਤ ਚਰਚਿਤ ਕਹਾਣੀ ਰੌਥਚਾਈਲਡ ਫੈਮਿਲੀ ਦੀ ਹੈ। ਵੈਸੇ ਇਸ ਲੇਖ ਵਿਚ ਆਪਾਂ ਨੂੰ ਬਹੁਤ ਇਸ ਪਰਿਵਾਰ ਬਾਰੇ ਜਾਨਣ ਦੀ ਲੋੜ ਨਹੀਂ। ਜੇਕਰ ਆਪਾਂ ਕੈਨੇਡਾ ਦੀਆਂ ਪ੍ਰਮੁੱਖ ਬੈਂਕਾਂ ਦਾ ਮੁਨਾਫ਼ਾ ਦੇਖੀਏ ਤਾਂ 2015 ਵਿਚ ਇਨ੍ਹਾਂ ਬੈਂਕਾਂ ਦਾ ਕੁੱਲ ਮੁਨਾਫ਼ਾ 34.8 ਬਿਲੀਅਨ ਸੀ ਜੋ ਕਿ 2014 ਨਾਲੋਂ 1.53 ਬਿਲੀਅਨ ਡਾਲਰ ਜ਼ਿਆਦਾ ਸੀ। ਯਾਦ ਰਹੇ ਇਕ ਹਜ਼ਾਰ ਮਿਲੀਅਨ ਦਾ ਇਕ ਬਿਲੀਅਨ ਬਣਦਾ ਹੈ। ਹੁਣ ਇਹ ਉਦਯੋਗਾਂ ਦੇ ਉਪਰਲੇ ਐਗਜੈਕਟਿਵ ਮੈਂਬਰਾਂ ਲਈ ਤਾਂ ਖੁਸ਼ੀ ਦੀ ਗੱਲ ਹੈ ਪਰ ਆਮ ਕੰਮ ਕਰਨ ਵਾਲੇ ਲੋਕਾਂ ਲਈ ਇਕ ਬੁਰੀ ਖ਼ਬਰ ਹੈ। ਮੈਂ ਇਹ ਗੱਲ ਸਿੱਧ ਕਰਨ ਲਈ ਹੇਠਾਂ ਇਕ ਚਾਰਟ ਦੇ ਰਿਹਾ ਹਾਂ ਉਸ ਤੋਂ ਪਾਠਕ ਆਪ ਹੀ ਇਸ ਲੁੱਟ ਖਸੁੱਟ ਦਾ ਅੰਦਾਜ਼ਾ ਲਾ ਸਕਦੇ ਹਨ।

**ਤਨਖਾਹ ਮਿਲੀਅਨ ਡਾਲਰਾਂ ਵਿਚ**

| ਸੀ.ਈ.ਓ. | ਬੀ.ਏ.ਐਨ.ਸੀ. | 2014 | 2015 | ਵਾਧਾ |
|---|---|---|---|---|
| ਡੇਵਿਡ ਮਕੋਅ | ਆਰ.ਬੀ.ਸੀ. | 7.5 ਐਮ | 10.9 ਐਮ | 44% |
| ਵਿਨਟਰ ਚੂ ਡਿਗ | ਸੀ.ਆਈ.ਬੀ.ਸੀ. | 4.88 ਐਮ | 8.2 ਐਮ | 72% |
| ਭਾਰਤ ਮਸਰਾਨੀ | ਟੀ.ਡੀ. ਬੈਂਕ | 8.18 ਐਮ | 9 ਐਮ | 10% |
| ਬਰਾਇਨ ਪੋਰਟਰ | Scocia Bank | 9.3 ਐਮ | 8.9 | 5% |
| ਵਿਲੀਅਮ ਡੌਨੀ | ਬੀ.ਐਮ.ਓ. | 9.9. ਐਮ. | 10.2 | 2% |

ਉਪਰਲਾ ਚਾਰਟ ਇਨ੍ਹਾਂ ਚੀਫ਼ ਐਗਜੈਕਟਿਵ ਅਫ਼ਸਰਾਂ ਦੀ ਤਨਖਾਹ ਹੈ ਜਿਹੜੀ ਕਿ ਮਿਲੀਅਨਜ਼ ਵਿਚ ਹੈ। ਇਨ੍ਹਾਂ ਨੂੰ ਇੰਨੀ ਜ਼ਿਆਦਾ ਤਨਖਾਹ ਦੇ ਕੇ ਬੈਂਕਾਂ ਨੇ ਨੌਕਰੀਆਂ ਪੈਦਾ ਨਹੀਂ ਕੀਤੀਆਂ ਸਗੋਂ ਕੰਮ ਕਰਨ ਵਾਲਿਆਂ ਦੀ ਜਿਹੜੀ ਛਾਂਟੀ ਕੀਤੀ ਹੈ ਉਹ ਵੀ ਹੇਠਲੇ ਚਾਰਟ ਵਿਚ ਦਰਜ ਹੈ।

| ਬੈਂਕ | ਛਾਂਟੀ ਕੀਤੇ ਵਰਕਰਾਂ ਦੀ ਗਿਣਤੀ |
|---|---|
| ਟੀ.ਡੀ. ਬੈਂਕ | 1594 |
| Scocia Bank | 1140 |
| ਆਰ.ਬੀ.ਸੀ. | 528 |
| ਬੀ.ਐਮ.ਓ. | 1850 |
| ਸੀ.ਆਈ.ਬੀ.ਸੀ. | 500+ |

ਇਹ ਹੈ ਬੈਂਕਾਂ ਦੀ ਕਾਰਗੁਜ਼ਾਰੀ। ਇਹ ਬੈਂਕਾਂ ਮੁਨਾਫ਼ਾ ਕਮਾਉਣ ਲਈ ਇਸ ਤਰ੍ਹਾਂ ਕੰਮ ਕਰਦੀਆਂ ਨੇ ਆਪਣੇ ਸੀ.ਈ.ਓ. ਨੂੰ ਵੱਡੇ ਵੱਡੇ ਗੋਫ਼ੇ ਦੇ ਕੇ ਤੇ ਹਜ਼ਾਰਾਂ ਕਾਮਿਆਂ ਦਾ ਰੁਜ਼ਗਾਰ ਖੋਹਦੀਆਂ ਨੇ। ਚੱਲੋ ਇਹ ਤਾਂ ਇਕ ਪੱਖ ਸੀ, ਹੁਣ ਆਪਾਂ ਦੂਜੇ ਪੱਖ ਦੀ ਗੱਲ ਕਰਦੇ ਹਾਂ ਜਿਹੜੇ ਟੈਕਸ ਹੈਵਨ ਹਨ ਉਨ੍ਹਾਂ ਦਾ ਕੈਨੇਡਾ ਦੀਆਂ ਕਾਰਪੋਰੇਸ਼ਨਾਂ ਨਾਲ ਕੀ ਰਿਸ਼ਤਾ ਹੈ। ਹੁਣ ਸਵਾਲ ਪੈਦਾ ਹੁੰਦਾ ਹੈ ਕਿ ਟੈਕਸ ਹੇਵਨ ਕੀ ਹਨ? ਹੁਣ ਕਈ ਦੇਸ਼ ਹਨ ਜਿਥੇ ਕਿ ਟੈਕਸ ਦਰ ਬਹੁਤ ਹੀ ਘੱਟ ਹੈ। ਇਹ ਕਾਰਪੋਰੇਸ਼ਨਾਂ ਉਥੇ ਜਾ ਕੇ ਆਪਣੇ ਟੈਕਸ ਦੇ ਪੇਪਰ ਭਰਦੀਆਂ ਹਨ। ਸਾਡੀਆਂ ਕੈਨੇਡਾ ਦੀਆਂ ਕਾਰਪੋਰੇਸ਼ਨਾਂ ਲਈ, ਬਾਰਬੇਡੋ, ਮਾਲਟਾ, ਜਮਾਇਕਾ, ਕੇ-ਮਨਟਾਪੂ ਅਤੇ ਵਰਜਿਨ ਬ੍ਰਿਟਿਸ਼ ਟੈਕਸ ਹੇਵਨਜ਼ ਹਨ। ਇਹ ਬਹੁਤ ਛੋਟੇ-ਛੋਟੇ ਦੇਸ਼ ਹਨ। ਕੈਨੇਡੀਅਨ ਕਾਰਪੋਰੇਸ਼ਨਾਂ ਉਥੇ ਜਾ ਕੇ ਆਪਣੇ ਪੇਪਰ ਭਰਦੀਆਂ ਹਨ ਤਾਂ ਕਿ ਉਹ ਕੈਨੇਡਾ ਵਿਚ ਟੈਕਸ ਦੇਣ ਤੋਂ ਬਚ ਜਾਣ। ਇਨ੍ਹਾਂ ਛੋਟੇ ਛੋਟੇ ਦੇਸ਼ਾਂ ਵਿਚ ਸਾਡੀਆਂ ਕੰਪਨੀਆਂ ਨੂੰ ਬਹੁਤ ਹੀ ਘੱਟ, ਨਾਮਾਤਰ ਦੇ ਬਰਾਬਰ ਟੈਕਸ ਦੇਣਾ ਪੈਂਦਾ ਹੈ। ਇਕ ਹੋਰ ਵੀ ਹੈਰਾਨੀ ਦੀ ਗੱਲ ਹੈ। ਇਨ੍ਹਾਂ ਛੋਟੇ-ਛੋਟੇ ਮੁਲਕਾਂ ਵਿਚ ਸਾਡੀਆਂ ਕੰਪਨੀਆਂ ਨੇ ਕੋਈ ਦਫ਼ਤਰ ਵੀ ਨਹੀਂ ਖੋਲ੍ਹੇ ਹੋਏ ਬਲਕਿ ਕਈਆਂ ਨੇ ਤਾਂ ਸਿਰਫ਼ ਬੌਕਸ ਹੀ ਲਈ ਹੋਏ ਹਨ। ਇਸ ਕਰਕੇ ਇਹ ਸਾਡੀਆਂ ਕਾਰਪੋਰੇਸ਼ਨਾਂ ਆਪਦਾ ਬਣਦਾ ਟੈਕਸ ਦੇਣ ਤੋਂ ਬਚ ਜਾਂਦੀਆਂ ਹਨ। ਹੁਣ ਜੇਕਰ ਆਪਾਂ ਪਿਛਲੇ ਤਿੰਨਾਂ ਸਾਲਾਂ ਦਾ ਮੂਲ ਅੰਕਣ ਕਰੀਏ ਤਾਂ ਪਿਛਲੇ ਤਿੰਨ ਸਾਲ (1998-2001) ਜਿਹੜਾ ਸਾਡਾ ਵਿਦੇਸ਼ੀ ਪੂੰਜੀ ਨਿਵੇਸ਼ (ਐਫ.ਡੀ.ਆਈ.) ਕੈਨੇਡਾ ਤੋਂ ਬਾਰਬੈਡੋ ਵਲ ਹੋਇਆ ਉਹ 3600% ਵਧਿਆ, ਯਾਨੀਕਿ 628 ਮਿਲੀਅਨ ਤੋਂ ਵੱਧ ਕੇ 23.3 ਬਿਲੀਅਨ ਡਾਲਰ। ਕੈਨੇਡਾ ਗੌਰਮਿੰਟ ਦੀ ਬਾਰਬੇਡੋ ਨਾਲ ਇਕ ਸੰਧੀ ਹੈ ਜਿਸ ਅਨੁਸਾਰ ਕੈਨੇਡੀਅਨ ਕਾਰਪੋਰੇਸ਼ਨਾਂ ਉਥੇ ਆਪਦੀਆਂ ਬਰਾਂਚਾਂ ਖੋਲ੍ਹ ਸਕਦੀਆਂ ਹਨ ਤੇ ਬਾਰਬੇਡੋ ਵਿਚ (ਬਹੁਤ ਘੱਟ ਰੇਟ) ਟੈਕਸ ਭਰ ਸਕਦੀਆਂ ਹਨ। ਹੁਣ ਜਦੋਂ ਕਿ ਉਨ੍ਹਾਂ ਨੇ ਬਾਰਬੇਡੋ ਵਿਚ ਟੈਕਸ ਭਰ ਦਿੱਤਾ ਹੈ ਤਾਂ ਉਨ੍ਹਾਂ ਨੂੰ ਕੋਈ ਲੋੜ ਨਹੀਂ ਕੈਨੇਡਾ ਵਿਚ ਟੈਕਸ ਭਰਨ ਦੀ ਕਿਉਂਕਿ ਉਹ ਡਬਲ ਟੈਕਸ ਅਵਾਉਡੈਂਸੀ (ਡੀ.ਟੀ.ਓ.) ਦੀ ਟਰੀਟੀ ਜਿਹੜੀ ਕਿ ਕੈਨੇਡਾ ਸਰਕਾਰ ਦੇ ਬਾਰਬੇਡੋ ਵਿਚ ਹੋਈ ਹੈ ਉਸ ਦਾ ਖੂਬ ਫਾਇਦਾ ਉਠਾਉਂਦੀਆਂ ਹਨ। ਸਾਡੀਆਂ ਕੈਨੇਡਾ ਦੀਆਂ ਕੰਪਨੀਆਂ ਦਾ ਇਕੱਲੇ ਬਾਰਬੇਡੋ ਵਿਚ 80 ਬਿਲੀਅਨ ਡਾਲਰ ਪਿਆ ਹੈ ਜਿਹੜਾ ਕਿ ਸਿਰਫ਼ ਦੂਜੇ ਮੁਲਕ ਵਿਚ ਪੇਪਰ ਭਰਨ ਕਰਕੇ ਬਚਿਆ ਹੈ। ਇਹ ਸਿਰਫ਼ ਇਕ ਟੈਕਸ ਹੇਵਨ ਦੀ ਕਹਾਣੀ ਇਸ ਤੋਂ ਬਿਨਾਂ ਸਾਡੀਆਂ ਕਾਰਪੋਰੇਸ਼ਨਾਂ ਲਈ ਹੋਰ ਵੀ ਬਹੁਤ ਸਾਰੇ ਟੈਕਸ ਹੇਵਨ ਹਨ। ਇਹ ਸਿਰਫ਼ ਅਸੀਂ ਕਾਰਪੋਰੇਸ਼ਨਾਂ ਦੀ ਗੱਲ ਕੀਤੀ ਹੈ ਜਿਹੜੇ ਅਮੀਰ ਕੈਨੇਡੀਅਨ ਇਨ੍ਹਾਂ ਸਮਝੌਤਿਆਂ ਦਾ ਫਾਇਦਾ ਉਠਾਉਂਦੇ ਹਨ ਉਹ ਵੱਖਰੇ ਹਨ। ਇਨ੍ਹਾਂ ਛੋਟੇ-ਛੋਟੇ ਮੁਲਕਾਂ ਨਾਲ ਸਾਡੀ ਸਰਕਾਰ ਦੇ 92 ਸਮਝੌਤੇ ਕੀਤੇ ਹੋਏ ਹਨ। ਇਕ ਅੰਦਾਜ਼ੇ ਮੁਤਾਬਿਕ ਸਾਡਾ 270 (2015 ਵਿਚ) ਬਿਲੀਅਨ ਡਾਲਰ ਇਨ੍ਹਾਂ ਮੁਲਕਾਂ ਵਿਚ ਪਿਆ ਹੈ, ਜਿਹੜਾ ਕਿ 2014 ਨਾਲੋਂ 17% ਵੱਧ ਗਿਆ ਹੈ। ਇਕੱਲੇ ਬਾਰਬੇਡੋ ਵਿਚ 71 ਬਿਲੀਅਨ ਡਾਲਰ ਪਿਆ ਹੈ ਜਿਹੜਾ ਕਿ ਪਿਛਲੇ ਸਾਲ ਨਾਲੋਂ 14% ਵੱਧ ਗਿਆ ਹੈ। ਇਹ ਹਾਲ ਹੈ ਸਾਡੀਆਂ ਕਾਰਪੋਰੇਸ਼ਨਾਂ ਦਾ, ਸਰਕਾਰਾਂ ਦਾ ਅਤੇ ਟੈਕਸ ਹੇਵਨਜ਼ ਦਾ। ਜੇਕਰ ਰਾਜਨੀਤਕ ਤੌਰ 'ਤੇ ਇਹ ਮੁੱਦਾ ਉਭਰਦਾ ਹੈ ਤਾਂ ਇਕੱਲੀ ਐਨ.ਡੀ.ਪੀ. ਹੀ ਇਨ੍ਹਾਂ ਸ਼ਰਮਨਾਕ ਸਮਝੌਤਿਆਂ ਦਾ ਵਿਰੋਧ ਕਰਦੀ ਹੈ।



ਹੁਣ ਆਪਾਂ ਇਸ ਤੋਂ ਥੋੜ੍ਹਾ ਜਿਹਾ ਅੱਗੇ ਆਪਣੇ ਆਲੇ ਦੁਆਲੇ ਵੱਲ ਝਾਤ ਮਾਰੀਏ। ਹੁਣ ਅਸੀਂ ਆਪਦਾ ਆਲਾ ਦੁਆਲਾ ਦਰਖ਼ਤ, ਪਸ਼ੂ, ਪੰਛੀ, ਹਵਾ ਪਾਣੀ ਅਤੇ ਟੱਰਕ ਗੱਡੀਆਂ ਜੋ ਕਿ ਟ੍ਰੈਫਿਕ ਹੈ ਉਸ ਵਲ ਝਾਤ ਮਾਰਦੇ ਹਾਂ ਜੋ ਵੀ ਵਾਤਾਵਰਣ ਨੂੰ ਪ੍ਰਭਾਵਿਤ ਕਰਦਾ ਹੈ। ਜਦੋਂ ਵੀ ਉਦਯੋਗਿਕ ਕ੍ਰਾਂਤੀ ਬਹੁਤ ਵਧ ਗਈ ਹੈ। ਅੱਜ ਦੇ ਸਮੇਂ ਵਿਚ ਵਾਤਾਵਰਣ 'ਚ ਤਬਦੀਲੀ ਪ੍ਰਦੂਸ਼ਣ ਤੇ ਧਰਤੀ ਦਾ ਵਧ ਰਿਹਾ ਤਾਪਮਾਨ ਸਾਡੇ ਮੁੱਖ ਮੁੱਦਿਆਂ 'ਚ ਸ਼ਾਮਲ ਹਨ। ਵਾਤਾਵਰਣ ਲਹਿਰ ਦੇ ਮੁੱਖ ਕਾਰਕੁੰਨ ਨੋਆਮ ਚੋਮਸਕੀ ਦੇ ਸ਼ਬਦਾਂ ਵਿਚ ਅਸੀਂ ਬਿਲਕੁਲ ਪਹਾੜੀ ਦੀ ਚੋਟੀ ਤੋਂ ਡਿੱਗਣ ਦੇ ਕਿਨਾਰੇ ਬੈਠੇ ਹਾਂ। ਵਾਤਾਵਰਣ ਲਹਿਰ ਦੇ ਕਾਰਕੁੰਨ, ਮਜ਼ਦੂਰਾਂ ਦੀਆਂ ਜਥੇਬੰਦੀਆਂ ਅਤੇ ਹੋਰ ਲੋਕ ਪੱਖੀ ਜਥੇਬੰਦੀਆਂ ਸਾਰੀ ਦੁਨੀਆ ਵਿਚ, ਸਰਕਾਰਾਂ ਦੇ ਵਾਤਾਵਰਣ ਵਿਰੋਧੀ ਫੈਸਲਿਆਂ ਖਿਲਾਫ਼ ਪ੍ਰਦਰਸ਼ਨ ਕਰ ਰਹੀਆਂ ਹਨ। ਚਾਹੇ ਉਹ ਕੀ ਸਟੋਨ ਪਾਈਪ ਲਾਈਨ ਹੋਵੇ, ਕੋਲੇ ਦੀਆਂ ਖਾਣਾਂ ਖੋਦਣ ਦਾ ਕੰਮ ਹੋਵੇ, ਕੋਲੇ ਦੇ ਪਲਾਂਟ ਹੋਣ, ਧਰਤੀ 'ਚੋਂ ਤੇਲ ਕੱਢਣ ਦੇ ਪਲਾਂਟ ਹੋਣ, ਲੋਕ ਵਿਰੋਧ ਕਰ ਰਹੇ ਹਨ ਅਤੇ ਇਸ ਲਹਿਰ ਵਿਚ ਹਰ ਇਕ ਜਗ੍ਹਾ ਦੇ ਆਦੀ ਵਾਸੀ ਲੋਕ ਵੀ ਇਸ ਲਹਿਰ ਦਾ ਸਾਥ ਦੇ ਰਹੇ ਹਨ। ਡੋਨਲਡ ਟਰੰਪ ਅਤੇ ਹਰਟਲੈਂਡ ਫਾਉਂਡੇਸ਼ਨ ਵਰਗੀਆਂ ਜਥੇਬੰਦੀਆਂ ਜਿਹੜੀਆਂ ਕਿ ਵਾਤਾਵਰਣ ਲਹਿਰ ਦੇ ਉਲਟ ਪ੍ਰਚਾਰ ਕਰ ਰਹੀਆਂ ਹਨ, ਕਾਰਪੋਰੇਸ਼ਨਾਂ ਉਨ੍ਹਾਂ ਨੂੰ ਡਾਲਰਾਂ ਦੇ ਗੱਫੇ ਪਰੋਸ ਰਹੀਆਂ ਹਨ। ਹੁਣੇ ਹੀ ਕੈਲਗਰੀ ਸ਼ਹਿਰ ਨੇ ਵਾਤਾਵਰਣ ਦੇ ਮੁੱਦੇ ਨੂੰ ਗੰਭੀਰਤਾ ਨਾਲ ਲੈਂਦਿਆਂ, ਸਿਟੀ ਨੂੰ ਦਿਸ਼ਾ-ਨਿਰਦੇਸ਼ ਲਈ ਇਕ ਕਲਾਈਮੇਟ ਐਕਸਪਰਟ ਨੂੰ ਰੱਖਣਾ ਪਿਆ। ਹੁਣ ਤੱਕ ਆਪਾਂ ਬੈਂਕਾਂ ਨਾਲ ਟੈਕਸ ਹੇਵਨਜ਼ ਜਾਂ ਵਾਤਾਵਰਣ ਸਬੰਧੀ ਮੁੱਦੇ ਵਿਚਾਰੇ ਹਨ। ਇਨ੍ਹਾਂ ਪੈਦਾ ਹੋਈਆਂ ਵੱਡੀਆਂ ਵੱਡੀਆਂ ਸਮੱਸਿਆਵਾਂ ਬਾਰੇ ਗੱਲ ਕੀਤੀ ਹੈ। ਇਨ੍ਹਾਂ ਸਮੱਸਿਆਵਾਂ ਦੇ ਹੱਲ ਲਈ ਸਾਡੇ ਕੋਲ ਇਕ ਸਾਜ਼ਗਾਰ ਸਲੂਸ਼ਨ ਹੈ ਕੈਨੇਡਾ ਪੋਸਟ। ਇਸ ਤੋਂ ਪਹਿਲਾਂ ਕਿ ਆਪਾਂ ਅੱਗੇ ਵਧੀਏ ਕੈਨੇਡਾ ਪੋਸਟ ਦੇ ਇਤਿਹਾਸ ਤੇ ਝਾਤ ਮਾਰਨੀ ਜ਼ਰੂਰੀ ਹੈ।

1. 1867 ਵਿਚ ਕੈਨੇਡਾ ਪੋਸਟ ਹੋਂਦ ਵਿਚ ਆਇਆ।
2. ਕਾਨੂੰਨ ਪਾਸ ਕੀਤਾ ਗਿਆ ਕਿ ਕੈਨੇਡਾ ਪੋਸਟ ਬਚਤ ਬੈਂਕ ਵਾਂਗ ਕੰਮ ਕਰੇਗਾ।
3. 1868 ਵਿਚ ਇਸ ਦੀਆਂ 81 ਬ੍ਰਾਂਚਾਂ ਸਨ।
4. 1884 ਵਿਚ ਇਸ ਦੀਆਂ 343 ਬ੍ਰਾਂਚਾਂ ਸਨ ਅਤੇ ਇਸ ਦੀ ਜਮ੍ਹਾਂ ਪੂੰਜੀ 317 ਮਿਲੀਅਨ ਡਾਲਰ ਸੀ, ਜਿਸ ਵਿਚ 67000 ਖਾਤੇਦਾਰ ਸਨ।
5. 1890 ਵਿਚ ਬੈਂਕਾਂ ਵਲੋਂ ਚੁਣੌਤੀ ਦਾ ਸਾਹਮਣਾ ਕਰਨਾ ਪਿਆ।
6. ਰਿਸੈਸ਼ਨ ਆਉਣ ਕਰਕੇ ਬੈਂਕਾਂ ਦੀ ਨਿਗ੍ਹਾ ਕੈਨੇਡਾ ਪੋਸਟ ਦੇ ਖਾਤੇਦਾਰਾਂ 'ਤੇ ਪਈ।

- 1898 ਵਿਚ ਬੈਂਕਾਂ ਨੇ ਸਰਕਾਰ ਤੇ ਜ਼ੋਰ ਪਾ ਕੇ ਕੈਨੇਡਾ ਪੋਸਟ ਦੇ ਬਚਤ ਖਾਤੇ 'ਚ ਵਿਆਜ ਦਰ 3% ਤੋਂ ਘਟਾ ਕੇ 2.5% ਕਰਾ ਦਿੱਤੀ।
- ਅਖੀਰ ਵਿਚ 1969 ਵਿਚ ਕੈਨੇਡਾ ਪੋਸਟ ਵਿਚੋਂ ਬੈਂਕ ਖਾਤਾ ਬੰਦ ਕਰਵਾ ਦਿੱਤਾ ਗਿਆ।

ਹੁਣ ਜੇਕਰ ਆਪਾਂ ਵੱਡੀਆਂ ਬੈਂਕਾਂ ਦਾ ਖਹਿੜਾ ਛੱਡ ਕੇ ਕੈਨੇਡਾ ਪੋਸਟ ਦੇ ਬੈਂਕ ਖਾਤੇ ਵਿਚ ਪੈਸੇ ਜਮ੍ਹਾਂ ਕਰਵਾ ਦੇਈਏ ਤਾਂ ਸਾਡਾ ਪੈਸਾ ਜਨਤਕ ਅਦਾਰਿਆਂ ਕੋਲ ਰਹੇਗਾ। ਇਸ ਦੇ ਨਾਲ ਲੋਕਾਂ ਦਾ ਆਪਣੇ ਪੈਸੇ 'ਤੇ ਜ਼ਿਆਦਾ ਕੰਟਰੋਲ ਰਹੇਗਾ ਅਤੇ 20 ਲੱਖ ਕੈਨੇਡੀਅਨ ਆਪਣੇ ਖਾਤੇ ਕੈਨੇਡਾ ਪੋਸਟ ਕੋਲ ਖੋਲ੍ਹ ਲੈਣਗੇ। ਇਸ ਨਾਲ ਜਥੇਬੰਦਕ ਕੈਨੇਡਾ ਪੋਸਟ ਦੇ ਕਾਮੇ ਆਪਣੀਆਂ ਗੱਡੀਆਂ ਇਲੈਕਟਰਿਕ ਗੱਡੀਆਂ ਵਿਚ ਤਬਦੀਲ ਕਰ ਲੈਣਗੇ। ਕੈਨੇਡਾ ਦੀ ਆਰਥਿਕਤਾ ਫੌਸਿਲ ਫਿਊਲ ਤੋਂ ਗਰੀਨ ਐਨਰਜੀ ਵਿਚ ਤਬਦੀਲ ਹੋਵੇਗੀ। ਗਰੀਨ ਐਨਰਜੀ, ਸੋਲਰ ਪੈਨਲ, ਵਿੰਡ ਮਿਲਜ਼ ਲਈ ਕੈਨੇਡਾ ਪੋਸਟ ਦੇ ਪੈਸੇ ਦੀ ਵਰਤੋਂ ਹੋਵੇਗੀ। ਡਾਕਘਰਾਂ ਦੇ ਬਾਹਰ ਇਲੈਕਟਰਿਕ ਗੱਡੀਆਂ ਚਾਰਜ ਕਰਨ ਲਈ ਪਲੱਗ ਲਾਏ ਜਾਣਗੇ। ਫਾਰਮ ਕੈਨਰੀਆਂ ਤੋਂ ਫੂਡ ਸਿੱਧਾ ਘਰਾਂ ਨੂੰ ਡਲਿਵਰ ਕੀਤਾ ਜਾ ਸਕੇਗਾ। ਬਜ਼ੁਰਗਾਂ ਨੂੰ ਦੁਆਈ ਡਲਿਵਰ ਕਰਨ ਦਾ ਕੰਮ ਵੀ ਕੈਨੇਡਾ ਪੋਸਟ ਕਰ ਸਕਦਾ ਹੈ।

ਹੁਣ ਬਹੁਤ ਲੋਕ ਸੋਚਦੇ ਹੋਣਗੇ ਕਿ ਇਹ ਕਿਵੇਂ ਹੋ ਸਕਦਾ ਹੈ। ਇਹ ਦੇਖਣ ਨੂੰ ਅਸੰਭਵ ਲਗਦਾ ਹੈ ਪਰ ਨਾਰਵੇ ਵਿਚ ਡਾਕ ਵਿਭਾਗ ਕੋਲ ਬਿਜਲੀ ਨਾਲ ਚੱਲਣ ਵਾਲੀਆਂ ਗੱਡੀਆਂ ਆ ਗਈਆਂ ਹਨ। ਫਰਾਂਸ ਤੇ ਜਪਾਨ ਵਿਚ ਡਾਕ ਵਿਭਾਗ ਬਜ਼ੁਰਗਾਂ ਨੂੰ ਸੇਵਾ ਮੁਹੱਈਆ ਕਰ ਰਿਹਾ ਹੈ। ਡਾਕ ਵਿਭਾਗ ਜਮ੍ਹਾਂ ਖਾਤੇ ਜਰਮਨੀ, ਨਿਊਜ਼ੀਲੈਂਡ, ਬ੍ਰਾਜ਼ੀਲ ਅਤੇ ਇਟਲੀ ਵਿਚ ਕੰਮ ਕਰ ਰਹੇ ਹਨ। ਆਸਟ੍ਰੇਲੀਆ ਅਤੇ ਸਵਿਟਜ਼ਰਲੈਂਡ ਵਿਚ ਡਾਕ ਵਿਭਾਗ ਲੋਕਾਂ ਨੂੰ ਟਰਾਂਜ਼ਿਟ ਸਰਵਿਸ ਤੱਕ ਮੁਹੱਈਆ ਕਰ ਰਿਹਾ ਹੈ।

ਹੁਣ ਜੇਕਰ ਕੈਨੇਡਾ ਪੋਸਟ ਵੱਲ ਦੇਖੀਏ ਤਾਂ ਇਸ ਦੀਆਂ 6200 ਬ੍ਰਾਂਚਾਂ ਹਨ ਜਦੋਂਕਿ ਟਿਮ ਹੋਰਟਨ ਦੀਆਂ 3468 ਬ੍ਰਾਂਚਾਂ ਹਨ। ਦੇਖਣ ਨੂੰ ਲਗਦਾ ਹੈ ਕਿ ਟਿਮ ਹੋਰਟਨ ਹਰ ਜਗ੍ਹਾ ਹੈ। ਇਸ ਤਰ੍ਹਾਂ ਦੇਖਣ ਨੂੰ ਲੱਗਦਾ ਹੈ ਕਿ ਕੈਨੇਡਾ ਪੋਸਟ ਲੋਕਾਂ ਲਈ ਖਾਸ ਕਰਕੇ ਪੇਂਡੂ ਲੋਕਾਂ ਲਈ ਜ਼ਿਆਦਾ ਉਪਲਬਧ ਹੈ। ਕੈਨੇਡਾ ਪੋਸਟ ਕੋਲ ਗੱਡੀਆਂ ਦਾ ਸਭ ਤੋਂ ਵੱਡਾ ਫਲੀਟ ਹੈ ਇਸ ਕਰਕੇ ਸਾਡੀ ਆਰਥਿਕਤਾ ਨੂੰ ਪ੍ਰਭਾਵਿਤ ਕਰਨ ਵਿਚ ਇਹ ਬਹੁਤ ਵੱਡਾ ਰੋਲ ਅਦਾ ਕਰ ਸਕਦਾ ਹੈ। ਅਸੀਂ ਵਾਤਾਵਰਣ ਲਈ ਮਦਦਗਾਰ, ਇਕ ਵਧੀਆ ਇਕੌਨਮੀ ਖੜ੍ਹੀ ਕਰ ਸਕਦੇ ਹਾਂ। ਜੇਕਰ ਅਸੀਂ ਟੈਕਸ ਹੇਵਨ ਵੀ ਬੰਦ ਕਰਵਾ ਦੇਈਏ ਤਾਂ ਸਾਡੇ ਕੋਲ ਤਿੰਨ ਬਿਲੀਅਨ ਸਾਲ ਦੇ ਆ ਜਾਣਗੇ। ਹੁਣ ਸਵਾਲ ਇਹ ਉਠਦਾ ਹੈ ਕਿ ਹੁਣ ਤੱਕ ਇਸ ਤਰ੍ਹਾਂ ਕਿਉਂ ਨਹੀਂ ਹੋਇਆ ਇਸ ਦਾ ਕਾਰਨ ਦਲਾਲ ਸਰਕਾਰਾਂ ਦੀਆਂ ਰਾਜਨੀਤਕ ਪਾਰਟੀਆਂ ਹਨ ਜਿਹੜੀਆਂ ਕਿ ਚੋਣਾਂ ਲਈ ਕਾਰਪੋਰੇਸ਼ਨਾਂ ਤੋਂ ਫੰਡ ਲੈਂਦੀਆਂ ਹਨ। ਦੇਖੋ ਜਦੋਂ ਕੈਨੇਡਾ ਪੋਸਟ ਦੇ ਵਰਕਰਾਂ ਦੀ ਯੂਨੀਅਨ ਦੇ ਪ੍ਰਧਾਨ ਨੇ ਮਿਸਟਰ ਹਾਰਪਰ (ਉਸ ਸਮੇਂ ਦੇ ਕੰਜ਼ਰਵੇਟਿਵ ਪ੍ਰਧਾਨ ਮੰਤਰੀ) ਨੂੰ ਕਿਹਾ ਕਿ ਸਾਨੂੰ ਇਲੈਕਟ੍ਰੌਨਿਕ ਗੱਡੀਆਂ ਲੈ ਦਿਓ ਤਾਂ ਹਾਰਪਰ ਨੇ ਇਸ ਨੂੰ ਅਣਸੁਣਾ ਕਰਕੇ ਇਟਲੀ ਤੋਂ ਗੱਡੀਆਂ ਮੰਗਵਾਈਆਂ ਜਿਹੜੀਆਂ ਕਿ ਕੁਝ ਚਿਰ ਬਾਅਦ ਜੰਕਯਾਰਡ ਨੂੰ ਪਿਆਰੀਆਂ ਹੋ ਗਈਆਂ ਕਿਉਂਕਿ ਉਹ ਕੈਨੇਡੀਅਨ ਮੌਸਮ ਦੇ ਅਨੁਕੂਲ ਨਹੀਂ ਸਨ। ਇਥੋਂ ਤੱਕ ਕਿ ਕੈਨੇਡੀਅਨ ਟੈਕਸ ਫੇਅਰ ਫੈਡਰੇਸ਼ਨ ਵੀ ਸਾਨੂੰ ਟੈਕਸ ਹੇਵਨਜ਼ ਬਾਰੇ ਨਹੀਂ ਦੱਸਦੀ। ਸਾਡੀਆਂ ਪਾਰਟੀਆਂ ਕੰਜ਼ਰਵੇਟਿਵ ਲਿਬਰਲ ਵੀ ਇਸ ਮਾਮਲੇ 'ਤੇ ਚੁੱਪ ਧਾਰੀ ਬੈਠੀਆਂ ਹਨ। ਸੋ ਅਸੀਂ ਜਿਹੜੇ ਕਿ ਸਾਰੇ ਆਪਣੇ ਇਸ ਸੋਹਣੇ ਮੁਲਕ ਨੂੰ ਪਿਆਰ ਕਰਦੇ ਹਾਂ, ਇਹ ਨਾਅਰੇ ਦੇਈਏ ਕਿ "ਸੋਚੋ ਸੰਸਾਰ ਪੱਧਰ 'ਤੇ ਪਰ ਕੰਮ ਕਰੋ ਲੋਕਲ ਪੱਧਰ 'ਤੇ। ਇਸ ਗਲਤ ਟੈਕਸ ਸਿਸਟਮ ਤੇ ਕਾਰਪੋਰੇਸ਼ਨਾਂ ਦੀ ਇਨ੍ਹਾਂ ਦੀਆਂ ਭਾਈਵਾਲ ਪਾਰਟੀਆਂ ਦੀ ਮਿਲੀਭੁਗਤ ਦੇ ਉਲਟ ਵਿਚ ਜ਼ਬਰਦਸਤ ਆਵਾਜ਼ ਬਣੀਏ।

# ਇਤਿਹਾਸ ਦੇ ਅਹਿਮ ਪੰਨਿਆਂ 'ਚ ਭਗਤ ਸਿੰਘ

ਮੂਲ : ਸੁਧੀਰ ਵਿਦਿਆਰਥੀ
ਅਨੁਵਾਦ : ਮਨਦੀਪ
98764-42052

ਪਿਛਲੇ ਕੁਝ ਅਰਸੇ ਤੋਂ ਪਾਕਿਸਤਾਨ ਦੀ ਧਰਤੀ 'ਤੇ ਸ਼ਹੀਦੇ ਆਜ਼ਮ ਭਗਤ ਸਿੰਘ ਨੂੰ ਯਾਦ ਕੀਤਾ ਜਾਂਦਾ ਰਿਹਾ। ਇਹ ਸਾਡੇ ਲਈ ਅਤਿਅੰਤ ਸੁਖਦ ਗੱਲ ਸੀ। ਭਗਤ ਸਿੰਘ ਨੂੰ ਉਸਦੇ ਦੋ ਸਾਥੀਆਂ ਰਾਜਗੁਰੂ ਅਤੇ ਸੁਖਦੇਵ ਦੇ ਨਾਲ ਲਾਹੌਰ ਦੀ ਸੈਂਟਰਲ ਜੇਲ੍ਹ 'ਚ 23 ਮਾਰਚ 1931 ਨੂੰ ਬ੍ਰਿਟਿਸ਼ ਹਕੂਮਤ ਨੇ ਫਾਂਸੀ ਉੱਤੇ ਚਾੜ੍ਹ ਦਿੱਤਾ ਸੀ। 'ਲਾਹੌਰ ਸਾਜ਼ਿਸ਼ ਕੇਸ' ਦੇ ਨਾਮ ਨਾਲ 'ਹਿੰਦੋਸਤਾਨ ਸਮਾਜਵਾਦੀ ਪਰਜਾਤੰਤਰ ਸੰਘ' ਦੇ ਉਸਦੇ ਸਾਥੀ ਇਨਕਲਾਬੀਆਂ 'ਤੇ ਮੁਕੱਦਮਾ ਇਸੇ ਸ਼ਹਿਰ 'ਚ ਚੱਲਿਆ ਸੀ। ਇੱਥੇ ਹੀ ਉਨ੍ਹਾਂ ਨੇ ਚੰਦਰ ਸ਼ੇਖਰ ਆਜ਼ਾਦ ਦੀ ਅਗਵਾਈ 'ਚ ਲਾਲਾ ਲਾਜਪਤ ਰਾਏ ਦੀ ਲਾਠੀਚਾਰਜ ਨਾਲ ਹੋਈ ਮੌਤ ਦਾ ਬਦਲਾ ਲੈਣ ਲਈ ਅੰਗਰੇਜ਼ ਪੁਲਿਸ ਅਫ਼ਸਰ ਸਾਂਡਰਸ 'ਤੇ ਗੋਲੀਆਂ ਚਲਾਈਆਂ ਸਨ। ਉਹਨਾਂ ਦਾ ਜਨਮ ਵੀ ਇਸੇ ਪੰਜਾਬ ਪ੍ਰਾਂਤ 'ਚ ਲਾਇਲਪੁਰ ਦੇ ਬੰਗਾ ਪਿੰਡ 'ਚ ਹੋਇਆ ਸੀ। ਦੇਸ਼ ਵੰਡ ਦੇ ਬਾਅਦ ਇਹ ਹਿੱਸਾ ਪਾਕਿਸਤਾਨ 'ਚ ਚਲਾ ਗਿਆ ਅਤੇ ਲਾਇਲਪੁਰ ਦਾ ਨਾਮ ਬਦਲਕੇ ਫੈਸਲਾਬਾਦ ਹੋ ਗਿਆ। ਭਗਤ ਸਿੰਘ ਦਾ ਜੱਦੀ ਘਰ ਭਾਰਤ ਦੇ ਪੰਜਾਬ ਸੂਬੇ ਦੇ ਨਵਾਂ ਸ਼ਹਿਰ ਦਾ ਖਟਕੜ ਕਲਾਂ ਪਿੰਡ ਹੈ ਜਿੱਥੇ ਹਰ ਸਾਲ ਇਸ ਸ਼ਹੀਦ ਦੀ ਸਿਮਰਤੀ 'ਚ ਮੇਲਾ ਲੱਗਦਾ ਹੈ।

ਲਾਹੌਰ ਜੇਲ੍ਹ 'ਚ ਭਗਤ ਸਿੰਘ, ਰਾਜਗੁਰੂ ਅਤੇ ਸੁਖਦੇਵ ਨੂੰ ਜਿਸ ਥਾਂ ਉੱਤੇ ਫਾਂਸੀ ਦੀ ਸਜ਼ਾ ਦਿੱਤੀ ਗਈ ਸੀ, ਉਹ ਹਾਲੇ ਵੀ ਜਰਜਰ ਅਤੇ ਘ੍ਰਿਣਿਤ ਹਾਲਤ 'ਚ ਹੈ। ਇਸਦੇ ਦਰਵਾਜ਼ੇ ਅਤੇ ਛੱਤਾਂ ਟੁੱਟ ਗਈਆਂ ਹਨ। ਪਾਕਿਸਤਾਨ ਨੇ ਉੱਥੇ ਇਨ੍ਹਾਂ ਸ਼ਹੀਦਾਂ ਦਾ ਸਮਾਰਕ ਬਣਾਉਣ ਦਾ ਵਾਅਦਾ ਕੁਝ ਸਮਾਂ ਪਹਿਲਾਂ ਕੀਤਾ ਸੀ ਉਹ ਅੱਜ ਤੱਕ ਪੂਰਾ ਨਹੀਂ ਹੋਇਆ। ਸਾਲ 2007 'ਚ ਭਗਤ ਸਿੰਘ ਦੇ ਜਨਮ ਸ਼ਤਾਬਦੀ ਵਰ੍ਹੇ 'ਚ ਪਾਕਿਸਤਾਨ ਦੇ ਪੰਜਾਬ ਸੂਬੇ ਦੇ ਤਤਕਾਲੀਨ ਗਵਰਨਰ ਨੇ ਇਹ ਭਰੋਸਾ ਦਿੱਤਾ ਸੀ ਕਿ ਫਾਂਸੀ ਵਾਲੇ ਉਸ ਸਥਾਨ ਉੱਤੇ ਭਗਤ ਸਿੰਘ ਦਾ ਸਮਾਰਕ ਬਣਾਇਆ ਜਾਵੇਗਾ। ਢਾਈ ਤਿੰਨ ਸਾਲ ਪਹਿਲਾਂ ਪਾਕਿਸਤਾਨ ਦੇ ਅਧਿਕਾਰੀਆਂ ਨੇ ਲਾਹੌਰ ਦੇ ਸ਼ਾਦਮਾਨ ਚੌਕ ਦਾ ਨਾਮ ਭਗਤ ਸਿੰਘ ਦੇ ਨਾਮ 'ਤੇ ਰੱਖਣ ਦੀ ਇਕ ਭਾਰਤੀ ਐਨ. ਜੀ. ਓ. ਦੀ ਮੰਗ ਠੁਕਰਾ ਦਿੱਤੀ ਸੀ। 'ਪੀਸ ਸਟੱਡੀਜ਼' ਦੇ ਨਿਰਦੇਸ਼ਕ ਨੇ ਪਾਕਿਸਤਾਨ ਦੇ ਤਤਕਾਲੀਨ ਰਾਸ਼ਟਰਪਤੀ ਪ੍ਰਵੇਜ਼ ਮੁਸ਼ਰਫ਼ ਨਾਲ 2007 'ਚ ਭਗਤ ਸਿੰਘ ਦੀ 100ਵੀਂ ਜਨਮ ਸ਼ਤਾਬਦੀ 'ਤੇ ਇਹ ਪ੍ਰਸਤਾਵ ਰੱਖਿਆ ਸੀ ਜੋ ਪੂਰਾ ਨਹੀਂ ਹੋਇਆ। ਪਾਕਿਸਤਾਨ ਦੇ ਪੰਜਾਬ ਸੂਬੇ ਦੇ ਗਵਰਨਰ ਸੇਵਾਮੁਕਤ ਲੈਫਟੀਨੈਂਟ ਜਨਰਲ ਖਾਲਿਦ ਮਕਬੂਲ ਨੇ ਕਿਹਾ ਸੀ ਕਿ ਭਗਤ ਸਿੰਘ ਨੇ ਆਜ਼ਾਦੀ ਦੇ ਲਈ ਲੜਾਈ ਕ੍ਰਾਂਤੀਕਾਰੀ ਤਰੀਕੇ ਨਾਲ ਸ਼ੁਰੂ ਕੀਤੀ ਸੀ ਅਤੇ ਉਨ੍ਹਾਂ ਦੀ ਵਿਚਾਰਧਾਰਾ ਨੇ ਨੌਜਵਾਨਾਂ ਨੂੰ ਕਾਫ਼ੀ ਪ੍ਰਭਾਵਿਤ ਕੀਤਾ ਸੀ। ਇਹ ਖ਼ਬਰ ਜਨਰਲ ਮਕਬੂਲ ਦੇ ਹਵਾਲੇ ਨਾਲ 'ਦਾ ਡੇਲੀ ਟਾਈਮਜ਼' ਨੇ ਦਿੱਤੀ ਸੀ। 'ਦਿਆਲ ਸਿੰਘ ਰਿਸਰਚ ਅਤੇ ਸੱਭਿਆਚਾਰਕ ਫੋਰਮ' (ਡੀ ਐਸ ਆਰ ਸੀ ਐਫ) ਦੇ ਨਿਰਦੇਸ਼ਕ ਡਾ. ਜਾਫ਼ਰ ਚੀਮਾ ਨੇ ਕਿਹਾ ਸੀ ਕਿ ਦੇਸ਼ ਦੇ ਲਈ ਕੁਰਬਾਨ ਹੋਣ ਵਾਲੇ ਭਗਤ ਸਿੰਘ ਨੂੰ ਮੌਲਾਨਾ ਜਾਫ਼ਰ ਅਲੀ ਖਾਨ ਨੇ ਸ਼ਹੀਦ ਦਾ ਖਿਤਾਬ ਦਿੱਤਾ ਸੀ। ਉਸ ਸਮੇਂ ਸ਼ਹੀਦ ਭਗਤ ਸਿੰਘ ਦੇ ਪਰਿਵਾਰ ਨਾਲ ਸਬੰਧ ਰੱਖਣ ਦਾ ਦਾਅਵਾ ਕਰਨ ਵਾਲੇ ਮੁਹੰਮਦ ਇਕਬਾਲ ਵਿਰਕ ਨੇ ਕਿਹਾ ਸੀ ਕਿ ਉਹ ਲਾਹੌਰ ਦੇ ਅਜਾਇਬ ਘਰ 'ਚ ਭਗਤ ਸਿੰਘ ਨਾਲ ਜੁੜੀਆਂ ਚੀਜ਼ਾਂ ਦੀ ਪ੍ਰਦਰਸ਼ਨੀ ਲਗਾਉਣਗੇ। ਜਨਰਲ ਮਕਬੂਲ ਦਾ ਕਹਿਣਾ ਸੀ ਕਿ ਜਾਂਚ-ਪੜਤਾਲ ਦੇ ਬਾਅਦ ਜੇਕਰ ਵਿਰਕ ਦੇ ਦਾਅਵੇ ਨੂੰ ਸਹੀ ਪਾਇਆ ਗਿਆ ਤਾਂ ਭਗਤ ਸਿੰਘ ਨਾਲ ਜੁੜੀਆਂ ਚੀਜ਼ਾਂ ਨੂੰ ਅਜਾਇਬ ਘਰ 'ਚ ਪੇਸ਼ ਕੀਤਾ ਜਾਵੇਗਾ।

ਲਾਹੌਰ ਦੀ ਇਕ ਪ੍ਰਮੁੱਖ ਵਿਦਿਅਕ ਸੰਸਥਾ ਉੱਥੋਂ ਦੇ ਬ੍ਰੈਡਲਾ ਹਾਲ ਨੂੰ ਜੋ ਹੁਣ ਖੰਡਰ 'ਚ ਤਬਦੀਲ ਹੋ ਗਿਆ ਹੈ, ਉਸ ਨੂੰ ਉਸਦਾ ਪੁਰਾਣਾ ਗੌਰਵ ਵਾਪਸ ਦੇਣ ਲਈ ਯਤਨਸ਼ੀਲ ਰਿਹਾ। ਭਗਤ ਸਿੰਘ ਅਤੇ ਦੂਸਰੇ ਅਨੇਕਾਂ ਇਨਕਲਾਬੀਆਂ ਦੀ ਯਾਦ ਨਾਲ ਜੁੜੀ ਇਸ ਜਗ੍ਹਾ ਨੂੰ ਲਾਹੌਰ ਦੇ 'ਇਸਟੀਚਿਊਟ ਫਾਰ ਸੈਕੂਲਰ ਸਟੱਡੀਜ਼' ਦੀ ਅਗਵਾਈ 'ਚ ਸੰਵਾਰਨ ਦੀਆਂ ਵੀ ਕੋਸ਼ਿਸ਼ਾਂ ਕੀਤੀਆਂ ਗਈਆਂ। ਇਸ ਦੀ ਮੁਖੀ ਸਾਇਦਾ ਦੀਪ ਹੈ। ਉਹ ਭਗਤ ਸਿੰਘ ਤੋਂ ਬਚਪਨ ਤੋਂ ਹੀ ਪ੍ਰਭਾਵਿਤ ਰਹੀ ਹੈ ਅਤੇ ਭਗਤ ਸਿੰਘ ਨਾਲ ਜੁੜੇ ਸਥਾਨਾਂ ਨੂੰ ਪੁਰਾਣਾ ਗੌਰਵ ਦਿਵਾਉਣ ਦੇ ਲਈ ਸੰਘਰਸ਼ ਕਰ ਰਹੀ ਹੈ। ਲਗਭਗ ਤਿੰਨ ਵਰ੍ਹੇ ਪਹਿਲਾਂ ਪਤਾ ਲੱਗਿਆ ਸੀ ਕਿ 23 ਮਾਰਚ ਨੂੰ ਉੱਥੇ ਭਗਤ ਸਿੰਘ ਦੀ ਯਾਦ 'ਚ ਹੋਣ ਵਾਲੇ ਪ੍ਰੋਗਰਾਮ ਦੀ ਅਗਵਾਈ ਸਾਇਦਾ ਕਰੇਗੀ। ਕਰਾਚੀ ਦੀ ਜਾਣੀ ਪਛਾਣੀ ਲੇਖਿਕਾ ਜਾਹਿਦ ਹਿਨਾ ਨੇ ਆਪਣੇ ਲੇਖ 'ਚ ਭਗਤ ਸਿੰਘ ਨੂੰ ਪਾਕਿਸਤਾਨ ਦਾ ਸਭ ਤੋਂ ਮਹਾਨ ਸ਼ਹੀਦ ਕਰਾਰ ਦਿੱਤਾ ਸੀ। ਉਨ੍ਹਾਂ ਨੇ ਕਿਹਾ ਕਿ ਦੇਸ਼ ਦੀ ਵੰਡ ਦੇ ਬਾਅਦ ਪਾਕਿਸਤਾਨ 'ਚ ਵੀ ਲੋਕਾਂ ਦੇ ਦਿਲਾਂ 'ਚ ਭਗਤ ਸਿੰਘ ਦੇ ਲਈ ਸਨਮਾਨ 'ਚ ਰੱਤੀ ਭਰ ਵੀ ਕਮੀ ਨਹੀਂ ਆਈ। ਭਗਤ ਸਿੰਘ ਦੇ ਜਨਮ ਸਥਾਨ ਲਾਇਲਪੁਰ (ਹੁਣ ਪਾਕਿਸਤਾਨ ਦਾ ਫੈਸਲਾਬਾਦ) ਦੇ ਪਿੰਡ ਬੰਗਾ ਚੱਕ ਨੰਬਰ 105 ਨੂੰ ਜਾਣ ਵਾਲੀ ਸੜਕ ਦਾ ਨਾਮ 'ਭਗਤ ਸਿੰਘ ਰੋਡ' ਹੈ। ਇਸ ਸੜਕ ਦਾ ਨਾਮਕਰਨ ਫਰਹਾਨ ਖਾਨ ਨੇ ਕੀਤਾ ਸੀ ਜੋ ਸੇਵਾਮੁਕਤ ਤਹਿਸੀਲਦਾਰ ਹੈ। ਉਸਦੀ ਉਮਰ ਹੁਣ 85 ਦੇ ਆਸ-ਪਾਸ ਹੋਵੇਗੀ। ਲਾਹੌਰ 'ਚ ਭਗਤ ਸਿੰਘ ਦੇ ਪਿੰਡ ਵੱਲੋਂ ਜੋ ਸੜਕ ਘੁੰਮਦੀ ਹੈ, ਉੱਥੇ ਭਗਤ ਸਿੰਘ ਦੀ ਇਕ ਤਸਵੀਰ ਲੱਗੀ ਹੋਈ ਹੈ। ਪਾਕਿਸਤਾਨ ਦੇ ਕੁਝ ਬੁੱਧੀਜੀਵੀ 'ਸਾਂਝੇ ਲੋਕ' ਨਾਮ ਦੀ ਇਕ ਵੈਬਸਾਈਟ ਚਲਾਉਂਦੇ ਹਨ ਜਿਸ ਤੇ ਭਗਤ ਸਿੰਘ ਦੀ ਜ਼ਿੰਦਗੀ ਦਾ ਬਿਉਰਾ ਦਰਜ ਹੈ। ਪਾਕਿਸਤਾਨੀ ਕਵੀ ਅਤੇ ਲੇਖਕ ਅਹਿਮਦ ਸਿੰਘ ਨੇ ਪੰਜਾਬੀ ਭਾਸ਼ਾ 'ਚ 'ਕਿਹੜੀ ਮਾਂ ਨੇ ਜੰਮਿਆ ਭਗਤ ਸਿੰਘ' ਲਿਖੀ ਹੈ। ਸਾਇਦਾ ਦੀਪ ਦਾ ਉਦੇਸ਼ ਬ੍ਰੈਡਲਾ ਹਾਲ ਨੂੰ 1947 ਦਾ ਰੂਪ ਦੇਣਾ ਸੀ ਜਦੋਂ ਉਹ ਇਕ ਮਹੱਤਵਪੂਰਨ ਸਿੱਖਿਆ ਕੇਂਦਰ ਵਜੋਂ ਜਾਣਿਆ ਜਾਂਦਾ ਸੀ। ਇਹ ਕਦੀ ਪੰਜਾਬ ਕਾਂਗਰਸ ਦਾ ਮੁੱਖ ਦਫ਼ਤਰ ਹੋਇਆ ਕਰਦਾ ਸੀ। ਇਸ ਵਿਚ ਸਥਾਪਤ ਨੈਸ਼ਨਲ ਕਾਲਜ 'ਚ ਹੀ ਭਗਤ ਸਿੰਘ ਨੇ ਸਿੱਖਿਆ ਹਾਸਲ ਕੀਤੀ ਸੀ। ਇਹ ਇਮਾਰਤ ਹੁਣ ਜਰਜਰੀ ਹੋ ਚੁੱਕੀ ਹੈ। ਫਿਰ ਵੀ ਇਹ ਸਾਡੀ ਸਾਂਝੀ ਵਿਰਾਸਤ ਅਤੇ ਮੁਕਤੀ ਸੰਘਰਸ਼ ਦਾ ਅਨੇਖਾ ਸਮਾਰਕ ਹੈ। ਸੁਣਿਆ ਤਾਂ ਇਹ ਵੀ ਸੀ ਕਿ ਬ੍ਰੈਡਲਾ ਹਾਲ ਨੂੰ ਇਕ ਅਜਿਹੇ ਅਜਾਇਬ ਘਰ ਦਾ ਦਰਜਾ ਦਿੱਤਾ ਜਾਵੇਗਾ ਜੋ ਭਗਤ ਸਿੰਘ ਅਤੇ ਸੁਤੰਤਰਤਾ ਅੰਦੋਲਨ ਨੂੰ ਸਮਰਪਿਤ ਹੋਵੇਗਾ। ਇਸ ਇੰਸਟੀਚਿਊਟ ਦਾ ਨਾਮ ਬਦਲਕੇ ਨਾਲ ਹੀ ਸਾਇਦਾ ਸ਼ਾਦਮਾਨ ਚੌਰਾਹੇ ਦਾ ਨਾਮ ਵੀ ਭਗਤ ਸਿੰਘ ਦੇ ਨਾਮ 'ਤੇ ਰਖਵਾਉਣਾ ਚਾਹੁੰਦੀ ਸੀ ਜਿੱਥੇ ਭਗਤ ਸਿੰਘ ਅਤੇ ਉਸਦੇ ਦੋ ਸਾਥੀਆਂ ਨੂੰ ਫਾਂਸੀ 'ਤੇ ਝੁਲਾਇਆ ਗਿਆ ਸੀ। ਪਾਕਿਸਤਾਨ ਸਰਕਾਰ ਨੇ ਲਾਹੌਰ ਸੈਂਟਰਲ ਜੇਲ੍ਹ ਨੂੰ ਤੁੜਵਾ ਦਿੱਤਾ ਸੀ। ਹੁਣ ਉੱਥੇ ਸ਼ਾਦਮਾਨ ਨਾਮ ਨਾਲ ਇਕ ਕਲੋਨੀ ਸਥਾਪਤ ਹੈ। ਸ਼ਾਦਮਾਨ ਚੌਕ ਵਾਲੇ ਟਰੈਫਿਕ ਚੌਰਾਹੇ 'ਤੇ ਹੀ ਭਗਤ ਸਿੰਘ, ਰਾਜਗੁਰੂ ਅਤੇ ਸੁਖਦੇਵ ਨੂੰ ਫਾਂਸੀਆਂ ਦਿੱਤੀਆਂ ਗਈਆਂ ਸਨ। ਸਾਇਦਾ ਦੀਪ ਦੇ ਜਿਹਨ 'ਚ ਦੇਸ਼ ਦੀ ਆਜ਼ਾਦੀ ਦੇ ਲਈ ਇਨ੍ਹਾਂ ਕੁਰਬਾਨੀਆਂ ਦੀ ਖਾਸ ਜਗ੍ਹਾ ਹੈ। ਉਨ੍ਹਾਂ ਨੇ ਇਸ ਸਬੰਧ 'ਚ ਇਕ ਜਾਚਿਕਾ ਵੀ ਦਾਇਰ ਕੀਤੀ। ਇਹ ਜ਼ਿਕਰਯੋਗ ਹੈ ਕਿ ਸਾਇਦਾ ਆਪਣੇ ਵਿਦਿਆਰਥੀ ਜੀਵਨ ਤੋਂ ਹੀ ਸ਼ਹੀਦੇ-ਆਜ਼ਮ ਦੀ ਪ੍ਰਸ਼ੰਸਕ ਰਹੀ ਹੈ। ਉਨ੍ਹਾਂ ਨੇ 'ਡੇਲੀ ਟਾਈਮਜ਼' 'ਚ ਸਪੱਸ਼ਟ ਕਿਹਾ ਸੀ ਕਿ ਸਾਲ-ਦਰ-ਸਾਲ ਇੱਥੇ ਭਗਤ ਸਿੰਘ ਦੀ ਅਹਿਮੀਅਤ 'ਚ ਕਮੀ ਆਈ ਹੈ ਜਿਸ ਵਿਚ ਖਾਸ ਭੂਮਿਕਾ ਜਨਰਲ ਜਿਆਉਲ ਹੱਕ ਜਿਹੇ ਹੁਕਮਰਾਨਾਂ ਦੇ ਸ਼ਾਸਨ ਕਾਲ ਦੀ ਰਹੀ ਹੈ। ਜਾਣਨਯੋਗ ਇਹ ਵੀ ਹੈ ਕਿ ਉੱਚ ਅਦਾਲਤ ਦੇ ਵਕੀਲ ਆਬਿਦ ਹਸਨ ਮਿੰਟੋ ਨੇ ਵੀ ਭਗਤ ਸਿੰਘ ਨਾਲ ਜੁੜੇ ਇਸ ਸਥਾਨ ਨੂੰ ਪੁਰਾਣਾ ਗੌਰਵ ਵਾਪਸ ਦੇਣ ਦੇ ਲਈ ਕਾਫ਼ੀ ਯਤਨ ਕੀਤੇ ਹਨ। ਸਾਇਦਾ ਦਾ ਸੁਪਨਾ ਬੰਗਾ 'ਚ ਸ਼ਹੀਦੇ-ਆਜ਼ਮ ਦਾ ਸਮਾਰਕ ਬਣਾਏ ਜਾਣ ਦਾ ਹੈ। ਉਨ੍ਹਾਂ ਦੇ ਇਸ ਅਭਿਆਨ 'ਚ ਉਹ ਲੋਕ ਵੀ ਸਾਂਝ ਕਰਨ ਨੂੰ ਤਿਆਰ ਹਨ ਜੋ ਇਸ ਸਮੇਂ ਭਗਤ ਸਿੰਘ ਦੇ ਘਰ 'ਚ ਰਹਿੰਦੇ ਹਨ। ਉਨ੍ਹਾਂ ਨੇ ਕਿਹਾ ਹੈ ਕਿ ਸਮਾਰਕ ਬਣਾਏ ਜਾਣ ਦੀ ਸਥਿਤੀ 'ਚ ਉਹ ਮਕਾਨ ਤੋਂ ਕਬਜ਼ਾ ਛੱਡ ਦੇਣਗੇ।



ਪਾਕਿਸਤਾਨ ਦੇ ਮੰਨੇ ਪ੍ਰਮੰਨੇ ਵਕੀਲ ਆਬਿਦ ਹਸਨ ਮਿੰਟੋ ਵੀ ਭਗਤ ਸਿੰਘ ਦੇ ਪ੍ਰਸ਼ੰਸਕ ਹਨ। ਉਹਨਾਂ ਦਾ ਕਹਿਣਾ ਹੈ ਕਿ ਪਾਕਿਸਤਾਨ 'ਚ ਇਸ ਸ਼ਹੀਦ ਦੇ ਨਾਮ ਨਾਲ ਜੁੜੇ ਸਾਰੇ ਸਥਾਨਾਂ ਨੂੰ ਪੁਰਾਣਾ ਰੂਪ ਮਿਲਣਾ ਚਾਹੀਦਾ ਹੈ। ਇਹ ਇਸ ਕ੍ਰਾਂਤੀਕਾਰੀ ਸ਼ਹੀਦ ਨੂੰ ਸੱਚੀ ਸ਼ਰਧਾਂਜਲੀ ਹੋਵੇਗੀ। ਇਹੀ ਨਹੀਂ ਬਲਕਿ ਪਾਕਿਸਤਾਨ ਦਾ ਇਕ ਹੋਰ ਸੰਗਠਨ 'ਵਰਲਡ ਪੰਜਾਬ ਕਾਂਗਰਸ' ਵੀ ਨਿਰੰਤਰ ਇਸ ਗੱਲ ਦੀ ਮੰਗ ਕਰਦਾ ਰਿਹਾ ਹੈ ਕਿ ਸੁਤੰਤਰਤਾ ਸੈਨਾਨੀ ਭਗਤ ਸਿੰਘ ਦਾ ਦੇਸ਼ ਦੇ ਨਾਇਕਾਂ ਦੀ ਤਰ੍ਹਾਂ ਸਨਮਾਨ ਕੀਤਾ ਜਾਣਾ ਚਾਹੀਦਾ ਹੈ ਕਿਉਂਕਿ ਉਹ ਕਿਸੇ ਇਕ ਦੇਸ਼ ਜਾਂ ਧਰਮ ਤੱਕ ਸੀਮਿਤ ਨਹੀਂ ਸੀ। ਇਸ ਸੰਗਠਨ ਨੇ ਕਿਹਾ ਹੈ ਕਿ ਭਗਤ ਸਿੰਘ ਨੇ ਜਬਰ, ਚਰਮਪੰਥੀ ਅਤੇ ਤਾਨਾਸ਼ਾਹੀ ਦੇ ਵਿਰੁੱਧ ਸਾਰੀਆਂ ਸੀਮਾਵਾਂ ਦੇ ਪਾਰ ਜਾ ਕੇ ਲੜਾਈ ਲੜੀ। ਇਸ ਸੰਗਠਨ ਦੇ ਪ੍ਰਧਾਨ ਫਾਖਰ ਜ਼ਮਾਨ ਦੇ ਅਨੁਸਾਰ ਉਹ ਤਕਰੀਬਨ 20 ਸਾਲਾਂ ਤੋਂ ਸ਼ਹੀਦੇ-ਆਜ਼ਮ ਦਾ ਸਮਾਰਕ ਬਣਾਉਣ ਦੀ ਕੋਸ਼ਿਸ਼ ਕਰ ਰਹੇ ਹਨ। ਜ਼ਮਨ ਫਾਂਸੀ ਸਥਾਨ ਦਾ ਨਾਮ 'ਭਗਤ ਸਿੰਘ ਚੌਕ' ਰੱਖਣ ਦੇ ਪੱਖ 'ਚ ਹਨ ਅਤੇ ਕਹਿੰਦੇ ਹਨ ਕਿ ਇਹ ਸਮਾਂ ਹੈ ਜਦੋਂ ਪੰਜਾਬ ਦੇ ਇਸ ਮਹਾਂਨਾਇਕ ਨੂੰ ਸ਼ਰਧਾਂਜਲੀ ਦੇਣ ਦੇ ਲਈ ਸਮਾਰਕ ਸਥਾਪਤ ਕਰ ਸਕਦੇ ਹਾਂ। ਇਹ ਸਾਲ ਭਰ ਪਹਿਲਾਂ ਦੀ ਹੀ ਗੱਲ ਹੈ ਜਦੋਂ ਉਨ੍ਹਾਂ ਨੇ ਉਮੀਦ ਜਤਾਈ ਸੀ ਕਿ ਦੋਨਾਂ ਦੇਸ਼ਾਂ ਵਿੱਚ ਮਿੱਤਰਤਾ ਸਬੰਧਾਂ ਦੇ ਲਈ ਕੰਮ ਕਰ ਰਹੇ ਸ਼ਾਂਤੀ ਸਮੂਹ ਅਤੇ ਬੁੱਧੀਜੀਵੀ ਇਸ ਮੁੱਦੇ ਨੂੰ ਉਠਾਉਣ ਲਈ ਭਾਰਤ ਸਰਕਾਰ ਉੱਤੇ ਦਬਾਅ ਬਣਾਉਣਗੇ। ਜ਼ਮਨ ਨੇ ਉਨ੍ਹੀਂ ਦਿਨੀਂ ਇਹ ਸਵਾਲ ਵੀ ਜ਼ਰੂਰੀ ਤੌਰ 'ਤੇ ਉਠਾਇਆ ਸੀ ਕਿ ਜਦੋਂ ਦੋਨਾਂ ਮੁਲਕਾਂ 'ਚ ਆਵਾਜਾਈ ਦੇ ਲਈ ਵਪਾਰੀਆਂ ਨੂੰ ਬਹੁ-ਪ੍ਰਦੇਸ਼ ਵੀਜ਼ਾ ਮਿਲ ਸਕਦਾ ਹੈ ਤਾਂ ਲੇਖਕਾਂ ਅਤੇ ਬੁੱਧੀਜੀਵੀਆਂ ਨੂੰ ਕਿਉਂ ਨਹੀਂ?

ਇਹ ਸੰਯੋਗ ਹੀ ਹੈ ਕਿ 23 ਮਾਰਚ ਦੀ ਜਿਸ ਤਾਰੀਖ ਨੂੰ ਲਾਹੌਰ 'ਚ ਭਗਤ ਸਿੰਘ ਅਤੇ ਉਸਦੇ ਸਾਥੀਆਂ ਨੂੰ ਫਾਂਸੀ 'ਤੇ ਲਟਕਾਇਆ ਗਿਆ ਸੀ, ਉਸੇ ਤਾਰੀਖ ਨੂੰ 1940 'ਚ ਮੁਸਲਿਮ ਲੀਗ ਨੇ ਆਪਣੀ ਲਾਹੌਰ ਇਕੱਤਰਤਾ 'ਚ ਪਾਕਿਸਤਾਨ ਬਣਾਉਣ ਦਾ ਪ੍ਰਸਤਾਵ ਕੀਤਾ ਸੀ। ਹੁਣ ਪਾਕਿਸਤਾਨ 'ਚ 23 ਮਾਰਚ ਨੂੰ 'ਪਾਕਿਸਤਾਨ ਦਿਵਸ' ਮਨਾਇਆ ਜਾਂਦਾ ਹੈ। ਲੇਕਿਨ ਤਿੰਨ ਕੁ ਵਰ੍ਹੇ ਪਹਿਲਾਂ ਇਸ ਇਤਿਹਾਸਕ ਦਿਵਸ 'ਤੇ ਉੱਥੇ ਜੋ ਕੁਝ ਹੋਇਆ ਉਹ ਕੁਝ ਅਲੱਗ ਢੰਗ ਦਾ ਸੀ। ਇਕਦਮ ਬਦਲਿਆ-ਬਦਲਿਆ ਨਜ਼ਾਰਾ। ਸ਼ਾਦਮਾਨ ਚੌਕ 'ਤੇ 30 ਤੋਂ ਜ਼ਿਆਦਾ ਲੋਕ ਤੇਜ਼ ਧੁੱਪ 'ਚ ਘੰਟਿਆਂਬੱਧੀ ਪ੍ਰਦਰਸ਼ਨ ਕਰਦੇ ਰਹੇ। ਇਨ੍ਹਾਂ 'ਚ ਸਮਾਜਿਕ ਕਾਰਕੁੰਨ, ਫੈਕਟਰੀ ਮਜ਼ਦੂਰ, ਕੁਝ ਖੱਬੇਪੱਖੀ, ਅਲੱਗ-ਅਲੱਗ ਯੂਨੀਵਰਸਿਟੀਆਂ ਦੇ ਵਿਦਿਆਰਥੀਆਂ ਦੇ ਨਾਲ ਕੁਝ ਇਕ ਬੱਚੇ ਵੀ ਸਨ। ਉਹ ਸਭ 'ਜ਼ਿੰਦਾ ਹੈ, ਭਗਤ ਸਿੰਘ ਜ਼ਿੰਦਾ ਹੈ', 'ਵੀ ਸੈਲਿਊਟ ਭਗਤ ਸਿੰਘ', 'ਹਰ ਜ਼ੁਲਮ ਦਾ ਇਕ ਜਵਾਬ, ਇਨਕਲਾਬ ਜ਼ਿੰਦਾਬਾਦ' ਜਿਹੇ ਨਾਅਰੇ ਲਗਾ ਰਹੇ ਸੀ। ਉਨ੍ਹਾਂ ਦੀ ਮੰਗ ਵੀ ਇਹੀ ਸੀ ਯਾਨੀ ਸ਼ਾਦਮਾਨ ਚੌਕ ਨੂੰ ਭਗਤ ਸਿੰਘ ਚੌਕ ਘੋਸ਼ਿਤ ਕਰੋ। ਉਹ ਵਾਰ-ਵਾਰ ਕਹਿ ਰਹੇ ਸੀ ਕਿ ਅਨੇਕਾਂ ਸਾਲਾਂ ਤੋਂ ਉਨ੍ਹਾਂ ਦੀ ਇਹ ਮੰਗ ਨਹੀਂ ਮੰਨੀ ਜਾ ਰਹੀ, ਅਜਿਹੇ 'ਚ ਉਨ੍ਹਾਂ ਨੇ ਖੁਦ ਹੀ ਉਸ ਸਥਾਨ 'ਤੇ ਭਗਤ ਸਿੰਘ ਚੌਕ ਦਾ ਸਾਇਨ ਬੋਰਡ ਲਗਾਉਣ ਦਾ ਫੈਸਲਾ ਕੀਤਾ ਹੈ। ਉਹ ਪ੍ਰਦਰਸ਼ਨਕਾਰੀ ਉੱਥੇ ਸੂਰਜ ਢਲਣ ਦੇ ਬਾਅਦ ਤੱਕ ਡਟੇ ਰਹੇ। ਫਿਰ ਰਾਤ ਨੂੰ ਉਨ੍ਹਾਂ ਨੇ ਮੋਮਬੱਤੀਆਂ ਜਲਾ ਕੇ ਮਾਰਚ ਕੱਢਿਆ। ਬੇਹੱਦ ਉਤਸਾਹਿਤ ਸੀ ਸਭ। ਉੱਥੇ ਮੌਜੂਦ ਸੋਨੀਆ ਕਾਇਰ ਨੇ ਨਿਡਰਤਾ ਨਾਲ ਕਿਹਾ ਕਿ 'ਪਾਕਿਸਤਾਨ 'ਚ ਭਗਤ ਸਿੰਘ ਦੇ ਆਦਰਸ਼ਾਂ ਨੂੰ ਫਿਰ ਤੋਂ ਜ਼ਿੰਦਾ ਕਰਨਾ ਬਹੁਤ ਜ਼ਰੂਰੀ ਹੈ। ਉੱਥੇ ਲੋਕ ਗਰੀਬੀ 'ਚ ਜਿਊਂ ਰਹੇ ਹਨ। ਧਾਰਮਿਕ ਕੱਟੜਤਾ ਦੀ ਸਮੱਸਿਆ ਮੂੰਹ ਅੱਡੀ ਖੜ੍ਹੀ ਹੈ। ਭਗਤ ਸਿੰਘ ਦੀ ਵਿਰਾਸਤ ਯਾਦ ਦਿਵਾਉਂਦੀ ਹੈ ਕਿ ਅਸੀਂ ਸਭ ਇਨਸਾਨ ਹਾਂ ਅਤੇ ਅਸੀਂ ਸ਼ੋਸ਼ਣ ਤੋਂ ਮੁਕਤ ਹੋਣਾ ਹੈ।'

ਯਾਦ ਆਉਂਦਾ ਹੈ ਪਾਕਿਸਤਾਨ 'ਚ ਇਕ ਨਾਮ ਅਮੀਰ ਜਲਾਲ ਦਾ। ਉਹ ਉੱਥੇ ਪੰਜਾਬ ਯੂਨੀਵਰਸਿਟੀ ਦੇ ਵਿਦਿਆਰਥੀ ਹਨ ਅਤੇ ਯੂਨੀਵਰਸਿਟੀ ਸਟੂਡੈਂਟ ਫੈਡਰੇਸ਼ਨ (ਯੂ. ਐਸ. ਐਫ) ਦੇ ਸੰਚਾਲਕ ਵੀ। ਕਦੇ ਉਹ ਸੰਗਠਨ ਉਸ 'ਇਸਲਾਮੀ-ਜਮੀਅਤ-ਏ-ਤੁਲਬਾ' ਦਾ ਵਿਰੋਧ ਕਰਨ ਦੇ ਲਈ ਬਣਿਆ ਸੀ ਕਿਉਂਕਿ ਉਸਦੀ ਸਥਾਨਨਾ ਜਿਆ-ਉਲ-ਹੱਕ ਦੀ ਤਾਨਾਸ਼ਾਹੀ ਦੇ ਸਮੇਂ ਪ੍ਰਗਤੀਸ਼ੀਲ, ਖੱਬੇਪੱਖੀ ਅਤੇ ਅਮਨ ਦੀਆਂ ਹਾਮੀ ਵਿਦਿਆਰਥੀ ਜਥੇਬੰਦੀਆਂ ਨੂੰ ਕੁਚਲਨ ਦੇ ਲਈ ਕੀਤੀ ਗਈ ਸੀ। ਮੈਨੂੰ ਨਹੀਂ ਪਤਾ ਕਿ ਯੂਨੀਵਰਸਿਟੀ ਸਟੂਡੈਂਟ ਫੈਡਰੇਸ਼ਨ ਦੀ ਹੁਣ ਕੀ ਸਥਿਤੀ ਹੈ। ਸ਼ਾਇਦ ਬੰਦ ਪਈ ਹੋਵੇ। ਪਰ 2010 'ਚ 23 ਮਾਰਚ ਨੂੰ ਲਾਹੌਰ 'ਚ ਲਾਪਤਾ ਵਿਅਕਤੀਆਂ ਦੇ ਮੁੱਦੇ 'ਤੇ ਇਕ ਸੈਮੀਨਰ ਆਯੋਜਿਤ ਹੋਇਆ ਜਿਸ 'ਚ ਅਮੀਰ ਜਲਾਲ ਪਹੁੰਚੇ। ਉਸ ਵਕਤ ਉਹ ਭਗਤ ਸਿੰਘ 'ਤੇ ਜ਼ੋਰਦਾਰ ਢੰਗ ਨਾਲ ਬੋਲੇ। ਉਨ੍ਹਾਂ ਦਾ ਕਹਿਣਾ ਸੀ ਕਿ, "ਭਗਤ ਸਿੰਘ ਵੀ ਲਾਪਤਾ ਹੈ ਅਤੇ ਜੇ ਅਸੀਂ ਖੁਦ ਨੂੰ ਲੱਭਣਾ ਹੈ ਤਾਂ ਸਾਨੂੰ ਉਨ੍ਹਾਂ ਨੂੰ ਲੱਭਣਾ ਹੋਵੇਗਾ। ਜਲਾਲ ਜਿਹੇ ਨੌਜਵਾਨਾਂ ਦੇ ਇਸ ਕਥਨ 'ਤੇ ਸਾਨੂੰ ਧਿਆਨ ਦੇਣਾ ਹੋਵੇਗਾ ਕਿ 'ਯੂ ਐਸ ਐਫ ਨੇ ਧਰਮ ਨਿਰਪੱਖਤਾ, ਬਹੁਲਤਾਵਾਦ ਅਤੇ ਲੋਕਤੰਤਰ ਜਿਹੇ ਮੁੱਲਾਂ ਦਾ ਸਮਰਥਨ ਕੀਤਾ। ਸਾਨੂੰ ਆਪਣੀ ਪ੍ਰੇਰਣਾ ਦੂਸਰਿਆਂ ਦੇ ਇਲਾਵਾ ਭਗਤ ਸਿੰਘ ਦੇ ਆਦਰਸ਼ਾਂ 'ਚੋਂ ਵੀ ਮਿਲੀ। ਅਸੀਂ ਦੋਸਤਾਂ ਦੇ ਨਾਲ ਅਕਸਰ ਉਨ੍ਹਾਂ ਦੀ ਚਰਚਾ ਕਰਦੇ ਹੁੰਦੇ ਸੀ।'

ਖ਼ਬਰ ਬਲੋਚਿਸਤਾਨ ਦੀ ਵੀ ਹੈ। ਉੱਥੇ ਰਾਸ਼ਟਰਵਾਦੀਆਂ ਦੇ ਵਿਰੁੱਧ ਪੰਜ ਸੈਨਾ ਅਭਿਆਨ ਚਲਾਏ ਜਾ ਚੁੱਕੇ ਹਨ ਜਿਸ ਵਿਚ ਹਜ਼ਾਰਾਂ ਬਲੋਚ ਕਾਰਕੁੰਨ ਫੜੇ ਗਏ। ਇਨ੍ਹਾਂ 'ਚੋਂ ਕਈ ਤਾਂ ਗੁੰਮ ਹਨ। 6 ਬਲੋਚ ਸਟੂਡੈਂਟਸ ਆਰਗੇਨਾਈਜੇਸ਼ਨ ਦੇ ਮੈਂਬਰ ਵੀ ਭਗਤ ਸਿੰਘ ਦੇ ਪ੍ਰਤੀ ਸ਼ਰਧਾਵਾਨ ਹਨ। ਉਨ੍ਹਾਂ ਨੇ ਵੀ ਸ਼ਾਦਮਾਨ ਚੌਕ 'ਤੇ ਭਗਤ ਸਿੰਘ ਨੂੰ ਆਪਣੀ ਸ਼ਰਧਾਂਜਲੀ ਭੇਟ ਕੀਤੀ। ਲੋਕਾਂ ਨੂੰ ਯਾਦ ਹੋਵੇਗਾ 2007 ਤੋਂ 2009 ਤੱਕ ਪਾਕਿਸਤਾਨ ਦੇ ਵਕੀਲਾਂ ਨੇ ਸੈਨਿਕ ਤਾਨਾਸ਼ਾਹ ਪ੍ਰਵੇਜ਼ ਮੁਸ਼ੱਰਫ਼ ਦੇ ਵਿਰੁੱਧ ਜ਼ੋਰਦਾਰ ਮੁਹਿਮ ਚਲਾਈ। ਪਾਕਿਸਤਾਨ ਦੀ ਧਰਤੀ 'ਤੇ ਇਹ ਇਕ ਅਲੱਗ ਢੰਗ ਦਾ ਅੰਦੋਲਨ ਸੀ। ਇਸ ਰਾਜਨੀਤਕ ਚੇਤਨਾ ਨੇ ਹੀ ਅੰਤ ਮੁਸ਼ੱਰਫ ਦੀ ਵਿਦਾਈ ਦੀ ਪਟਕਥਾ ਲਿਖਣੀ ਸ਼ੁਰੂ ਕੀਤੀ। ਮੈਨੂੰ ਉਦੋਂ ਇਹ ਦੇਖ-ਜਾਣ ਕੇ ਖੁਸ਼ੀ ਹੋਈ ਕਿ ਉਨ੍ਹਾਂ ਪ੍ਰਦਰਸ਼ਨਾਂ 'ਚ ਭਗਤ ਸਿੰਘ ਦੇ ਨਾਅਰੇ ਸੀ ਅਤੇ ਲੋਕਾਂ ਦੀ ਜ਼ੁਬਾਨ 'ਤੇ 'ਸਰਫਰੋਸ਼ੀ ਕੀ ਤਮੰਨਾ' ਜਿਹਾ ਕ੍ਰਾਂਤੀਕਾਰੀ ਗੀਤ ਬੋਲ ਰਿਹਾ ਸੀ। ਉਨ੍ਹਾਂ ਰੈਲੀਆਂ 'ਚ ਸ਼ਾਮਲ ਇਕ ਨੌਜਵਾਨ ਵਕੀਲ ਉਮਰ ਚੌਧਰੀ ਦਾ ਕਿਹਾ ਵੇਖੋ 'ਉਪ ਮਹਾਂਦੀਪ ਦੇ ਇਸ ਹਿੱਸੇ 'ਚ ਬ੍ਰਿਟਿਸ਼ ਰਾਜ ਦੇ ਖਿਲਾਫ਼ ਚੱਲੇ ਸੰਘਰਸ਼ 'ਚ ਗੈਰ ਮੁਸਲਮਾਨਾਂ ਦੀ ਭੂਮਿਕਾ ਨੂੰ ਅਸਾਨੀ ਨਾਲ ਭੁੱਲ ਜਾਂਦੇ ਹਨ। ਭਗਤ ਸਿੰਘ ਦੇ ਨਾਲ ਇਵੇਂ ਹੀ ਹੋਇਆ। ਇਹ ਗੱਲ ਪਾਠ ਪੁਸਤਕਾਂ 'ਚ ਕਿਤੇ ਨਜ਼ਰ ਨਹੀਂ ਆਉਂਦੀ ਕਿ ਮੁਹੰਮਦ ਅਲੀ ਜਿਨਾਹ ਭਗਤ ਸਿੰਘ ਦਾ ਸਮਰਥਨ ਕਰਦੇ ਸਨ। ਵੈਸੇ



ਇਸ ਵਿਚ ਹੈਰਾਨੀ ਦੀ ਵੀ ਕੋਈ ਗੱਲ ਨਹੀਂ ਹੈ। ਭਗਤ ਸਿੰਘ ਵਿਦਰੋਹ ਦਾ ਪ੍ਰਤੀਕ ਹੈ ਤਾਂ ਉਹ ਉਸ ਸਰਕਾਰ ਦੇ ਲਈ ਹੀਰੋ ਕਿਵੇਂ ਹੋ ਸਕਦਾ ਹੈ ਜੋ ਲੋਕਾਂ ਦੀ ਪ੍ਰਤੀਨਿਧਤਾ ਨਹੀਂ ਕਰਦੀ।'

ਪਾਕਿਸਤਾਨ ਦੇ ਕਬਜ਼ੇ ਹੇਠਲੇ ਕਸ਼ਮੀਰ 'ਚ ਇਕ ਸੰਗਠਨ ਹੈ। 'ਜੰਮੂ-ਕਸ਼ਮੀਰ ਨੈਸ਼ਨਲ ਸਟੂਡੈਂਟਸ ਫੈਡਰੇਸ਼ਨ' (ਜੇ ਕੇ ਐਨ ਐਸ ਐਫ) ਜੋ ਲਗਾਤਾਰ ਪਾਕਿਸਤਾਨ ਸਰਕਾਰ ਦੇ ਸਹਿਯੋਗ ਨਾਲ ਚਲ ਰਹੇ ਜਿਹਾਦੀ ਕੈਂਪਾਂ ਦਾ ਖੁੱਲ੍ਹੇਆਮ ਵਿਰੋਧ ਕਰਦਾ ਹੈ। ਇਸ ਸੰਗਠਨ ਦੀ ਸੋਚ ਅਤੇ ਗਤੀਵਿਧੀਆਂ ਦੀਆਂ ਸੂਚਨਾਵਾਂ ਅਕਸਰ ਮੀਡੀਆ 'ਚ ਦਬਾਅ ਦਿੱਤੀਆਂ ਜਾਂਦੀਆਂ ਹਨ। ਪਾਕਿ ਸਰਕਾਰ ਵੀ ਇਵੇਂ ਹੀ ਚਾਹੁੰਦੀ ਹੈ। ਇਹ ਵੀ ਸੋਚ ਹੈ ਕਿ ਇਸਦੇ ਅਨੇਕਾਂ ਕਾਰਕੁੰਨਾਂ ਨੂੰ ਪਾਕਿਸਤਾਨੀ ਏਜੰਸੀਆਂ ਅਗਵਾ ਕਰ ਚੁੱਕੀਆਂ ਹਨ। ਸਾਡੇ ਲਈ ਇਹ ਜਾਣਨਾ ਸੁਖਦ ਹੈ ਕਿ ਇਸਦੀਆਂ ਰੈਲੀਆਂ 'ਚ ਲਹਿਰਾਉਂਦੇ ਪੋਸਟਰ/ਤਸਵੀਰਾਂ 'ਚ ਭਗਤ ਸਿੰਘ ਅਤੇ ਚੀ-ਗੁਵੇਰਾ ਹੁੰਦੇ ਹਨ। ਸੁਣੋਗੇ ਤੁਸੀਂ ਕਸ਼ਮੀਰ ਵਿਦਿਆਰਥੀ ਦਾਨਿਸ਼ ਖਾਨ ਦਾ ਬਿਆਨ-'ਤੁਹਾਡੇ ਜਿਹੇ ਜ਼ਿਆਦਾਤਰ ਬਾਹਰੀ ਲੋਕਾਂ ਦੇ ਲਈ ਇਹ ਇਕ ਅਨੂਠੀ ਘਟਨਾ ਹੈ ਪਰ ਕਸ਼ਮੀਰ ਦੇ ਨੌਜਵਾਨਾਂ ਦੇ ਲਈ ਭਗਤ ਸਿੰਘ ਦੀ ਜ਼ਿੰਦਗੀ ਅਤੇ ਉਸਦੀ ਲੜਾਈ ਪ੍ਰੇਰਣਾ ਅਤੇ ਹੌਸਲੇ ਦਾ ਸ੍ਰੋਤ ਹੈ। ਉਹ ਪਾਕਿਸਤਾਨ ਨੂੰ ਜਬਰੀ ਕਬਜ਼ਾ ਜਮ੍ਹਾ ਕੇ ਬੈਠੀ ਤਾਕਤ ਦੇ ਰੂਪ 'ਚ ਵੇਖਦੇ ਹਨ, ਠੀਕ ਉਸੇ ਤਰ੍ਹਾਂ ਜਿਵੇਂ ਭਗਤ ਬ੍ਰਿਟਿਸ਼ ਹਕੂਮਤ ਨੂੰ ਦੇਖਦੇ ਸਨ।'

ਦੇਸ਼ ਵੰਡ ਦੇ 52 ਸਾਲਾਂ ਬਾਅਦ ਪਾਕਿਸਤਾਨ 'ਚ ਸੰਭਾਵਤ ਪਹਿਲੀ ਵਾਰ ਭਗਤ ਸਿੰਘ ਦੀ ਸ਼ਹਾਦਤ ਦੀ ਬਰਸੀ ਮਨਾਈ ਗਈ ਸੀ। 23 ਮਾਰਚ ਨੂੰ ਲਾਹੌਰ 'ਚ ਸੰਪੰਨ ਹੋਏ ਇਸ ਪ੍ਰੋਗਰਾਮ 'ਚ ਰਾਜਨੀਤਕ ਕਾਰਕੁੰਨ, ਲੇਖਕਾਂ, ਪੱਤਰਕਾਰਾਂ, ਸਭਿਆਚਾਰਕ ਕਾਮਿਆਂ ਅਤੇ ਵਿਦਿਆਰਥੀਆਂ ਨੇ ਬੇਹੱਦ ਆਪਣੇਪਣ ਨਾਲ ਹਿੱਸੇਦਾਰ ਹੁੰਦੇ ਹੋਏ ਇਸ ਕ੍ਰਾਂਤੀਕਾਰੀ ਸ਼ਹੀਦ ਨੂੰ ਆਪਣੀ ਸ਼ਰਧਾਂਜਲੀ ਭੇਟ ਕੀਤੀ। ਪ੍ਰਸਿੱਧ ਇਤਿਹਾਸਕਾਰ ਡਾ. ਲਾਲ ਬਹਾਦਰ ਵਰਮਾ ਵੀ ਉਨ੍ਹਾਂ 'ਚ ਸ਼ਾਮਲ ਸਨ। ਉਨ੍ਹਾਂ ਨੇ ਦੱਸਿਆ ਸੀ ਕਿ ਪ੍ਰੋਗਰਾਮ 'ਚ ਮੌਜੂਦ ਲੋਕਾਂ ਨੇ ਮੰਨਿਆ ਕਿ ਦੋਨਾਂ ਦੇਸ਼ਾਂ ਦੇ ਲੋਕਾਂ ਨੂੰ ਹੋਰ ਨੇੜੇ ਲਿਆਉਣ 'ਚ ਭਗਤ ਸਿੰਘ ਦਾ ਵਿਅਕਤੀਤਵ ਅਤੇ ਉਨ੍ਹਾਂ ਦੇ ਵਿਚਾਰ ਇਕ ਪ੍ਰੇਰਣਾ ਸ੍ਰੋਤ ਬਣ ਸਕਦੇ ਹਨ। ਉਨ੍ਹਾਂ ਨੇ ਇਹ ਵੀ ਦੱਸਿਆ ਕਿ ਇਕ ਸਾਲ ਪਹਿਲਾਂ 23 ਮਾਰਚ ਨੂੰ ਲਾਹੌਰ 'ਚ ਏਲਨ ਵੁੱਡਜ਼ ਦੀ ਪ੍ਰਸਿੱਧ ਪੁਸਤਕ 'ਰੀਜਨ ਇਕ ਰਿਵੌਲਟ' ਦੇ ਉਰਦੂ ਸੰਸਕਰਨ ਦੇ ਉਦਘਾਟਨ ਸਮਾਰੋਹ ਦਾ ਵੱਡਾ ਭਾਗ ਭਗਤ ਸਿੰਘ ਦੀ ਯਾਦ ਨੂੰ ਸਮਰਪਿਤ ਸੀ ਜਿਸ ਦੀ ਪ੍ਰਧਾਨਗੀ ਉਰਦੂ ਦੈਨਿਕ 'ਜੰਗ' ਦੇ ਪੂਜਨੀਕ ਥੰਮ ਅਤੇ ਅਨੇਕਾਂ ਲੋਕਪ੍ਰਿਆ ਟੀ. ਵੀ. ਸੀਰੀਅਲਾਂ ਦੇ ਲੇਖਕ ਮਨੂੰ ਭਾਈ ਨੇ ਕੀਤੀ ਸੀ। ਮੈਨੂੰ ਇਹ ਵੀ ਪਤਾ ਲੱਗਾ ਕਿ ਪਾਕਿਸਤਾਨ ਦੇ ਸਤਿਕਾਰਤ ਪੰਦਰਵਾੜਾ 'ਜਦੋ ਜਹਿਦ' ਦੇ ਸੰਪਾਦਕ ਮੰਜੂਰ ਅਹਿਮਦ ਨੇ ਇਸ ਮੌਕੇ 'ਤੇ ਕਿਹਾ ਸੀ ਕਿ ਉਨ੍ਹਾਂ ਨੂੰ ਅੱਜ ਇਸ ਗੱਲ 'ਤੇ ਸ਼ਰਮਿੰਦਗੀ ਮਹਿਸੂਸ ਹੈ ਰਹੀ ਹੇ ਕਿ ਉਹ ਉਸੇ ਸ਼ਹਿਰ ਕਸੂਰ ਦੇ ਰਹਿਣ ਵਾਲੇ ਹਨ ਜਿਸ ਦੇ ਬਾਸ਼ਿੰਦੇ ਗੁਲਾਮ ਮੁਹੰਮਦ ਖਾਂ ਨੇ ਭਗਤ ਸਿੰਘ ਅਤੇ ਉਸਦੇ ਦੋ ਸਾਥੀਆਂ ਦੀ ਫਾਂਸੀ ਦੇ ਦਸਤਾਵੇਜ਼ ਉੱਤੇ ਦਸਤਖਤ ਕੀਤੇ ਸੀ ਜਦ ਕਿਸੇ ਦੂਸਰੇ ਹਿੰਦੋਸਤਾਨੀ ਨੇ ਅਜਿਹਾ ਕਰਨ ਤੋਂ ਇਨਕਾਰ ਕਰ ਦਿੱਤਾ ਸੀ। ਅੱਜ ਪਾਕਿਸਤਾਨ 'ਚ ਗੁਲਾਮ ਮੁਹੰਮਦ ਦਾ ਕੋਈ ਨਾਮਲੇਵਾ ਨਹੀਂ ਹੈ ਜਦਕਿ ਭਗਤ ਸਿੰਘ ਨੂੰ ਬਜ਼ੁਰਗ ਪੀੜ੍ਹੀ ਬਹੁਤ ਪਿਆਰ ਅਤੇ ਇੱਜ਼ਤ ਨਾਲ ਯਾਦ ਕਰਦੀ ਹੈ। ਇਹ ਵੀ ਜਾਣਨਯੋਗ ਹੈ ਕਿ 23 ਮਾਰਚ 1931 ਦੀ ਸ਼ਾਮ ਨੂੰ ਇਨ੍ਹਾਂ ਤਿੰਨਾਂ ਕ੍ਰਾਂਤੀਕਾਰੀਆਂ ਦੀ ਫਾਂਸੀ ਦੇ ਬਾਅਦ ਉਨ੍ਹਾਂ ਦੇ ਸਰੀਰ ਦੇ ਟੁਕੜੇ ਕਰਕੇ ਸਤਲੁਜ ਦੇ ਕਿਨਾਰੇ ਜਲਾਉਂਦੇ ਸਮੇਂ ਅੰਗਰੇਜ਼ੀ ਫੌਜੀ ਅਫ਼ਸਰ ਜਿਸ ਹਿੰਦੂ ਪੰਡਿਤ ਅਤੇ ਸਿੱਖ ਗ੍ਰੰਥੀ ਨੂੰ ਲੈ ਕੇ ਗਏ ਸੀ, ਉਹ ਵੀ ਕਸੂਰ ਦੇ ਹੀ ਰਹਿਣ ਵਾਲੇ ਸਨ। ਪਾਕਿਸਤਾਨ 'ਚ ਭਗਤ ਸਿੰਘ ਅਤੇ ਉਸਦੇ ਸ਼ਹੀਦ ਸਾਥੀਆਂ ਨੂੰ ਜਾਣਨ ਵਾਲੇ ਸਨ। ਪਾਕਿਸਤਾਨ 'ਚ ਭਗਤ ਸਿੰਘ ਅਤੇ ਉਸਦੇ ਸ਼ਹੀਦ ਸਾਥੀਆਂ ਨੂੰ ਜਾਣਨ ਵਾਲੇ ਅੱਜ ਬਹੁਤ ਥੋੜ੍ਹੇ ਹਨ। ਮੈਨੂੰ ਇਹ ਵੀ ਦੱਸਿਆ ਗਿਆ ਕਿ ਇਸ ਪ੍ਰੋਗਰਾਮ 'ਚ ਵੀ ਇੱਥੇ ਭਗਤ ਸਿੰਘ ਦੀ ਤਸਵੀਰ ਨਹੀਂ ਸੀ ਪਰ ਭਾਰਤ ਤੋਂ ਪਹੁੰਚੇ ਇਕ ਪ੍ਰਤੀਨਿਧ ਦੇ ਕੋਲ ਇਸ ਸ਼ਹੀਦ ਦਾ ਇਕ ਛੋਟਾ ਚਿੱਤਰ ਸੀ ਜਿਸ ਨੂੰ ਵੱਡਾ ਕਰਕੇ ਉਥੇ ਲਗਾਇਆ ਗਿਆ ਸੀ। ਇਹ ਘੱਟ ਸਨਮਾਨਜਨਕ ਨਹੀਂ ਹੈ ਕਿ ਪਾਕਿਸਤਾਨ 'ਚ ਸਿੰਧੀ ਸ਼ਾਇਰ ਸ਼ੇਖ ਅਜਾਜ ਨੇ 'ਇੰਸਟੀਚਿਊਟ ਆਫ਼ ਸਿੰਧੀਆਲੌਜੀ' ਤੋਂ ਪ੍ਰਕਾਸ਼ਿਤ ਆਪਣੀ ਪੁਸਤਕ 'ਚ ਭਗਤ ਸਿੰਘ ਅਤੇ ਉਸਦੇ ਸਾਥੀਆਂ ਦੇ ਫਾਂਸੀ 'ਤੇ ਚੜ੍ਹਨ ਤੋਂ ਪਹਿਲਾਂ ਦੇ ਵਿਚਾਰਾਂ 'ਤੇ ਇਕ ਕਾਵਿਕ ਨਾਟਕ ਦੀ ਰਚਨਾ ਕੀਤੀ। ਇਤਿਹਾਸ ਅਤੇ ਸੰਸਕ੍ਰਿਤੀ ਦਾ ਇਹ ਸਵਾਲ ਹੁਣ ਬੇਈਮਾਨੀ ਨਹੀਂ ਹੈ ਕਿ ਸਰਹੱਦ ਪਾਰ ਸ਼ਹੀਦੇ-ਆਜ਼ਮ ਦੀ ਕ੍ਰਾਂਤੀਕਾਰੀ ਚੇਤਨਾ ਅਤੇ ਸ਼ਹਾਦਤ ਦੀ ਯਾਦ ਦੋਨਾਂ ਦੇਸ਼ਾਂ ਦੇ ਵਿਚਕਾਰ ਬਹੁਤ ਸਾਰੇ ਮਸਲਿਆਂ ਨੂੰ ਸੁਲਝਾਉਣ ਦੀ ਦਿਸ਼ਾ 'ਚ ਸਾਨੂੰ ਰੌਸ਼ਨੀ ਵਿਖਾਉਣ ਦਾ ਕੰਮ ਕਰ ਸਕਦੀ ਹੈ। ਭਗਤ ਸਿੰਘ ਸਾਡਾ ਹੈ ਤਾਂ ਤੁਹਾਡਾ ਵੀ ਤਾਂ ਹੈ ਲਾਹੌਰੀਆਂ ਦਾ। ਸਾਲ 2007 'ਚ ਸ਼ਹੀਦ ਭਗਤ ਸਿੰਘ ਦੇ ਭਾਣਜੇ ਪ੍ਰੋ. ਜਗਮੋਹਣ ਸਿੰਘ ਨੇ ਪਾਕਿਸਤਾਨ ਦੀ ਯਾਤਰਾ ਕੀਤੀ ਸੀ। ਉਹ ਸ਼ਹੀਦੇ-ਆਜ਼ਮ ਦਾ ਜਨਮ ਸ਼ਤਾਬਦੀ ਸਾਲ ਸੀ। ਉਨ੍ਹਾਂ ਨੇ ਵੀ ਦੱਸਿਆ ਸੀ ਕਿ ਪਾਕਿਸਤਾਨ ਦੇ ਪੰਜਾਬ ਸੂਬੇ ਦੇ ਤਤਕਾਲੀਨ ਗਵਰਨਰ ਨੇ ਵਾਅਦਾ ਕੀਤਾ ਸੀ ਕਿ ਭਗਤ ਸਿੰਘ ਨੂੰ ਫਾਂਸੀ ਦਿੱਤੇ ਜਾਣ ਵਾਲੀ ਜਗ੍ਹਾ 'ਤੇ ਸ਼ਹੀਦ ਦਾ ਸਮਾਰਕ ਬਣਾਇਆ ਜਾਵੇਗਾ, ਪਰ ਉਹ ਪੂਰਾ ਨਹੀਂ ਹੋਇਆ।

....ਹੁਣ ਨਵੀਂ ਖ਼ਬਰ ਇਹ ਹੈ ਕਿ ਪਾਕਿ ਦੀ ਧਰਤੀ 'ਤੇ ਭਗਤ ਸਿੰਘ ਦਾ ਸਮਾਰਕ ਬਣਾਏ ਜਾਣ ਦਾ ਸਿਲਸਿਲਾ ਟੁੱਟ ਗਿਆ ਹੈ। ਇਹ ਸੁਣਨਾ ਸਾਡੇ ਲਈ ਅਤਿਅੰਤ ਦੁਖਦ ਹੈ। ਇਸ ਤੋਂ ਪਹਿਲਾਂ ਹੋਇਆ ਇਹ ਸੀ ਕਿ ਇਕ ਸਰਕਾਰੀ ਸੰਮਤੀ (ਪੈਨਲ) ਨੇ 'ਜਮਾਤ-ਉਦ-ਦਾਅਵਾ' (ਜੇ ਯੂ ਡੀ) ਜਿਹੇ ਉਦਾਰਵਾਦੀ ਸੰਗਠਨਾਂ ਦੇ ਤਿੱਖੇ ਵਿਰੋਧ ਨੂੰ ਨਜ਼ਰ-ਅੰਦਾਜ਼ ਕਰਦੇ ਹੋਏ ਸ਼ਾਦਮਾਨ ਚੌਕ ਦਾ ਨਾਮ ਭਗਤ ਸਿੰਘ ਦੇ ਨਾਮ 'ਤੇ ਰੱਖਣ ਦਾ ਐਲਾਨ ਕਰ ਦਿੱਤਾ ਸੀ, ਪਰ ਜੇ ਯੂ ਡੀ ਨਾਲ ਜੁੜੇ 'ਤਹਰੀਕ-ਏ-ਹੁਰਮਤ-ਏ-ਰਸੂਲ' ਨੇ ਗੋਲ ਚੱਕਰ ਨੂੰ ਸ਼ਹੀਦੇ-ਆਜ਼ਮ ਦੇ ਨਾਮ 'ਤੇ ਬਣਾਉਣ ਦੇ ਵਿਰੋਧ 'ਚ ਲਾਹੌਰ ਹਾਈਕੋਰਟ 'ਚ ਇਕ ਜਾਚਿਕਾ ਦਾਇਰ ਕੀਤੀ ਜਿਸ ਉੱਤੇ ਜੱਜ ਨਸੀਰ ਸਾਈਦ ਸ਼ੇਖ ਨੇ ਪੰਜਾਬ ਸਰਕਾਰ ਅਤੇ ਲਾਹੌਰ ਜ਼ਿਲ੍ਹਾ ਪ੍ਰਸ਼ਾਸਨ ਤੋਂ 29 ਨਵੰਬਰ 2012 ਤੱਕ ਜਵਾਬ ਮੰਗਦੇ ਹੋਏ ਨਾਮ ਬਦਲੇ ਜਾਣ 'ਤੇ ਰੋਕ ਲਗਾ ਦਿੱਤੀ। ਅੱਤਵਾਦੀ ਸੰਗਠਨ ਇਸ ਦਾ ਵਿਰੋਧ ਪਹਿਲਾਂ ਹੀ ਕਰ ਰਹੇ ਸੀ। ਜਾਚਿਕਾ ਦਾਇਰ ਕਰਨ ਵਾਲੇ ਸਥਾਨਕ ਵਪਾਰੀ ਜਾਹਿਦ ਭੱਟ ਨੇ ਦਾਅਵਾ ਕੀਤਾ ਸੀ ਕਿ ਭਾਰਤੀ ਖੁਫੀਆ ਏਜੰਸੀ ਰਾਅ ਨੇ ਇਸ ਮੁੱਦੇ ਨੂੰ ਉਠਾਉਣ ਦੇ ਲਈ 'ਭਗਤ ਸਿੰਘ ਫਾਊਡੇਸ਼ਨ' ਨੂੰ ਧੰਨ ਦਿੱਤਾ ਹੈ। ਉਨ੍ਹਾਂ 'ਚ ਇਹ ਵੀ ਕਹਿਣਾ ਸੀ ਕਿ ਫਾਊਂਡੇਸ਼ਨ ਨੇ 'ਦਿਲਕਸ਼ ਲਾਹੌਰ ਸੰਮਤੀ' ਦੇ ਨਾਲ ਲਾਬਿੰਗ ਕੀਤੀ ਹੈ। ਇਸੇ ਸੰਮਤੀ ਵਲੋਂ ਗੋਲ ਚੱਕਰ ਦਾ ਨਾਮ ਭਗਤ ਸਿੰਘ ਦੇ ਨਾਮ 'ਤੇ ਰੱਖਣ ਦੀ ਸਿਫਾਰਸ਼ ਆਈ ਹੈ।

'ਜਮਾਤ-ਉਦ-ਦਾਵਾ' ਦੇ ਨੇਤਾ ਅਤੇ ਤਹਰੀਕ-ਏ-ਹੁਰਮਤ-ਏ-ਰਸੂਲ' ਦੇ ਪ੍ਰਮੁੱਖ ਮੌਲਾਨਾ ਅਮੀਰ ਹਮਜਾ ਨੇ ਤਾਂ ਇਥੋਂ ਤੱਕ ਕਿਹਾ ਹੈ ਕਿ ਉਨ੍ਹਾਂ ਦਾ ਸੰਗਠਨ ਕਿਸੇ ਵੀ ਸਥਾਨ ਦਾ ਨਾਮ ਹਿੰਦੂਆਂ, ਸਿੱਖਾਂ ਜਾਂ ਈਸਾਈਆਂ ਦੇ ਨਾਮ 'ਤੇ ਰੱਖਣ ਦੀ ਮਨਜ਼ੂਰੀ ਨਹੀਂ ਦੇਵੇਗਾ। ਉਨ੍ਹਾਂ ਦਾ ਕਥਨ ਹੈ ਕਿ ਪਾਕਿਸਤਾਨ ਇਕ ਇਸਲਾਮੀ ਦੇਸ਼ ਹੈ ਅਤੇ ਅਜਿਹੇ ਵਿਚਾਰਾਂ ਦੀ ਸਰਾਹਣਾ ਨਹੀਂ ਕੀਤੀ ਜਾ ਸਕਦੀ। 'ਜਮਾਤ-ਉਦ-ਦਾਵਾ' ਨੇ ਇਕ ਪੱਤਰ 'ਚ ਤਿੱਖੇ ਸ਼ਬਦਾਂ 'ਚ ਜ਼ਿਲ੍ਹਾ ਪ੍ਰਸ਼ਾਸਨ ਪ੍ਰਮੁੱਖ ਨੂਰੂਲ ਅਮੀਨ ਮੇਂਗਲ ਅਤੇ ਹੋਰ ਸਰਕਾਰੀ ਅਧਿਕਾਰੀਆਂ ਨੂੰ ਇਕ ਹਿੰਦੂ ਸੁਤੰਤਰਤਾ ਸੈਨਾਨੀ ਦੇ ਨਾਮ 'ਤੇ ਉਸ ਸਥਾਨ ਦਾ ਨਾਮਕਰਨ ਕਰਨ ਦੇ ਵਿਰੁੱਧ ਚਿਤਾਵਨੀ ਦਿੱਤੀ। ਮਾਮਲਾ ਅੱਗੇ ਵਧਿਆ ਤਾਂ 'ਦਿਲਕਸ਼ ਲਾਹੌਰ ਸੰਮਤੀ' ਨੇ ਆਪਣਾ ਪੱਖ ਰੱਖਦੇ ਹੋਏ ਕਿਹਾ ਕਿ ਗੋਲ ਚੱਕਰ ਦਾ ਨਾਮ ਬਿਨਾਂ ਦੇਰੀ ਕੀਤੇ ਬਦਲ ਦਿੱਤਾ ਜਾਏ। ਇਸ ਸੰਬੰਧ 'ਚ ਸਮਾਜਿਕ ਕਾਰਕੁੰਨਾਂ ਨੇ ਪਾਕਿਸਤਾਨ ਦੀ ਇਕ ਅਦਾਲਤ 'ਚ ਦੋ ਬੇਨਤੀਆਂ ਕਰਕੇ ਉਸ ਸਥਾਨ ਨੂੰ ਸ਼ਹੀਦ ਭਗਤ ਸਿੰਘ ਦੇ ਨਾਮ 'ਤੇ ਰੱਖੇ ਜਾਣ ਦੀ ਚੁਣੌਤੀ ਦੇਣ ਦੇ ਮਾਮਲੇ 'ਚ ਉਨ੍ਹਾਂ ਨੂੰ ਵੀ ਤਰਫ਼ਦਾਰ ਬਣਾਉਣ ਦੇ ਲਈ ਕਿਹਾ। ਤੈਮੂਰ ਰਹਿਮਾਨ ਅਤੇ ਸਾਇਦਾ ਦੀਪ ਨੇ ਵਕੀਲ ਯਾਸਿਰ ਲਤੀਫ਼ ਹਮਦਾਨੀ ਦੇ ਜ਼ਰੀਏ ਲਾਹੌਰ ਹਾਈਕੋਰਟ 'ਚ ਦੋ ਬੇਨਤੀਆਂ ਕਰਦੇ ਹੋਏ ਜਾਚਿਕਾ ਕਰਤਾ ਦੇ ਇਸ ਤਰਕ ਦਾ ਉੱਤਰ ਦੇਣ ਦਾ ਯਤਨ ਕੀਤਾ ਕਿ ਇਹ ਗਲਤ ਤਸਵੀਰ ਬਣਾਈ ਗਈ ਹੈ ਕਿ ਫੁਹਾਰਾ ਚੌਕ ਦਾ ਨਾਮ ਭਗਤ ਸਿੰਘ ਦੇ ਨਾਮ 'ਤੇ ਰੱਖਣਾ 'ਪਾਕਿਸਤਾਨ ਦੇ ਵਿਰੁੱਧ ਸਾਜ਼ਿਸ਼' ਹੈ। ਬੇਨਤੀ ਪੱਤਰਾਂ 'ਚ ਇਹ ਵੀ ਕਿਹਾ ਗਿਆ ਕਿ ਭਗਤ ਸਿੰਘ ਦੀ ਯਾਦ 'ਚ ਅਜਿਹਾ ਕੀਤਾ ਜਾਣਾ 'ਦੇਸ਼ ਭਗਤੀ ਦਾ ਵੱਡਾ ਕਦਮ' ਹੈ। ਨਾਲ ਹੀ ਇਹ ਸਪੱਸ਼ਟ ਕੀਤਾ ਗਿਆ ਕਿ ਭਗਤ ਸਿੰਘ ਗੈਰ ਸੰਪ੍ਰਦਾਇਕ ਸੁਤੰਤਰਤਾ ਸੈਨਾਨੀ ਸਨ ਜਿਨ੍ਹਾਂ ਨੇ ਮੁਸਲਮਾਨਾਂ ਸਮੇਤ ਸਾਰਿਆਂ ਦੀ ਆਜ਼ਾਦੀ ਦੇ ਲਈ ਸੰਘਰਸ਼ ਕੀਤਾ। ਇਹ ਜਾਣਨਯੋਗ ਹੈ ਕਿ 'ਤਹਰੀਕ-ਏ-ਹੁਰਮਤ-ਏ-ਰਸੂਲ' ਨੇ ਪਹਿਲਾਂ ਇਸ ਸਥਾਨ ਦਾ ਨਾਮ ਚੌਧਰੀ ਰਹਿਮਤ ਅਲੀ ਦੇ ਨਾਮ 'ਤੇ ਰੱਖੇ ਜਾਣ ਦਾ ਸਮਰਥਨ ਕੀਤਾ ਸੀ ਜਿਸ ਦੇ ਵਿਰੋਧ 'ਚ ਭਗਤ ਸਿੰਘ ਦੇ ਪੱਖੀਆਂ ਨੇ ਇਹ ਦਲੀਲ ਦਿੱਤੀ ਕਿ ਅਲੀ ਅਜਿਹੇ ਲੇਖਕ ਸਨ ਜਿਨ੍ਹਾਂ ਨੇ ਪਾਕਿਸਤਾਨ ਦੇ ਸੰਸਥਾਪਕ ਮੁਹੰਮਦ ਅਲੀ ਜਿਨਹਾ 'ਤੇ ਹਮਲਾ ਕੀਤਾ ਸੀ। ਉਨ੍ਹਾਂ ਨੇ ਦੱਸਿਆ ਕਿ ਇਹ ਸਹੀ ਹੈ ਕਿ 'ਪਾਕਿਸਤਾਨ' ਦਾ ਨਾਮ ਅਲੀ ਨੇ ਸੁਝਾਇਆ ਸੀ ਪਰ 1947 'ਚ ਨਵੇਂ ਮੁਲਕ ਦੇ ਬਣਨ ਦੇ ਬਾਅਦ ਹੀ ਉਨ੍ਹਾਂ ਨੇ ਉਸ ਨਾਲ ਸਾਰੇ ਰਿਸ਼ਤੇ ਤੋੜ ਲਏ ਅਤੇ ਉਸਦੇ ਬਾਅਦ ਹਮੇਸ਼ਾ ਬ੍ਰਿਟੇਨ 'ਚ ਰਹੇ ਅਤੇ ਜਿਨਾਹ ਭਾਵ ਮੁਸਲਿਮ ਲੀਗ ਦੇ ਖਿਲਾਫ਼ ਲਿਖਿਆ। ਪਾਕਿਸਤਾਨ ਦੇ 'ਦਾ ਐਕਸਪ੍ਰੈਸ ਟ੍ਰਿਬਿਊਨ' ਨੇ ਇਸ 'ਤੇ ਟਿੱਪਣੀ ਕਰਦੇ ਹੋਏ ਲਿਖਿਆ ਸੀ ਕਿ ਜੋ ਦਲੀਲਾਂ ਭਗਤ ਸਿੰਘ ਦੇ ਵਿਰੋਧ 'ਚ ਦਿੱਤੀਆਂ ਜਾ ਰਹੀਆਂ ਹਨ ਉਸ ਤੋਂ ਇਕ ਗੱਲ ਤਾਂ ਸਾਫ਼ ਹੋ ਜਾਂਦੀ ਹੈ ਕਿ ਦੂਸਰੇ ਮਜ਼੍ਹਬਾਂ ਦੇ ਪ੍ਰਤੀ ਸਾਡੀ ਸਹਿਣਸ਼ੀਲਤਾ ਘਟਦੀ ਜਾ ਰਹੀ ਹੈ ਅਤੇ ਨਾਸਮਝਦੀ ਵਧਦੀ ਜਾ ਰਹੀ ਹੈ। ਹਾਲਾਂਕਿ, ਇਸ ਰਵੱਈਏ ਨੂੰ ਬਦਲਣ ਦੀ ਪੁਰਜ਼ੋਰ ਕੋਸ਼ਿਸ਼ ਹੋਈ ਹੈ। ਸਕੂਲੀ ਕਿਤਾਬਾਂ 'ਚ ਭਗਤ ਸਿੰਘ ਨੂੰ ਸ਼ਾਮਲ ਕੀਤਾ ਗਿਆ ਹੈ ਪਰ ਹੁਣ ਵੀ ਮੁਲਕ ਦੀ ਇਕ ਵੱਡੀ ਆਬਾਦੀ ਇਹ ਨਹੀਂ ਜਾਣਦੀ ਕਿ ਭਗਤ ਸਿੰਘ ਸਾਡੇ ਲਈ ਕੁਰਬਾਨ ਹੋ ਗਏ। ਪੰਜਾਬ 'ਚ ਜਾਰਨਵਾਲ ਦੇ ਕੋਲ ਉਨ੍ਹਾਂ ਦਾ ਜਨਮ ਹੋਇਆ ਸੀ। ਉਨ੍ਹਾਂ ਦੀ ਤਾਲੀਮ ਲਾਹੌਰ 'ਚ ਹੀ ਹੋਈ। ਇਸੇ ਮਿੱਟੀ 'ਚ ਉਹ ਖਾਕ ਵੀ ਹੋ ਗਏ। ਅਜਿਹੇ 'ਚ ਅਲੱਗ ਮਜ਼੍ਹਬ ਦੀ ਵਜ੍ਹਾ ਨਾਲ ਹੀ ਕੀ ਅਸੀਂ ਉਨ੍ਹਾਂ ਨੂੰ ਸੱਚੀ ਸ਼ਰਧਾਂਜਲੀ ਨਹੀਂ ਦੇਵਾਂਗੇ?

ਪਰ ਮੈਂ ਨਹੀਂ ਜਾਣਦਾ ਕਿ ਬਾਵਜੂਦ ਇਸਦੇ ਪਾਕਿਸਤਾਨ ਦੇ ਹੁਕਮਰਾਨ, ਉਥੋਂ ਦੀਆਂ ਅਦਾਲਤਾਂ 'ਚ ਬੈਠੇ ਜੱਜ ਉਸ ਮੁਲਕ ਦੀਆਂ ਕੱਟੜਪੰਥੀ ਤਾਕਤਾਂ ਦੇ ਵਿਰੁੱਧ ਕਿਸੇ ਫੈਸਲੇ ਨੂੰ ਅੰਜਾਮ ਦੇਣਗੇ। ਇਹ ਵੀ ਹੈਰਾਨੀਜਨਕ ਹੈ ਕਿ ਭਾਰਤ ਦੇ ਪ੍ਰਗਤੀਸ਼ੀਲਾਂ, ਖੱਬੇਪੱਖੀਆਂ ਅਤੇ ਭਗਤ ਸਿੰਘ ਦੇ ਨਾਮ 'ਤੇ ਸੰਗਠਨ ਚਲਾਉਣ ਵਾਲਿਆਂ ਨੇ ਵੀ ਪਾਕਿ ਦੀਆਂ ਉਨ੍ਹਾਂ ਕੱਟੜਪੰਥੀ ਸ਼ਕਤੀਆਂ ਦੇ ਵਿਰੁੱਧ ਕੋਈ ਬਿਆਨ ਤੱਕ ਜਾਰੀ ਨਹੀਂ ਕੀਤਾ ਜੋ ਲਾਹੌਰ ਦੀ ਧਰਤੀ ਤੇ ਭਗਤ ਸਿੰਘ ਨੂੰ ਜੰਮਦੇ ਹੀ ਮਾਰਨ 'ਤੇ ਉਤਾਰੂ ਹੋ ਗਏ। ਇਹ ਘੱਟ ਨਿਰਾਸ਼ਾਜਨਕ ਸਥਿਤੀ ਨਹੀਂ ਹੈ। ਗਲੋਬਲ ਹੋ ਰਹੀ ਦੁਨੀਆ 'ਚ ਵੀ ਕਿੰਨੇ ਸੰਕੁਚਿਤ ਹਾਂ। ਇਹ ਦੁਖਦ ਹੈ ਕਿ ਪੂਰੀ ਦੁਨੀਆ 'ਚ ਸਾਮਰਾਜਵਾਦ ਦੇ ਖਾਤਮੇ ਦਾ ਸੁਪਨਾ ਦੇਖਣ ਵਾਲੇ ਇਕ ਅਨੋਖੇ ਕ੍ਰਾਂਤੀਕਾਰੀ ਨਾਲ ਉਸਦਾ ਜਨਮ ਸਥਾਨ, ਕਰਮ ਭੂਮੀ ਅਤੇ ਬਲੀਦਾਨ ਦੀ ਧਰਤੀ ਖੋਹ ਕੇ ਉਸਨੂੰ ਦਰ-ਬਦਰ ਕਰ ਦਿੱਤਾ ਗਿਆ। ਪਰ ਇਹ ਸ਼ਹੀਦੇ-ਆਜ਼ਮ ਯੁੱਗਾਂ ਤੱਕ ਆਪਣੀ ਕ੍ਰਾਂਤੀਕਾਰੀ ਚੇਤਨਾ ਦੇ ਨਾਲ ਦੁਨੀਆ ਭਰ ਦੇ ਨੌਜਵਾਨਾਂ ਦੇ ਦਿਲਾਂ 'ਚ ਹਰ ਪਲ ਧੜਕਦਾ ਰਹੇਗਾ।

# ਲੋਕ ਹੱਕਾਂ ਦਾ ਸਾਰਥੀ ਸੀ ਸਤਪਾਲ ਗੋਇਲ

ਸੇਵਾ ਮੁਕਤ ਬੈਂਕ ਮੈਨੇਜਰ ਸ਼੍ਰੀ ਸਤਪਾਲ ਗੋਇਲ ਦਾ ਜਨਮ ਜਿਲਾ ਬਠਿੰਡਾ ਦੇ ਪਿੰਡ ਕਰਾੜਵਾਲਾ ਵਿਖੇ ਬਹੁਤ ਹੀ ਗਰੀਬ ਪਰਿਵਾਰ ਦੇ ਵਿੱਚ ਮਾਤਾ ਸ਼੍ਰੀਮਤੀ ਮਾਇਆ ...ਦੇਵੀ ਦੀ ਸੁਲਖਣੀ ਕੁਖੋਂ 13 ਨਵੰਬਰ 1953 ਨੂੰ ਹੋਇਆ। ਪਿਤਾ ਸ਼੍ਰੀ ਸੂਰਜ ਭਾਨ ਤੇ ਮਾਤਾ ਜੀ ਦੀ ਸੰਘਰਸ਼ਮਈ ਜੀਵਨ-ਜਾਂਚ ਨੇ ਸਤਪਾਲ ਦੇ ਮਾਸੂਮ ਮਨ ਉਪਰ ਵਿਤਕਰਿਆਂ ਭਰੇ ਸਮਾਜ ਲਈ ਨਫਰਤ ਦੇ ਮੁਢਲੇ ਬੀਜ ਬੀਜੇ। ਆਪਣੀਆਂ ਬਹੁਤ ਹੀ ਹੋਣਹਾਰ ਅਤੇ ਮਿਹਨਤੀ ਚਾਰ ਭੈਣਾਂ ਤੇ ਇਕ ਭਰਾ ਵਿਚੋਂ ਸਤਪਾਲ ਸਭ ਤੋਂ ਵਡਾ ਸੀ। ਜਿਸ ਕਰਕੇ ਪਰਿਵਾਰਕ ਜੁੰਮੇਵਾਰੀਆਂ ਦਾ ਅਹਿਸਾਸ ਵੀ ਉਸਦੇ ਬਾਲ-ਮਨ ਤੇ ਛੋਟੀ ਉਮਰੇ ਹੀ ਉਕਰਿਆ ਗਿਆ। ਪਿੰਡ ਦੇ ਸਕੂਲ ਤੋਂ ਵਧੀਆ ਅੰਕਾਂ 'ਚ ਦਸਵੀਂ ਪਾਸ ਕੀਤੀ। ਟੀ.ਪੀ.ਡੀ ਮਾਲਵਾ ਕਾਲਜ ਤੋਂ ਪ੍ਰੀ-ਯੂਨੀਵਰਸਿਟੀ ਕਰਕੇ ਉਹ ਸਰਕਾਰੀ ਰਜਿੰਦਰਾ ਕਾਲਜ 'ਚ ਕਾਮਰਸ ਦੀ ਪੜ੍ਹਾਈ 'ਚ ਦਾਖਲ ਹੋ ਗਿਆ। ਉਸਨੇ ਪੰਜਾਬ ਸਟੂਡੈਂਟਸ ਯੂਨੀਅਨ 'ਚ ਸ਼ਾਮਲ ਹੋ ਕੇ ਵਿਦਿਆਰਥੀ ਹੱਕਾਂ ਲਈ ਲੜ੍ਹਨ 'ਚ ਅਹਿਮ ਭੂਮਕਾ ਨਿਭਾਈ। ਜਿਸ ਕਰਕੇ ਉਸਨੂੰ ਕਾਲਜ 'ਚੋਂ ਕਢ ਦਿਤਾ ਗਿਆ। ਘਰ ਦੀ ਕਮਜੋਰ ਮਾਲੀ ਹਾਲਤ ਕਾਰਣ ਉਸਨੇ ਨੌਕਰੀ ਲਭਣੀ ਸ਼ੁਰੂ ਕੀਤੀ ਤੇ ਨਾਲ ਹੀ ਵਿਦਿਆਰਥੀ ਸੰਘਰਸ਼ ਕਾਰਣ ਕਾਲਜ 'ਚ ਵੀ ਉਸ ਨੂੰ ਦੁਬਾਰਾ ਦਾਖਲਾ



ਮਿਲ ਗਿਆ। ਜੁਲਾਈ 1975 'ਚ ਉਸਨੂੰ ਫਿਰੋਜਪੁਰ ਵਿਖੇ ਯੂਨੀਅਨ ਬੈਂਕ ਆਫ ਇੰਡੀਆ 'ਚ ਨੌਕਰੀ ਮਿਲ ਗਈ। ਆਪਣੀ ਨੌਕਰੀ ਦੇ ਪਹਿਲੇ 15 ਦਿਨਾਂ ਦੀ ਤਨਖਾਹ ਲੈ ਕੇ ਜਦ ਉਹ ਬਠਿੰਡਾ ਆ ਰਿਹਾ ਸੀ ਤਾਂ ਐਮਰਜੰਸੀ ਦਾ ਕਟੜ ਵਿਰੋਧੀ ਹੋਣ ਕਾਰਣ ਉਸਨੂੰ ਰਸਤੇ ਵਿਚ ਹੀ ਗਿਰਫਤਾਰ ਕਰ ਲਿਆ ਗਿਆ। ਲੋਕਾਂ ਦੇ ਜਮਹੂਰੀ ਤੇ ਮਨੁੱਖੀ ਹੱਕਾਂ ਦੀ ਰਾਖੀ ਕਰਨ ਹਿਤ ਅਤੇ ਐਮਰਜੰਸੀ ਦਾ ਐਲਾਨੀਆ ਵਿਰੋਧ ਕਰਨ ਕਾਰਣ ਉਸਨੂੰ ਬਠਿੰਡਾ ਤੇ ਪਟਿਆਲਾ ਜੇਲ੍ਹ 'ਚ ਰਖਿਆ ਗਿਆ। 1984 'ਚ ਸਤਪਾਲ ਗੋਇਲ ਫਿਰੋਜਪੁਰ ਦੇ ਸਵ: ਚਮਨ ਲਾਲ ਦੀ ਪੁਤਰੀ ਰਮਾ ਦੇਵੀ ਨਾਲ ਵਿਆਹ ਬੰਧਨ 'ਚ ਬੰਧ ਗਿਆ। ਉਸਦਾ ਹੋਣਹਾਰ ਬੇਟਾ ਅੰਕੁਰ ਗੋਇਲ ਵੇਅਰ ਹਾਊਸ 'ਚ ਨੌਕਰੀ ਕਰਦਾ ਹੈ ਤੇ ਬੇਟੀ ਮਿਲੀ ਗੋਇਲ ਉਚ ਸਿੱਖਿਆ ਹਾਸਲ ਕਰ ਰਹੀ ਹੈ। ਐਮਰਜੰਸੀ ਖਤਮ ਹੋਣ ਤੋਂ ਬਾਅਦ 1980 'ਚ ਜਦ ਪੰਜਾਬ ਦੇ ਬੁੱਧੀਜੀਵੀਆਂ ਨੇ ਅਜਿਹੇ ਹਾਲਾਤ ਮੁੜ ਪੈਦਾ ਨਾ ਹੋਣ ਲਈ ਜਮਹੂਰੀ ਅਧਿਕਾਰ ਸਭਾ ਦਾ ਗਠਨ ਕੀਤਾ ਤਾਂ ਸਤਪਾਲ ਗੋਇਲ ਮੁਢਲਾ ਮੈਂਬਰ ਬਣਿਆਂ ਤੇ ਅੰਤ ਸਮੇਂ ਤਕ ਉਹ ਇਸ ਜਥੇਬੰਦੀ ਦਾ ਸਰਗਰਮ ਮੈਂਬਰ ਰਿਹਾ। ਅਪਾਣੀ ਬੈਂਕ ਦੀ ਨੌਕਰੀ ਦੌਰਾਨ ਵੀ ਉਹ ਬੈਂਕ ਮੁਲਾਜਮਾਂ ਦੇ ਸੰਘਰਸ਼ਾਂ 'ਚ ਵਧ-ਚੜ੍ਹ ਕੇ ਹਿਸਾ ਲੈਂਦਾ ਰਿਹਾ। ਰਿਟਾਇਰਮੈਂਟ ਤੋਂ ਬਾਅਦ ਵੀ ਉਹ ਟਿਕ ਕੇ ਨਹੀਂ ਬੈਠਿਆ ਸਗੋਂ ਉਸਨੇ ਪ੍ਰਾਈਵੇਟ ਕਲੋਨਾਈਜ਼ਰਾਂ ਵਲੋਂ ਲੋਕਾਂ ਦੀ ਕੀਤੀ ਜਾਂਦੀ ਲੁੱਟ ਖਿਲਾਫ ਲੋਕਾਂ ਨੂੰ ਲਾਮਬੰਦ ਕੀਤਾ ਅਤੇ ਉਹ ਸਿਲਵਰ ਓਕਸ ਕਲੋਨੀ ਦੀਆਂ ਸਮਸਿਆਵਾਂ ਨੂੰ ਹੱਲ ਕਰਨ ਖਾਤਰ ਉਸਨੇ ਇਸਦੇ ਨਿਵਾਸੀਆਂ ਦੀ ਕਮੇਟੀ ਦਾ ਗਠਨ ਕੀਤਾ ਜਿਸਦਾ ਉਹ ਅੰਤ ਸਮੇਂ ਪ੍ਰਧਾਨ ਵੀ ਸੀ। ਪੂਰਾ ਜੀਵਨ ਭਰ ਧੱਕੇ-ਧੌੜੇ, ਬੇਇਨਸਾਫੀ ਤੇ ਨਾਬਰਾਬਰੀ ਖਿਲਾਫ ਡਟਕੇ ਅਵਾਜ਼ ਬੁਲੰਦ ਕਰਨ ਵਾਲਾ ਸਤਪਾਲ ਗੋਇਲ ਸਾਡੇ ਤੋਂ 5 ਅਗਸਤ 2016 ਨੂੰ ਜਿਸਮਾਨੀ ਤੌਰ 'ਤੇ ਜੁਦਾ ਹੋ ਗਿਆ। ਬੁਲੰਦ ਹੌਂਸਲੇ ਰਖਣ ਵਾਲੇ ਤੇ ਕਵਿਤਾ ਵਰਗੀ ਜ਼ਿੰਦਗੀ ਜਿਉਣ ਵਾਲੇ ਸਤਪਾਲ ਦਾ ਸ਼ਰਧਾਂਜਲੀ ਸਮਾਗਮ ਮਾਡਲ ਟਾਊਨ ਫੇਜ਼ ਤਿੰਨ ਕਮਿਊਨਟੀ ਹਾਲ 'ਚ 14 ਅਗਸਤ ਦਿਨ ਐਤਵਾਰ ਨੂੰ ਸਵੇਰੇ 12 ਵਜੇ ਹੋਇਆ।

# ਕਰਮਚਾਰੀ ਰਾਜ ਬੀਮਾ ਕਾਰਪੋਰੇਸ਼ਨ ਬਨਾਮ ਉਦਾਰੀਕਰਣ



ਡਾ. ਅਜੀਤਪਾਲ ਸਿੰਘ ਬਠਿੰਡਾ
98156-29301

ਕਰਮਚਾਰੀ ਰਾਜ ਬੀਮਾ ਅਧਿਨਿਯਮ 1948 'ਚ ਹੋਂਦ 'ਚ ਆਇਆ। ਹਾਲਾਂਕਿ ਇਸ ਦਾ ਅਮਲ ਬ੍ਰਿਟਿਸ਼ ਵੇਲੇ ਦੇ ਭਾਰਤ 'ਚ ਸ਼ੁਰੂ ਹੋ ਚੁੱਕਾ ਸੀ, ਜਦਕਿ 1923 'ਚ ਬ੍ਰਿਸ਼ਨਕਾਲੀਨ ਭਾਰਤ ਸਰਕਾਰ ਨੇ ਭਾਰਤ 'ਚ ਸਨਅਤੀ ਕਾਮਿਆਂ ਦੀ ਸਿਹਤ ਬੀਮਾ ਯੋਜਨਾ 'ਤੇ ਇਕ ਰਿਪੋਰਟ ਤਿਆਰ ਕਰਨ ਲਈ ਪ੍ਰ. ਬੀ. ਪੀ. ਅਡਰਕਰ ਨੂੰ ਨਿਯੁਕਤ ਕੀਤਾ ਸੀ। ਪ੍ਰੋ. ਅਡਰਕਰ ਵਲੋਂ ਤਿਆਰ ਰਿਪੋਰਟ ਹੀ ਕਰਮਚਾਰੀ ਰਾਜ ਬੀਮਾ ਅਧਿਨਿਯਮ (ਈ.ਐਸ.ਆਈ. ਐਕਟ) ਦਾ ਆਧਾਰ ਬਣ, ਜਿਸ ਨੂੰ ਲਾਗੂ ਕਰਨ ਦੇ ਮਕਸਦ ਨਾਲ 24 ਫਰਵਰੀ 1952 ਨੂੰ ਕਰਮਚਾਰੀ ਰਾਜ ਬੀਮਾ ਨਿਗਮ ਦੀ ਸਥਾਪਨਾ ਕੀਤੀ ਗਈ। ਜ਼ਿਕਰਯੋਗ ਹੈ ਕਿ ਇਹ ਉਹ ਸਮਾਂ ਹੈ ਜਦ ਰੂਸ ਵਿਚ 1917 'ਚ ਬਾਲਸ਼ਵਿਕ ਇਨਕਲਾਬ ਨੇਪਰੇ ਚੜ੍ਹਿਆ ਅਤੇ ਉਸ ਪਿਛੋਂ ਸੋਵੀਅਤ ਸੰਘ 'ਚ ਮਜ਼ਦੂਰ ਜਮਾਤ ਦੀ ਅਗਵਾਈ 'ਚ ਸਮਾਜਵਾਦੀ ਉਸਾਰੀ ਦੇ ਮਹਾਨ ਕਦਮ ਚੁੱਕੇ ਗਏ। ਇਸ ਨੇ ਪੂਰੀ ਦੁਨੀਆ 'ਚ ਮਜ਼ਦੂਰ ਅੰਦੋਲਨ ਨਾਲ ਹੀ ਬਸਤੀਆਂ ਵਿਚ ਕੌਮੀ ਮੁਕਤੀ ਸੰਘਰਸ਼ਾਂ ਨੂੰ ਬੇਹੱਦ ਰਫ਼ਤਾਰ ਮੁਹੱਈਆ ਕੀਤੀ। 'ਬਾਲਸ਼ਵਿਕ ਖ਼ਤਰਾ' ਦੁਨੀਆ ਭਰ ਦੇ ਪੂੰਜੀਪਤੀ ਸਾਮਰਾਜੀ ਹਾਕਮਾਂ ਲਈ ਸਿੱਧੀ ਚੁਣੌਤੀ ਬਣ ਗਿਆ। ਅਜਿਹੇ 'ਚ ਇਨਕਲਾਬ ਦੇ ਡਰ ਕਰਕੇ ਉਨ੍ਹਾਂ ਨੂੰ ਬਹੁਤ ਸਾਰੇ ਕਾਨੂੰਨੀ ਤੇ ਸਮਾਜਿਕ ਸੁਧਾਰ ਕਰਨ ਲਈ ਮਜ਼ਬੂਰ ਹੋਣਾ ਪਿਆ। ਭਾਰਤ 'ਚ ਇਸ ਦੌਰ 'ਚ ਕ੍ਰਾਂਤੀਕਾਰੀ ਮਜ਼ਦੂਰ ਸੰਘਰਸ਼ ਅੱਗੇ ਵਧ ਰਿਹਾ ਸੀ। ਕੌਮੀ ਤੇ ਕੌਮਾਂਤਰੀ ਹਾਲਤਾਂ ਦੇ ਇਸ ਦਬਾਅ ਦੇ ਸਿੱਟੇ ਵਜੋਂ ਇਥੇ ਵੀ 1923 'ਚ ਕ੍ਰਮਵਾਰ ਮੁਆਵਜ਼ਾ ਐਕਟ 1926 'ਚ ਟ੍ਰੇਡ ਯੂਨੀਅਨ ਐਕਟ, 1946 'ਚ ਸਟੇਡਿੰਗ ਆਰਡਰ ਟੈਕਟ, 1947 'ਚ ਸਨਅਤੀ ਵਿਵਾਦ ਐਕਟ, 1948 'ਚ ਕਾਰਖਾਨਾ ਐਕਟ, 1948 'ਚ ਕਰਮਚਾਰੀ ਰਾਜ ਬੀਮਾ ਐਕਟ 'ਤੇ 1052 'ਚ ਭਵਿੱਖ ਨਿਧੀ ਐਕਟ ਆਦਿ ਕਿਰਤ ਕਾਨੂੰਨ ਹੋਂਦ ਵਿਚ ਆਏ। ਕਰਮਚਾਰੀ ਰਾਜ ਬੀਮਾ ਕਾਰਪੋਰੇਸ਼ਨ ਬੀਮਾ ਧਾਰਕ ਮਜ਼ਦੂਰਾਂ ਅਤੇ ਉਨ੍ਹਾਂ ਦੇ ਸਕੇ ਸਬੰਧੀਆਂ ਨੂੰ ਬੀਮਾਰੀ, ਪ੍ਰਛੂਤਾ ਛੁਟੀ ਤੇ ਕੰਮ ਦੌਰਾਨ ਦੁਰਘਟਨਾ ਹੋਣ 'ਤੇ ਹੋਏ ਨੁਕਸਾਨ ਕੰਮ ਦੇ ਦਿਨਾਂ ਦੀ ਤਨਖਾਹ ਦਾ ਭੁਗਤਦਾਨ ਕਰਦਾ ਹੈ। ਇਹ ਦੁਰਘਟਨਾ ਦੀ ਵਜ੍ਹਾ ਕਰਕੇ ਹੋਏ ਹਰਜੇ 'ਤੇ ਪੈਨਸ਼ਨ ਅਤੇ ਮੌਤ ਹੋ ਜਾਣ 'ਤੇ ਅੰਤਿਮ ਸੰਸਕਾਰ ਦਾ ਖਰਚ ਅਤੇ ਪਰਿਵਾਰਕ ਪੈਨਸ਼ਨ ਦੀ ਵਿਵਸਥਾ ਕਰਦਾ ਹੈ। ਇਸ ਤੋਂ ਇਲਾਵਾ ਈ. ਐਸ. ਆਈ. ਨਿਗਮ ਆਪਣੇ ਸਾਰੇ ਬੀਮਾ ਕਾਰਡ ਧਾਰਕਾਂ ਤੇ ਉਨ੍ਹਾਂ ਦਾ ਮਾਪਿਆਂ ਬੱਚਿਆਂ ਨੂੰ ਇਲਾਜ ਦੀ ਸਹੂਲਤ ਮੁਹੱਈਆ ਕਰਦਾ ਹੈ। ਈ. ਐਸ. ਆਈ. ਨਿਗਮ ਇਕ ਸਵੈਵਿੱਤ ਪੋਸ਼ਿਤ ਸਮਾਜਕ ਸੁਰੱਖਿਆ ਸਕੀਮ ਹੈ। ਨਿਗਮ ਆਪਣਾ ਕੋਸ਼ ਬਣਾਉਣ ਲਈ ਮਜ਼ਦੂਰ ਦੀ ਤਨਖਾਹ ਦਾ 4.75 ਫੀਸਦੀ, ਨਿਯੋਕਤਾ ਤੋਂ ਅਤੇ ਤਨਖਾਹ ਦਾ 1.75 ਫੀਸਦੀ ਮਜ਼ਦੂਰ ਤੋਂ ਵਸੂਲ ਕਰਦਾ ਹੈ। ਕੁਲ ਖਰਚੇ ਦਾ 1/8 ਹਿੱਸਾ ਰਾਜ ਸਰਕਾਰ ਸਹਿਣ ਕਰਦੀ ਹੈ। 1952 'ਚ ਈ. ਐਸ. ਆਈ. ਨਿਗਮ ਦੀ ਸਥਾਪਨਾ ਪਿਛੋਂ ਸ਼ੁਰੂਆਤ ਵਿਚ ਈ. ਐਸ. ਆਈ. ਐਕਟ ਦੇ ਦੋ ਵੱਡੇ ਸਨਅਤੀ ਨਗਰਾਂ ਕਾਨਪੁਰ ਤੇ ਦਿੱਲੀ ਵਿਚ ਲਾਗੂ ਕੀਤਾ ਗਿਆ। ਉਸ ਸਮੇਂ ਇਕ ਲੱਖ ਵੀਹ ਹਜ਼ਾਰ ਮਜ਼ਦੂਰ ਇਸ ਦੇ ਦਾਇਰੇ ਵਿਚ ਸਨ। ਪਿਛੋਂ ਇਹ ਐਕਟ ਰਾਜਾ ਸਰਕਾਰਾਂ ਦੇ ਸਰਗਰਮ ਸਹਿਯੋਗ ਨਾਲ ਪੂਰੇ ਦੇਸ਼ 'ਚ ਲਾਗੂ ਕੀਤਾ ਗਿਆ। ਇਸ ਸਮੇਂ ਈ. ਐਸ. ਆਈ. ਨਿਗਮ ਦੇ ਬੀਮਾ ਧਾਰਕਾਂ ਦੀ ਗਿਣਤੀ ਦੋ ਕਰੋੜ ਤਿੰਨ ਲੱਖ ਹੈ। ਬੀਮਾ ਧਾਰਕਾਂ ਮਜ਼ਦੂਰਾਂ ਤੇ ਸਿੱਧੇ ਨਿਰਭਰ ਸਕੇ ਸਬੰਧੀਆਂ ਨੂੰ ਜੋੜ ਕੇ ਇਹ ਗਿਣਤੀ 7 ਕਰੋੜ 80 ਲੱਖ ਹੈ।

ਸ਼ੁਰੂਆਤ 'ਚ ਈ. ਐਸ. ਆਈ. ਐਕਟ ਸਿਰਫ਼ ਸਨਅਤੀ ਮਜ਼ਦੂਰਾਂ ਲਈ ਲਾਗੂ ਕੀਤਾ ਗਿਆ ਪਰ ਪਿਛੋਂ ਹੌਲੀ ਹੌਲੀ ਹੋਰ ਅਦਾਰਿਆਂ ਨੂੰ ਵੀ ਇਸ 'ਚ ਸ਼ਾਮਲ ਕਰ ਲਿਆ ਗਿਆ। ਬਿਜਲੀ ਦੀ ਵਰਤੋਂ ਕਰਨ ਵਾਲੇ ਸਾਰੇ ਅਦਾਰਿਆਂ ਜਿਥੇ ਦਸ ਜਾਂ ਦਸ ਤੋਂ ਵੱਧ ਮਜ਼ਦੂਰ ਕੰਮ ਕਰਦੇ ਹਨ ਜਾਂ ਬਿਜਲੀ (ਪਾਵਰ) ਦੀ ਵਰਤੋਂ ਨਾ ਕਰਨ ਵਾਲੇ ਅਦਾਰਿਆਂ ਜਿਥੇ ਵੀਹ ਜਾਂ ਉਸ ਤੋਂ ਵੱਧ ਮਜ਼ਦੂਰ ਕੰਮ ਕਰਦੇ ਹੋਣ, ਉਪਰ ਇਹ ਐਕਟ ਲਾਗੂ ਹੁੰਦਾ ਹੈ। ਕਈ ਰਾਜਾਂ ਨੇ ਬਿਜਲੀ ਦੀ ਵਰਤੋਂ ਨਾ ਕਰਨ ਵਾਲੇ ਅਦਾਰਿਆਂ ਜਿਨ੍ਹਾਂ 'ਚ ਦਸ ਜਾਂ ਉਸ ਤੋਂ ਵੱਧ ਮਜ਼ਦੂਰ ਕੰਮ ਕਰਦੇ ਹਨ, ਨੂੰ ਵੀ ਇਸ ਐਕਟ ਦੇ ਦਾਇਰੇ 'ਚ ਲੈ ਲਿਆ ਹੈ। ਪੰਦਰਾਂ ਰੁਪਏ ਮਾਸਿਕ ਜਾਂ ਉਸ ਤੋਂ ਘੱਟ ਤਨਖਾਹ ਲੈਣ ਵਾਲੇ ਮਜ਼ਦੂਰਾਂ 'ਤੇ ਵੀ ਇਹ ਲਾਗੂ ਹੁੰਦਾ ਹੈ। ਈ. ਐਸ. ਆਈ. ਐਕਟ ਜੰਮੂ ਕਸ਼ਮੀਰ ਸਮੇਤ ਪੂਰੇ ਭਾਰਤ ਵਿਚ ਆਪਣੇ ਵਿਸਥਾਰ ਦਾ ਐਲਾਨ ਜੁਲਾਈ 2015 'ਚ ਹੀ ਕੀਤਾ ਹੈ। ਨਿਯੋਕਤਾ (ਇੰਪਲਾਇਰ) ਲਈ ਐਕਟ ਲਾਗੂ ਕਰਨਾ ਲਾਜ਼ਮੀ ਹੈ। ਈ. ਐਸ. ਆਈ. ਨਿਗਮ ਵਿਚ ਰਜਿਸਟ੍ਰੇਸ਼ਨ ਨਾ ਕਰਵਾਉਣ, ਯੋਗਦਾਨ ਦੇਰੀ ਨਾਲ ਜਮ੍ਹਾਂ ਕਰਾਉਣ 'ਤੇ ਨਿਯੋਕਤਾ 'ਤੇ ਕ੍ਰਮਵਾਰ ਮਾਮੂਲੀ ਜੁਰਮਾਨਾ ਤੇ 12 ਫੀਸਦੀ ਦੀ ਮਾਮੂਲੀ ਦਰ ਨਾਲ, ਵਿਆਜ ਮਾਤਰ ਹੀ ਈ. ਐਸ. ਆਈ. ਨਿਗਮ ਵਸੂਲ ਕਰਦਾ ਹੈ। ਇਸ ਤੋਂ ਵੱਧ ਕੇ ਦੰਡਾਤਮਕ ਕਾਰਵਾਈ ਐਕਟ 'ਚ ਦਰਜ ਹੋਣ ਦੇ ਬਾਵਜੂਦ, ਕਦੀ ਕਿਸੇ ਨਿਯੋਕਤਾ (ਇੰਪਲਾਇਰ) 'ਤੇ ਨਹੀਂ ਹੁੰਦੀ ਹੈ। ਇਸ ਸਮੇਂ ਪੂਰੇ ਦੇਸ਼ 'ਚ ਈ. ਐਸ. ਆਈ. ਨਿਗਮ ਦੇ 151 ਹਸਪਤਾਲ 'ਤੇ ਕਰੀਬ 1500 ਡਿਸਪੈਂਸਰੀਆਂ ਹਨ। ਜ਼ਿਆਦਾਤਰ ਹਸਪਤਾਲਾਂ 'ਤੇ ਸਾਰੀਆਂ ਡਿਸਪੈਂਸਰੀਆਂ ਨੂੰ ਚਲਾਉਣ ਦਾ ਕੰਮ ਰਾਜ ਸਰਕਾਰਾਂ ਦਾ ਹੱਥਾਂ ਵਿਚ ਹੈ। ਕੁਝ ਹਸਪਤਾਲਾਂ ਨੂੰ ਈ. ਐਸ. ਆਈ. ਨਿਗਮ ਖ਼ੁਦ ਵੀ ਚਲਾਉਂਦਾ ਹੈ। ਈ. ਐਸ. ਆਈ. ਨਿਗਮ ਕੋਲ ਇਹ ਅਧਿਕਾਰ ਹੈ ਕਿ ਉਹ ਹਸਪਤਾਲ ਦਾ ਕੰਟਰੋਲ ਤੇ ਸੰਚਾਲਨ ਰਾਜ ਸਰਕਾਰਾਂ ਤੋਂ ਆਪਣੇ ਹੱਥਾਂ 'ਚ ਲੈ ਲਵੇ। ਈ. ਐਸ. ਆਈ. ਨਿਗਮ ਦੇ ਕੇਂਦਰੀ ਗਠਜੋੜ 'ਚ ਸੰਸਦ, ਇਲਾਜ ਦੇ ਪੇਸ਼ੇ ਨਾਲ ਜੁੜੇ ਵਿਅਕਤੀ, ਨਿਯੋਕਤਾਵਾਂ ਦੇ ਨੁਮਾਇੰਦੇ, ਮਜ਼ਦੂਰਾਂ ਦੇ ਪ੍ਰਤੀਨਿਧ ਤੇ ਰਾਜ ਸਰਕਾਰਾਂ ਦੇ ਨੁਮਾਇੰਦੇ ਬੈਠਦੇ ਹਨ। ਕੇਂਦਰ ਕਿਰਤ ਮੰਤਰੀ ਇਸ ਦਾ ਪ੍ਰਧਾਨ ਹੁੰਦਾ ਹੈ। ਹਰਿਆਣਾ 'ਚ ਇਸ ਸਮੇਂ ਈ. ਐਸ. ਆਈ. ਨਿਗਮ ਦੇ ਸੱਤਾ ਹਸਪਤਾਲ ਹਨ। 2-ਫਰੀਦਾਬਾਦ, 2-ਗੁੜਗਾਵਾਂ, ਭਿਵਾਨੀ-1,




**ਅੱਜ ਪੂਰੇ ਦੇਸ਼ ਵਿਚ ਹੀ ਈ. ਐਸ. ਆਈ. ਨਿਗਮ ਦੀ ਹਾਲਤ ਕਿਤੇ ਘੱਟ ਤੇ ਕਿਤੇ ਵੱਧ ਬੁਰੀ ਹਾਲਤ ਵਿਚ ਹੈ। ਸਾਰੇ ਰਾਜਾਂ ਵਿਚ ਈ. ਐਸ. ਆਈ. ਨਿਗਮ ਨਾਲ ਬੱਝੇ ਨਿੱਜੀ ਹਸਪਤਾਲਾਂ ਦੀ ਦਰਜਨਾਂ ਦੀ ਸੂਚੀ ਇਹੀ ਦੱਸਦੀ ਹੈ ਕਿ ਗੰਭੀਰ ਬੀਮਾਰੀਆਂ ਤੇ ਅਪ੍ਰੇਸ਼ਨਾਂ ਲਈ ਪ੍ਰਾਈਵੇਟ ਹਸਪਤਾਲਾਂ ਵਿਚ ਰੈਫਰ ਕੀਤਾ ਜਾਣਾ ਸਾਰੇ ਹਸਪਤਾਲਾਂ 'ਚ ਆਮ ਗੱਲ ਹੈ।**

ਪਾਣੀਪਤ 'ਚ ਇਕ ਤੇ ਯਮੁਨਾਗਰ 'ਚ ਇਕ ਹੈ। ਇਨ੍ਹਾਂ 'ਚ ਫਰੀਦਾਬਾਦ ਦਾ ਸੈਕਟਰ-8 ਸਥਿਤ ਹਸਪਤਾਲ 50-ਬਿਸਤਰਿਆਂ ਦਾ ਹੈ। ਫਰੀਦਾਬਾਦ ਦਾ ਹੀ ਐਨ. ਐਚ.-3 ਸਥਿਤ ਮੈਡੀਕਲ ਕਾਲਜ ਨਾਲ ਸਬੰਧਤ ਹਸਪਤਾਲ 300 ਬਿਸਤਰਿਆਂ ਦਾ, ਗੁੜਗਾਵਾਂ ਦਾ ਸੈਕਟਰ-9 ਸਥਿਤ ਹਸਪਤਾਲ 150 ਬਿਸਤਰਿਆਂ ਦਾ ਤੇ ਮਾਨੇਸਰ (ਗੁੜਗਾਵਾਂ) ਦਾ ਹਸਪਤਾਲ 100 ਬਿਸਤਰਿਆਂ ਦਾ ਹੈ। ਇਸ ਤੋਂ ਇਲਾਵਾ ਭਿਵਾਨੀ ਤੇ ਯਮੁਨਾਨਗਰ ਦੇ ਹਸਪਤਾਲ 75-75 ਬੈੱਡ ਦੇ ਹਨ। ਜਦਕਿ ਪਾਣੀਪਤ ਦਾ ਹਸਪਤਾਲ 50 ਬੈੱਡ ਦਾ ਹੈ। ਇਨ੍ਹਾਂ 'ਚੋਂ ਫਰੀਦਾਬਾਦ ਦੇ ਇਕ ਅਤੇ ਗੁੜਗਾਵਾਂ ਦੇ ਦੋਨੋਂ ਹਸਪਤਾਲਾਂ ਦਾ ਕੰਟਰੋਲ ਈ. ਐਸ. ਆਈ. ਨਿਗਮ ਨੇ ਆਪਣੇ ਹੱਥਾਂ 'ਚ ਲਿਆ ਹੋਇਆ ਹੈ। ਬਾਕੀ ਦੇ ਚਾਰ ਹਸਪਤਾਲ ਰਾਜ ਸਰਕਾਰ ਚਲਾਉਂਦੀ ਹੈ। ਇਨ੍ਹਾਂ ਸੱਤ ਹਸਪਤਾਲਾਂ ਤੋਂ ਇਲਾਵਾ ਰਾਜ 'ਚ 60 ਡਿਸਪੈਂਸਰੀਆਂ ਵੀ ਹਨ। ਹਸਪਤਾਲਾਂ 'ਤੇ ਡਿਸਪੈਂਸਰੀਆਂ 'ਚ 180 ਡਾਕਟਰ ਕੰਮ ਕਰਦੇ ਹਨ। ਇਥੇ ਈ. ਐਸ. ਆਈ. ਬੀਮਾ ਧਾਰਕਾਂ ਦੀ ਗਿਣਤੀ 18 ਲੱਖ ਤੋਂ ਵੱਧ ਹੈ। ਉਨ੍ਹਾਂ 'ਤੇ ਸਿੱਧੇ ਨਿਰਭਰ ਸਕੇ ਸਬੰਧੀ ਵੱਖਰੇ ਹਨ। ਨਿਯਮਾਂ ਮੁਤਾਬਕ ਏਨੇ ਲੋਕਾਂ ਲਈ 180 ਡਿਸਪੈਂਸਰੀਆਂ 'ਤੇ 900 ਹੋਣੇ ਚਾਹੀਦੇ ਹਨ। ਨਾਲ ਹੀ ਚਾਰ ਪੰਜ ਲੱਖ ਬੀਮਾ ਧਾਰਕਾਂ ਮਗਰ 500 ਬੈੱਡ ਦਾ ਹਸਪਤਾਲ ਹੋਵੇ। ਇਥੇ ਤੱਥ ਆਪਣੀ ਕਹਾਣੀ ਖੁਦ ਆਪ ਕਹਿ ਰਹੇ ਹਨ। ਹਸਪਤਾਲਾਂ 'ਚ ਬੈੱਡਾਂ ਦੀ ਗਿਣਤੀ, ਡਿਸਪੈਂਸਰੀਆਂ ਦੀ ਗਿਣਤੀ ਤੇ ਡਾਕਟਰਾਂ ਦੀ ਗਿਣਤੀ ਨਿਯਮ ਮੁਤਾਬਕ ਬਹੁਤ ਘੱਟ ਹੈ। ਨਰਸਿੰਗ, ਪੈਰਾ ਮੈਡੀਕਲ ਤੇ ਮਨਿਸਟਰੀਅਲ ਸਟਾਫ਼ ਦੀ ਹਾਲਤ ਤਾਂ ਹੋਰ ਵੀ ਵੱਧ ਮਾੜੀ ਹੈ। ਸਾਰੇ ਹਸਪਤਾਲਾਂ 'ਚ ਜ਼ਰੂਰੀ ਉਪਕਰਣਾਂ ਦੀ ਬੇਹੱਦ ਘਾਟ ਹੈ। ਹਰਿਆਣੇ 'ਚ ਈ. ਐਸ. ਆਈ. ਨਿਗਮ ਦੀ ਵਿਵਸਥਾ ਕਿੰਨੀ ਲਚਰ ਹੈ, ਇਸ ਦੀ ਠੋਸ ਮਿਸਾਲ ਹੈ ਹਰਿਆਣਾ 'ਚ ਈ. ਐਸ. ਆਈ. ਨਿਗਮ ਦਾ ਸਭ ਤੋਂ ਵੱਡਾ ਹਸਪਤਾਲ ਫਰੀਦਾਬਾਦ ਦੇ ਐਨ. ਐਚ.-3 ਵਿਚ ਹੈ। ਸਤੰਬਰ 2013 ਵਿਚ ਇਸ ਹਸਪਤਾਲ ਦੀ ਵਾਂਗਡੋਰ ਰਾਜ ਸਰਕਾਰ ਤੋਂ ਈ. ਐਸ. ਆਈ. ਨਿਗਮ ਨੇ ਆਪਣੇ ਹੱਥ 'ਚ ਲੈ ਕੇ ਇਸ ਨੂੰ ਮੈਡੀਕਲ ਕਾਲਜ ਨਾਲ ਜੋੜ ਦਿੱਤਾ ਸੀ। ਸੰਚਾਲਨ ਈ. ਐਸ. ਆਈ. ਨਿਗਮ ਦੇ ਹੱਥਾਂ ਵਿਚ ਆਉਣ ਕਰਕੇ ਹੁਣ ਬਜਟ ਬਣਾਉਣ ਤੇ ਉਪਕਰਣਾਂ ਦੀ ਖਰੀਦ ਨਾਲ ਜੁੜੇ ਬਹੁਤ ਸਾਰੇ ਅਧਿਕਾਰ ਨਿਗਮ ਕੋਲ ਹਨ। ਇਸ ਦੇ ਬਾਵਜੂਦ ਇਸ ਵਿਸ਼ਾਲ ਏਅਰਕੰਡੀਸ਼ਨ ਮੈਡੀਕਲ ਕਾਲਜ 'ਤੇ ਉਸ ਨਾਲ ਸਬੰਧਤ ਇਸ ਹਸਪਤਾਲ 'ਚ ਸਿਰਫ਼ ਇਕ ਹੀ ਐਕਸ-ਰੇ ਮਸ਼ੀਨ ਹੈ। ਉਹ ਵੀ 36 ਸਾਲ ਪੁਰਾਣੀ। ਜਦਕਿ 15 ਸਾਲ ਤੋਂ ਵੱਧ ਪੁਰਾਣੀ ਐਕਸਰੇ ਮਸ਼ੀਨ ਦੀ ਵਰਤੋਂ ਨਿਯਮਾਂ ਵਿਰੁੱਧ ਹੈ। ਇਸ ਤਰ੍ਹਾਂ ਇਥੇ ਅਲਟਰਾਸਾਊਂਡ ਦੀ ਵੀ ਮਸ਼ੀਨ ਇਕ ਹੀ ਹੈ। ਇਥੇ ਐਕਸਰੇ ਅਲਟਰਾਸਾਊਂਡ ਵਰਗੀਆਂ ਮਾਮੂਲੀ ਜਾਂਚਾਂ ਲਈ ਵੀ ਮਰੀਜ਼ ਹਫ਼ਤਿਆਂਬੱਧੀ ਧੱਕੇ ਖਾਂਦੇ ਹਨ ਜਾਂ ਫਿਰ ਇਹ ਜਾਂਚ ਪ੍ਰਾਈਵੇਟ ਕਰਾਉਣ ਲਈ ਮਜ਼ਬੂਰ ਹੁੰਦੇ ਹਨ। ਇਥੇ ਦਿਲ ਦੇ ਰੋਗੀਆਂ ਲਈ ਨਾ ਤਾਂ ਈਕੋ ਜਾਂਚ ਦੀ ਸਹੂਲਤ ਹੈ ਅਤੇ ਨਾ ਹੀ ਟੀ. ਐਮ. ਟੀ. ਜਾਂਚ ਦੀ। ਸਿਟੀ ਸਕੈਨ ਤੇ ਐਮ.ਆਰ.ਆਈ. ਵਰਗੀ ਜਾਂਚ ਤਾਂ ਇਥੇ ਬਹੁਤ ਦੂਰ ਦੀ ਗੱਲ ਹੈ। ਇਥੋਂ ਦੇ ਅਪ੍ਰੇਸ਼ਨ ਥੀਏਟਰਾਂ 'ਚ ਉਪਕਰਣਾਂ ਦੀ ਘਾਟ ਹੈ ਅਤੇ ਅਪ੍ਰੇਸ਼ਨ ਬੰਦ ਹਨ। ਇਸ ਕਰਕੇ ਸਰਜਨ ਪਹਿਲੇ ਰਹਿਣ ਲਈ ਮਜ਼ਬੂਰ ਹਨ। ਆਈ. ਸੀ. ਯੂ. ਹੈ ਪਰ ਉਪਕਰਣਾਂ ਦੀ ਘਾਟ ਹੈ, ਜਿਸ ਕਰਕੇ ਇਹ ਚਲਦੇ ਨਹੀਂ। ਢੀਠ ਤੇ ਭ੍ਰਿਸ਼ਟ ਅਫ਼ਸਰਸ਼ਾਹੀ ਇਥੋਂ ਦੇ ਹਾਲਾਤ ਵਿਚ ਸੰਭਵ ਸੁਧਾਰ ਵੀ ਨਹੀਂ ਹੋਣ ਦੇ ਰਹੀ ਹੈ। ਇਸ ਹਸਪਤਾਲ ਦੀ ਦੁਰਦਸ਼ਾ ਦਾ ਅੰਦਾਜ਼ਾ ਇਸ ਗੱਲ ਤੋਂ ਵੀ ਲਾਇਆ ਜਾ ਸਕਦਾ ਹੈ ਕਿ ਇਥੇ ਅਪਰ ਡਵੀਜ਼ਨ ਕਲਰਕ ਦੀਆਂ 70 'ਚੋਂ 68 ਅਸਾਮੀਆਂ ਖਾਲੀ ਪਈਆਂ ਹਨ। ਇਸ ਸਮੇਂ ਐਨ. ਐਚ.-3 ਸਥਿਤ ਇਸ ਹਸਪਤਾਲ ਵਲੋਂ ਏਸ਼ੀਅਨ, ਫੋਰਟਿਸ ਪਾਰਕ ਸਰਵੋਦਿਆ ਵਰਗੇ ਕਾਰਪੋਰੇਟ ਹਸਪਤਾਲਾਂ ਨੂੰ ਹਰ ਮਹੀਨੇ ਕਰੀਬ ਦੋ ਕਰੋੜ ਰੁਪਏ ਦਾ ਰੈਫਰਲ ਦਿੱਤਾ ਜਾਂਦਾ ਹੈ। ਇਸ ਤਰ੍ਹਾਂ ਲੈਬਾਰਟਰੀ 'ਚ ਜ਼ਰੂਰੀ ਉਪਕਰਣ ਨਾ ਹੋਣ ਕਰਕੇ ਹਰ ਮਹੀਨੇ 10 ਲੱਖ ਰੁਪਏ ਦੇ ਟੈਸਟ ਬਜ਼ਾਰ ਤੋਂ ਨਿਗਮ ਦੇ ਪੰਜ ਲੱਖ ਤੋਂ ਵੱਧ ਬੀਮਾਧਾਰਕ ਹਨ, ਦੇ ਇਹ ਕਾਰਪੋਰੇਟ ਹਸਪਤਾਲ ਮੁਨਾਫ਼ਾ ਕਮਾ ਰਹੇ ਹਨ। ਹਰਿਆਣਾ 'ਚ ਈ. ਐਸ. ਆਈ. ਨਿਗਮ ਦੇ ਸਰਕਾਰ ਵਲੋਂ ਚਲਾਏ ਜਾਂਦੇ ਹਸਪਤਾਲਾਂ ਦੀ ਹਾਲਤ ਹੋਰ ਵੀ ਵੱਧ ਖਸਤਾ ਹੈ। ਈ. ਐਸ. ਆਈ. ਨਿਗਮ ਵਲੋਂ ਇਸ ਸਮੇਂ ਹਰਿਆਣਾ ਵਿਚ ਸਲਾਨਾ 1200 ਕਰੋੜ ਰੁਪਏ ਵਸੂਲ ਰਿਹਾ ਹੈ। ਜਾਣਕਾਰ ਲੋਕਾਂ ਦਾ ਕਹਿਣਾ ਹੈ ਕਿ ਜੇ ਸਰਕਾਰ 800 ਕਰੋੜ ਰੁਪਏ ਸਲਾਨਾ ਬਜਟ ਬਣਾਏ ਤਾਂ ਰਾਜ ਵਿਚ ਨਿਗਮ ਦੀ ਪ੍ਰਣਾਲੀ ਸੁਧਰ ਜਾਵੇਗੀ, ਦਰੁਸਤ ਹੋ ਜਾਵੇਗੀ ਪਰ ਰਾਜ ਸਰਕਾਰ ਲੋੜ ਮੁਤਾਬਕ ਬਜਟ ਬਣਾਉਣ ਲਈ ਤਿਆਰ ਨਹੀਂ ਹੈ। ਈ. ਐਸ. ਆਈ. ਹੈਲਥ ਕੇਅਰ ਲਈ ਹਰਿਆਣਾ ਸਰਕਾਰ ਨੇ ਬੀਤੇ ਸਾਲ 152 ਕਰੋੜ ਦਾ ਬਜਟ ਬਣਾਇਆ ਸੀ ਜਦਕਿ ਇਸ ਸਾਲ 162 ਕਰੋੜ ਦਾ ਬਜਟ ਬਣਾਇਆ ਹੈ। ਹਰਿਆਣਾ ਤਾਂ ਮਹਿਜ ਇਕ ਮਿਸਾਲ ਹੈ। ਅੱਜ ਪੂਰੇ ਦੇਸ਼ ਵਿਚ ਹੀ ਈ. ਐਸ. ਆਈ. ਨਿਗਮ ਦੀ ਹਾਲਤ ਕਿਤੇ ਘੱਟ ਤੇ ਕਿਤੇ ਵੱਧ ਬੁਰੀ ਹਾਲਤ ਵਿਚ ਹੈ। ਸਾਰੇ ਰਾਜਾਂ ਵਿਚ ਈ. ਐਸ. ਆਈ. ਨਿਗਮ ਨਾਲ ਬੱਝੇ ਨਿੱਜੀ ਹਸਪਤਾਲਾਂ ਦੀ ਦਰਜਨਾਂ ਦੀ ਸੂਚੀ ਇਹੀ ਦੱਸਦੀ ਹੈ ਕਿ ਗੰਭੀਰ ਬੀਮਾਰੀਆਂ ਤੇ ਅਪ੍ਰੇਸ਼ਨਾਂ ਲਈ ਪ੍ਰਾਈਵੇਟ ਹਸਪਤਾਲਾਂ ਵਿਚ ਰੈਫਰ ਕੀਤਾ ਜਾਣਾ ਸਾਰੇ ਹਸਪਤਾਲਾਂ 'ਚ ਆਮ ਗੱਲ ਹੈ। ਇਹ ਦਰਸਾਉਂਦਾ ਹੈ ਕਿ ਹਰ ਥਾਂ ਬਜਟ ਲੋੜ ਤੋਂ ਬੇਹੱਦ ਘੱਟ ਬਣਾਇਆ ਜਾ ਰਿਹਾ ਹੈ। ਅਜਿਹਾ ਉਦੋਂ ਹੈ ਜਦੋਂ ਈ. ਐਸ. ਆਈ. ਨਿਗਮ ਦੇ ਖਜ਼ਾਨੇ ਵਿਚ 40 ਹਜ਼ਾਰ ਕਰੋੜ ਰੁਪਏ ਜਮ੍ਹਾਂ ਹਨ। ਮਤਲਬ ਪੈਸਾ ਕੋਈ ਸਮੱਸਿਆ ਨਹੀਂ ਹੈ। 20 ਜੁਲਾਈ 2015 ਨੂੰ ਭਾਰਤ ਕਿਰਤ ਸੰਮੇਲਨ ਵਿਚ ਪ੍ਰਧਾਨ

ਮੰਤਰੀ ਨਰੇਂਦਰ ਮੋਦੀ ਨੇ ਈ.ਐਸ.ਆਈ.ਸੀ.-2.0 ਦੀ ਮਿਸਾਲ ਦਿੱਤੀ। ਇਸ ਅਨੁਸਾਰ

- ਈ. ਐਸ. ਆਈ. ਨਿਗਮ ਆਪਣਾ ਵਿਸਥਾਰ ਪੂਰਬ ਉਤਰ ਦੇ ਰਾਜਾਂ ਤੱਕ ਕਰੇਗਾ।
- ਉਸਾਰੀ ਮਜ਼ਦੂਰਾਂ 'ਤੇ ਸਵੈ-ਰੁਜ਼ਗਾਰ 'ਚ ਲੱਗੇ ਮਜ਼ਦੂਰਾਂ ਨੂੰ ਵੀ ਇਸ ਦੇ ਦਾਇਰੇ 'ਚ ਲਿਆਂਦਾ ਜਾਵੇਗਾ।
- ਆਨਲਾਈਨ ਸਲਾਹ-ਮਸ਼ਵਰਾ ਤੇ ਟੈਸਟ ਦੀ ਆਨਲਾਈਨ ਰਿਪੋਰਟ ਦੀ ਸਹੂਲਤ ਦੀ ਸਹੂਲਤ-ਆਦਿ ਮੁਹੱਈਆ ਕੀਤੀ ਜਾਵੇਗੀ।
- ਮੁਦਰ ਤੇ ਚਾਇਲਡ ਕੇਅਰ ਹਸਪਤਾਲ ਖੋਲ੍ਹੇ ਜਾਣਗੇ।

ਸਵੱਛ ਭਾਰਤ ਅਭਿਆਨ ਤੇ ਇੰਦਰ ਧਨੁਸ਼ ਯੋਜਨਾ : ਇਸ ਤਹਿਤ ਹਸਪਤਾਲਾਂ ਤੇ ਡਿਸਪੈਂਸਰੀਆਂ 'ਚ ਟਾਇਲਟ ਦੀ ਸਫ਼ਾਈ ਸਮੇਤ ਸਾਫ਼ ਸਫ਼ਾਈ 'ਤੇ ਵਿਸ਼ੇਸ਼ ਧਿਆਨ ਦਿੱਤਾ ਜਾਵੇਗਾ। ਟੁੱਟ ਫੁੱਟ ਦੀ ਮੁਰੰਮਤ ਤੇ ਕੰਧਾਂ ਉਪਰ ਸਫੇਦੀ ਕਰਵਾਈ ਜਾਵੇਗੀ। ਫਰਸ਼ 'ਤੇ ਟਾਇਲਾਂ ਲਵਾਈਆਂ ਜਾਣਗੀਆਂ ਅਤੇ ਹਸਤਾਲਾਂ 'ਚ ਹਫ਼ਤੇ ਦੇ ਸੱਤ ਦਿਨ ਇੰਦਰਧਨੁਸ਼ ਦੇ ਰੰਗਾਂ ਦੇ ਆਧਾਰ 'ਤੇ ਵੱਖ-ਵੱਖ ਰੰਗ ਦੀ ਚਾਂਦਰਾਂ ਵਿਛਾਈਆਂ ਜਾਣਗੀਆਂ। ਕੁਝ ਡਿਸਪੈਂਸਰੀਆਂ ਨੂੰ ਅਪਗ੍ਰੇਡ ਕੀਤਾ ਜਾਵੇਗਾ। ਪੈਥੋਲੋਜੀ ਤੇ ਐਕਸ-ਰੇ ਦੀ ਸਹੂਲਤ ਸਭ ਡਿਸਪੈਂਸਰੀਆਂ 'ਚ ਮੁਹੱਈਆ ਕਰਵਾਈ ਜਾਵੇਗੀ। 24×7 ਦੀ ਮੈਡੀਕਲ ਹੈਲਪ ਲਾਈਨ ਮੁਹੱਈਆ ਕੀਤੀ ਜਾਵੇਗੀ। ਸੀਨੀਅਰ ਸਿਟੀਜਨ ਲਈ ਵਿਸ਼ੇਸ਼ ਓ.ਪੀ.ਡੀ. ਦੀ ਸਹੂਲਤ ਮੁਹੱਈਆ ਕੀਤੀ ਜਾਵੇਗੀ। ਆਨਕੋਲੋਜੀ (ਕੈਂਸਰ) ਤੇ ਕਾਰਡਿਓਲੋਜੀ ਦਿਲ ਨਾਲ ਸਬੰਧਤ ਸਾਰੇ ਇਲਾਜ ਹਸਪਤਾਲਾਂ 'ਚ ਹੋਣਗੇ। ਪੀ.ਪੀ.ਪੀ. (ਜਨਤਕ ਨਿੱਜੀ ਸਾਂਝੀਦਾਰੀ) ਦੇ ਤਹਿਤ ਡਾਇਲਸਿਸ਼ ਦੀ ਸਹੂਲਤ ਏ.ਐਸ.ਆਈ. ਨਿਗਮ ਦੇ ਸਾਰੇ ਵੱਡੇ ਹਸਪਤਾਲਾਂ 'ਚ ਮੁਹੱਈਆ ਕਰਵਾਈ ਜਾਵੇਗੀ। ਸਾਰੇ ਹਸਪਤਾਲਾਂ 'ਚ 'ਮੇਂ ਆਈ ਹੈਲਪ ਯੂ' ਡੈਸਕ ਲੱਗੇਗਾ। ਡਾਕਟਰਾਂ ਤੇ ਹੋਰ ਸਟਾਫ਼ ਨੂੰ ਬਿਹੇਵਰੀਅਲ ਸਿਖਲਾਈ ਦਿੱਤੀ ਜਾਵੇਗੀ। ਲਾਈਨ 'ਚ ਭੀੜ ਘੱਟ ਹੋਵੇ, ਇਸ ਦਾ ਪ੍ਰਬੰਧ ਕੀਤਾ ਜਾਵੇਗਾ। ਸਾਰੇ ਹਸਪਤਾਲਾਂ 'ਚ ਯੋਗਾ ਤੇ ਸਾਰੀਆਂ ਡਿਸਪੈਂਸਰੀਆਂ 'ਚ ਆਯੂਸ਼ ਦੀ ਸਹੂਲਤ ਮੁਹੱਈਆ ਕੀਤੀ ਜਾਵੇ।

ਸੰਘੀ ਪ੍ਰਧਾਨ ਮੰਤਰੀ ਦੇ ਬੇਹੱਦ ਸੁੰਦਰ ਇਸ ਐਲਾਨ (ਈ.ਐਸ.ਆਈ.ਸੀ.-2.0) 'ਚ ਬਜਟ ਵਧਾਉਣ ਅਤੇ ਡਾਕਟਰਾਂ 'ਤੇ ਹੋਰ ਸਟਾਫ਼ ਨਰਸਾਂ, ਤਕਨੀਸ਼ਨ ਤੇ ਕਲਰਕਾਂ ਦੀ ਭਰਤੀ ਵਰਗੀਆਂ ਬੁਨਿਆਦੀ ਗੱਲਾਂ 'ਤੇ ਕੁਝ ਵੀ ਨਹੀਂ ਕੀਤਾ ਗਿਆ ਹੈ। ਐਸੇ ਵਿਚ ਕੁਝ ਸਵਾਲ ਸੁਭਾਵਿਕ ਹੀ ਦਿਮਾਗ 'ਚ ਉਠਦੇ ਹਨ :

ਅੱਜ ਜਦੋਂ ਈ. ਐਸ. ਆਈ. ਨਿਗਮ ਦੀਆਂ ਡਿਸਪੈਂਸਰੀਆਂ 'ਚ ਇਲਾਜ ਦੇ ਨਾਂ ਹੇਠ ਸਿਰਫ਼ ਖਾਨਾਪੂਰਤੀ ਹੁੰਦੀ ਹੈ, ਉਦੋਂ ਉਥੇ ਐਕਸਰੇ ਤੇ ਪੈਥਾਲੋਜੀ ਦੀਆਂ ਸਹੂਲਤਾਂ ਬਿਨਾ ਬਜਟ ਵਧਾਏ ਕਿਵੇਂ ਦਿੱਤੀਆਂ ਜਾ ਸਕਦੀਆਂ ਹਨ? ਜਦ ਬਜਟ ਦੀ ਘਾਟ ਵਿਚ ਉਪਕਰਣ ਹੀ ਨਹੀਂ ਖਰੀਦੇ ਜਾਣਗੇ ਤਾਂ ਭਲਾ ਨਿਗਮ ਦੇ ਹਸਪਤਾਲਾਂ ਵਿਚ ਕੈਂਸਰ ਤੇ ਦਿਲ ਦੇ ਰੋਗੀਆਂ ਦਾ ਇਲਾਜ ਸੰਭਵ ਕਿਵੇਂ ਹੋਵੇਗਾ? ਜਦ ਡਾਕਟਰਾਂ ਤੇ ਹੋਰ ਸਟਾਫ਼ 'ਚ ਭਾਰੀ ਗਿਣਤੀ 'ਚ ਖਾਲੀ ਪਈਆਂ ਅਸਾਮੀਆਂ ਨੂੰ ਨਹੀਂ ਭਰਿਆ ਜਾਵੇਗਾ ਤਾਂ ਕਿਹੜੀ ਬਿਹੇਵਰੀਅਲ ਟਰੇਨਿੰਗ ਮਜ਼ਦੂਰਾਂ ਪ੍ਰਤੀ ਉਨ੍ਹਾਂ ਦੀ ਹਿਕਾਰਤ ਨੂੰ ਸਾਹਮਣੇ ਆਉਣ ਤੋਂ ਰੋਕ ਸਕੇਗੀ? ਵੁਕਰੇ ਪ੍ਰਧਾਨ ਮੰਤਰੀ ਦੇ ਇਸ ਐਲਾਨ ਦਾ ਕੁੱਲ ਮਿਲਾ ਕੇ ਸਿੱਟਾ ਇਹੀ ਨਿਕਲੇਗਾ ਕਿ ਹਰ ਸਾਲ 21 ਜੂਨ-ਵਿਸ਼ਵ ਯੋਗ ਦਿਵਸ ਨੂੰ ਸਾਰੇ ਡਾਕਟਰ ਇਕ ਲੱਤ 'ਤੇ ਖੜ੍ਹੇ ਹੋ ਕੇ ਸਾਹਿਬ ਦੇ ਆਉਣ ਦੀ ਉਡੀਕ ਕਰਨਗੇ। ਆਖਰ ਮੋਦੀ ਸਰਕਾਰ ਨੇ ਈ. ਐਸ. ਆਈ. ਸੀ. -2.0 'ਚ ਬਜਟ ਲਈ ਲੋੜ ਦੇ ਅਨੁਕੂਲ ਵਧਾਉਣ ਅਤੇ ਡਾਕਟਰਾਂ ਤੇ ਹੋਰ ਸਟਾਫ਼ ਦੇ ਖਾਲੀ ਪਏ ਅਹੁਦਿਆਂ ਨੂੰ ਭਰਨ ਦਾ ਕੋਈ ਐਲਾਨ ਕਿਉਂ ਨਹੀਂ ਕੀਤਾ? ਇਸ ਸਵਾਲ ਦਾ ਜਵਾਬ ਕੇਂਦਰੀ ਕਿਰਤ ਮੰਤਰੀ ਬੰਡਾਰੂ ਦਤਾਤ੍ਰੇਆ ਨੇ 7 ਅਪ੍ਰੈਲ 2015 ਨੂੰ ਦਿੱਤੇ ਇਸ ਬਿਆਨ 'ਚ ਮੌਜੂਦ ਹੈ, "ਮੁਲਾਜ਼ਮਾਂ ਨੂੰ ਈ. ਐਸ. ਆਈ. ਨਿਗਮ ਤੇ ਹੋਰ ਸਿਹਤ ਬੀਮਾ ਵਿਚੋਂ ਚੋਣ ਦੀ ਛੋਟ ਮਿਲੇਗੀ। ਚੋਣ ਦੇ ਵਿਕਲਪ ਕਰਕੇ ਖੁਸ਼ਹਾਲੀ (ਜਾਂ ਗੁਣਵੰਣਤਾ) ਵਧੇਗੀ, ਇਸ ਨਾਲ ਈ. ਐਸ. ਆਈ. ਨਿਗਮ ਦੀਆਂ ਸੇਵਾਵਾਂ ਦੇ ਪੱਧਰ 'ਚ ਸੁਧਾਰ ਹੋਵੇਗਾ।" ਗੱਲ ਬਿਲਕੁਲ ਸਪਸ਼ਟ ਹੈ। ਸਰਕਾਰ ਨਿੱਜੀ ਬੀਮਾ ਕੰਪਨੀਆਂ (ਮੈਡੀਕਲੇਮ) ਦੇ ਬਾਜ਼ਾਰ ਨੂੰ ਵਧਾਉਣਾ ਚਾਹੁੰਦੀ ਹੈ। ਇਸ ਲਈ ਉਹ ਈ. ਐਸ. ਆਈ. ਨਿਗਮ ਨੂੰ ਮਜ਼ਦੂਰਾਂ ਦੇ ਲਈ ਸਵੈਇੱਛਿਕ ਕਰਨ ਦੀ ਗੱਲ ਕਰ ਰਹੀ ਹੈ। ਸਰਕਾਰ ਚਾਹੁੰਦੀ ਹੈ ਕਿ ਈ. ਐਸ. ਆਈ. ਨਿਗਮ ਦੀ ਖਸਤਾ ਹਾਲਤ ਤੋਂ ਪ੍ਰੇਸ਼ਾਨ ਹੋ ਕੇ ਮਜ਼ਦੂਰ ਹੌਲੀ ਹੌਲੀ ਇਸ ਬਦਲ ਨੂੰ ਅਪਨਾਉਣ ਦੀ ਹਾਲਤ ਵਿਚ ਆ ਜਾਣ। ਇਸ ਲਈ ਨਾ ਤਾਂ ਸਰਕਾਰ ਬਜਟ ਵਧਾ ਰਹੀ ਹੈ ਤੇ ਨਾ ਹੀ ਖਾਲੀ ਪਏ ਅਹੁਦਿਆਂ ਨੂੰ ਭਰ ਰਹੀ ਹੈ। ਸਰਕਾਰ ਆਪਣੇ ਮਕਸਦ 'ਚ ਇਕ ਹੱਦ ਤੱਕ ਕਾਮਯਾਬ ਵੀ ਹੋ ਰਹੀ ਹੈ। ਇਹ ਉਦਾਰੀਕਰਨ, ਨਿੱਜੀਕਰਨ, ਵਿਸ਼ਵੀਕਰਨ ਦੀਆਂ ਪੂੰਜੀਪਰਸ ਨੀਤੀਆਂ ਹੀ ਹਨ ਜਿਸ ਤਹਿਤ ਪਿਛਲੇ ਢਾਈ ਦਹਾਕੇ 'ਚ ਸਿੱਖਿਆ, ਸਿਹਤ 'ਤੇ ਹੋਰ ਸੇਵਾਵਾਂ ਨੂੰ ਬਾਜ਼ਾਰ ਦੇ ਹਵਾਲੇ ਕੀਤਾ ਜਾ ਰਿਹਾ ਹੈ। ਸਿਹਤ ਦੀ ਸਰਕਾਰੀ ਸੇਵਾਵਾਂ 'ਤੇ ਈ. ਐਸ. ਆਈ. ਨਿਗਮ ਵਰਗੀਆਂ ਸਵੈ ਨਿਰਭਰ ਸੰਸਥਾਵਾਂ ਨੂੰ ਬਰਬਾਦ ਕੀਤਾ ਜਾ ਰਿਹਾ ਹੈ ਤਾਂ ਕਿ ਕਾਰਪੋਰੇਟ ਹਸਪਤਾਲ, ਮੈਡੀਕਲੇਮ ਤੇ ਦਵਾ-ਕੰਪਨੀਆਂ ਦੀ ਲੁੱਟ ਦਾ ਧੰਦਾ ਵਧਦਾ ਫੁਲਦਾ ਰਹੇ। ਪਰ ਮਜ਼ਦੂਰਾਂ ਨੂੰ ਸਮਝਣਾ ਪਵੇਗਾ ਕਿ ਇਸ ਗੈਰ ਮਨੁੱਖੀ ਪੂੰਜੀਵਾਦੀ ਪ੍ਰਣਾਲੀ 'ਚ ਈ. ਐਸ. ਆਈ. ਕਾਰਪੋਰੇਸ਼ਨ ਦਾ ਬਣੇ ਰਹਿਣਾ ਉਨ੍ਹਾਂ ਦੇ ਹਿੱਤ ਵਿਚ ਹੈ ਕਿਉਂਕਿ ਕਿਸੇ ਗੰਭੀਰ ਬੀਮਾਰੀ ਜਾਂ ਅਪ੍ਰੇਸ਼ਨ ਹੋਣ ਦੀ ਲੋੜ ਪੈਣ 'ਤੇ ਮਾਹਿਰ ਡਾਕਟਰਾਂ ਤੇ ਸੁਪਰ ਸਪੈਸ਼ਲਿਟੀ ਸਹੂਲਤਾਂ ਦੀ ਲੋੜ ਪਵੇਗੀ ਜਿਨ੍ਹਾਂ ਨੂੰ ਨਿੱਜੀ ਹਸਪਤਾਲਾਂ ਤੋਂ ਹਾਸਲ ਕਰਨਾ ਮਜ਼ਦੂਰਾਂ ਲਈ ਅਸੰਭਵ ਹੋਵੇਗਾ। ਇਸ ਲਈ ਮਜ਼ਦੂਰਾਂ ਨੂੰ ਈ. ਐਸ. ਆਈ. ਕਾਰਪੋਰੇਸ਼ਨ ਨੂੰ ਬਚਾਉਣ 'ਤੇ ਇਸ ਦੀ ਪ੍ਰਣਾਲੀ ਨੂੰ ਦਰੁਸਤ ਕਰਨ ਲਈ ਇਕਜੁਟ ਹੋ ਕੇ ਸੰਘਰਸ਼ ਕਰਨਾ ਪਵੇਗਾ। ਉਦਾਰੀਕਰਨ ਨਿੱਜੀਕਰਨ ਤੇ ਵਿਸ਼ਵੀਕਰਨ ਦੀਆਂ ਨੀਤੀਆਂ ਦੇ ਮੁਨਾਫ਼ਾਖੋਰ ਕਿਰਦਾਰ ਨੂੰ ਸਮਝ ਕੇ ਮੈਡੀਕਲ ਮਾਫ਼ੀ ਮਤਾ ਸਰਕਾਰ 'ਤੇ ਭ੍ਰਿਸ਼ਟ ਅਧਿਕਾਰੀਆਂ ਦੇ ਨਾਪਾਕ ਗਠਜੋੜ ਨੂੰ ਆਪਣੇ ਸੰਘਰਸ਼ ਦਾ ਨਿਸ਼ਾਨਾ ਬਣਾਉਣਾ ਪਵੇਗਾ। ਸਿਹਤ ਤੇ ਇਲਾਜ ਮਨੁੱਖ ਦੀ ਮੁਢਲੀ ਲੋੜ ਹੈ। ਜਦੋਂ ਤੱਕ ਇਸ ਦੀ ਖਰੀਦੋ-ਫਰੋਖਤ ਹੁੰਦੀ ਰਹੇਗੀ, ਉਦੋਂ ਤੱਕ ਸਮਾਜ ਦਾ ਕਮਜ਼ੋਰ ਹਿੱਸਾ ਆਪਣੀਆਂ ਸਿਹਤ ਤੇ ਇਲਾਜ ਸਬੰਧੀ ਲੋੜਾਂ ਸਹੀ ਤਰੀਕੇ ਨਾਲ ਪੂਰੀਆਂ ਨਹੀਂ ਕਰ ਸਕਦਾ। ਸਰਕਾਰ ਦੀ ਜ਼ਿੰਮੇਵਾਰੀ ਬਣਦੀ ਹੈ ਕਿ ਸਾਰੇ ਸ਼ਹਿਰੀਆਂ ਲਈ ਇਕ ਬਰਾਬਰ ਸਿਹਤ ਸਹੂਲਤਾਂ ਦਾ ਪ੍ਰਬੰਧ ਕਰੇ ਪਰ ਸਰਮਾਏਦਾਰੀ ਨਿਜ਼ਾਮ 'ਚ ਡਾਕਟਰੀ ਇਲਾਜ ਤੇ ਦਵਾਈਆਂ ਮੁਨਾਫ਼ਾ ਕਮਾਉਣ ਦਾ ਸਾਧਨ ਬਣ ਜਾਂਦੀਆਂ ਹਨ। ਇਸ ਕਰਕੇ ਮਜ਼ਦੂਰਾਂ ਦੀਆਂ ਸਿਹਤ ਸਬੰਧੀ ਸਮੱਸਿਆਵਾਂ ਦੇ ਹੱਲ 'ਚ ਖ਼ੁਦ ਸਰਮਾਏਦਾਰੀ ਨਿਜ਼ਾਮ ਹੀ ਅੜਿੱਕਾ ਬਣ ਕੇ ਖੜ੍ਹਾ ਹੋ ਜਾਂਦਾ ਹੈ।

# ਕੈਨੇਡਾ ਪੈਨਸ਼ਨ ਪਲਾਨ



ਬਚਿੱਤਰ ਸਿੰਘ

ਕੈਨੇਡਾ ਪੈਨਸ਼ਨ ਸਕੀਮ ਇਕ ਜਮ੍ਹਾਂ ਸਕੀਮ ਦੀ ਤਰ੍ਹਾਂ ਹੈ। ਇਹ ਉਨ੍ਹਾਂ ਲਈ ਹੀ ਉਪਲਬਧ ਹੁੰਦੀ ਹੈ ਜਿਹੜੇ ਟੈਕਸ ਭਰਨ ਸਮੇਂ ਆਪਣੀ ਪੈਨਸ਼ਨ ਸਕੀਮ 'ਚ ਪੈਸੇ ਜਮ੍ਹਾਂ ਕਰਵਾਉਂਦੇ ਨੇ। ਜਿਹੜੇ ਲੋਕ ਜਿਸ ਕੰਪਨੀ 'ਚ ਕੰਮ ਕਰਦੇ ਹਨ ਤਦ, ਜਦ ਉਨ੍ਹਾਂ ਨੂੰ ਹਫ਼ਤਾਵਾਰੀ ਜਾਂ ਦੋ ਹਫ਼ਤਾਵਾਰੀ ਤਨਖਾਹ ਮਿਲਦੀ ਹੈ ਤਾਂ ਉਸ ਵਿਚੋਂ ਉਹ ਕੰਪਨੀ ਉਸ ਕਾਮੇ ਦੀ ਤਨਖਾਹ 'ਚ ਕੁਝ ਡਾਲਰ ਉਸ ਦੀ ਪੈਨਸ਼ਨ ਲਈ ਸਰਕਾਰੀ ਖਜ਼ਾਨੇ 'ਚ ਪਾ ਦਿੰਦੀ ਹੈ ਤੇ ਜਿਹੜੇ ਕਾਮੇ ਕਿਸੇ ਕੰਪਨੀ ਦੇ ਹੇਠ ਨਹੀਂ ਬਲਕਿ ਆਪਣੇ ਪੈਸੇ ਕਮਾ ਕੇ ਆਪਣੇ ਆਪ ਨੂੰ ਤਨਖਾਹ ਦਿੰਦੇ ਹਨ। ਉਹ ਸਾਲ ਦੇ ਅੰਤ ਤੇ ਟੈਕਸ ਭਰਨ ਵੇਲੇ ਆਪਣੀ ਬਨਦੀ ਰਾਸ਼ੀ ਕੈਨੇਡਾ ਪੈਨਸ਼ਨ 'ਚ ਜਮ੍ਹਾਂ ਕਰਵਾ ਦਿੰਦੇ ਨੇ। ਅੱਜ ਕੱਲ੍ਹ ਇਹ ਕੁਲਕਮਾਈ ਦਾ 4.95% ਹੁੰਦਾ ਹੈ ਪਰ ਇਸ ਲਈ ਘੱਟ ਤੋਂ ਘੱਟ ਕਮਾਈ 3500 ਡਾਲਰ ਸਾਲ ਦੀ ਹੋਣੀ ਚਾਹੀਦੀ ਹੈ ਤੇ ਵੱਧ ਤੋਂ ਵੱਧ 53,600 ਕਮਾਈ ਤੱਕ ਪੈਨਸ਼ਨ ਲਈ ਕਮਾਈ ਗਿਣੀ ਜਾਂਦੀ ਹੈ। ਕੈਨੇਡਾ ਪੈਨਸ਼ਨ ਤੇ ਨਵੀਂ ਪਾਈ ਰਾਸ਼ੀ ਤੇ ਟੈਕਸ ਛੋਟ ਮਿਲਦੀ ਹੈ ਕਿਉਂਕਿ ਜਦ ਕੋਈ ਪੈਨਸ਼ਨ ਲਵੇਗਾ ਉਦੋਂ ਉਹ ਇਸ 'ਤੇ ਟੈਕਸ ਦੇਵੇਗਾ ਜੇ ਟੈਕਸ ਬਣਦਾ ਹੋਵੇਗਾ। ਕੈਨੇਡਾ ਪੈਨਸ਼ਨ ਲਈ ਸਿਟੀਜਨਸ਼ਿਪ ਦੀ ਮਹੱਤਤਾ ਨਹੀਂ ਬਲਕਿ ਰੈਜੀਡੈਂਸੀ ਦੀ ਮਹੱਤਤਾ ਹੈ।

ਕੈਨੇਡਾ ਪੈਨਸ਼ਨ ਕਿੰਨੀ ਮਿਲਦੀ ਹੈ ਇਹ ਇਸ ਗੱਲ 'ਤੇ ਨਿਰਭਰ ਕਰਦਾ ਹੈ ਕਿ ਕਿਸੇ ਨੇ 18 ਤੋਂ 65 ਸਾਲ ਦੇ ਵਿਚ ਕਿੰਨੀ ਰਾਸ਼ੀ ਜਮ੍ਹਾਂ ਕਰਾਈ ਸੀ। 2015 ਵਿਚ ਇਹ ਵਧ ਤੋਂ ਵਧ 1065 ਡਾਲਰ ਮਹੀਨਾ ਸੀ। ਕਈ ਕੈਨੇਡੀਅਨ 65ਸਾਲ ਦੀ ਉਮਰ ਤੋਂ ਪਹਿਲਾਂ ਵੀ ਰਿਟਾਇਰਮੈਂਟ ਪੈਨਸ਼ਨ ਲੈਂਦੇ ਹਨ ਤੇ ਕਈ ਪੂਰੇ ਟਾਈਮ ਜਾਣੀ 65 ਸਾਲਦੀ ਉਮਰ 'ਤੇ ਪੈਨਸ਼ਨ ਲੈਣੀ ਸ਼ੁਰੂ ਕਰ ਦਿੰਦੇ ਹਨ ਪਰ ਅੱਜ ਕੱਲ੍ਹ ਜ਼ਿਆਦਾ ਕੈਨੇਡੀਅਨ 65 ਸਾਲ ਤੋਂ ਬਾਅਦ ਵੀ ਆਪਦਾ ਕੰਮ ਕਰਨਾ ਜਾਣੀ ਆਪਣੀ ਨੌਕਰੀ ਚਾਲੂ ਰੱਖਦੇ ਹਨ। ਜਿਹੜੇ ਲੋਕ 60 ਸਾਲ ਦੀ ਉਮਰ 'ਚ ਪੈਨਸ਼ਨ ਲੈਣੀ ਚਾਹੁੰਦੇ ਹਨ ਉਨ੍ਹਾਂ ਨੂੰ 6% ਪ੍ਰਤੀ ਮਹੀਨਾ ਜਾਂ 7.2% ਪ੍ਰਤੀ ਵਰਸ ਸਥਾਪਤ ਕੀਤੀ ਜਾਂਦੀ ਹੈ ਤੇ ਜਿਹੜੇ ਪੈਨਸ਼ਨ ਲੇਟ ਲੈਣੀ ਸ਼ੁਰੂ ਕਰਦੇ ਹਨ ਉਨ੍ਹਾਂ ਨੂੰ ਇਸ ਦੀ ਦਰ 7% ਜਾਂ 8.4% ਪ੍ਰਤੀ ਵਰਸ ਵਧ ਕੇ ਮਿਲਦੀ ਹੈ।

– ਰਿਟਾਇਰਮੈਂਟ ਪੈਨਸ਼ਨ, ਸਰਵਾਈਵਰ ਭੱਤਾ ਤੇ ਡਿਸਏਬਿਲਟੀ ਭੱਤਾ ਜਾਣੀ ਤਿੰਨਾਂ ਨੂੰ ਰਿਟਾਇਰਮੈਂਟ ਵੇਲੇ ਜੋੜ ਦਿੱਤਾ ਹੈ। ਇਹ ਕ੍ਰਿਆ ਮਹਿੰਗਾਈ ਭੱਤੇ ਦੀ ਤਰ੍ਹਾਂ ਫਾਇਦੇਵੰਦ ਹੁੰਦਾ ਹੈ ਤੇ ਵਾਧੂ ਕਾਰਜ ਪੱਤਰਾਂ ਜਾਂ ਪੱਤਰ ਵਿਵਹਾਰ ਤੋਂ ਬਚਿਆ ਜਾਂਦਾ ਹੈ।

ਜੇ ਕਿਸੇ ਜੀਵਨ ਸਾਥੀ ਜਾਣੀ ਪਤੀ ਜਾਂ ਪਤਨੀ ਦੀ 65 ਸਾਲ ਦੀ ਉਮਰ ਤੋਂ ਪਹਿਲਾਂ ਮੌਤ ਹੋ ਜਾਵੇ ਤਾਂ ਉਸ ਨੂੰ ਪਿਛੇ ਰਹਿ ਗਏ ਪਤੀ ਜਾਂ ਪਤਨੀ ਨੂੰ 2015 ਮੁਤਾਬਕ 234.84 ਡਾਲਰ ਪ੍ਰਤੀ ਮਹੀਨਾ ਮਿਲਦੇ ਸਨ। ਯਾਦ ਰਹੇ ਕਿ 18 ਸਾਲ ਤੋਂ ਘੱਟ ਜਾਂ ਨਿਰਭਰ ਬੱਚਿਆਂ ਨੂੰ ਵੀ ਇਹ ਭੱਤਾ 234.84 ਡਾਲਰ ਪ੍ਰਤੀ ਮਹੀਨਾ ਮਿਲਦਾ ਹੈ। ਯਾਦ ਰਹੇ ਕੈਨੇਡਾ ਪੈਨਸ਼ਨ ਵਿਚ 2500 ਡਾਲਰ ਅੰਤਮ ਰਸਮਾਂ ਦੇ ਰੂਪ 'ਚ ਵੀ ਮਿਲਦਾ ਹੈ। ਇਹ ਕੁਲ ਮਿਲਾ ਕੇ ਮਹੀਨੇ ਦੀ ਰਿਟਾਇਰਮੈਂਟ ਨੂੰ ਛੇ ਤੇ ਜਰਬ ਕਰਕੇ ਦੋ ਬਰਾਬਰ ਮਿਲਦਾ ਹੈ।

ਜੇਕਰ ਕੋਈ ਕੈਨੇਡੀਅਨ 65 ਸਾਲ ਦੀ ਉਮਰ ਤੋਂ ਪਹਿਲਾਂ ਕਿਸੇ ਘਟਨਾ ਜਾਂ ਬਿਮਾਰੀ ਕਰਕੇ ਕੰਮ ਕਰਨ ਦੇ ਯੋਗ ਨਾ ਰਵੇ ਤਾਂ ਇਹ ਕੈਨੇਡਾ ਰਿਟਾਇਰਮੈਂਟ ਪੈਨਸ਼ਨ ਕੈਨੇਡਾ ਡਿਸਏਬਿਲਟੀ ਇੰਸ਼ੋਰੈਂਸ ਦੇ ਰੂਪ 'ਚ ਮਿਲਦੀ ਜੋ ਜ਼ਿਆਦਾ ਕਰਕੇ ਬਹੁਤ ਹੀ ਘਟ ਹੁੰਦੀ ਹੈ। ਯਾਦ ਰਹੇ ਕੈਨੇਡਾ ਸਰਕਾਰ ਦੀ ਡਿਸਏਬਿਲਟੀ ਦੀ ਪ੍ਰੀਭਾਸ਼ਾ ਬਹੁਤ ਸਖ਼ਤ ਹੁੰਦੀ ਹੈ ਜਿਸ ਦੇ ਸ਼ਬਦ Very Server ਤੇ Proponged ਖਾਸ ਵਰਨਣ ਕੀਤੇ ਹੁੰਦੇ ਹਨ ਤੇ ਹਰ ਇਕ ਦਾ ਇਹਦੇ ਲਈ ਪਾਸ ਹੋ ਜਾਣਾ ਸੌਖਾ ਨਹੀਂ ਹੁੰਦਾ ਤਾਂ ਹੀ ਸਾਨੂੰ ਬਾਹਰੋਂ ਇੰਸ਼ੋਰੈਂਸ (ਬੀਮਾ) ਕੰਪਨੀਆਂ ਤੋਂ ਆਪਣੀ ਡਿਸਏਬਿਲਟੀ ਇੰਸ਼ੋਰੈਂਸ ਕਰਵਾਉਣੀ ਪੈਂਦੀ ਹੈ ਜੋ ਹਰ ਇਕ ਦੀ ਇਨਕਮ ਜਾਣੀ ਕਮਾਈ ਦੇ ਆਧਾਰਤ ਹੁੰਦੀ ਹੈ ਜਾਂ ਕਿ ਰਿਟਾਇਰਮੈਂਟ ਪੈਨਸ਼ਨ ਦੇ ਆਧਾਰਤ। ਕੈਨੇਡਾ ਦੀ ਸਰਕਾਰੀ ਡਿਸਏਬਿਲਟੀ ਪਲੈਨ ਵਿਚ ਚਾਰ ਮਹੀਨੇ ਤੱਕ ਇਹ ਡਿਸਏਬਿਲਟੀ ਦਾ ਭੱਤਾ ਨਹੀਂ ਮਿਲਦਾ। 2014 ਅਨੁਸਾਰ ਇਹ ਘੱਟ ਤੋਂ ਘੱਟ 800 ਤੇ ਵੱਧ ਤੋਂ ਵੱਧ 1236.35 ਪ੍ਰਤੀ ਮਹੀਨਾ ਸੀ। ਪਰ 65 ਸਾਲ ਦੀ ਉਮਰ ਤੇ ਡਿਸਏਬਿਲਟੀ ਤੇ ਰਿਟਾਇਰਮੈਂਟ ਪੈਨਸ਼ਨ ਦੋਨੋਂ ਹੀ ਨਹੀਂ ਮਿਲਦੇ ਜਾਣੀ ਕਿ ਜੇ ਕਿਸੇ ਨੂੰ ਡਿਸਏਬਿਲਟੀ 2600 ਪ੍ਰਤੀ ਮਹੀਨਾ ਮਿਲਦੀ ਹੈ ਤੇ ਹੁਣ ਉਸਨੂੰ 65 ਸਾਲ ਦੀ ਉਮਰ ਵਿਚ 800 ਪ੍ਰਤੀ ਮਹੀਨਾ ਪੈਨਸ਼ਨ ਸ਼ੁਰੂ ਹੋ ਗਈ ਹੈ ਤਾਂ ਕੁਲ ਮਿਲਾ ਕੇ ਉਸ ਨੂੰ 2600-800 ਜਾਣੀ 1600 ਡਾਲਰ ਪ੍ਰਤੀ ਮਹੀਨਾ ਡਿਸਏਬਿਲਟੀ ਮਿਲੇਗੀ। ਜਾਣੀ ਦੋਹਾਂ 'ਚੋਂ ਜੋ ਵੱਧ ਹੋਵੇਗੀ।

ਬੁਢਾਪਾ ਪੈਨਸ਼ਨ : ਇਹ ਹਰ ਉਸ ਕੈਨੇਡੀਅਨ ਨੂੰ ਮਿਲਦੀ ਹੈ ਜੋ ਕੈਨੇਡਾ 'ਚ ਰਹਿੰਦਾ ਹੋਵੇ ਇਸ ਦੀ ਮਿਆਦ ਅਕਸਰ 10 ਸਾਲ ਗਿਣੀ ਜਾਂਦੀ ਹੈ। ਜ਼ਰੂਰੀ ਨਹੀਂ ਕਿ ਨਾਗਰਿਕ, ਕੈਨੇਡਾ ਦਾ ਪੱਕਾ ਸ਼ਹਿਰੀ ਹੋਵੇ ਪਰ ਇਹ ਕਿਸੇ ਵੀ ਹਾਲਤ 65 ਸਾਲ ਤੋਂ ਪਹਿਲਾਂ ਨਹੀਂ ਮਿਲਣੀ। ਕੋਈ ਵੀ 18 ਤੇ 65 ਸਾਲ ਦੀ ਉਮਰ ਵਿਚ ਲਗਭਗ 10 ਸਾਲ ਕੈਨੇਡਾ 'ਚ ਘੱਟ ਤੋਂ ਘੱਟ ਇਕ ਸ਼ਹਿਰੀ ਜਾਣੀ (Lgnded immigrant) ਦੇ ਤੌਰ 'ਤੇ ਰਿਹਾ ਹੋਵੇ। ਜਨਵਰੀ 2014 ਦੇ ਕਾਨੂੰਨਾਂ ਮੁਤਾਬਕ ਇਹ ਮਹੀਨੇ ਦੀ 551.64 ਡਾਲਰ ਸੀ। ਜੇ ਕਿਸੇ ਦੀ ਆਮਦਨ 2014 ਦੇ ਸਾਲ ਮੁਤਾਬਕ 71,952 ਡਾਲਰ ਸੀ ਤਾਂ ਇਹ ਪ੍ਰਤੀ ਡਾਲਰ ਘਟਣੀ ਸ਼ੁਰੂ ਹੋ ਜਾਂਦੀ ਹੈ ਤੇ ਜਦੋਂ ਕਿਸੇ ਦੀ ਆਮਦਨ 115,716 ਹੋਵੇਗੀ ਤਾਂ ਬੁਢਾਪਾ ਪੈਨਸ਼ਨ ਜ਼ੀਰੋ ਹੋ ਜਾਂਦੀ ਹੈ। ਉਦਾਹਰਣ ਦੇ ਰੂਪ 'ਚ 65 ਸਾਲ ਦੀ ਉਮਰ 'ਚ ਕਿਸੇ ਦੀ ਆਮਦਨੀ ਡਾਲਰ 90,000 ਸੀ। ਡਾਲਰ 90,000-ਡਾਲਰ 71952=18048 ਤੇ 18048×15%=2707.02-12, ਡਾਲਰ 225.60 ਜਾਣੀ ਉਸ ਨੂੰ ਆਉਂਦੇ ਸਮੇਂ ਵਿਚ ਪ੍ਰਤੀ ਮਹੀਨਾ ਡਾਲਰ 225.60 ਬੁਢਾਪਾ ਪੈਨਸ਼ਨ ਮਿਲੇਗੀ। ਯਾਦ ਰਹੇ ਇਹ ਹਿਸਾਬ ਕਿਤਾਬ ਹਰ ਸਾਲ ਕੀਤਾ ਜਾਂਦਾ ਹੈ। ਜੇ ਕਿਸੇ ਦੀ ਆਮਦਨ ਬਿਲਕੁਲ ਘਟ ਜਾਵੇ ਤਾਂ ਇਹ 2014 ਦੇ ਮੁਤਾਬਕ ਡਾਲਰ 551.64 ਮਿਲੇਗੀ।




ਇਸ ਤੋਂ ਇਲਾਵਾ ਇਸ ਵਿਚ ਇਕ ਭੱਤਾ ਗਰੰਟੀ ਆਮਦਨੀ ਭੱਤਾ ਵੀ ਹੁੰਦਾ ਹੈ। ਇਹ ਉਨ੍ਹਾਂ ਨੂੰ ਹੀ ਮਿਲਦਾ ਹੈ ਜਿਨ੍ਹਾਂ ਦੀ ਸਾਲਾਨਾ ਆਮਦਨੀ ਡਾਲਰ 16728 (2014 ਦੇ ਮੁਤਾਬਕ) ਜਾਂ ਇਸ ਤੋਂ ਘੱਟ ਹੋਵੇ। ਇਕ ਰਿਟਾਇਰਡ ਜੋੜੇ ਨੂੰ ਇਹ ਡਾਲਰ 747.86 ਤੋਂ 1047.86 ਡਾਲਰ ਦੇ ਵਿਚ ਵਿਚ 60 ਤੋਂ 64 ਸਾਲ ਦੀ ਉਮਰ ਤੱਕ ਮਿਲਦਾ ਹੈ ਜੇਕਰ ਦੋਹਾਂ ਦੀ ਪਰਿਵਾਰਕ ਆਮਦਨੀ 30912 ਡਾਲਰ ਤੋਂ ਘੱਟ ਹੋਵੇ। ਇਸ ਤਰ੍ਹਾਂ ਦੀਆਂ ਸਰਕਾਰੀ ਬਚਤਾਂ ਕਾਫ਼ੀ ਨਹੀਂ ਹਨ। ਇਸੇ ਕਰਕੇ ਸਾਨੂੰ ਜੀਵਨ ਬੀਮਾ ਇੰਸ਼ੋਰੈਂਸ ਦੇ ਬੋਕਰ ਨੂੰ ਮਿਲਕੇ ਜਲਦੀ ਤੋਂ ਜਲਦੀ ਸਾਨੂੰ ਆਪਣਾ ਟੈਕਸ ਤੋਂ ਰਹਿਤ ਬਚਤ ਦਾ ਅਕਾਊਂਟ ਖੋਲ੍ਹਣਾ ਜ਼ਰੂਰੀ ਹੈ ਜਿਸ 'ਤੇ ਗੌਰਮਿੰਟ ਟੈਕਸ ਨਹੀਂ ਲਾਉਂਦੀ ਇਸ ਨੂੰ ਤੁਸੀਂ ਸਾਨੂੰ ਮਿਲਕੇ ਇਹ ਬਚਤ ਅਕਾਊਂਟ ਟੈਕਸ ਫਰੀ ਸੇਵਿੰਗ ਅਕਾਊਂਟ ਖੋਲ੍ਹ ਸਕਦੇ ਹੋ। ਯਾਦ ਰੱਖੋ ਇਹ ਖਰਚਾ ਨਹੀਂ ਬਲਕਿ ਬਚਤ ਸਕੀਮ ਹੈ ਜਿਸ ਵਿਚ ਤੁਸੀਂ 2 ਤੋਂ 7 ਜਾਂ 8% ਤੱਕ ਵਿਆਜ ਵੀ ਕਮਾ ਸਕਦੇ ਹੋ। ਇਸ ਖਾਤੇ ਵਿਚ ਤੁਸੀਂ ਇਕ ਜੀ ਪਿਛੇ ਸਾਲ 'ਚ 5000 ਕੈਨੇਡੀਅਨ ਡਾਲਰ ਜਮ੍ਹਾਂ ਕਰਾ ਕੇ ਟੈਕਸ ਤੋਂ ਰਾਹਤ ਲੈ ਸਕਦੇ ਹੋ ਤੇ ਇਸੇ ਤਰ੍ਹਾਂ ਇਕ ਸਕੀਮ (ਆਰ. ਆਰ. ਐਸ. ਪੀ.) ਰਜਿਸਟਰਡ ਰਿਟਾਇਰਮੈਂਟ ਬਚਤ ਸਕੀਮ ਵੀ ਖੋਲ੍ਹ ਸਕਦੇ ਹੋ। ਇਹ ਦੋਨੋਂ ਸਕੀਮਾਂ ਤੁਸੀਂ ਸਰਕਾਰੀ ਨਜ਼ਰਾਂ ਜਾਣੀ ਕਾਨੂੰਨਾਂ ਦੇ ਮੁਤਾਬਕ ਖੋਲ੍ਹਦੇ ਹੋ ਤੇ ਕਾਫ਼ੀ ਫਾਇਦਾ ਉਠਾਉਂਦੇ ਹੋ।

647-299-4803
bachitter@punjabinsurance.ca

# Brampton activists rally against Hydro One sell-off

## Action part of growing anti-privatization movement




**PV Ontario Bureau**

The summer heat wave broke, briefly, but anti-privatization activists in Brampton, Ontario weren't ready to chill out. More than two dozen turned out at the city's Hydro One headquarters on August 14 to protest the Ontario government's sale of the century-old public electrical utility.

The rally was organized by the GTA West Club of the Communist Party, and included participants from the Indo-Canadian Workers Association, the Rationalist Society and Concern Nepal Canada. They decorated Hydro One's front yard with "Keep Hydro Public" lawn signs, and waved placards at the busy traffic. Scores of passing drivers honked, waved and shouted their support, indicating the breadth of opposition to this sell-off.

Speaker Dave McKee, Ontario leader of the Communist Party, told the demonstration that opposition to the sale has continued to build. "Just before the Initial Public Offering, the largest IPO in memory in Ontario, public opposition was 58%. Astonishingly, this grew by 25% after the first tranche of shares was sold, and now a whopping 83% of Ontarians are against the Hydro One privatization."

McKee also noted that 200 municipalities - one out of every two in Ontario - have passed resolutions against privatization. "This represents a massive basis for mobilizing people into the streets, which is what the Communist Party is encouraging."

Participants unanimously agreed to send a message to the Liberal government of Kathleen Wynne, calling on her to stop the sell-off.

The Brampton rally was the latest in a surge of activity against the Hydro One sale, and against privatization in general. In February, several dozen Toronto activists gathered for an anti-privatization forum that included presentations on healthcare, post-secondary education, electricity, housing and public transit.

Speakers noted that the process of privatization is underway everywhere in Ontario, but that it takes different forms, depending on the conditions in each individual sector. In the case of Hydro One, for example, the government is conducting an outright sale to the private sector. In healthcare, privatization often takes the form of for-profit clinics which offer services that have been delisted from public healthcare, or which are allowed - illegally - to operate in competition with public clinics. In other areas, such as public transit, privatization often takes the form of contracting the private-sector to manage and oversee public programs and services. Virtually all sectors are seeing the increase of P3's - public private partnerships - to finance, build, maintain or upgrade public services. In all cases, services for people decline while corporate profits increase.

The provincial government claims that privatization is necessary because budget constraints mean that sufficient public funding is not available. Wynne constantly describes the Hydro One sell-off as the key to financing her government's infrastructure program, an election promise that helped secure a Liberal majority in 2014.

The reality, though, is that privatization is a dead-end for public services. The Hydro One deal is the largest privatization in memory, estimated to yield $9 billion, but the government has committed to using $5 billion to pay down debt. That leaves $4 billion to be used for services and infrastructure - money that Hydro One's annual profit payments of nearly $1 billion would provide to the public over four years. After those four years are up, these profits will go straight into corporate bank accounts and the people of Ontario will be stuck with a big loss.

It's a similar, sad story for the other sectors facing privatization.

But it doesn't have to be this way. Since 1995, when the Mike Harris Conservatives were elected, the Ontario government has aggressively pursued a policy of tax cuts for corporations and the very rich. Currently, Ontario is one of, if not the lowest corporate tax jurisdiction in North America, at just 11%. A recent report by the Ontario Public Service Employees Union indicated that all of the tax cuts in Ontario, since 1995, add up to $18 billion in lost public revenue each year. This is money that is badly needed for health, education, public transit, job creation and infrastructure. But instead of restoring this funding, the Wynne government has a strategy to sell public assets like Hydro One, the LCBO (liquor retailer), public schools, water and wastewater services.

The good news is that working people in Ontario are organizing against this criminal theft, and are beginning to pull together to forge a united movement against privatization. A lot more needs to be done, though -public forums, where activists share details of the corporate attack and of their own tactics, are important but they are only one piece of the struggle. The forces pushing privatization are extremely powerful and well funded, and the fightback needs to be even stronger. Ontario needs a funded, united movement against privatization, one that can engage millions of people into a sustained and escalating campaign. For this to develop, working people rely on the trade union movement.

Says McKee, "Imagine a province-wide day of action, in which communities across Ontario had rallies like the one in Brampton. That kind of organization and mobilization is what we need to force the government to halt and reverse these privatizations. It needs to be built, it can be built, and it starts with the working people insisting that another Ontario is possible."

---

Sardar Thaman Singh Ji was born in November in the year 1897 in the village of Chotian Thoba near the city of Moga. Around 1916, he joined the British Indian Army and he fought in the 1st World War in Europe. He was wounded in the war and stayed at a Calcutta Hospital. After getting well he joined the Revolutionary (Gaddri) Party. The party made self made grenades and threw them at a cruel British police officer. Instead of killing the police officer the grenade killed his family and the officer survived. This tragedy affected him so much that he quit the party and started his own fight politically.





1) In 1921, he received a 9 month sentence in Alipur Jail in Calcutta.

2) In 1923, he received a 3 month sentence in Nagpur Jail in Calutta.

3) In 1924, he moved to Bombay from Calcutta.

4) In 1928, received a 1 year sentence in Bisapur Jail in Bombay.

5) In 1929, he received a 6 month sentence in Bisapur Jail

6) 1n 1931, he received a 15 month sentence.

7) In 1933, he received a 2 month sentence in Byculla in Bombay

8) When he got out, he again went to jail for 3 years for breaking the Law of War Council.

9) In 1938-39, he received a 15 month sentence.

10) In 1942, he received a 2 year sentence in Nasik and Raj Mandri Jail.

While, he was fighting for freedom his family consisting of his two younger sisters, mother and father all died and he was unable to preform the last rites for any of them.

His Biography will be released by Bibi Inderjit Kaur (Niece of Shaheed Azam S. Bhagat Singh Ji and Daughter of Sardar Kultar Singh Ji.) and Gagan Sikand (M.P. of Meadaowvale-Mississauga) on Sunday August 14th, 2016 at the Dixie Gurudwara from 10:00am - 12:00pm in Hall number 3 & 4.

For more inquires you can contact Bindu Brar (Son of Freedom Fighter S. Thaman Singh Ji)

Home: 905-824-5268
Cell: 647-542-6357

# ਕਾਮਾਗਾਟਾ ਮਾਰੂ ਲਾਇਬ੍ਰੇਰੀ ਕੈਮਲੂਪਸ ਦੇ ਉਦਘਾਟਨ ਦੀ ਪਹਿਲੀ ਵਰ੍ਹੇਗੰਢ

**ਤੇਜਿੰਦਰ ਸਿੰਘ ਧਾਮੀ ਐਮ. ਏ.**





ਪਿਛਲੇ ਸਾਲ 26 ਜੁਲਾਈ ਨੂੰ, ਸਿੱਖ ਕਲਚਰਲ ਸੁਸਾਇਟੀ ਆਫ਼ ਕੈਮਲੂਪਸ ਵਲੋਂ ਕੈਮਲੂਪਸ ਗੁਰੂ ਘਰ (700 Cambridge Cres.) ਵਿਚ ਕਾਮਾਗਾਟਾ ਮਾਰੂ ਲਾਇਬ੍ਰੇਰੀ ਖੋਲ੍ਹੀ ਗਈ ਸੀ। ਕਾਮਾਗਾਟਾ ਮਾਰੂ ਜਹਾਜ਼ ਦੇ 376 ਮੁਸਾਫ਼ਰ, 23 ਮਈ 1914 ਤੋਂ 23 ਜੁਲਾਈ 1914 ਤੱਕ ਵੈਨਕੂਵਰ ਲਾਗੇ, ਸ਼ਾਂਤ ਮਹਾਂ-ਸਾਗਰ ਦੇ ਪਾਣੀਆਂ ਵਿਚੋਂ, ਕੈਨੇਡਾ ਦੀ ਉਸ ਵੇਲੇ ਦੀ ਨਸਲਵਾਦੀ ਸਰਕਾਰ ਦੇ ਬੂਹੇ 'ਤੇ ਹੱਕ, ਸੱਚ ਅਤੇ ਇਨਸਾਫ਼ ਲਈ ਦਸਤਕ ਦਿੰਦੇ ਰਹੇ ਸਨ। ਇਹ ਲਾਇਬ੍ਰੇਰੀ, ਜਹਾਜ਼ ਦੇ ਮੁਸਾਫ਼ਰਾਂ ਦੀਆਂ ਅਭੁੱਲ ਕੁਰਬਾਨੀਆਂ ਅਤੇ ਇਤਿਹਾਸਕ ਯਾਦਾਂ ਨੂੰ ਸਮਰਪਿਤ ਹੈ, ਜੋ ਦੁਨੀਆ ਭਰ ਵਿਚ ਵਸਦੇ ਭਾਰਤੀਆਂ ਲਈ, ਜ਼ੁਲਮ ਅਤੇ ਬੇਇਨਸਾਫ਼ੀ ਵਿਰੁੱਧ ਸੰਘਰਸ਼ ਦਾ ਚਿੰਨ੍ਹ ਬਣ ਗਈਆਂ ਹਨ।

23 ਜੁਲਾਈ 1916 ਨੂੰ, ਕਾਮਾਗਾਟਾਮਾਰੂ ਜਹਾਜ਼ ਦੀ ਜਬਰਨ-ਵਾਪਸੀ ਦੀ 102ਵੀਂ ਵਰ੍ਹੇਗੰਢ ਸਮੇਂ, ਕੈਮਲੂਪਸ ਦੀ ਸਾਧ-ਸੰਗਤ ਵਲੋਂ, ਕਾਮਾਗਾਟਾ ਮਾਰੂ ਲਾਇਬ੍ਰੇਰੀ ਕੈਮਲੂਪਸ ਦੇ ਉਦਘਾਟਨ ਦੀ ਪਹਿਲੀ ਵਰ੍ਹੇਗੰਢ, ਬੜੇ ਉਤਸ਼ਾਹ ਨਾਲ ਨਿਵੇਕਲੇ ਅੰਦਾਜ਼ ਵਿਚ ਮਨਾਈ ਗਈ। ਪ੍ਰਸਿੱਧ ਇਤਿਹਾਸਕਾਰ ਅਤੇ ਦੋ ਖੋਜ ਭਰਪੂਰ ਪੁਸਤਕਾਂ (ਕੈਨੇਡਾ ਦੇ ਗ਼ਦਰੀ ਯੋਧੇ, ਭਾਈ ਰਤਨ ਸਿੰਘ ਰਾਇਪੁਰ ਡੱਬਾ) ਸਾਹਿਤ ਜਗਤ ਦੀ ਝੋਲੀ ਵਿਚ ਪਾਉਣ ਵਾਲੇ ਲੇਖਕ ਸੋਹਣ ਸਿੰਘ ਪੂੰਨੀ ਇਸ ਪ੍ਰੋਗਰਾਮ ਦੇ ਮੁੱਖ ਮਹਿਮਾਨ ਸਨ। ਸਟੇਜ ਉਤੇ ਪੂੰਜੀ ਜੀ ਦੇ ਨਾਲ, ਗੁਰੂ ਘਰ ਦੇ ਮੁੱਖ ਸੇਵਾਦਾਰ ਕੁਲਵਿੰਦਰ ਸਿੰਘ ਕੁਲਾਰ ਅਤੇ ਦੋਵੇਂ ਸਕੱਤਰ ਸਾਹਿਬਾਨ-ਈਸ਼ਰ ਸਿੰਘ ਭੱਟੀ ਅਤੇ ਤੇਜਿੰਦਰ ਸਿੰਘ ਧਾਮੀ ਹਾਜ਼ਰ ਸਨ। ਇਤਿਹਾਸਕਾਰ ਸੋਹਣ ਸਿੰਘ ਪੂੰਨੀ ਨੇ ਆਪਣੇ ਦੋ ਜੋਸ਼ੀਲੇ ਲੈਕਚਰਾਂ ਵਿਚ ਹਿੰਦੁਸਤਾਨ ਗ਼ਦਰ ਪਾਰਟੀ ਦੇ ਆਰੰਭ ਤੋਂ ਲੈ ਕੇ, ਕਾਮਾਗਾਟਾ ਮਾਰੂ ਜਹਾਜ਼, ਸ਼ਹੀਦ ਮੇਵਾ ਸਿੰਘ ਅਤੇ ਹੋਰਨਾਂ ਮਰਜੀਵੜੇ ਗ਼ਦਰੀ ਦੇਸ਼-ਭਗਤਾਂ, ਬਾਬਾ ਗੁਰਦਿੱਤ ਸਿੰਘ ਅਤੇ ਬਲਬਜ ਘਾਟ ਦੇ ਖ਼ੂਨੀ ਸਾਕੇ ਤੱਕ ਦੇ ਰੌਂਗਟੇ ਖੜ੍ਹੇ ਕਰਨ ਵਾਲੇ ਇਤਿਹਾਸ ਨੂੰ, ਐਨੇ ਦਿਲਚਸਪ ਅਤੇ ਪ੍ਰਭਾਵਸ਼ਾਲੀ ਅੰਦਾਜ਼ ਨਾਲ ਪੇਸ਼ ਕੀਤਾ ਕਿ ਲੈਕਚਰ ਸਮਾਂ ਅਤੇ ਸਵਾਲ ਜਵਾਬ ਸਮਾਂ ਅੱਖ ਦੇ ਫ਼ੋਰ ਵਿਚ ਬੀਤ ਗਿਆ। ਪ੍ਰੋਗਰਾਮ ਦਾ ਆਰੰਭ ਈਸ਼ਰ ਸਿੰਘ ਭੱਟੀ ਨੇ ਕੀਤਾ, ਪੂੰਨੀ ਜੀ ਦੀ ਜਾਣ ਪਛਾਣ ਡਾ. ਸੁਰਿੰਦਰ ਧੰਜਲ ਨੇ ਕਰਵਾਈ, ਸਵਾਲ-ਜਵਾਬ ਸਮੇਂ ਦੀ ਦੇਖ-ਰੇਖ ਕੁਲਵਿੰਦਰ ਸਿੰਘ ਕੁਲਾਰ ਨੇ ਕੀਤੀ ਅਤੇ ਸਰੋਤਿਆਂ ਦਾ ਧੰਨਵਾਦ ਤੇਜਿੰਦਰ ਸਿੰਘ ਧਾਮੀ ਨੇ ਕੀਤਾ।

24 ਜੁਲਾਈ 2016 ਨੂੰ, ਸੋਹਲ ਪਰਿਵਾਰ ਦੇ ਸਹਿਜ ਪਾਠ ਭੋਗ ਸਮਾਗਮ ਦੀ ਸਮਾਪਤੀ ਸਮੇਂ ਇਤਿਹਸਾਕਾਰ ਸੋਹਣ ਸਿੰਘ ਪੂੰਨੀ ਨੂੰ, ਗੁਰੂ ਘਰ ਦੇ ਮੁੱਖ ਸੇਵਾਦਰ ਕੁਲਵਿੰਦਰ ਸਿੰਘ ਕੁਲਾਰ ਵਲੋਂ ਯਾਦਗਾਰੀ ਤੁਹਫ਼ੇ ਅਤੇ ਲਾਇਬ੍ਰੇਰੀ ਦੀਆਂ ਕੁਝ ਪੁਸਤਕਾਂ ਨਾਲ ਸਨਮਾਨਿਤ ਕੀਤਾ ਗਿਆ ਅਤੇ ਲਾਇਬ੍ਰੇਰੀ ਦੇ ਮੁੱਖ ਪ੍ਰਬੰਧਕ ਡਾ. ਸੁਰਿੰਦਰ ਧੰਜਲ ਨੂੰ Certificate of Appreciation ਨਾਲ ਸਨਮਾਨਿਤ ਕੀਤਾ ਗਿਆ।

ਕਾਮਾਗਾਟਾ ਮਾਰੂ ਲਾਇਬ੍ਰੇਰੀ ਦਾ ਇਹ ਪ੍ਰਾਜੈਕਟ, ਕਈ ਵਰ੍ਹਿਆਂ ਦੀ ਮਿਹਨਤ ਨਾਲ ਨੇਪਰੇ ਚੜ੍ਹਿਆ ਹੈ। ਇਕ ਪਾਸੇ 2012 ਤੋਂ ਬੈਂਸ ਪਰਿਵਾਰ, ਸਵਾਲ ਪਰਿਵਾਰ, ਰੰਧਾਵਾ ਪਰਿਵਾਰ, ਖਹਿਰਾ ਪਰਿਵਾਰ ਅਤੇ ਧੰਜਲ ਪਰਿਵਾਰ, ਨਿਰੋਲ ਸੇਵਾ ਭਾਵਨਾ ਨਾਲ ਦੇਸ਼ ਪ੍ਰਦੇਸ਼ ਤੋਂ ਚੋਣਵੀਆਂ ਪੁਸਤਕਾਂ ਇਕੱਠੀਆਂ ਕਰਨ ਵਿਚ ਜੁਟੇ ਰਹੇ, ਦੂਜੇ ਪਾਸੇ ਗੁਰੂ ਘਰ ਦੀਆਂ 2012 ਤੋਂ ਲੈ ਕੇ ਹੁਣ ਤੱਕ ਦੀਆਂ ਕਮੇਟੀਆਂ ਦੇ ਸੇਵਾਦਾਰ, ਐਗਜ਼ੈਕਟਿਵ ਮੀਟਿੰਗਾਂ ਅਤੇ ਸਲਾਨਾ ਜਨਰਲ ਮੀਟਿੰਗਾਂ ਦੌਰਾਨ, ਲਾਇਬ੍ਰੇਰੀ ਖੋਲ੍ਹਣ ਲਈ ਪ੍ਰਬੰਧਕੀ ਅਤੇ ਸੰਵਿਧਾਨਕ ਰਾਹ ਪੱਧਰਾ ਕਰਨ ਵਿਚ ਯਤਨਸ਼ੀਲ ਰਹੇ। ਲਾਇਬ੍ਰੇਰੀ ਦੇ ਪ੍ਰਮੁੱਖ ਭਾਗਾਂ ਵਿਚ ਸਿੱਖ ਧਰਮ ਦੇ ਪ੍ਰਮੁੱਖ ਗ੍ਰੰਥ ਅਤੇ ਟੀਕੇ, ਸਿੱਖ ਇਤਿਹਾਸ ਸੈਕਸ਼ਨ, ਕਾਮਾਗਾਟਾ ਮਾਰੂ ਸੈਕਸ਼ਨ, ਹਿੰਦੁਸਤਾਨ ਗ਼ਦਰ ਪਾਰਟੀ ਅਤੇ ਆਜ਼ਾਦੀ ਸੰਗਰਾਮ ਸੈਕਸ਼ਨ, ਬੱਚਿਆਂ ਲਈ ਪੁਸਤਕਾਂ, ਸਾਹਿਤ ਅਕਾਦਮੀ ਪੁਰਸਕਾਰ ਨਾਲ ਸਨਮਾਨਿਤ ਪੁਸਤਕਾਂ ਅਤੇ ਕੈਨੇਡੀਅਨ ਪੰਜਾਬੀ ਲੇਖਕਾਂ ਦੀਆਂ ਤਕਰੀਬਨ 300 ਚੋਣਵੀਆਂ ਪੁਸਤਕਾਂ ਸ਼ਾਮਲ ਹਨ। ਹੋਰ ਪੁਸਤਕਾਂ ਇਕੱਠੀਆਂ ਕਰਨ ਦਾ ਅਮਲ ਲਗਾਤਾਰ ਜਾਰੀ ਹੈ। ਸਕੂਲਾਂ, ਕਾਲਜਾਂ, ਯੂਨੀਵਰਸਿਟੀਆਂ ਵਿਚ ਪੜ੍ਹ ਰਹੇ ਵਿਦਿਆਰਥੀ ਅਤੇ ਖੋਜ ਨਾਲ ਸਬੰਧਤ ਆਪਣੇ ਪ੍ਰਾਜੈਕਟ ਸੰਪੂਰਨ ਲਈ, ਇਕੋ ਜਗ੍ਹਾ ਇਕੱਤਰ ਕੀਤੀ ਗਈ । ਇਸ ਇਤਿਹਾਸ ਸਮੱਗਰੀ ਦਾ ਪੂਰਾ ਪੂਰਾ ਲਾਭ ਉਠਾ ਸਕਦੇ ਹਨ। ਲਾਇਬ੍ਰੇਰੀ ਦੇ ਦੂਰ ਅੰਦੇਸ਼ ਪ੍ਰਭਾਵ, ਅਗਲੀਆਂ ਪੀੜ੍ਹੀਆਂ ਤੱਕ ਜਾਰੀ ਰਹਿਣ ਦੀਆਂ ਸੰਭਾਵਨਾਵਾਂ ਉਜਾਗਰ ਹੋ ਰਹੀਆਂ ਹਨ।

ਲਾਇਬ੍ਰੇਰੀ ਦੇ ਇਸ ਸੁਪਨੇ ਨੂੰ ਸੰਪੂਰਨ ਕਰਨ ਵਿਚ ਅਤੇ ਉਦਘਾਟਨੀ ਵਰ੍ਹੇਗੰਢ ਦੇ ਸਮੁੱਚੇ ਪ੍ਰਾਜੈਕਟ ਦੀ ਤਿਆਰੀ ਵਿਚ, ਕੈਮਲੂਪਸ ਵਿਚ ਵਸਦੇ ਪ੍ਰਸਿੱਧ ਪੰਜਾਬੀ ਲੇਖਕ ਅਤੇ ਕੰਪਿਊਟਰ ਵਿਗਿਆਨੀ ਡਾਕਟਰ ਸੁਰਿੰਦਰ ਧੰਜਲ ਦੀ ਮਿਹਨਤ, ਲਗਨ ਅਤੇ ਘਾਲਣਾ ਪ੍ਰਤੱਖ ਸੀ।

ਦੋਵੇਂ ਦਿਨ ਗੁਰੂ ਕਾ ਲੰਗਰ ਅਤੁੱਟ ਵਰਤਦਾ ਰਿਹਾ; ਲਾਇਬ੍ਰੇਰੀ ਦੀਆਂ ਚੋਣਵੀਆਂ ਪੁਸਤਕਾਂ ਦੀ ਪ੍ਰਦਰਸ਼ਨੀ ਲਗਾਈ ਗਈ ਅਤੇ ਲਾਇਬ੍ਰੇਰੀ ਦੀਆਂ ਸੈਂਕੜੇ ਪੁਸਤਕਾਂ ਦੀ Power point presentation ਦਿਖਾਈ ਜਾਂਦੀ ਰਹੀ ਹੈ। ਦੋਵੇਂ ਦਿਨ ਲੰਗਰ ਤਿਆਰ ਕਰਨ ਵਾਲੀਆਂ ਬੀਬੀਆਂ ਦਾ, ਲਾਇਬ੍ਰੇਰੀ ਦੀਆਂ ਵਾਲੰਟੀਅਰ ਬੀਬੀਆਂ ਦਾ, ਗਿਆਨੀ ਹਰਨੇਕ ਸਿੰਘ ਅਤੇ ਕੀਰਤਨੀ ਜਥੇ ਦਾ, ਸੋਹਣ ਸਿੰਘ ਪੂੰਨੀ ਦੀ ਜੀਵਨ ਸਾਥਣ ਵਿੰਨੀ ਪੂੰਨੀ ਦਾ Power point presentation ਲਈ ਸੁੱਖੀ ਚੌਹਾਨ ਦਾ, Sound System ਲਈ ਪੂਰਨ ਸਿੰਘ ਪਲਾਨ ਦਾ ਅਤੇ ਇਸ ਪ੍ਰੋਗਰਾਮ ਲਈ ਉਚੇਚੇ ਤੌਰ 'ਤੇ ਦਰਜਨਾਂ ਨਵੀਆਂ ਪੁਸਤਕ ਭਾਰਤ ਤੋਂ ਤੁਰੰਤ ਕੈਨੇਡਾ ਪਹੁੰਚਾਉਣ ਲਈ ਚੰਚਲ ਸਿੰਘ ਬੈਂਸ ਦਾ ਧੰਨਵਾਦ ਕੀਤਾ ਗਿਆ।

ਦੋ ਦਿਨ ਲੰਬੇ ਇਸ ਪ੍ਰੋਗਰਾਮ ਦੀ ਸਫ਼ਲਤਾ ਲਈ ਗੁਰੂ ਘਰ ਦੇ ਮੁੱਖ ਸੇਵਾਦਾਰ ਕੁਲਵਿੰਦਰ ਸਿੰਘ ਕੁਲਾਰ ਦੀ ਸੁੱਚੀ ਅਗਵਾਈ ਵਿਚ ਸੇਵਾ ਕਰ ਰਹੀ ਗਿਆਰਾਂ ਮੈਂਬਰੀ ਕਮੇਟੀ ਅਤੇ ਕੈਮਲੂਪਸ ਦਾ ਭਾਰਤੀ ਭਾਈਚਾਰਾ, ਹਾਰਦਿਕ ਧੰਨਵਾਦ ਦਾ ਹੱਕਦਾਰ ਹੈ, ਜਿਨ੍ਹਾਂ ਨੇ ਕਾਮਾਗਾਟਾ ਮਾਰੂ ਜਹਾਜ਼ ਨਾਲ ਜੁੜੀਆਂ ਯਾਦਾਂ ਨੂੰ, ਪੰਜਾਬੀ ਅਤੇ ਅੰਗਰੇਜ਼ੀ ਦੋਵਾਂ ਭਾਸ਼ਾਵਾਂ ਵਿਚ, ਨਵੀਂ ਪੀੜ੍ਹੀ ਤੱਕ ਅਪੜਾਉਣ ਦਾ ਉਪਰਾਲਾ ਕਰਕੇ ਹੱਕ, ਸੱਚ, ਇਨਸਾਫ਼ ਅਤੇ ਆਜ਼ਾਦੀ ਦਾ ਪਰਚਮ ਬੁਲੰਦ ਕੀਤਾ ਹੈ।

**ਸਹਾਇਕ ਸਕੱਤਰ, ਸਿੱਖ ਕਲਚਰਲ ਸੁਸਾਇਟੀ ਕੈਮਲੂਪਸ**

ROYAL STAR
Realty Inc. Brokerage
"Royal People Deserve Royal Services"
Nahar Aujla
Broker
Dir: 416-728-5686
Avtar Aujla
Sales Representative
Dir: 905-459-5686
E-mail: naharaujla@yahoo.ca
511 Ray Lawson Blvd. Unit 8, Brampton, ON L6Y 0N2
Bus: 905-793-1111 • Fax: 905-793-1455

Rush Lube Inc.
Complete Truck Repairs & Truck Wash with Drive Thru Truck Services
Jaskaranjit Singh (Jas)
TEL: 905 - 453 - 6344
FAX: 905 - 456 - 2065
EMAIL: rushlube@hotmail.com
32 Rutherford Road South
Brampton, ON, L6W 3J1

STARLINE Painting Ltd.
STARLINE PAINTING LTD.
RESIDENTIAL • COMMERCIAL • INDUSTRIAL
• Hotel • Motel • Exterior & Interior
• Office Painting • Drywall Fixing
• Spray Painting
ਘਰ ਹੋਵੇ ਜਾਂ ਹੋਵੇ ਦੁਕਾਨ ਅਸੀ ਵਧਾਈਏ ਰੰਗਾਂ ਨਾਲ ਉਸ ਦੀ ਸ਼ਾਨ
7 Days A Week
Call Sukhi for FREE Estimate
416.230.4000 • 647.409.1092
www.starlinepainting.com

# 4 ਸਤੰਬਰ ਨੂੰ ਹੋਣ ਵਾਲ਼ੇ ਸੱਭਿਆਚਾਰਕ ਨਾਟਕ ਸਮਾਗਮ ਦੀਆਂ ਤਿਆਰੀਆਂ ਜ਼ੋਰਾਂ 'ਤੇ

## ਨਾਟਕ, ਕੋਰੀਓਗਰਾਫੀ ਤੇ ਪ੍ਰਬੰਧਕੀ ਟੀਮਾਂ ਨੁੱਕੜ ਮੀਟਿੰਗਾਂ 'ਚ ਰੁੱਝੀਆਂ



**ਸੁਖਬੀਰ ਸਿੰਘ ਗਰੇਵਾਲ**

ਕੈਲਗਰੀ : ਪ੍ਰੌਗਰੈਸਿਵ ਕਲਚਰਲ ਐਸੋਸੀਏਸ਼ਨ ਕੈਲਗਰੀ ਦੀ ਕਮਾਨ ਹੇਠ 4 ਸਤੰਬਰ ਨੂੰ ਹੋਣ ਵਾਲ਼ੇ ਸੱਤਵੇਂ ਸਾਲਾਨਾ ਸੱਭਿਆਚਾਰਕ ਨਾਟਕ ਸਮਾਗਮ ਲਈ ਤਿਆਰੀਆਂ ਜ਼ੋਰਾਂ ਤੇ ਚੱਲ ਰਹੀਆਂ ਹਨ।ਇਸ ਵਾਰ ਸਮਾਗਮ ਕੈਲਗਰੀ ਯੂਨੀਵਰਸਿਟੀ ਦੇ ਥੀਏਟਰ (ਜੀ-205, ਯੂਨੀਵਰਸਿਟੀ ਥਿਏਟਰ, 2500 ਯੂਨੀਵਰਸਿਟੀ ਡਰਾਈਵ, ਨਾਰਥ ਵੈਸਟ, ਕੈਲਗਰੀ) ਵਿੱਚ ਬਾਅਦ ਦੁਪਹਿਰ 2 ਵਜੇ ਤੋਂ 6 ਵਜੇ ਤੱਕ ਹੋਵੇਗਾ। ਇਸ ਸਮਾਗਮ ਵਿੱਚ ਪ੍ਰਸਿੱਧ ਨਾਟਕਕਾਰ ਅਜਮੇਰ ਔਲਖ ਦੇ ਲਿਖੇ ਨਾਟਕ 'ਨਿਉਂ ਜੜ੍ਹ' ਅਤੇ ਦੋ ਕੋਰੀਓਗਰਾਫੀਆਂ ਦੀ ਪੇਸ਼ਕਾਰੀ ਤੋਂ ਇਲਾਵਾ ਉਸਾਰੂ ਸੋਚ ਵਾਲ਼ੀਆਂ ਹੋਰ ਵੰਨਗੀਆਂ ਪੇਸ਼ ਕੀਤੀਆਂ ਜਾਣਗੀਆਂ। ਇਸ ਸਮਾਗਮ ਸੰਬੰਧੀ ਜਣਾਕਾਰੀ ਮੀਡੀਆ ਕਮੇਟੀ ਵਲੋਂ ਹਰਚਰਨ ਸਿੰਘ ਪਰਹਾਰ ਅਤੇ ਸੁਖਵੀਰ ਗਰੇਵਾਲ ਨੇ ਜਾਰੀ ਕੀਤੀ।

**ਨਾਟਕ : 'ਨਿਉਂ ਜੜ੍ਹ' :** ਪ੍ਰੌਗਰੈਸਿਵ ਕਲਚਰਲ ਐਸੋਸੀਏਸ਼ਨ ਦੇ ਸਕੱਤਰ ਮਾਸਟਰ ਭਜਨ ਨੇ ਨਾਟਕ ਬਾਰੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਹਰ ਸਾਲ ਦੀ ਤਰ੍ਹਾਂ ਇਸ ਵਾਰ ਵੀ ਲੋਕ ਕਲਾ ਮੰਚ ਮੁੱਲਾਂਪੁਰ ਤੋਂ ਹਰਕੇਸ਼ ਚੌਧਰੀ ਨਾਟਕ ਦੀ ਨਿਰਦੇਸ਼ਨਾ ਲਈ ਵਿਸ਼ੇਸ਼ ਤੌਰ 'ਤੇ ਕੈਲਗਰੀ ਪੁੱਜਣਗੇ। ਇਸ ਨਾਟਕ ਵਿੱਚ ਭਾਗ ਲੈਣ ਵਾਲ਼ੇ ਸਾਰੇ ਕਲਾਕਾਰ ਕੈਲਗਰੀ ਤੋਂ ਹਨ। ਉਹਨਾਂ ਦੱਸਿਆ ਕਿ ਕੈਨੇਡਾ ਵਿੱਚ ਹੋਏ ਸਰਵੇਖਣਾਂ ਤੋਂ ਸਪੱਸ਼ਟ ਹੋ ਗਿਆ ਹੈ ਕਿ ਦੱਖਣੀ ਏਸ਼ੀਆਈ ਭਾਈਚਾਰੇ ਵਿੱਚ ਮੁੰਡੇ ਦੀ ਲਾਲਸਾ ਖਾਤਰ ਕੰਨਿਆ ਭਰੂਣ ਹੱਤਿਆ ਦਾ ਰੁਝਾਨ ਜ਼ੋਰਾਂ 'ਤੇ ਹੈ। ਉਹਨਾਂ ਦੱਸਿਆ ਕਿ ਅਜੋਕੇ ਹਾਲਾਤਾਂ ਵਿੱਚ ਇਹ ਨਾਟਕ ਕੈਨੇਡਾ ਤੇ ਪੂਰੀ ਤਰਾਂ ਢੁੱਕਦਾ ਹੈ। ਇਸ ਨਾਟਕ ਲਈ ਤਿਆਰੀਆਂ ਜ਼ੋਰਾਂ 'ਤੇ ਚੱਲ ਰਹੀਆਂ ਹਨ।ਹਰਕੇਸ਼ ਚੌਧਰੀ ਅਤੇ ਕਮਲਪ੍ਰੀਤ ਦੀ ਨਿਰਦੇਸ਼ਨਾ ਹੇਠ ਇਸ ਨਾਟਕ ਵਿੱਚ ਭਾਗ ਲੈਣ ਵਾਲ਼ੇ ਕਲਾਕਾਰ ਹਰਕੇਸ਼ ਚੌਧਰੀ, ਨਵਕਿਰਨ ਢੁੱਡੀਕੇ, ਜਸ ਲੰਮ੍ਹੇ, ਜਸ਼ਨਪ੍ਰੀਤ, ਗੁਰਿੰਦਰ ਬਰਾੜ, ਹਰਲੀਨ ਗਰੇਵਾਲ, ਅਮਰੀਤ ਗਿੱਲ, ਬਲਜਿੰਦਰ ਢਿੱਲੋਂ, ਗੁਰਚਰਨ ਕੌਰ ਥਿੰਦ, ਜਰਨੈਲ ਸਿੰਘ ਤੱਗੜ, ਕਮਲ ਸਿੱਧੂ, ਕਮਲਜੀਤ ਗਰੇਵਾਲ, ਮਨਵੀਰ ਸਿੰਘ, ਸੁਖਜੀਵਨ ਕੌਰ, ਸੁਖਵੀਰ ਗਰੇਵਾਲ, ਕਰਮਵੀਰ ਸਿੰਘ, ਚੰਨਪ੍ਰੀਤ ਮੁੰਜਾਲ ਸ਼ਾਮਲ ਹਨ। ਇਸ ਸਮਾਗਮ ਸੰਬੰਧੀ ਇੱਕ ਪੋਸਟਰ ਵੀ ਪਿਛਲੇ ਦਿਨੀਂ ਜਾਰੀ ਕੀਤਾ ਗਿਆ ਅਤੇ ਸਮਾਗਮ ਦੇ ਪ੍ਰਚਾਰ ਲਈ ਵਲੰਟੀਅਰ ਟੀਮ ਵਲੋਂ ਕੈਲਗਰੀ ਦੀਆਂ ਸੁਸਾਇਟੀਆਂ ਨਾਲ਼ ਸੰਪਰਕ ਕੀਤਾ ਜਾ ਰਿਹਾ ਹੈ।

**ਕੋਰੀਓਗਰਾਫੀਆਂ :** ਸਮਾਗਮ ਵਿੱਚ ਨਾਟਕ ਤੋਂ ਇਲਾਵਾ ਦੋ ਕੋਰੀਓਗਰਾਫੀਆਂ ਵੀ ਪੇਸ਼ ਕੀਤੀਆਂ ਜਾਣਗੀਆਂ। ਗਾਇਕ ਕਰਮਜੀਤ ਅਨਮੋਲ ਦੇ ਹਾਲ ਹੀ ਵਿੱਚ ਰਿਲੀਜ਼ ਹੋਏ ਗੀਤ 'ਮੇਰਾ ਪਿੰਡ ਵਿਕਾਊ ਹੈ' ਦੇ ਆਧਾਰਿਤ ਇੱਕ ਕੋਰਿਓਗਰਾਫੀ ਪੇਸ਼ ਕੀਤੀ ਜਾਵੇਗੀ ਜਿਸ ਵਿੱਚ ਕੈਨੇਡਾ ਦੇ ਜੰਮਪਲ਼ 25 ਦੇ ਕਰੀਬ ਬੱਚੇ ਭਾਗ ਲੈਣਗੇ। ਇਸ ਕੋਰੀਓਗਰਾਫੀ ਵਿੱਚ ਪੰਜਾਬ ਦੇ ਪਿੰਡਾਂ ਦੀ ਅਜੋਕੀ ਹਾਲਤ ਦਾ ਵਰਨਣ ਕੀਤਾ ਜਾਵੇਗਾ। ਇਸ ਗੀਤ ਰਾਹੀਂ ਕਰਜ਼ੇ ਹੇਠ ਡੁੱਬੀ ਛੋਟੀ ਕਿਰਸਾਨੀ ਦੀ ਹਾਲਤ, ਨਸ਼ਿਆਂ ਵਿੱਚ ਗਲਤਾਨ ਜਵਾਨੀ ਦੀ ਗੱਲ ਕੀਤੀ ਗਈ ਹੈ। ਦੂਜੀ ਕੋਰੀਓਗਰਾਫੀ ਸ਼ਹੀਦ ਭਗਤ ਸਿੰਘ ਦੇ ਆਧਾਰਿਤ ਇੱਕ ਗੀਤ ਉਪਰ ਹੋਵੇਗੀ।। ਇਸ ਮੌਕੇ ਉਸਾਰੂ ਕਵਿਤਾਵਾਂ ਦਾ ਦੌਰ ਵੀ ਚੱਲੇਗਾ। ਸ਼ਹੀਦ ਭਗਤ ਸਿੰਘ ਲਾਇਬਰੇਰੀ ਦੀ ਕਮਾਨ ਹੇਠ ਕਿਤਾਬਾਂ ਦੀ ਇੱਕ ਨੁਮਾਇਸ਼ ਵੀ ਲਗਾਈ ਜਾਵੇਗੀ। ਇਹ ਮੋਬਾਈਲ ਲਾਇਬਰੇਰੀ ਕੈਲਗਰੀ ਦੇ ਸਾਰੇ ਸਮਾਗਮਾਂ ਰਾਹੀਂ ਉਸਾਰੂ ਸਾਹਿਤ ਦਾ ਪ੍ਰਚਾਰ ਕਰ ਰਹੀ ਹੈ। ਸਮਾਗਮ ਦੀਆਂ ਤਿਆਰੀਆਂ ਨੂੰ ਲੈ ਕੇ ਤਿਆਰੀ ਕਮੇਟੀ ਦੀ ਇੱਕ ਮੀਟਿੰਗ ਵੀ ਹੋਈ ਜਿਸ ਵਿੱਚ ਐਸੋਸੀਏਸ਼ਨ ਦੇ ਪ੍ਰਧਾਨ ਸੋਹਣ ਮਾਨ, ਵਿੱਤ ਸਕੱਤਰ ਜੀਤਇੰਦਰ ਪਾਲ, ਹਰਚਰਨ ਪਰਹਾਰ, ਗੋਪਾਲ ਜੱਸਲ, ਗੁਰਬਚਨ ਬਰਾੜ, ਹਰੀਪਾਲ, ਬੱਚਿਤਰ ਗਿੱਲ, ਕੰਵਲਪ੍ਰੀਤ, ਗੁਰਿੰਦਰ ਬਰਾੜ ਅਤੇ ਸੁਖਵੀਰ ਗਰੇਵਾਲ ਨੇ ਭਾਗ ਲਿਆ। ਮੀਟਿੰਗ ਵਿੱਚ ਸਾਰੇ ਸਪਾਂਸਰਾਂ ਅਤੇ ਮੀਡੀਆ ਦਾ ਸਹਿਯੋਗ ਲਈ ਵਿਸ਼ੇਸ਼ ਧੰਨਵਾਦ ਕੀਤਾ ਗਿਆ।

**ਟਿਕਟਾਂ ਅਤੇ ਬੱਸ ਸੇਵਾ :** ਨਾਟਕ ਲਈ ਇਸ ਵਾਰੀ ਟਿਕਟਾਂ ਦਾ ਪ੍ਰਬੰਧ ਕੁਝ ਵੱਖਰਾ ਕੀਤਾ ਗਿਆ ਹੈ। ਪ੍ਰੌਗਰੈਸਿਵ ਕਲਚਰਲ ਐਸੋਸੀਏਸ਼ਨ ਨੇ ਟਿਕਟਾਂ ਦੀ ਵਿਕਰੀ ਲਈ ਇੱਕ ਕਮੇਟੀ ਗਠਿਤ ਕੀਤੀ ਹੈ। ਟਿਕਟਾਂ ਲੈਣ ਦੇ ਚਾਹਵਾਨ ਮਾਸਟਰ ਭਜਨ(403-420-4550), ਹਰਚਰਨ ਸਿੰਘ ਪਰਹਾਰ (ਸਿੱਖ ਵਿਰਸਾ-403-250-8898) ਗੁਰਬਚਨ ਬਰਾੜ (403-470-2628) ਬਚਿੱਤਰ ਗਿੱਲ (403-590-2531)ਅਤੇ ਸੁਖਵੀਰ ਗਰੇਵਾਲ (403-402-0770) ਨਾਲ਼ ਸੰਪਰਕ ਕਰ ਸਕਦੇ ਹਨ। ਤਿਆਰੀ ਕਮੇਟੀ ਨੇ ਇਹ ਵੀ ਅਪੀਲ ਕੀਤੀ ਕਿ ਨਵੇਂ ਹਾਲ ਦੀਆਂ ਸ਼ਰਤਾਂ ਅਨੁਸਾਰ ਨਾਟਕ ਦੇਖਣ ਦੇ ਚਾਹਵਾਨ ਪਹਿਲਾਂ ਤੋਂ ਹੀ ਟਿਕਟਾਂ ਯਕੀਨੀ ਬਣਾਉਣ। ਯੂਨੀਵਰਸਿਟੀ ਥੀਏਟਰ ਪੁੱਜਣ ਲਈ ਬੱਸ ਰੂਟ ਨੰਬਰ 9,19,20,72,73 ਦੀਆਂ ਸੇਵਾਵਾਂ ਲਈਆਂ ਜਾ ਸਕਦੀਆਂ ਹਨ। ਇਸ ਤੋਂ ਇਲਾਵਾ ਯੂਨੀਵਰਸਿਟੀ ਟਰੇਨ ਸਟੇਸ਼ਨ ਤੋਂ ਯੂਨੀਵਰਸਿਟੀ ਥੀਏਟਰ ਤੱਕ ਪੁੱਜਣ ਲਈ ਵਲੰਟੀਅਰਾਂ ਦੀ ਟੀਮ ਮੱਦਦ ਕਰੇਗੀ।ਨਾਟਕ ਸਮਾਗਮ ਲਈ ਹੋਰ ਜਾਣਕਾਰੀ ਲਈ ਮਾਸਟਰ ਭਜਨ ਨਾਲ਼(403-455-4220) ਤੇ ਸੰਪਰਕ ਕੀਤਾ ਜਾ ਸਕਦਾ ਹੈ।

Reliance /Legal Group LLP
FORMERLY KNOWN AS SINGH & PARTNERS LAW OFFICE
Commonwealth Centre
Unit 1101, 3961-52nd Ave.N.E.
Calgary, AB T3J 0J7
Barristers, Solicitors and Notary Public
Tel. : 403-285-7070
Our law group practices in
IMMIGRATION
Applications for Family Class and APPEALS,
Skilled Workers, Investors, Refugee Claims
REAL ESTATE
Buying and Selling
Commercial and Residential
Land Development
Condominium Projects
WILLS & ESTATE
CRIMINAL LAW
SMALL BUSINESS
Buying and Selling
Franchises, Shareholder Agreements and Incorporations
FORMATION OF PUBLIC COMPANIES
PERSONAL INJURY (Car Accident Claims)
NO LEGAL FEES UNTIL RECOVERY
Our clients include small businesses, public companies, builders, land developers, charitable organizations and individuals.
We donate part of our fees to Alberta Children Hospital.
* Experienced lawyers, caring, confidential
* Reasonable fees
* Free Initial Consultation
* Weekend & Evening Appointments (available upon request)

FOR ALL YOUR REAL ESTATE NEEDS
MLS MULTIPLE LISTING SERVICE
Contact Long time trusted name in the community
Gurbachan Singh Brar
REALTOR
* RESIDENTIAL * BUSINESS * LAND
* COMMERCIAL * INDUSTRIAL * INVESTMENT
403-470-2628
gsbrar@gsbrar.com
www.gsbrar.com

* Free no obligation evaluation
* Full time commitment
* Assistance to arrange best mortgage rates
urban
1A-4101 19 ST N.E, CALGARY, AB T2E 6X8
Ph: 403-590-2233 Fax: 403-776-1942

1996 ਤੋਂ ਨਿਰਵਿਘਨ ਮਾਂ ਬੋਲੀ ਪੰਜਾਬੀ, ਗੁਰਬਾਣੀ ਦੀ ਵਿਚਾਰਧਾਰਾ ਅਤੇ ਮਾਨਵੀ ਕਦਰਾਂ-ਕੀਮਤਾਂ ਦੀ ਤਰਜ਼ਮਾਨੀ ਕਰਦਾ ਮਾਸਿਕ ਮੈਗਜ਼ੀਨ...
ਸਿੱਖ ਵਿਰਸਾ
ਸਾਡਾ ਵਿਰਸਾ
24 ਘੰਟੇ ਆਨ ਲਾਇਨ
ਰੇਡੀਓ ਸਾਂਝ
www.radiosanjh.com
Ph: 403-250-8898 Fax: 403-250-8825
Website : www.sikhvirsa.com, Email : virsa@sikhvirsa.com

## ਖ਼ੂਬ ਚਰਚਾ 'ਚ ਹੈ ਨੁੱਕੜ ਨਾਟਕ

# 'ਮਸਲਾ ਮੈਰਿਜ ਦਾ'






ਟੋਰਾਂਟੋ ਸ਼ਹਿਰ ਦੇ ਆਸ-ਪਾਸ ਦੇ ਏਰੀਏ ਤੇ ਖਾਸ ਤੌਰ 'ਤੇ ਪੰਜਾਬੀ ਵਸੋਂ ਦੇ ਗੜ੍ਹ ਵਾਲੇ ਸ਼ਹਿਰ ਬਰੈਂਪਟਨ ਵਿਚ ਅੱਜ ਕੱਲ੍ਹ ਪੰਜਾਬੀ ਰੰਗ ਮੰਚ ਨਾਰਥ ਅਮਰੀਕਾ ਦੇ ਸਾਰੇ ਸ਼ਹਿਰਾਂ 'ਚੋਂ ਨੰਬਰ ਇਕ 'ਤੇ ਹੈ। ਇਸ ਸ਼ਹਿਰ ਵਿਚ ਤਕਰੀਬਨ ਹਰ ਮਹੀਨੇ ਹੀ ਕੋਈ ਨਾ ਕੋਈ ਨਾਟਕ ਖੇਡਿਆ ਜਾਂਦਾ ਹੈ। ਅੱਜ ਕੱਲ੍ਹ ਬਰੈਂਪਟਨ ਵਿਚ ਚਾਰ-ਪੰਜ ਨਾਟਕ ਮੰਡਲੀਆਂ ਹਨ ਜੋ ਬੜੀ ਹੀ ਵਚਨਬੱਧਤਾ ਨਾਲ ਰੰਗ ਮੰਚ ਦੀ ਪ੍ਰਫੁਲਤਾ ਲਈ ਕੰਮ ਕਰਦੀਆਂ ਹਨ ਉਨ੍ਹਾਂ ਵਿਚੋਂ ਹੀ ਇਕ 'ਚੇਤਨਾ ਕਲਚਰਲ ਮੰਚ (ਟੋਰਾਂਟੋ) ਦਾ ਗਰੁੱਪ ਹੈ ਜੋ ਪਿਛਲੇ 24-25 ਸਾਲਾਂ ਤੋਂ ਲਗਾਤਾਰਤਾ ਨਾਲ ਰੰਗ ਮੰਚ ਲਈ ਕੰਮ ਕਰ ਰਿਹਾ ਹੈ। ਇਸ ਗਰੁੱਪ ਵਲੋਂ ਪਹਿਲਾਂ ਪਹਿਲ ਕਈ ਟੀ. ਵੀ. ਨਾਟਕ ਤਿਆਰ ਕਰਕੇ ਪੇਸ਼ ਕੀਤੇ ਜੋ ਪੰਜਾਬੀ ਦੇ ਨੈਸ਼ਨਲ ਟੀ. ਵੀ. ਚੈਨਲਾਂ 'ਤੇ ਵੀ ਦਿਖਾਏ ਗਏ। ਫੇਰ ਕਈ ਨਾਟਕਾਂ ਦੇ ਥੀਏਟਰ ਸ਼ੋਅ ਵੀ ਕੀਤੇ ਗਏ। ਪਿਛਲੇ ਤਿੰਨ ਸਾਲਾਂ ਤੋਂ ਇਸ ਗਰੁੱਪ ਵਲੋਂ ਨੁੱਕੜ ਨਾਟਕ ਪੇਸ਼ ਕਰਨ ਦੀ ਵਿਧਾ ਤੇ ਬੜੀ ਸਫ਼ਲਤਾਪੂਰਵਕ ਕੰਮ ਕੀਤਾ ਜਾ ਰਿਹਾ ਹੈ। ਸੰਨ 2014 'ਚ ਨੁੱਕੜ ਨਾਟਕ 'ਸੁਪਰ-ਵੀਜ਼ਾ' ਦੇ 14 ਸ਼ੋਅ ਪੇਸ਼ ਕੀਤੇ ਗਏ। ਸੰਨ 2015 'ਚ ਨਾਟਕ 'ਜਿਉਂਦਾ ਜਾਗਦਾ ਬੁੱਤ' ਤੇ 'ਇਕ ਸਵਾਲ ਇਹ ਵੀ' ਦੇ ਕਈ ਸ਼ੋਅ ਪੇਸ਼ ਕੀਤੇ ਗਏ। ਇਸ ਸਾਲ ਪਹਿਲੀ ਮਈ ਦੇ ਮਜ਼ਦੂਰ ਦਿਵਸ 'ਤੇ 'ਪੈਗਾਮ ਸ਼ਹੀਦਾਂ ਦਾ' ਦਾ ਸ਼ੋਅ ਪੇਸ਼ ਕੀਤਾ ਗਿਆ। ਹੁਣ ਅਗਸਤ ਮਹੀਨੇ 'ਚ ਇਕ ਨਵਾਂ ਨਾਟਕ 'ਮਸਲਾ ਮੈਰਿਜ ਦਾ' ਦੇ ਚਾਰ ਸ਼ੋਅ ਪੇਸ਼ ਕੀਤੇ ਗਏ ਹਨ। ਕੇਲੇਡਿਨ ਸ਼ਹਿਰ ਦੇ ਸ਼ੋਅ ਸਮੇਂ ਤਾਂ ਦਰਸ਼ਕਾਂ ਦੀ ਗਿਣਤੀ ਕੋਈ ਸੱਤ ਸੌ ਤੋਂ ਵੀ ਵੱਧ ਸੀ। ਟ੍ਰੀ ਲਾਈਨ ਪਾਰਕ ਦੇ ਖੇਡ ਮੇਲੇ ਅਤੇ ਨਾਰਥ ਅਮੇਰਕਿਨ ਤਰਕਸ਼ੀਲ ਸੁਸਾਇਟੀ ਦੀ ਪਿਕਨਿਕ ਸਮੇਂ ਵੀ ਦਰਸ਼ਕਾਂ ਵਲੋਂ ਇਸ ਨਾਟਕ ਨੂੰ ਖ਼ੂਬ ਸਰਾਹਿਆ ਗਿਆ। ਇਹ ਇਕ ਕਾਮੇਡੀ ਨਾਟਕ ਹੈ ਜੋ ਉਨ੍ਹਾਂ ਪਰਿਵਾਰਾਂ ਦੀ ਕਹਾਣੀ ਹੈ ਜਿਨ੍ਹਾਂ ਦੇ ਨੌਜਵਾਨ ਬੱਚੇ ਬੱਚੀਆਂ ਮੈਰਿਜ ਕਰਵਾਉਣ ਤੋਂ ਬਿਨਾ ਕਾਮਨ ਲਾਅ ਅਧੀਨ ਇਕੱਠੇ ਰਹਿਣਾ ਪਸੰਦ ਕਰਦੇ ਹਨ ਤੇ ਮੈਰਿਜ ਦੀਆਂ ਚਲੀਆਂ ਆਉਂਦੀਆਂ ਰਸਮੋ ਰਿਵਾਜਾਂ ਨੂੰ ਨਹੀਂ ਮੰਨਦੇ। ਇਹ ਦੋ ਪੀੜ੍ਹੀਆਂ ਦੇ ਫਰਕ ਅਤੇ ਦੋ ਵੱਖਰੇ-ਵੱਖਰੇ ਕਲਚਰਾਂ ਦੇ ਸੰਵਾਦ ਦਾ ਕਾਮੇਡੀ ਨਾਟਕ ਹੈ। ਜਿਨ੍ਹਾਂ ਕਲਾਕਾਰਾਂ ਨੇ ਇਸ ਨਾਟਕ ਵਿਚ ਹਿੱਸਾ ਲਿਆ ਉਨ੍ਹਾਂ ਵਿਚ ਪ੍ਰਸਿੱਧ ਰੰਗਕਰਮੀ ਪ੍ਰਵੇਸ਼ ਸੇਠੀ, ਅਵਤਾਰ ਕੌਰ ਔਜਲਾ, ਸੁਰਜੀਤ ਸਿੰਘ ਤੇ ਬੜਾ ਹੀ ਸੁਹਿਰਦ ਤੇ ਨਵਾਂ ਕਲਾਕਾਰ ਕਮਲਜੀਤ ਰਾਏ ਸ਼ਾਮਲ ਹਨ। ਇਹ ਨਾਟਕ ਟੋਰਾਂਟੋ ਦੇ ਨਾਟਕਕਾਰ ਨਾਹਰ ਸਿੰਘ ਔਜਲਾ ਵਲੋਂ ਲਿਖਿਆ ਤੇ ਡਰਾਇਕਟ ਕੀਤਾ ਗਿਆ ਹੈ। ਆਉਣ ਵਾਲੇ ਸਮੇਂ 'ਚ ਇਸ ਨਾਟਕ ਦੇ ਹੋਰ ਵੀ ਸ਼ੋਅ ਪੇਸ਼ ਕੀਤੇ ਜਾਣਗੇ। ਟੋਰਾਂਟੋ ਵਿਚ ਹੋ ਰਹੀਆਂ ਨਾਟਕੀ ਸਰਗਰਮੀਆਂ ਤੋਂ ਇਹ ਵਿਸ਼ਵਾਸ ਬੱਝਦਾ ਹੈ ਕਿ ਆਉਣ ਵਾਲੇ ਸਮੇਂ 'ਚ ਇਥੋਂ ਦਾ ਰੰਗ ਮੰਚ ਹੋਰ ਵੀ ਬੁਲੰਦੀਆਂ ਨੂੰ ਛੂਹੇਗਾ। ਰੰਗ-ਮੰਚ ਜ਼ਿੰਦਾਬਾਦ

**ਦੇਵਿੰਦਰ ਤੂਰ**
416-902-9372

# ਪਿੰਡ ਕੈਲਪੁਰ ਵਾਸੀਆਂ ਦੀ ਸ.ਫਲ ਪਿਕਨਿਕ



ਬਰੈਂਪਟਨ (ਮਾਸਟਰ ਬਲਦੇਵ ਸਿੰਘ ਔਲਖ) : ਜ਼ਿਲ੍ਹਾ ਲੁਧਿਆਣਾ ਦੇ ਪ੍ਰਸਿੱਧ ਨਗਰ ਕੈਲਪੁਰ ਵਾਸੀਆਂ ਦੀ ਮਿਤੀ 2 ਜੁਲਾਈ 2016 ਨੂੰ ਭਰਵੀਂ ਪਿਕਨਿਕ ਮਨਾਈ ਗਈ। ਇਸ ਵਿਚ ਕੈਲਪੁਰ ਵਾਸੀ ਸਰਬੱਤ ਬੱਚੇ, ਗੱਭਰੂ, ਬਜ਼ੁਰਗ, ਬੀਬੀਆਂ ਤੇ ਬਜ਼ੁਰਗ ਮਾਈਆਂ ਨੇ ਸ਼ਮੂਲੀਅਤ ਕੀਤੀ। ਵਿਸ਼ੇਸ਼ ਗੱਲ ਦੇਖਣ ਨੂੰ ਇਹ ਮਿਲੀ ਕਿ ਨਗਰ ਦੇ ਨਵਵਿਆਹੇ ਜੋੜੇ ਪੂਰੀ ਸਜਧੱਜ ਨਾਲ ਕੈਂਠੇ ਵਾਲੇ ਪ੍ਰਾਹੁਣਿਆਂ ਸਮੇਤ ਚਾਵਾਂ ਨਾਲ ਸ਼ਾਮਲ ਹੋਏ। ਇਸ ਮੌਕੇ ਗੱਭਰੂਆਂ ਨੇ ਆਪਣੇ ਹੱਥੀਂ ਸੁਆਦਲੇ ਭੋਜਨ ਤਿਆਰ ਕੀਤੇ ਅਤੇ ਸਰਬੱਤ ਮਾਈ ਭਾਈ ਨੂੰ ਹੱਥੀਂ ਵਰਤਾਏ।

ਇਸ ਪਿਕਨਿਕ ਨੂੰ ਸ.ਫਲ ਕਰਨ ਵਾਲੇ ਕੁਝ ਵਿਅਕਤੀਆਂ ਦੇ ਨਾਂ ਇਹ ਹਨ : ਕਮਲਪ੍ਰੀਤ ਸਿੰਘ ਔਲਖ, ਮਾਸਟਰ ਗੁਰਦਿਆਲ ਸਿੰਘ ਔਲਖ, ਰੁਪਿੰਦਰ, ਚੇਤੂ (ਸੁਖਵਿੰਦਰ) ਅਮਰਦੀਪ, ਭਗਵੰਤ, ਸੰਤੋਖ, ਜਸਵਿੰਦਰ, ਚਰਨਜੀਤ ਰਾਏ ਪਿੰਡ ਵਲੋਂ ਅਤੇ ਪਿੰਡ ਦੇ ਕੈਂਠੇ ਵਾਲੇ ਪ੍ਰਾਹੁਣ ਡਾ. ਰਣਜੀਤ ਸਿੰਘ ਬਰਾੜ, ਮੱਖਣ ਸਿੰਘ ਧੋਬੜ ਅਤੇ ਤੇਜਾ ਸਿੰਘ ਸੰਧੂ, ਅਮਰਜੀਤ ਭੌਰਾ, ਅਤਿੰਦਰ, ਅੰਮ੍ਰਿਤ, ਬਿੱਟੂ ਸ਼ਾਮਲ ਹੋਏ।

ਫੈਸਲਾ ਕੀਤਾ ਗਿਆ ਕਿ ਅਜਿਹੀ ਪਿਕਨਿਕ ਹਰ ਸਾਲ ਕੀਤੀ ਜਾਵੇ ਅਤੇ ਅੱਗੋਂ ਤੋਂ ਪਿਕਨਿਕ ਦੇ ਸਾਰੇ ਪ੍ਰਬੰਧ ਦੀ ਜ਼ਿੰਮੇਵਾਰੀ ਬਲਦੇਵ ਸਿੰਘ ਔਲਖ ਨੂੰ ਦਿੱਤੀ ਗਈ। ਸੰਪਰਕ ਨੰਬਰ 647-923-4185

DPC
Dhillon Professional Corporation
Gurjinder Kaur Dhillon, CGA
Suite #2014851 Westwinds Dr. NE
Calgary, Alberta T3J4L4
www.gdpc.ca
Ph: 403-460-6855
Cell: 403-618-6458
e-mail: gdhillonCGA@gdpc.ca

SHAHEED BHAGAT SINGH LIBRARY

ਵਧੇਰੇ ਜਾਣਕਾਰੀ ਲਈ ਮਾਸਟਰ ਭਜਨ ਸਿੰਘ ਨਾਲ ਸੰਪਰਕ ਕਰ ਸਕਦੇ ਹੋ।
403-455-4220
ਇਥੋਂ ਤੁਸੀਂ ਅਗਾਂਹਵਧੂ, ਤਰਕਸ਼ੀਲ, ਲੋਕ-ਪੱਖੀ, ਵਿਗਿਆਨਕ ਤੇ ਸਿਹਤਕ ਕਿਤਾਬਾਂ ਵਾਜਬ ਕੀਮਤਾਂ ਤੇ ਲੈ ਸਕਦੇ ਹੋ। ਕਿਤਾਬਾਂ ਸਾਡੀਆਂ ਹਮੇਸ਼ਾਂ ਸਾਥ ਦੇਣ ਵਾਲੀਆਂ ਮਿੱਤਰ ਹਨ। ਇਨ੍ਹਾਂ ਨੂੰ ਆਪਣੇ ਘਰ ਦਾ ਸ਼ਿੰਗਾਰ ਬਣਾਉ।

FOR ALL YOUR REAL ESTATE NEEDS
Contact Long time trusted name in the community
HARCHARAN SINGH PARHAR
* RESIDENTIAL * BUSINESS * LAND
* COMMERCIAL * INDUSTRIAL * INVESTMENT
403-681-8689
www.parharrealty.com
hp8689@gmail.com
ਰੀਅਲ ਅਸਟੇਟ ਦੀਆਂ ਕਿਸੇ ਵੀ ਤਰ੍ਹਾਂ ਦੀਆਂ ਜ਼ਰੂਰਤਾਂ ਲਈ ਸੰਪਰਕ ਕਰੋ।
* Free no obligation evaluation
* Full time commitment
* Assistance to arrange best mortgage rates

urban
1A-4101 19 ST N.E, CALGARY, AB T2E 6X8
Ph: 403-590-2233 Fax: 403-776-1942

Avon Accounting & Tax Services
ਆਪਣੇ ਕਮਿਊਨਿਟੀ ਦੇ ਜਾਣੇ-ਪਹਿਚਾਣੇ ਅਕਾਊਂਟੈਂਟ ਕੋਲੋਂ ਵਾਜਿਬ ਰੇਟ 'ਤੇ ਆਪਣੇ ਬਿਜਨਿਸ ਜਾਂ ਪਰਸਨਲ ਟੈਕਸ ਸਬੰਧੀ ਕੋਈ ਵੀ ਕੰਮ ਕਰਵਾਉਣ ਲਈ ਮਿਲੋ ਜਾਂ ਫੋਨ ਕਰੋ।
ਸੇਵਾਵਾਂ ਵੀਕ ਐਂਡ 'ਤੇ ਵੀ ਉਪਲਬਧ
Personal Tax Returns (T1)
Self Employed
Taxi Business
Corporate Tax Returns (T2)
GST/Payrolls/ROE
WCB Returns
Tax Planning & Advisory Services
Weekends/Evenings Services also available.
Tel. : 403-479-4220, 403-561-9011
pandher_2004@yahoo.com or singhh73@gmail.com

# ਸ਼ਹੀਦਾਂ ਨੂੰ ਸਮਰਪਿਤ ਕਨਵੈਨਸ਼ਨਾਂ ਅਤੇ ਸਭਿਆਚਾਰਕ ਪ੍ਰੋਗਰਾਮ





ਲੋਕ ਸੰਗਰਾਮ ਮੰਚ ਪੰਜਾਬ (ਆਰ. ਡੀ. ਐੱਫ.) ਨੇ ਜੁਲਾਈ ਮਹੀਨੇ 'ਚ ਸਹੀਦਾਂ ਨੂੰ ਸਮਰਪਿਤ ਦੋ ਕਨਵੈਂਨਸਨਾਂ ਅਤੇ ਇੱਕ ਸਭਿਆਚਾਰਕ ਪ੍ਰੋਗਰਾਮ ਕਰਨ ਦਾ ਤਹਿ ਕੀਤਾ। ਮੰਚ ਵੱਲੋ ਹਰ ਸਾਲ ਮਾਰਚ 'ਚ ਸ਼ਹੀਦ ਭਗਤ ਸਿੰਘ ਅਤੇ ਸਾਥੀਆਂ ਦੀ ਯਾਦ ਵਿੱਚ, ਸਤੰਬਰ 'ਚ ਸ਼ਹੀਦ ਭਗਤ ਸਿੰਘ ਦੇ ਜਨਮ ਦਿਨ ਅਤੇ ਗੁਰਸ਼ਰਨ ਸਿੰਘ ਦੀ ਯਾਦ ਵਿੱਚ, ਜੁਲਾਈ ਵਿੱਚ ਸ਼ਹੀਦ ਊਧਮ ਸਿੰਘ,ਕਾ. ਚਾਰੂ ਮਾਜੂਮਦਾਰ ਤੇ ਨਕਸਲਬਾੜੀ ਲਹਿਰ ਦੇ ਸ਼ਹੀਦਾਂ ਨੂੰ ਸਮਰਪਿਤ ਅਤੇ ਨਵੰਬਰ ਵਿੱਚ ਕਰਤਾਰ ਸਿੰਘ ਸਿੰਘ ਸਰਾਭਾ ਅਤੇ ਗਦਰ ਲਹਿਰ ਨੂੰ ਸਮਰਪਿਤ ਮੁਹਿੰਮਾਂ ਚਲਾਈਆਂ ਜਾਂਦੀਆਂ ਹਨ। ਇਨ੍ਹਾਂ ਮੁਹਿੰਮਾਂ ਦਾ ਮਕਸਦ ਸ਼ਹੀਦਾਂ, ਸ਼ਖਸ਼ੀਅਤਾਂ ਅਤੇ ਲਹਿਰਾਂ ਦੇ ਇਨਕਲਾਬੀ ਰੋਲ ਨੂੰ ਉਭਾਰਨਾ ਅਤੇ ਲੋਕਾਂ ਨੂੰ ਇਸ ਇਤਿਹਾਸ ਨਾਲ ਜੋੜਨਾ ਹੁੰਦਾ ਹੈ। ਨਾਲ ਹੀ ਵੱਖ-2 ਜਨਤਕ ਜਥੇਬੰਦੀਆਂ ਦੇ ਕਾਰਕੁੰਨਾਂ ਲਈ ਵਿਸ਼ੇਸ਼ ਸਿਖਿਆ ਮੁਹਿੰਮ ਚਲਾਉਂਦਿਆਂ ਉਨ੍ਹਾਂ ਨੂੰ ਤਤਕਾਲੀ ਉੱਭਰੇ ਸਿਆਸੀ ਮੁੱਦਿਆਂ 'ਤੇ ਇਨਕਲਾਬੀ ਸੂਝ ਨਾਲ ਲੈਸ ਕਰਨਾ ਵੀ ਹੁੰਦਾ ਹੈ। ਇਸ ਵਾਰ ਵੀ ਜੁਲਾਈ ਮੁਹਿੰਮ ਵਿੱਚ 1. ਸ਼ਹੀਦਾਂ ਦੀ ਵਿਰਾਸਤ 2. ਨਕਸਲਬਾੜੀ ਦੀ ਘਟਨਾ, ਇਸਦਾ ਭਾਰਤੀ ਸਮਾਜ ਅਤੇ ਰਾਜਨੀਤੀ ਤੇ ਅਸਰ 3. ਵੋਟ ਬਾਈਕਾਟ ਕਿਉਂ? ਅਤੇ 4. ਮੌਜੂਦਾ ਜਬਰ ਦੀ ਹਾਲਤ ਖਾਸ ਕਰਕੇ ਕਸ਼ਮੀਰੀ ਲੋਕਾਂ 'ਤੇ ਹੋ ਰਹੇ ਜਬਰ ਵਿਰੁੱਧ ਉਠੇ ਜਿਹੇ ਅਹਿਮ ਮੁੱਦਿਆਂ ਨੂੰ ਲੈ ਕੇ ਜੁਲਾਈ ਮੁਹਿੰਮ ਚਲਾਈ ਗਈ। ਇਸ ਮਕਸਦ ਲਈ ਦੋ ਕਨਵੈਂਨਸ਼ਨਾਂ 24 ਜੁਲਾਈ ਢੁੱਡੀਕੇ ਜਿਲ੍ਹਾ ਮੋਗਾ ਅਤੇ 30 ਜੁਲਾਈ ਦਬੜੀਖਾਨਾ ਜਿਲਾ ਫਰੀਦਕੋਟ ਵਿਖੇ ਕੀਤੀਆਂ ਗਈਆਂ। ਦੋਹਾਂ ਕਨਵੈਂਨਸ਼ਨਾਂ ਵਿੱਚ ਸੂਬਾ ਕਮੇਟੀ ਦੇ ਦੋ-ਦੋ ਬੁਲਾਰਿਆਂ ਨੇ ਸੰਬੋਧਨ ਕੀਤਾ।

ਢੱਡੀਕੇ:-ਢੁੱਡੀਕੇ ਵਿੱਚ ਮੰਚ ਦੀ ਤਰਫੋਂ ਹਰ ਸਾਲ ਸ਼ਹੀਦ ਅਵਤਾਰ ਸਿੰਘ ਢੁੱਡੀਕੇ ਦੀ ਯਾਦ ਵਿੱਚ ਪ੍ਰੋਗਰਾਮ ਕੀਤਾ ਜਾਂਦਾ ਹੈ। ਇਸ ਵਾਰ ਵੀ ਇੱਥੇ ਉਕਤ ਮੁੱਦਿਆਂ ਨੂੰ ਲੈ ਕੇ ਕਨਵੈਂਸ਼ਨ ਕੀਤੀ ਗਈ। ਮੰਚ ਦੇ ਜਨਰਲ ਸਕੱਤਰ ਬਲਵੰਤ ਮੱਖੂ ਨੇ ਸ਼ਹੀਦਾਂ ਬਾਰੇ ਜਾਣਕਾਰੀ ਦਿੰਦਿਆਂ ਉਨ੍ਹਾਂ ਦੇ ਰਾਹ ਤੇ ਚੱਲਣ ਲਈ ਪ੍ਰੇਰਿਆ। ਉਨ੍ਹਾਂ ਮੌਜੂਦਾ ਹਾਲਤ 'ਤੇ ਗੱਲ ਕਰਦਿਆਂ ਜੰਮੂ ਕਸ਼ਮੀਰ ਦੇ ਮਸਲੇ ਨੂੰ ਉਭਾਰਦਿਆਂ ਮੁਲਕ ਭਰ ਅੰਦਰ ਹਕੂਮਤ ਵੱਲੋਂ ਸੰਘਰਸ਼ੀਲ ਲੋਕਾਂ 'ਤੇ ਢਾਹੇ ਜਾ ਰਹੇ ਜਬਰ 'ਤੇ ਵਿਸਤਾਰ ਵਿੱਚ ਚਾਨਣਾ ਪਾਇਆ। ਸ਼ਹੀਦਾਂ ਦੇ ਰਾਹ ਤੇ ਚਲਦਿਆਂ ਹਰ ਜਬਰ ਦਾ ਟਾਕਰਾ ਕਰਨ ਦਾ ਸੱਦਾ ਦਿੱਤਾ। ਉਨ੍ਹਾਂ ਅੰਕੜਿਆਂ ਸਹਿਤ ਲੋਕਾਂ ਵੱਲੋਂ ਕੀਤੇ ਜਾਂਦੇ ਵੋਟ ਬਾਈਕਾਟ ਦੀ ਜਾਣਕਾਰੀ ਦਿੰਦਿਆਂ ਸੱਦਾ ਦਿੱਤਾ ਕਿ ਸੁਤੇ ਸਿੱਧ ਬਾਈਕਾਟ ਨੂੰ ਚੇਤਨ ਬਾਈਕਾਟ ਵਿੱਚ ਬਦਲਣ ਦੀ ਲੋੜ ਹੈ।

ਸੁਖਵਿੰਦਰ ਕੌਰ ਸੂਬਾ ਕਮੇਟੀ ਮੈਬਰ ਲੋਕ ਸੰਗਰਾਮ ਮੰਚ (ਆਰ.ਡੀ.ਐੱਫ.) ਨੇ ਨਕਸਲਬਾੜੀ ਦੀ ਘਟਨਾ ਦੀ ਸੰਖੇਪ ਜਾਣਕਾਰੀ ਦਿੰਦਿਆਂ ਇਸ ਦੀ ਇਤਿਹਾਸਕ ਅਹਿਮੀਅਤ ਨੂੰ ਜੋਰ ਨਾਲ ਉਭਾਰਦਿਆਂ ਦੱਸਿਆ ਕਿ ਇਸ ਸੰਘਰਸ਼ ਨੇ ਭਾਰਤੀ ਇਨਕਲਾਬ ਦੇ ਰਾਹ ਦੇ ਸੁਆਲ ਨੂੰ ਹੱਲ ਕਰ ਦਿੱਤਾ ਅਤੇ ਸੋਧਵਾਦੀਆਂ ਨਾਲੋਂ ਸਪਸ਼ਟ ਨਿਖੇੜੇ ਦੀ ਲਕੀਰ ਵੀ ਵਾਹ ਦਿੱਤੀ। ਇਸ ਸੰਘਰਸ਼ ਵਿੱਚੋਂ ਅਗਾਂਹ ਪੈਦਾ ਹੋਈਆਂ ਧਰਾਵਾਂ ਦੀ ਜਾਣਕਾਰੀ ਦਿੰਦਿਆਂ ਉਨ੍ਹਾਂ ਕਿਹਾ ਕਿ ਸੀ.ਪੀ.ਆਈ. (ਐੱਮ.ਐੱਲ.) ਬਣਨਾ ਭਾਰਤ ਦੇ ਕਮਿਊਨਿਸਟ ਇਤਿਹਾਸ ਦੀ ਵੱਡੀ ਘਟਨਾ ਸੀ। ਨਕਸਲਬਾੜੀ ਦਾ ਝੰਡਾ ਚੁੱਕ ਕੇ ਇਸ ਧਾਰਾ ਨੇ ਅਤੇ ਇਸ ਦੇ ਹਮਖਿਆਲ ਗਰੁੱਪਾਂ ਨੇ ਭਾਰਤ ਵਿੱਚ ਲਮਕਵੇਂ ਲੋਕ ਯੁੱਧ ਦੀ ਯੁੱਧਨੀਤੀ ਨੂੰ ਤਨਦੇਹੀ ਨਾਲ ਲਾਗੂ ਕੀਤਾ ਹੈ। ਕੁਝ ਖੱਬੀਆਂ ਗਲਤੀਆਂ ਵੀ ਹੋਈਆਂ ਜੋ ਸਮੇਂ-2 ਠੀਕ ਕਰ ਲਈਆਂ ਗਈਆਂ। ਦੂਜੀ ਧਾਰਾ ਕਾਮਰੇਡ ਟੀ. ਨਾਗੀਰੈਡੀ ਵਾਲੀ ਸੀ ਜਿਨ੍ਹਾਂ ਭਾਰਤ ਅੰਦਰ ਹਾਲਤਾਂ ਦੇ ਪਰਪੱਕ ਨਾ ਹੋਣ ਦੀ ਧਾਰਨਾ ਦੇ ਤਹਿਤ ਕੰਮ ਕੀਤਾ ਅਤੇ ਪਾਰਲੀਮੈਂਟਰੀ ਸਿਸਟਮ ਨੂੰ ਤਾਂ ਨਕਾਰਿਆ ਪਰ ਵੋਟ ਬਾਈਕਾਟ 'ਤੇ ਨਹੀਂ ਪਹੁੰਚੇ ਅਤੇ ਨਾ ਹੀ ਲਮਕਵੇਂ ਲੋਕ ਯੁੱਧ ਦੀ ਪੁਜੀਸ਼ਨ ਅਮਲ ਅੰਦਰ ਉਤਾਰ ਸਕੇ। ਤੀਜੀ ਧਾਰਾ ਪਾਰਲੀਮਾਨੀ ਰਾਹ ਨੂੰ ਦਾਅਪੇਚਕ ਤੌਰ'ਤੇ ਵਰਤਣ ਦੀ ਨੀਤੀ ਲੈ ਕੇ ਚੱਲੀ ਅਤੇ ਇਸ ਦਾ ਇੱਕ ਹਿੱਸਾ ਬੁਰੀ ਤਰ੍ਹਾਂ ਪਾਰਲੀਮਾਨੀ ਦਲਦਲ ਵਿੱਚ ਹੀ ਫਸ ਗਿਆ ਹੈ। ਉਨ੍ਹਾਂ ਇਸ ਇਤਿਹਾਸ ਨੂੰ ਪੜ੍ਹਨ ਲਈ ਕਾਰਕੁੰਨਾਂ ਨੂੰ ਅਪੀਲ ਕੀਤੀ। ਪ੍ਰੋਗਰਾਮ ਦੇ ਅਖੀਰ ਵਿੱਚ ਕ੍ਰਾਂਤੀਕਾਰੀ ਸੱਭਿਆਚਾਰਕ ਕੇਂਦਰ ਇਕਾਈ ਮੋਗਾ ਨੇ ਨਾਟਕ "ਚਿੱਟਾ ਹਨੇਰ" ਦੀ ਭਾਵਪੂਰਨ ਪੇਸ਼ਕਾਰੀ ਕੀਤੀ। ਸਾਥੀ ਤੇਜ ਨਾਹਲ ਘੋਟੇ ਨੇ ਇਨਕਲਾਬੀ ਸੁਣਾਏ। 100 ਤੋਂ ਵੱਧ ਸਰੋਤਿਆਂ ਨੇ ਪੂਰੀ ਟਿੱਕ ਟਿੱਕੀ ਲਾ ਕੇ ਬੁਲਾਰਿਆਂ ਦੇ ਲੰਬੇ ਭਾਸ਼ਣ ਸੁਣੇ। ਇਸ ਤਰਾਂ ਕਨਵੈਂਨਸ਼ਨ ਆਪਣੇ ਮਕਸਦ ਵਿੱਚ ਸਫਲ ਰਹੀ।

ਦੱਬੜ੍ਹੀਖਾਨਾ :- ਸਾਥੀ ਮਲਕੀਤ ਸਿੰਘ ਦਬੜ੍ਹੀਖਾਨਾ ਦੀ ਬਰਸੀ 'ਤੇ ਹਰ ਸਾਲ ਹੀ ਇਲਾਕੇ ਦੇ ਸਾਥੀ ਸੱਭਿਆਚਾਰਕ ਪ੍ਰੋਗਰਾਮ ਕਰਦੇ ਹਨ। ਇਸ ਵਾਰ ਜੁਲਾਈ ਮੁਹਿੰਮ ਤਹਿਤ ਕੀਤੀ ਜਾਣ ਵਾਲੀ ਕਨਵੈਂਨਸ਼ਨ ਸਾਥੀ ਮਲਕੀਤ ਦਬੜ੍ਹੀਖਾਨਾ ਨੂੰ ਸਮਰਪਿਤ ਕੀਤੀ ਇਸ ਕਨਵੈਂਨਸ਼ਨ ਵਿੱਚ ਚੁਨਿੰਦਾ ਸਰਗਰਮ ਸਾਥੀ ਸ਼ਾਮਲ ਹੋਏ ਇਸ ਕਰਕੇ ਇੱਥੇ 55-60 ਦੇ ਕਰੀਬ ਸਾਥੀ ਸ਼ਾਮਲ ਹੋਏ । ਸਾਥੀ ਸੋਹਣ ਬਰਗਾੜੀ ਨੇ ਇਨਕਲਾਬੀ ਗੀਤਾਂ ਨਾਲ ਕਨਵੈਂਸ਼ਨ ਦਾ ਮਹੌਲ ਬਣਾਇਆ । ਬੁਲਾਰੇ ਢੁੱਡੀਕੇ ਕਨਵੈਂਸ਼ਨ ਵਾਲੀ ਤਰਤੀਬ ਅਨੁਸਾਰ ਹੀ ਬੋਲੇ। ਇਸ ਕਨਵੈਂਨਸ਼ਨ ਵਿੱਚ ਵੀ ਬਲਵੰਤ ਮੱਖੂ ਸੂਬਾ ਜਨਰਲ ਸਕੱਤਰ ਤੇ ਸੁਖਵਿੰਦਰ ਕੌਰ ਸੂਬਾ ਕਮੇਟੀ ਮੈਂਬਰ ਲੋਕ ਸੰਗਰਾਮ ਮੰਚ (ਆਰ.ਡੀ.ਐੱਫ.) ਨੇ ਹੀ ਸੰਬੋਧਨ ਕੀਤਾ। ਸਾਥੀਆਂ/ਸਰੋਤਿਆਂ ਨੇ ਬੇਹੱਦ ਧਿਆਨ ਨਾਲ ਬੁਲਾਰਿਆਂ ਨੂੰ ਸੁਣਿਆਂ। ਬੀ.ਕੇ.ਯੂ.(ਕ੍ਰਾਂਤੀਕਾਰੀ) ਦੇ ਸੂਬਾ ਕਮੇਟੀ ਮੈਂਬਰ ਸੁਰਮੁੱਖ ਅਜਿੱਤਗਿੱਲ ਨੇ ਸਟੇਜ ਦਾ ਸੰਚਾਲਣ ਕੀਤਾ।

ਪਿੰਡ ਟੱਲਵਾਲੀ :-ਜਿਲਾ ਬਠਿੰਡਾ ਦੇ ਬਹੁਤ ਹੀ ਛੋਟੇ ਪਿੰਡ ਕੋਠੇ ਟੱਲਵਾਲੀ (ਮਹਿਰਾਜ) ਦੇ ਨੌਜੁਆਨ ਕਿਸਾਨ ਸਾਥੀਆਂ ਦੀ ਆਪਣੇ ਪਿੰਡ ਇਨਕਲਾਬੀ ਸਭਿਆਚਾਰਕ ਪ੍ਰੋਗਰਾਮ ਕਰਾਉਂਣਦੀ ਇੱਛਾ ਨੂੰ ਮੁੱਖ ਰੱਖਦਿਆਂ 23 ਜੁਲਾਈ ਨੂੰ ਸ਼ਹੀਦਾਂ ਨੂੰ ਸਮਰਪਿਤ ਪ੍ਰੋਗਰਾਮ ਕਰਾਇਆ ਗਿਆ। ਇਸ ਪ੍ਰੋਗਰਾਮ ਵਿੱਚ ਲੋਕ ਗਾਇਕ ਜੁਗਰਾਜ ਧੌਲਾ, ਨਵਦੀਪ ਧੌਲਾ ਅਤੇ ਮਾਸਟਰ ਗੁਰਨਾਮ ਸਿੰਘ ਨੇ ਆਪਣੇ ਗੀਤਾਂ ਰਾਹੀਂ ਪੂਰਾ ਰੰਗ ਬੰਨਿਆ। ਕਰਾਂਤੀਕਾਰੀ ਸਭਿਆਚਾਰਕ ਕੇਂਦਰ ਮੋਗਾ ਦੀ ਟੀਮ ਨੇ ਕੋਰੀਓਗ੍ਰਾਫੀਆਂ ਅਤੇ ਪੰਜਾਬ 'ਚ ਵਿਕਦੇ ਨਸ਼ਿਆਂ ਵਿਰੁੱਧ ਨਾਟਕ "ਚਿੱਟਾ ਹਨੇਰ" ਦੀ ਖੂਬਸੂਰਤ ਪੇਸ਼ਕਾਰੀ ਕੀਤੀ। ਜੁੜੇ ਇਕੱਠ ਨੂੰ ਸੰਬੋਧਨ ਕਰਦਿਆਂ ਮੰਚ ਦੀ ਸੂਬਾ ਕਮੇਟੀ ਮੈਂਬਰ ਸੁਖਵਿੰਦਰ ਕੌਰ ਨੇ ਭਾਰਤੀ ਲੋਕਾਂ ਵੱਲੋਂ ਹਰ ਕਿਸਮ ਦੇ ਹਕੂਮਤੀ ਜਬਰ ਦੇ ਦਲੇਰਾਨਾ ਵਿਰੋਧ ਦੀ ਪ੍ਰਸੰਸਾ ਕਰਦਿਆਂ ਲੋਕਾਂ ਨੂੰ ਕਸ਼ਮੀਰ ਅਤੇ ਆਦਿਵਾਸੀ ਲੋਕਾਂ ਦੇ ਸ਼ੰਘਰਸ਼ਾਂ ਦੀ ਡਟਵੀਂ ਹਮਾਇਤ ਕਰਨ ਦਾ ਸੱਦਾ ਦਿਤਾ। ਬੀ.ਕੇ.ਯੂ. (ਕਰਾਂਤੀਕਾਰੀ) ਦੇ ਸੂਬਾ ਪ੍ਰਧਾਨ ਸੁਰਜੀਤ ਫੂਲ ਨੇ ਲੋਕਾਂ ਨੂੰ ਕਿਸਾਨ ਅੰਦੋਲਨਾਂ ਵਿੱਚ ਵਧ ਚੜ ਕੇ ਹਿੱਸਾ ਲੈਣ ਲਈ ਪ੍ਰੇਰਿਆ। ਆਏ ਲੋਕਾਂ ਦਾ ਬੀ.ਕੇ.ਯੂ.(ਕਰਾਂਤੀਕਾਰੀ) ਦੇ ਬਲਾਕ ਪ੍ਰਧਾਨ ਪ੍ਰਸ਼ੋਤਮ ਮਹਿਰਾਜ ਨੇ ਧੰਨਵਾਦ ਕੀਤਾ। ਸਟੇਜ ਸਕੱਤਰ ਦੀ ਜੁੰਮੇਵਾਰੀ ਮੰਚ ਦੇ ਸੂਬਾ ਕਮੇਟੀ ਮੈਂਬਰ ਲੋਕਰਾਜ ਮਹਿਰਾਜ ਨੇ ਨਿਭਾਈ।










## ਛਪ ਕੇ ਆ ਰਹੀ ਕਿਤਾਬ




'ਸਰੋਕਾਰਾਂ ਦੀ ਆਵਾਜ਼' ਵਲੋਂ ਜਲਦੀ ਹੀ ਪਾਠਕਾਂ ਦੀ ਸੱਥ ਵਿਚ ਇਕ ਪ੍ਰਸਿੱਧ ਪੁਸਤਕ ਜੋ ਕਿ ਕੈਨੇਡੀਅਨ ਲੇਖਕ Hugh J.M. Johnston ਵਲੋਂ ਅੰਗਰੇਜ਼ੀ ਵਿਚ The Voyage of The Kamagata Maru ਦੀ ਇਤਿਹਾਸਕ ਯਾਤਰਾ ਜਿਸ ਦਾ ਪੰਜਾਬੀ ਰੂਪ ਪ੍ਰਕਾਸ਼ਤ ਕੀਤਾ ਜਾ ਰਿਹਾ ਹੈ, ਸੋ ਪਾਠਕਾਂ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਇਸ ਕਿਤਾਬ ਦੁਆਰਾ ਕਾਮਾਗਾਟਾ ਦੇ ਦੁਖਾਂਤ ਦੀ ਅਸਲੀਅਤ ਨੂੰ ਵੱਧ ਤੋਂ ਵੱਧ ਪੰਜਾਬੀ ਪਾਠਕਾਂ ਤੱਕ ਪਹੁੰਚਾਉਣ ਲਈ ਆਰਥਿਕ ਮਦਦ ਲਈ ਅੱਗੇ ਆਓ ਤਾਂ ਕਿ ਵੱਧ ਗਿਣਤੀ ਵਿਚ ਪ੍ਰਕਾਸ਼ਤ ਕੀਤੀ ਜਾ ਸਕੇ।

| ਹਰਬੰਸ ਸਿੰਘ | ਦੇਵਿੰਦਰ ਤੂਰ | ਮਾਸਟਰ ਭਜਨ |
|---|---|---|
| 416-817-7142 | 416-902-9372 | 403-455-4220 |

ISBN : 978-93-83904-48-8

ਕਾਮਾਗਾਟਾ ਮਾਰੂ ਦੀ ਇਤਿਹਾਸਕ ਯਾਤਰਾ ਪੁਸਤਕ ਦੀ ਪ੍ਰਕਾਸ਼ਨਾ ਵਾਸਤੇ ਜਿਨ੍ਹਾਂ ਆਰਥਿਕ ਮਦਦ ਕੀਤੀ ਉਨ੍ਹਾਂ ਦਾ 'ਸਰੋਕਾਰਾਂ ਦੀ ਆਵਾਜ਼' ਅਦਾਰੇ ਵਲੋਂ ਦਿਲੋਂ ਧੰਨਵਾਦੀ ਹੈ : ਸੰਪਾਦਕ

**ਇਸ ਸਬੰਧ ਵਿਚ ਕੈਨੇਡੀਅਨ ਸਰਕਾਰ ਮੁਆਫ਼ੀ ਵੀ ਮੰਗ ਚੁੱਕੀ ਹੈ**



# ਗਦਰੀ ਬਾਬਿਆਂ ਦੀ ਯਾਦ 'ਚ ਮੇਲੇ ਲਵਾਉਣ ਵਾਲੇ ਨਵਾਂ ਜ਼ਮਾਨਾ ਅਖਬਾਰ ਦੇ ਜਨਰਲ ਮੈਨੇਜਰ ਕਾ: ਗੁਰਮੀਤ ਨਾਲ ਰੂਬਰੂ ਸਮਾਗਮ





**ਬਰੈਂਪਟਨ/ਬਾਸੀ ਹਰਚੰਦ**

ਕਨੇਡਾ ਅਤੇ ਅਮਰੀਕਾ ਦੇ ਦੌਰੇ ਤੇ ਆਏ ਦੇਸ ਭਗਤ ਯਾਦਗਾਰ ਕਮੇਟੀ ਦੇ ਟਰੱਸਟੀ ਅਤੇ ਨਵਾਂ ਜ਼ਮਾਨਾ ਅਖਬਾਰ ਦੇ ਜਨਰਲ ਮਨੇਜਰ ਕਾ: ਗੁਰਮੀਤ ਨੂੰ ਇੱਕ ਪ੍ਰਭਾਵਸ਼ਾਲੀ ਸਮਾਗਮ ਵਿੱਚ ਬਰੈਂਪਟਨ ਦੇ ਸਾਹਿਤਕਾਰਾਂ,ਬੁਧੀ ਜੀਵੀਆਂ ਅਤੇ ਵਿਦਵਾਨਾਂ ਨੇ ਜੀਅ ਆਇਆਂ ਕਹਿਣ ਲਈ ਭਰਪੂਰ ਸ਼ਿਰਕਤ ਕੀਤੀ। ਇਹ ਸਮਾਗਮ ਪੰਜਾਬੀ ਸੱਭਿਆਚਾਰ ਮੰਚ ਵੱਲੋਂ ਆਯੋਜਤ ਕੀਤਾ ਗਿਆ ਸੀ। ਸਮਾਗਮ ਦੀ ਪ੍ਰਧਾਨਗੀ ਮੰਚ ਦੇ ਪ੍ਰਧਾਨ ਬਲਦੇਵ ਸਿੰਘ ਸਹਿਦੇਵ, ਨਵਾਂ ਜ਼ਮਾਨਾ ਦੇ ਆਡੀਟਰ ਸੁਰਜਨ ਸਿੰਘ ਜ਼ੀਰਵੀ, ਮੁੱਖ ਮਹਿਮਾਨ ਕਾ: ਗੁਰਮੀਤ, ਕਾ: ਸੁਖਦੇਵ ਸਿੰਘ ਅਤੇ ਬੀਬੀ ਸਰਬਜੀਤ ਕਾਹਲੋਂ ਨੇ ਕੀਤੀ।

ਸਮਾਗਮ ਦਾ ਅਰੰਭ ਕਰਦਿਆਂ ਬਲਦੇਵ ਸਿੰਘ ਸਹਿਦੇਵ ਨੇ ਕਾ: ਗੁਰਮੀਤ ਦੀ ਬਹੁ ਪੱਖੀ, ਬੇਗਰਜ਼ ਅਤੇ ਬੇਦਾਗ ਸਖਸ਼ੀਅਤ,ਉਹਦੇ ਲੋਕ ਪੱਖੀ ਅਤੇ ਅੱਗੇ ਵਧੂ ਕਾਰਨਾਮਿਆਂ ਦੀ ਹਾਜ਼ਰੀਨ ਨਾਲ ਵਾਕਫੀਅਤ ਕਰਵਾਈ। ਉਨ੍ਹਾਂ ਦੱਸਿਆ ਕਿ ਕਾ: ਗੁਰਮੀਤ ਨੇ ਗਦਰੀ ਬਾਬਿਆਂ ਦੀਆਂ ਯਾਦਾਂ ਅਤੇ ਜੀਵਨੀਆਂ ਨੂੰ ਕੰਪਿਊਟਰਾਈਜ਼ ਕਰਕੇ ਸੰਭਾਲਣ, ਯਾਦਗਾਰ ਹਾਲ ਵਿੱਚ ਨਵਾਂ ਏਅਰਕੰਡੀਸ਼ਨ ਹਾਲ ਬਣਵਾਉਣ ਤੋਂ ਇਲਾਵਾ ਗਦਰੀ ਮੇਲੇ ਅਤੇ ਪੁਸਤਕ ਮੇਲੇ ਲਵਾਉਣ ਦੀ ਪਿਰਤ ਚਾਲੂ ਕਰਵਾਈ। ਕਾ: ਗੁਰਮੀਤ ਨੇ ਵਿਦਿਆਰਥੀਆਂ ਅਤੇ ਪੱਤਰਕਾਰਾਂ ਦੇ ਸੰਘਰਸ਼ਾਂ ਵਿੱਚ ਉੱਘਾ ਯੋਗਦਾਨ ਪਾਇਆ। ਇਸ ਉਪਰੰਤ ਜਰਨੈਲ ਸਿੰਘ ਅਚਰਵਾਲ ਅਤੇ ਜਗੀਰ ਸਿੰਘ ਕਾਹਲੋਂ ਨੇ ਕਾ: ਗੁਰਮੀਤ ਨਾਲ ਅਪਣੇ ਗੂੜੇ ਸਬੰਧਾਂ ਅਤੇ ਉਸ ਦੀਆਂ ਲਾਮਿਸਾਲ ਸਮਾਜ ਸੇਵਾਵਾਂ ਦਾ ਜਿਕਰ ਕੀਤਾ। ਪ੍ਰਿੰਸੀਪਲ ਸਰਵਣ ਸਿੰਘ, ਸੁਰਜਣ ਸਿੰਘ ਜ਼ੀਰਵੀ ਅਤੇ ਹਰਬੰਸ ਸਿੰਘ ਸੰਪਾਦਕ 'ਸਰੋਕਾਰਾਂ ਦੀ ਅਵਾਜ਼' ਨੇ ਵੀ ਕਾ: ਗੁਰਮੀਤ ਨੂੰ ਭਾਵ ਭਿੰਨੇ ਸ਼ਬਦਾਂ ਵਿੱਚ ਜੀ ਆਇਆਂ ਕਿਹਾ।

ਕਾ: ਗੁਰਮੀਤ ਨੇ ਆਪਣੀ ਗੱਲ ਸ਼ੁਰੂ ਕਰਦਿਆਂ ਸਭ ਤੋਂ ਪਹਿਲਾਂ ਸੁਰਜਣ ਸਿੰਘ ਜ਼ੀਰਵੀ ਦਾ ਜ਼ਿਕਰ ਕੀਤਾ ਜਿੰਨਾਂ ਦੀ ਬਦੌਲਤ ਉਹ ਅੱਜ ਇਸ ਮੁਕਾਮ ਤੇ ਹਨ। ਉਹਨਾਂ ਕਿਹਾ ਜ਼ੀਰਵੀ ਜੀ ਨੇ ਉਂਗਲੀ ਲਾਕੇ ਮੈਨੂੰ ਤੁਰਨਾ ਸਿਖਾਇਆ, ਜ਼ੁੰਮੇਵਾਰੀਆਂ ਦਾ ਅਹਿਸਾਸ ਕਰਵਾਇਆ ਅਤੇ ਫਿਰ ਜ਼ੁੰਮੇਵਾਰੀਆਂ ਦੀ ਆਪਣੀ ਵਿਰਾਸਤ ਮੈਨੂੰ ਦੇ ਕੇ ਤਸੱਲੀ ਪਰਗਟ ਕੀਤੀ। ਮੈਨੂੰ ਇਸ ਗੱਲ ਦਾ ਪਤਾ ਨਹੀਂ ਕਿ ਮੈਂ ਕਿੰਨੀ ਕੁ ਜੁਮੇਵਾਰੀ ਨਾਲ ਜ਼ੁੰਮੇਵਾਰੀਆਂ ਨਿਭਾ ਰਿਹਾ ਹਾਂ। ਇਹ ਮੇਰੇ ਦੋਸਤ, ਸਾਥੀ ਜਾਣਦੇ ਹਨ ਪਰ ਮੈਨੂੰ ਸਿਰਫ ਇਨੰਾ ਕੁ ਪਤਾ ਹੈ ਮੈਨੂੰ ਜੋ ਜ਼ੁੰਮੇਵਾਰੀ ਦਿਤੀ ਸੀ ਉਸ ਤੇ ਕੰਮ ਕਰ ਰਿਹਾ ਹਾਂ ਤੋਰ ਮੱਠੀ ਨਹੀਂ ਪੈਣ ਦਿੱਤੀ। ਕਾ:ਗੁਰਮੀਤ ਨੇ ਦੇਸ ਭਗਤ ਯਾਦਗਾਰ ਕਮੇਟੀ ਵੱਲੋਂ ਗਦਰੀ ਸੂਰਬੀਰਾਂ ਅਤੇ ਦੇਸ ਭਗਤਾਂ ਦਾ ਵਿਰਸਾ ਸੰਭਾਲਣ, ਉਹਨਾਂ ਦੀ ਸੋਚ ਨੂੰ ਲੋਕਾਂ ਵਿੱਚ ਲਿਜਾਣ ਅਤੇ ਪ੍ਰਚਾਰਨ ਦੇ ਪ੍ਰੋਗਰਾਮਾਂ ਉਤੇ ਨਵਾਂ ਜ਼ਮਾਨਾ ਅਖਬਾਰ ਵੱਲੋਂ ਪੰਜਾਬ ਦੀ ਸਮੁੱਚੀ ਲਹਿਰ ਦੀ ਤਰਜ਼ਮਾਨੀ ਕਰਨ ਬਾਰੇ ਵਿਸਥਾਰ ਵਿੱਚ ਦੱਸਿਆ। ਉਹਨਾਂ ਦੱਸਿਆ ਕਿ ਲੋਕ ਹੱਕਾਂ ਦੀ ਤਰਜ਼ਮਾਨੀ ਕਰਦੇ ਖੱਬੀ ਲਹਿਰ ਦੇ ਅਖਬਾਰਾਂ ਨੂੰ ਚਲਾਉਣ ਵਾਸਤੇ ਅਨੇਕਾਂ ਮਾਇਕ ਸਮੱਸਿਆਵਾਂ ਹਨ। ਧਾਰਮਿਕ, ਜੋਤਸ਼ੀ ਜਾਂ ਕਾਰਪੋਰੇਟ ਅਦਾਰੇ ਸ਼ਰਤਾਂ ਸਾਹਿਤ ਐਡਾਂ ਦਿੰਦੇ ਹਨ ਜੋ ਸਾਨੂੰ ਮਨਜ਼ੂਰ ਨਹੀਂ ਕਿਉਂਕਿ ਉਹ ਲੋਕ ਹੱਕਾਂ ਦੇ ਵਿਰੁਧ ਜਾਂਦੀਆਂ ਹਨ। ਅਸੀਂ ਜਿਸ ਵਰਗ ਦੀ ਨੁੰਮਾਇੰਦਗੀ ਕਰਦੇ ਹਾਂ ਉਹਨਾਂ ਅਸੂਲਾਂ ਦੀ ਅਣਦੇਖੀ ਕਦਾਚਿੱਤ ਨਹੀਂ ਕਰ ਸਕਦੇ ਇਸ ਲਈ ਸਾਡੇ ਅਖਬਾਰ ਨੂੰ ਚਲਾਉਣ ਦੇ ਸਰੋਤ ਤੁਹਾਡੇ ਵਰਗੇ ਲੋਕ ਹੱਕਾਂ ਦੇ ਹਮਦਰਦ, ਪਹਿਰੇਦਾਰ ਅਤੇ ਕਿਰਤੀ ਲੋਕ ਹੀ ਹਨ। ਉਹ ਆਪਣੀ ਵਿਤੀ ਸ਼ਕਤੀ ਤੋਂ ਵੱਧ ਕੇ ਸਹਾਇਤਾ ਕਰਦੇ ਹਨ। ਇਸ ਲਈ ਸਾਨੂੰ ਕੰਮ ਕਰਨ ਵਾਲਿਆ ਨੂੰ ਵੀ ਸਕੂੰਨ ਅਤੇ ਉਤਸ਼ਾਹ ਮਿਲਦਾ ਹੈ। ਦੇਸ ਵਿੱਚ ਲੋਕਤੰਤਰ ਅਤੇ ਧਾਰਮਿਕ ਸਹਿਣਸ਼ੀਲਤਾ ਤੇ ਜੋ ਹਮਲੇ ਹੋ ਰਹੇ ਹਨ ਉਹ ਵੀ ਇੱਕ ਵੱਡੀ ਚਿੰਤਾ ਦਾ ਵਿਸ਼ਾ ਹੈ। ਪੰਜਾਬ ਵਿੱਚ ਜਗੀਰੂ ਪਰਬੰਧ ਜ਼ੋਰ ਪਕੜ ਰਿਹਾ ਹੈ ਜਿਸ ਨਾਲ ਲੁਟ ਖਸੁੱਟ ਧੱਕੇ ਸ਼ਾਹੀ ਨੇ ਆਮ ਅਦਮੀ ਦਾ ਜਿਉਣਾ ਜ਼ੋਖਮ ਭਰਿਆ ਬਣਾ ਦਿੱਤਾ ਹੈ। ਇਸ ਰੁਝਾਨ ਨੂੰ ਰੋਕਣ ਵਾਸਤੇ ਲੋਕਾਂ ਦਾ ਇੱਕ ਮੁੱਠ ਹੋਣਾ ਅਤਿ ਜਰੂਰੀ ਹੈ। ਇਹ ਸਮੇਂ ਦੀ ਫੋਰੀ ਲੋੜ ਹੈ। ਅਗਲੀ ਗੱਲ ਇਸ ਤੋਂ ਵੀ ਵੱਧ ਦੁਖਦਾਈ ਗੱਲ ਇਹ ਹੈ ਕਿ ਲੋਕਤੰਤਰ ਦਾ ਵੱਡਾ ਥੰਮ ਮੀਡੀਏ ਦੀ ਭਰੋਸੇਯੋਗਤਾ ਦਾਗੀ ਹੈ। ਪੇਡ ਮੀਡੀਆ ਸਮਾਜ ਅਤੇ ਰਾਜਸਤਾ ਦੀ ਅਸਲੀ ਤਸਵੀਰ ਲੋਕਾਂ ਵਿੱਚ ਨਹੀਂ ਉਭਰਨ ਦਿੰਦਾ। ਕਿਰਤੀ ਸੰਘਰਸ਼ਾਂ ਦੀਆਂ ਵੱਡੀਆਂ ਖਬਰਾਂ ਨੂੰ ਦਬਾ ਦਿੰਦਾ ਹੈ ਅਤੇ ਸਰਕਾਰੀ ਧਿਰ ਦੇ ਝੂਠ ਨੂੰ ਸੱਚ ਬਣਾਉਣ ਲਈ ਬਾਰ ਬਾਰ ਦਿਖਾਇਆ ਜਾਂਦਾ ਹੈ। ਇਸ ਦੇ ਮੁਕਾਬਲੇ ਲਈ ਖੱਬੀ ਧਿਰ ਨੂੰ ਮਜ਼ਬੂਤ ਕਰਨ ਦੀ ਡਾਢੀ ਲੋੜ ਹੈ। ਹੱਕ ਸੱਚ ਅਤੇ ਇਨਸਾਫ ਦੇ ਝੰਡਾ ਬਰਦਾਰ ਨਵਾਂ ਜ਼ਮਾਨਾ ਦੀ ਸੋਚ ਕਰਕੇ ਅਜੀਤ ਅਤੇ ਜੱਗ ਬਾਣੀ ਅਖਬਾਰਾਂ ਨੇ ਵੀ ਮਸ਼ੀਨਰੀ ਫੰਡ ਵਿੱਚ ਲੱਖਾਂ ਰੁਪਏ ਦਾ ਸਹਿਯੋਗ ਦੇਣ ਦਾ ਵੀ ਕਾ:ਗੁਰਮੀਤ ਨੇ ਜ਼ਿਕਰ ਕੀਤਾ।

ਆਖਰੀ ਇੱਕ ਘੰਟਾ ਬਲਦੇਵ ਸਿੰਘ ਸਹਿਦੇਵ ਦੇ ਨਵੇਂ ਲਿਖੇ ਨਾਵਲ ਤੇ ਚਰਚਾ ਹੋਈ। ਪੂਰਨ ਸਿੰਘ ਪਾਂਧੀ ਜਰਨੈਲ ਸਿੰਘ ਅਚਰਵਾਲ ਅਤੇ ਪ੍ਰੋ: ਅਤੈ ਸਿੰਘ ਨੇ ਲੇਖਕ ਬਾਰੇ ਵਿਚਾਰ ਰੱਖੇ। ਸਭ ਬੁਲਾਰਿਆਂ ਦਾ ਵਿਚਾਰ ਸੀ ਕਿ ਬਲਦੇਵ ਸਿੰਘ ਨੇ ਜੋ ਨਾਵਲ ਦਾ ਵਿਸ਼ਾ ਵਸਤੂ ਲਿਆ ਹੈ ਉਹ ਬਹੁਤ ਮਹੱਤਵ ਰੱਖਦਾ ਹੈ ਉਹ ਆਪਣੀ ਗੱਲ ਪਾਠਕਾਂ ਨਾਲ ਸਾਂਝੀ ਕਰਨ ਵਿੱਚ ਕਾਮਯਾਬ ਹੈ। ਲੇਖਕ ਦੇ ਨਾਵਲ ਦੀ ਸਫਲਤਾ ਦੇਖ ਕੇ ਕੁਝ ਕੁ ਛੋਟੀਆਂ ਮੋਟੀ ਉਕਾਈਆਂ ਨੂੰ ਅੱਖੋਂ ਪਰੋਖੇ ਕੀਤਾ ਜਾ ਸਕਦਾ ਹੈ। ਉਮੀਦ ਰੱਖਦੇ ਹਾਂ ਕਿ ਲੇਖਕ ਹੋਰ ਵਧੀਆ ਲਿਖ ਕੇ ਇਸ ਪਿੜ ਵਿੱਚ ਨਿਤਰੇਗਾ। ਅਖੀਰ ਵਿੱਚ ਕਾ: ਗੁਰਮੀਤ ਅਤੇ ਉਹਨਾਂ ਦੀ ਜੀਵਨ ਸਾਥਣ ਨੂੰ ਸਨਮਾਨ ਚਿੰਨ ਪਲੈਕ ਦੇ ਕੇਸਨਮਾਨਤ ਕੀਤਾ। ਪੰਜਾਬੀ ਸੱਭਿਆਚਾਰ ਮੰਚ ਦੀ ਅਪੀਲ ਤੇ ਹਾਜ਼ਰ ਸਖਸ਼ੀਅਤਾਂ ਨੇ ਨਵਾਂ ਜ਼ਮਾਨਾ ਅਖਬਾਰ ਦੀ ਮਸ਼ੀਨਰੀ ਲਈ ਅੱਠ ਸੌ ਡਾਲਰਾਂ ਦੀ ਹੋਰ ਸਹਾਇਤਾ ਇਕੱਠੀ ਕਰਕੇ ਕਾ: ਗੁਰਮੀਤ ਨੂੰ ਦਿੱਤੀ। ਯਾਦ ਰਹੇ ਮੰਚ ਵੱਲੋਂ ਪਹਿਲਾਂ ਵੀ ਦੋ ਲੱਖ ਦੀ ਸਹਾਇਤਾ ਭੇਜੀ ਜਾ ਚੁੱਕੀ ਹੈ। ਉਪਰੋਕਤ ਤੋਂ ਇਲਾਵਾ ਮੰਚ ਦੇ ਕਾਰਜਕਾਰੀ ਮੈਂਬਰ ਹਰਚੰਦ ਸਿੰਘ ਬਾਸੀ, ਦਲਜੀਤ ਸਿੰਘ ਗੇਂਦੂ, ਸੁਖਦੇਵ ਸਿੰਘ ਝੰਡ, ਅਮ੍ਰਿਤ ਢਿਲੋਂ, ਹਰਜੀਤ ਸਿੰਘ ਬੇਦੀ, ਪਰਮਜੀਤ ਸਿੰਘ ਬੜਿੰਗ, ਨਿਰਮਲ ਸੰਧੂ, ਤ੍ਰੀਲੋਚਨ ਸਿੰਘ ਗੜ ਸੰਕਰ, ਸੈਮ ਸੰਘਾ (ਲੀਗਲ ਸਰਵਿਸਜ਼), ਗੁਰਦਰਸ਼ਨ ਸਿੰਘ, ਦਰਸ਼ਨ ਸਿੰਘ ਭੋਰਾ ਆਦਿ ਅਨੇਕਾਂ ਹੋਰ ਸਖਸ਼ੀਅਤਾਂ ਸਮਾਗਮ ਵਿੱਚ ਚ ਹਾਜ਼ਰ ਸਨ।

# ਕਾਲਡਰ ਸਟੋਨ ਸੀਨੀਅਰ ਕਲੱਬ ਬਰੈਂਪਟਨ ਵਿਚੋਂ ਕੈਨੇਡਾ ਡੇਅ ਅਤੇ ਭਾਰਤ ਦਾ ਅਜ਼ਾਦੀ ਦਿਵਸ ਮਨਾਇਆ





**ਦੇਵਿੰਦਰ ਤੂਰ**

ਕਾਲਡਰ ਸਟੋਨ ਸੀਨੀਅਰ ਕਲੱਬ ਜੋ ਕਿ ਪਹਿਲੀ ਵਾਰ ਹੋਂਦ ਵਿਚ ਆਈ ਵਲੋਂ 21 ਅਗਸਤ ਦਿਨ ਐਤਵਾਰ 2016 ਨੂੰ ਕੈਨੇਡਾ ਡੇਅ ਅਤੇ ਭਾਰਤ ਦਾ ਅਜ਼ਾਦੀ ਦਿਵਸ ਕੋਬਲਹਿਲ ਪਾਰਕ ਬਰੈਂਪਟਨ ਵਿਚ ਕਲੱਬ ਦੇ ਪ੍ਰਧਾਨ ਡਾ. ਸੋਹਣ ਸਿੰਘ ਅਤੇ ਜਨਰਲ ਸੈਕਟਰੀ ਰੇਸ਼ਮ ਸਿੰਘ ਦੋਸਾਂਝ ਦੀ ਅਗਵਾਈ ਵਿਚ ਬਹੁਤ ਹੀ ਪੇਸ਼ਾਵਰ ਅਤੇ ਠਰੰਮੇ ਨਾਲ ਮਨਾਇਆ ਗਿਆ। ਇਸ ਵਿਚ ਇਕੱਠ ਇਕ ਪਿੰਡ ਵਾਂਗੂੰ ਦਿਖਾਈ ਦੇ ਰਿਹਾ ਸੀ। ਇਸ ਪ੍ਰੋਗਰਾਮ ਦੀ ਮਹੱਤਤਾ ਹੋਰ ਵੀ ਵਧ ਗਈ ਜਦੋਂ ਸਟੇਜ ਸੈਕਟਰੀ ਵਲੋਂ ਤਜਰਬੇਕਾਰ ਢੰਗ ਨਾਲ ਬੁਲਾਰਿਆਂ ਨੂੰ ਫਸਟਕਮ ਫਸਟ ਸਰਵ (First Come First Serve) ਦੇ ਸਿਧਾਂਤ ਦੀ ਪਾਲਣਾ ਕੀਤੀ। ਡਾ. ਸੋਹਣ ਸਿੰਘ ਦੇ ਪ੍ਰਧਾਨਗੀ ਭਾਸ਼ਨ ਤੋਂ ਬਾਅਦ ਉਨ੍ਹਾਂ ਦੀ ਦੋਹਰਤੀ ਅਮਰੀਨ ਸਿੰਘ ਨੇ ਕੈਨੇਡਾ ਦੇ ਸਾਰੇ ਸੂਬਿਆਂ ਨੂੰ ਬੜੀ ਹੀ ਵਿਲੱਖਣਤਾ ਨਾਲ ਆਪਣੀ ਕਵਿਤਾ ਵਿਚ ਪਰੋਕੇ ਪੇਸ਼ ਕੀਤਾ। ਇਸ ਤੋਂ ਬਿਨਾ ਬੁਲਾਰਿਆਂ ਨੇ ਜਿਨ੍ਹਾਂ ਵਿਚ ਗੁਰਪ੍ਰੀਤ ਢਿਲੋਂ ਸਿਟੀ ਕੌਂਸਲਰ, ਰਾਜ ਗਰੇਵਾਲ ਮੈਂਬਰ ਪਾਰਲੀਮੈਂਟ ਹਰਿੰਦਰ ਮੱਲ੍ਹੀ ਐਮ. ਪੀ. ਪੀ., ਗੁਰਦੇਵ ਸਿੰਘ ਮਾਨ ਸ਼ੰਭੂ ਦੱਤ ਸ਼ਰਮਾ, ਸਤਪਾਲ ਜੌਹਲ ਸਭ ਨੇ ਕੈਨੇਡਾ ਦੀਆਂ ਪ੍ਰਾਪਤੀਆਂ ਦੇ ਨਾਲ-ਨਾਲ ਕੈਨੇਡੀਅਨ ਨਾਗਰਿਕ ਹੋਣ ਦੇ ਨਾਤੇ ਆਪਣੀਆਂ ਜ਼ਿੰਮੇਵਾਰੀਆਂ ਨਿਭਾਉਣ 'ਤੇ ਜ਼ੋਰ ਦਿੱਤਾ। 'ਸਰੋਕਾਰਾਂ ਦੀ ਅਵਾਜ਼' ਦੇ ਮੁੱਖ ਸੰਪਾਦਕ ਹਰਬੰਸ ਸਿੰਘ ਨੇ ਕੈਨੇਡਾ ਵਿਚ ਕੰਮ ਕਰਦੇ ਲੋਕਾਂ ਦੀ ਅਸਲੀ ਤਸਵੀਰ ਪੇਸ਼ ਕਰਨ ਦੇ ਨਾਲ ਨਾਲ ਆਪਣੇ ਹੱਕਾਂ ਬਾਰੇ ਸੁਚੇਤ ਹੋਣ ਲਈ ਕਿਹਾ। ਸਰਕਾਰਾਂ ਵਲੋਂ ਆਪਣੇ ਟੈਕਸ ਦੀ ਕੀਤੀ ਜਾਂਦੀ ਦੁਰਵਰਤੋਂ, ਇੰਸ਼ੋਰੈਂਸ ਦਾ ਆਏ ਦਿਨ ਵਧਣਾ, ਇੰਮਲਾਏਮੈਂਟ ਏਜੰਸੀਆਂ ਵਲੋਂ ਮਿਹਨਤਕਸ਼ਾਂ ਦੀ ਲੁੱਟ, ਵਾਧੂ ਟੈਕਸਾਂ ਦਾ ਬੋਝ ਘੱਟ ਵੇਜਜ਼ ਅਤੇ ਬਰੈਂਪਟਨ ਵਿਚ ਯੂਨੀਵਰਸਿਟੀ ਦੀ ਅਣਹੋਂਦ ਆਉਣ ਵਾਲੇ ਬੱਚਿਆਂ ਨੂੰ ਗਲਤ ਰਾਹਾਂ 'ਤੇ ਪਾਉਣ ਦਾ ਕਾਰਨ ਬਣਦੀਆਂ ਹਨ। ਲੋਕਾਂ ਨੂੰ ਅਪੀਲ ਕੀਤੀ ਕਿ ਆਪਣੇ ਹੱਕ ਲੈਣ ਲਈ ਆਪਣਾ ਮਜ਼ਬੂਤ ਏਕਾ ਉਧਾਰਨ ਦੀ ਜ਼ਰੂਰਤ ਹੈ। ਅਵਤਾਰ ਸਿੰਘ ਅਰਸ਼ੀ, ਅਜਮੇਰ ਸਿੰਘ ਪ੍ਰਦੇਸ਼ੀ, ਹਰਚੰਦ ਸਿੰਘ ਬਾਸੀ ਅਤੇ ਕਸ਼ਮੀਰਾ ਸਿੰਘ ਨੇ ਆਪਣੀਆਂ ਕਵਿਤਾਵਾਂ ਰਾਹੀਂ ਲੋਕਾਂ ਦਾ ਮਨੋਰੰਜਨ ਕੀਤਾ। ਨਾਜਰ ਔਜਲਾ ਦੀ ਟੀਮ ਨੇ ਮਸਲਾ ਮੈਰਿਜ ਦਾ ਨਾਟਕ ਪੇਸ਼ ਕਰਕੇ ਲੋਕਾਂ ਨੂੰ ਹਸਾਉਣ ਤੋਂ ਇਲਾਵਾ ਆਪਣੇ ਅਤੇ ਆਉਣ ਵਾਲੀ ਪੀੜ੍ਹੀ ਬਾਰੇ ਸੋਚਣ ਲਈ ਮਜਬੂਰ ਕੀਤਾ। ਇਸ ਤੋਂ ਇਲਾਵਾ ਬੱਚਿਆਂ ਦੀਆਂ ਗੇਮਾਂ ਅਤੇ ਇਸ ਏਰੀਏ ਦੀ ਬਜ਼ੁਰਗ ਔਰਤ ਜਗੀਰ ਕੌਰ ਅਤੇ ਬਜ਼ੁਰਗ ਆਦਮੀ ਨੂੰ ਸਤਵੰਤ ਸਿੰਘ ਬੋਪਾਰਾਏ ਸਮੇਤ ਕਲੱਬ ਦੇ ਮੈਂਬਰਾਂ ਨੇ ਸਨਮਾਨਿਤ ਕੀਤਾ ਅਤੇ ਅੰਤ ਵਿਚ ਕਲੱਬ ਦੇ ਪ੍ਰਧਾਨ ਡਾ. ਸੋਹਣ ਸਿੰਘ ਨੇ ਸਭ ਦਾ ਧੰਨਵਾਦ ਕੀਤਾ।

**ਮੈਨੇਜਿੰਗ ਡਾਇਰੈਕਟਰ, ਸਰੋਕਾਰਾਂ ਦੀ ਆਵਾਜ਼**

Balkar Bajwa
Certified Translator
(English into Punjabi and Punjabi into English)
33 Eaglesprings Cresent
Brampton ON L6P 2V8
647-402-2170
20 Kohinoor Park, Gunna House, Ferozepur Road
Barewal Awana, Ludhiana, Punjab, India, Pin 141012
Mobile - 011-91-95305-17132

# ਪੰਜਾਬੀ ਕਮਿਊਨਿਟੀ ਦੇ ਭਖਦੇ ਮਸਲੇ ਦੀ ਬਾਤ ਪਾਉਂਦਾ ਨਾਟਕ 'ਕੰਧਾਂ ਰੇਤ ਦੀਆਂ'

ਹਰਜੀਤ ਬੇਦੀ



ਪੰਜਾਬੀ ਆਰਟਸ ਐਸੋਸੀਏਸ਼ਨ ਜਿਹੜੀ ਪਿਛਲੇ ਲੱਗਪੱਗ ਦੋ ਦਹਾਕਿਆਂ ਤੋਂ ਪੰਜਾਬੀ ਰੰਗਮੰਚ ਦੀਆਂ ਪੇਸ਼ਕਾਰੀਆਂ ਕਰਦੀ ਆ ਰਹੀ ਹੈ ਨੇ ਹੁਣ ਤੱਕ ਵੀਹ ਦੇ ਲੱਗਪੱਗ ਨਾਟਕ ਦਰਸ਼ਕਾਂ ਸਾਹਮਣੇ ਪੇਸ਼ ਕੀਤੇ ਹਨ। ਪਹਿਲਾਂ ਪਹਿਲ ਧਾਰਮਿਕ ਅਤੇ ਸਮਾਜਿਕ ਨਾਟਕ ਪੇਸ਼ ਕਰਦਿਆਂ ਇਸ ਦੇ ਮੁੱਖ ਸੰਚਾਲਕ ਬਲਜਿੰਦਰ ਲੇਲਣਾ ਅਤੇ ਉਸਦੀ ਟੀਮ ਨੇ ਸੋਚਿਆ ਕਿ ਨਵੀਂ ਪੀੜ੍ਹੀ ਨੂੰ ਨਾਲ ਜੋੜੀ ਰੱਖਣ ਲਈ ਜਰੂਰੀ ਹੈ ਕਿ ਇੱਥੋਂ ਦੇ ਮਸਲਿਆਂ ਨੂੰ ਮੁੱਖ ਰੱਖ ਕੇ ਨਾਟਕ ਪੇਸ਼ ਕੀਤੇ ਜਾਣ। ਉਨ੍ਹਾਂ ਇਸ ਸੋਚ ਮੁਤਾਬਕ ਬਹੁਤ ਹੀ ਵਧੀਆ ਨਾਟਕ "ਆਤਿਸ਼","ਧੁਖਦੇ ਕਲੀਰੇ", "ਰੌਂਗ ਨੰਬਰ", "ਮੀ ਐਂਡ ਮਾਈ ਸਟੋਰੀ", "ਰਾਤ ਚਾਨਣੀ", "ਆਲ੍ਹਣਾ" ਤੇ ਹੋਰ ਕਈ ਨਾਟਕ ਪੇਸ਼ ਕੀਤੇ ਜੋ ਇੱਥੋਂ ਦੇ ਜੀਵਨ ਨਾਲ ਸਬੰਧਤ ਸਨ। ਇਸ ਵਾਰ ਦੀ ਪੇਸ਼ਕਸ਼ ਨਾਟਕ "ਕੰਧਾਂ ਰੇਤ ਦੀਆ" ਸਾਡੀ ਪੰਜਾਬੀ ਕਮਿਊਨਿਟੀ ਦੇ ਵਿਆਹ ਤੇ ਕੀਤੇ ਜਾਂਦੇ ਬੇਤਹਾਸ਼ਾ ਖਰਚਿਆਂ ਦੀ ਗੱਲ ਕਰਦਾ ਹੋਇਆ ਸਾਡੀ ਮਾਨਸਿਕਤਾ ਦੀਆਂ ਹੋਰ ਵੀ ਕਈ ਪਰਤਾਂ ਖੋਲ੍ਹਦਾ ਹੈ। ਅਸੀਂ ਹੋਰਾਂ ਤੋਂ ਜੋ ਉਮੀਦਾਂ ਰਖਦੇ ਹਾਂ ਖੁਦ ਅਜਿਹਾ ਕਰਨ ਤੋਂ ਪਿੱਠ ਮੋੜੀ ਹੁੰਦੀ ਹੈ। ਅਸੀਂ ਕੁੱਝ ਧਾਰਨਾਵਾਂ ਅਜਿਹੀਆਂ ਬਣਾ ਲੈਂਦੇ ਹਾਂ ਜੋ ਸਾਡੀ ਲਾਈਲੱਗ ਮਾਨਸਿਕਤਾ ਦਾ ਪਰਗਟਾਵਾ ਕਰਦੀਆਂ ਹਨ ਇਸ ਤੋਂ ਵੱਧ ਕੁੱਝ ਨਹੀਂ। ਅਸੀਂ ਤਰਕਸ਼ੀਲਤਾ ਦਾ ਪੱਲਾ ਛੱਡ ਕੇ ਗਲਤ ਤਰ੍ਹਾਂ ਦੀਆਂ ਸੋਚਾਂ ਦੀਆਂ ਗੰਢਾਂ ਆਪਣੇ ਮਨਾਂ ਵਿੱਚ ਬੰਨ੍ਹ ਲੈਂਦੇ ਹਾਂ। ਇਹ ਸਭ ਕੁੱਝ ਇਸ ਨਾਟਕ ਵਿੱਚ ਹੈ। ਇਹ ਨਾਟਕ ਸਾਨੂੰ ਇਸ ਸਭ ਬਾਰੇ ਖਬਰਦਾਰ ਅਤੇ ਚੁਕੰਨਾ ਕਰਨ ਅਤੇ ਇਸ ਤੋਂ ਅਗਾਂਹ ਸੋਚਣ ਲਈ ਮਜ਼ਬੂਰ ਕਰਨ ਵਿੱਚ ਵੀ ਪੂਰੀ ਤਰ੍ਹਾਂ ਸਫਲ ਰਿਹਾ ਹੈ। ਭਾਅ ਜੀ ਗੁਰਸ਼ਰਨ ਸਿੰਘ ਦੇ ਕਹਿਣ "ਕਿ ਕਲਾ ਲੋਕਾਂ ਲਈ ਹੋਵੇ ਅਤੇ ਉਹਨਾਂ ਨੂੰ ਆਪਣੇ ਮਸਲਿਆਂ ਪ੍ਰਤੀ ਸੋਚਣ ਲਾਵੇ" ਤੇ ਇਹ ਨਾਟਕ ਪੂਰਾ ਉੱਤਰਿਆ ਹੈ।

ਨਾਟਕ "ਕੰਧਾਂ ਰੇਤ ਦੀਆਂ" ਜਿੱਥੇ ਮਾਨਸਿਕ ਤ੍ਰਿਪਤੀ ਦੀ ਪੂਰਤੀ ਕਰਨ ਵਿੱਚ ਸਫਲ ਰਿਹਾ ਹੈ ਉੱਥੇ ਸਾਡੀ ਫੋਕੀ ਟੌਹਰ ਬਣਾਉਣ ਅਤੇ ਨੱਕ ਰੱਖਣ ਲਈ ਆਪ ਹੀ ਮੂੰਹ ਭਾਰ ਡਿੱਗ ਕੇ ਨੱਕ ਭੰਨਾਉਣ ਤੋਂ ਬਚਣ ਲਈ ਸੁਚੇਤ ਕਰਦਾ ਹੋਇਆ ਅਜਿਹੀ ਮਾਨਸਿਕਤਾ ਤੋਂ ਪੱਲਾ ਛੁਡਾਉਣ ਦੀ ਪਰੇਰਣਾ ਦਿੰਦਾ ਹੈ। ਬੱਚਿਆਂ ਨੂੰ ਮਹਿੰਗੀਆਂ ਚੀਜਾਂ ਲੈ ਕੇ ਦੇਣ ਅਤੇ ਉਹਨਾਂ ਦੇ ਵਿਆਹ ਵਰਗੇ ਕਾਰਜਾਂ ਤੇ ਬੇਤਹਾਸ਼ਾ ਖਰਚ ਕਰ ਕੇ ਅਸੀਂ ਉਹਨਾਂ ਦੇ ਜੀਵਨ ਵਿੱਚ ਖੁਸ਼ੀਆਂ ਭਰਨ ਦੀ ਭੁੱਲ ਕਰਦੇ ਹਾਂ ਕਿਉਂਕਿ ਇਹ ਤਾਂ ਜਿੰਦਗੀ ਦੀ ਕਠੋਰ ਸਚਾਈ ਤੋਂ ਕਿਤੇ ਦੂਰ ਹੈ। ਇਹ ਉਹਨਾਂ ਰੇਤ ਦੀਆਂ ਕੰਧਾਂ ਵਾਂਗ ਹੈ ਜੋ ਅੱਜ ਡਿੱਗੀਆਂ ਕਿ ਕੱਲ੍ਹ। ਇਸੇ ਲਈ ਹੀ ਸਾਡੇ ਬਹੁਤ ਸਾਰੇ ਪਰਿਵਾਰ ਲੋੜੀਂਦਾ ਧਨ ਦੌਲਤ ਹੁੰਦੇ ਹੋਏ ਵੀ ਨਰਕ ਦੀ ਜਿੰਦਗੀ ਭੋਗ ਰਹੇ ਹਨ ਤੇ ਖੁਸ਼ੀ ਉਹਨਾਂ ਦੇ ਜੀਵਨ ਵਿੱਚੋਂ ਅਲੋਪ ਹੋ ਜਾਂਦੀ ਹੈ। ਨਾਟਕ ਵਿੱਚ ਇਹ ਦਿਖਾਇਆ ਗਿਆਂ ਹੈ ਕਿ ਵਿਤੋਂ ਵੱਧ ਕਰਚ ਕਰ ਕੇ ਵੀ ਨਾਟਕ ਦੀ ਮੁਖ ਪਾਤਰ ਰੂਬੀ ਇੱਕ ਮਹੀਨਾ ਵੀ ਸਹੁਰੇ ਘਰ ਨਹੀਂ ਰਹਿ ਸਕੀ। ਚੰਗਾ ਚੋਖਾ ਖਰਚ ਕਰਨ ਨਾਲੋਂ ਚੰਗੇ ਸੰਸਕਾਰ ਦੇਣ ਨਾਲ ਹੀ ਪਰਿਵਾਰ ਰੂਪੀ ਘਰ ਦੀਆਂ ਕੰਧਾਂ ਮਜ਼ਬੂਤ ਹੋ ਸਕਦੀਆਂ ਹਨ।

ਹਰਪ੍ਰੀਤ ਸੇਖਾ ਦੀ ਵਧੀਆ ਕਹਾਣੀ "ਵਿਆਹ" 'ਤੇ ਅਧਾਰਤ ਪਰਮਜੀਤ ਗਿੱਲ ਦੁਆਰਾ ਲਿਖੀ ਵਧੀਆ ਸਕਰਿਪਟ "ਕੰਧਾਂ ਰੇਤ ਦੀਆਂ" ਨੂੰ ਸਰਬਜੀਤ ਅਰੋੜਾ ਨੇ ਬਹੁਤ ਹੀ ਵਧੀਆ ਢੰਗ ਨਾਲ ਦਰਸ਼ਕਾਂ ਸਾਹਮਣੇ ਪੇਸ਼ ਕੀਤਾ ਹੈ। ਨਾਟਕ "ਕੰਧਾਂ ਰੇਤ ਦੀਆਂ" ਸਕਰਿਪਟ ਰੂਪੀ ਚਾਦਰ ਤੇ ਓਂਕਾਰਪ੍ਰੀਤ ਦੇ ਗੀਤਾਂ ਦੇ ਬਹੁਤ ਹੀ ਸੁਹਣੇ ਫੁੱਲ ਬੂਟਿਆਂ ਨਾਲ ਲੱਦੀ ਅਤੇ ਸਚਿਨ ਥਾਪਾ ਦੇ ਸੰਗੀਤ ਨਾਲ ਲਬਰੇਜ਼ ਇਹ ਪੇਸ਼ਕਾਰੀ ਦਰਸ਼ਕਾਂ ਦੇ ਰੂਬਰੂ ਕਰਨ ਵਿੱਚ ਨਿਰਦੇਸ਼ਕ ਸਰਬਜੀਤ ਅਰੋੜਾ ਨੇ ਸੱਚਮੁੱਚ ਹੀ ਕਮਾਲ ਕਰ ਦਿੱਤੀ ਹੈ। ਨਾਟਕ ਵਿਆਹ ਦੀਆਂ ਘਟਨਾਵਾਂ ਨਾਲ ਸਬੰਧਤ ਹੈ ਤੇ ਪਹਿਲੇ ਹੀ ਸੀਨ ਵਿੱਚ ਪੇਸ਼ ਸ਼ਜਾਗੋ ਕਿ ਦਰਸ਼ਕਾਂ ਦੇ ਵਿੱਚੋਂ ਦੀ ਹੁੰਦੀ ਹੋਈ ਸਟੇਜ ਤੇ ਪਹੁੰਚੀ ਨੇ ਦਰਸ਼ਕਾਂ ਨੂੰ ਆਪਣੇ ਨਾਲ ਪੂਰੀ ਤਰ੍ਹਾਂ ਜੋੜ ਲਿਆ ਤੇ ਉਹ ਅੰਤ ਤੱਕ ਧੁਰ ਅੰਦਰੋਂ ਨਾਟਕ ਨਾਲ ਜੁੜੇ ਰਹੇ। ਨਿਰਦੇਸ਼ਕ ਦੀ ਨਾਟਕ ਤੇ ਪਕੜ ਇੰਨੀ ਮਜ਼ਬੂਤ ਸੀ ਕਿ ਕਿਤੇ ਵੀ ਖਲਾਅ ਜਾਂ ਖੜੋਤ ਨਹੀਂ ਆਏ। ਨਾਟਕ ਦੇ ਮੁੱਖ ਮਰਦ ਪਾਤਰ ਜੱਗੇ (ਜਗਵਿੰਦਰ ਜੱਜ) ਦੇ ਦੋਸਤ ਮੰਗੇ (ਮਨਦੀਪ ਸਿੰਘ) ਦੀ ਧਾਰਨਾ ਕਿ ਗੋਰੀਆਂ ਕੁੜੀਆ ਬੇਵਫਾ ਹੁੰਦੀਆਂ ਹਨ ਦੀ ਨਾਟਕ ਦੀ ਪਾਤਰ ਮਿਸ਼ੈਲ (ਜਸਲੀਨ) ਨੇ ਕਾਟ ਕਰ ਦਿੱਤੀ ਜੋ ਮੈਕਸੀਅਨ ਹੁੰਦੇ ਹੋਏ ਵੀ ਆਪਣੇ ਸੱਸ ਸਹੁਰੇ ਸਮੇਤ ਆਪਣੇ ਪਰਿਵਾਰ ਵਿੱਚ ਪੂਰੀ ਤਰ੍ਹਾਂ ਘੁਲੀ ਮਿਲੀ ਹੈ ਤੇ ਆਪਣੇ ਘਰ ਦੀਆਂ ਕੰਧਾ ਨੂੰ ਪੂਰੀ ਤਰ੍ਹਾਂ ਮਜ਼ਬੂਤ ਕਰੀ ਬੈਠੀ ਹੈ। ਮਨੁੱਖਤਾ ਲਈ ਇਹ ਇੱਕ ਬਹੁਤ ਵੱਡਾ ਸੁਨੇਹਾ ਹੈ ਕਿ ਕੋਈ ਵੀ ਕੌਮ ਜਾਂ ਭਾਈਚਾਰਾ ਮਾੜਾ ਨਹੀਂ ਉਸ ਦੇ ਕੁੱਝ ਲੋਕ ਮਾੜੇ ਹੋ ਸਕਦੇ ਹਨ। ਗੱਲ ਸਿਰਫ ਚੰਗੇ ਸੰਸਕਾਰ ਮਿਲਣ ਦੀ ਹੈ ਜੋ ਕਿ ਨਾਟਕ ਦੀ ਮੁੱਖ ਪਾਤਰ ਰੂਬੀ ਨੂੰ ਨਹੀਂ ਮਿਲ ਸਕੇ ਜਿਸ ਨੂੰ ਆਪਣੇ ਜੀਵਨ ਵਿੱਚ ਐਡਜਸਟ ਕਰਨ ਵਿੱਚ ਔਖ ਮਹਿਸੂਸ ਹੁੰਦੀ ਹੈ। ਨਾਟਕ ਦੀ ਪਾਤਰ ਭੂਆ (ਹਰਮਿੰਦਰ ਗਰੇਵਾਲ) ਤਾਂ ਬੱਸ ਉਹ ਭੂਆ ਹੈ ਜੋ ਸਹਿਜ ਸੁਭਾਅ ਹੀ ਸਾਡੀ ਕਮਿਉਨਿਟੀ ਦਾ ਮਾਨਸਿਕਤਾ ਬਿਆਨ ਕਰ ਜਾਂਦੀ ਹੈ। ਨਾਟਕ ਦੇ ਨਿਰਦੇਸ਼ਨ ਵਿਚ ਕਮਾਲ ਦੀ ਕਲਾਤਮਕਤਾ ਹੈ ਖਾਸ ਤੌਰ ਤੇ ਪੰਮੀ (ਪੂਨਮ ਤੱਗੜ) ਅਤੇ ਤਾਰੀ (ਪ੍ਰੀਤ ਸੰਘਾ) ਦੇ ਪੱਗ ਦੀ ਤਹਿ ਲਾਉਣ ਵਾਲੇ ਸੀਨ ਵਿੱਚ ਪੱਗ ਦੇ ਲੜਾਂ ਨੂੰ ਇਕੱਠਾ ਕਰਨਾ ਇਸ ਗੱਲ ਦਾ ਸੰਕੇਤ ਹੋ ਨਿਬੜਦਾ ਹੈ ਕਿ ਪੱਗ ਦੇ ਲੜਾਂ ਵਾਂਗ ਉਹ ਇੱਕ ਮਿੱਕ ਹੋਣ ਕੇ ਆਪਣਾ ਸੁਨਹਿਰੀ ਭੱਵਿੱਖ ਬਨਾਉਣ ਲਈ ਤਿਆਰ ਹਨ। ਨਾਟਕ ਦੇ ਪਾਤਰਾਂ ਰਾਣੀ (ਰਮਨ ਵਾਲੀਆ), ਰਵੀ (ਪਰਵਿੰਦਰ ਸੇਠੀ), ਮਿਸ਼ੈਲ (ਜਸਲੀਨ), ਭੂਆ ਦਾ ਪੋਤਾ (ਅਮਰਵੀਰ ਗਿੱਲ) ਦੀ ਅਦਾਕਾਰੀ ਅਤੇ ਉਚਾਰਨ ਪਾਤਰਾਂ ਦੇ ਅਨੁਕੂਲ ਇੰਨਾ ਸਹਿਜ ਸੀ ਕਿ ਨਾਟਕ ਦੇਖਦਿਆਂ ਇਹ ਮਹਿਸੂਸ ਨਹੀਂ ਸੀ ਹੋ ਰਿਹਾ ਕਿ ਅਸੀਂ ਨਾਟਕ ਦੇਖ ਰਹੇ ਹਾਂ ਸਗੋਂ ਇਹ ਲੱਗ ਰਿਹਾ ਸੀ ਕਿ ਸਭ ਕੁਝ ਸੱਚ ਮੁਚ ਹੀ ਅਸਲ ਵਿੱਚ ਸਾਡੇ ਸਾਹਮਣੇ ਵਾਪਰ ਰਿਹਾ ਹੋਵੇ।

ਸਟੇਜ ਮੈਨੇਜਰ ਹਰਜੀਤ ਔਜਲਾ, ਲਾਈਟਸ ਤੇ ਹਰਪ੍ਰੀਤ ਸੰਘਾ ਅਤੇ ਬੈਕ-ਸਟੇਜ ਕੰਮ ਕਰ ਰਹੀ ਟੀਮ ਦੀ ਮਿਹਨਤ ਨਾਟਕ ਦੀ ਪੇਸ਼ਕਾਰੀ ਵਿੱਚੋਂ ਸਾਫ ਝਲਕਦੀ ਸੀ। ਜਾਗੋ ਵਿਚਲੇ ਕਲਾਕਾਰਾਂ ਵਿੱਚ ਤਰਨਜੀਤ ਸੰਧੂ, ਨੀਤੂ ਸੰਧੂ, ਗੁਰਵਿੰਦਰ ਢਿੱਲੋਂ, ਗੁਰਚਰਨ ਢਿੱਲੋਂ, ਰਾਣੋ ਸੱਗੂ, ਗੁਰਜਿੰਦਰ ਅਤੇ ਬਾਕੀ ਸਾਰੇ ਕਲਾਕਾਰ ਖੂਬ ਰਹੇ। ਇਸ ਲਈ ਪੰਜਾਬੀ ਆਰਟਸ ਐਸੋਸੀਏਸ਼ਨ ਦੇ ਮੁਖ ਪ੍ਰਬੰਧਕ ਬਲਜਿੰਦਰ ਲੇਲਣਾ ਅਤੇ ਸਮੁੱਚੀ ਟੀਮ ਵਧਾਈ ਦੀ ਪਾਤਰ ਹੈ ਜਿੰਨਾ ਨੇ ਦਰਸ਼ਕਾਂ ਲਈ ਇੰਨਾ ਵਧੀਆ ਨਾਟਕ ਪੇਸ਼ ਕੀਤਾ ਤੇ ਦਰਸ਼ਕ ਉਸ ਤੋਂ ਵੀ ਵੱਧ ਵਧਾਈ ਦੇ ਪਾਤਰ ਹਨ ਜਿੰਨਾਂ ਨੂੰ ਇੰਨਾ ਵਧੀਆ ਨਾਟਕ ਦੇਖਣ ਨੂੰ ਮਿਲਿਆ। ਹਾਲ ਵਿੱਚ ਗੂੰਜ ਰਹੀਆਂ ਤਾੜੀਆਂ ਦਰਸ਼ਕਾਂ ਦੀ ਨਾਟਕ ਵਾਸਤੇ ਪ੍ਰਸੰਸਾ ਦਾ ਪ੍ਰਤੀਕ ਸਨ। ਇਸ ਵਾਰ ਵੀ ਪਹਿਲਾਂ ਵਾਂਗ ਹੀ ਪੰਜਾਬੀ ਆਰਟਸ ਐਸੋਸੀਏਸ਼ਨ ਦਰਸ਼ਕਾਂ ਦੀਆਂ ਉਮੀਦਾਂ ਤੇ ਖਰੀ ਉੱਤਰੀ ਹੈ। ਇਹ ਨਾਟਕ ਲੋਕਾਂ ਦੇ ਮਨਾਂ ਵਿੱਚ ਬਹੁਤ ਦੇਰ ਤੱਕ ਉੱਕਰਿਆ ਰਹੇਗਾ ਤੇ ਦਰਸ਼ਕਾਂ ਨੂੰ ਅਗਲੀ ਪੇਸ਼ਕਾਰੀ ਦੀ ਤੀਬਰਤਾ ਨਾਲ ਉਡੀਕ ਰਹੇਗੀ। 647-924-9087











# ਲੋਕਾਂ ਦੀ ਮੁਕਤੀ ਦਾ ਮਾਰਗ ਨਕਸਲਬਾੜੀ ਹੈ
# ਨਕਸਲਬਾੜੀ ਲਹਿਰ ਦਾ ਸ਼ਹੀਦ ਨਿਰੰਜਨ ਸਿੰਘ ਅਕਾਲੀ ਕਾਲਸਾਂ




12 ਅਗਸਤ 1970 ਨੂੰ ਹਿੰਦ ਸਮਾਚਾਰ 'ਚ ਛਪੀ ਇਹ ਬੇਪਛਾਣ ਤਸਵੀਰ ਜਾਣੇ ਪਹਿਚਾਣੇ ਨਕਸਲੀਏ ਸ਼ਹੀਦ ਨਰਿੰਜਨ ਸਿੰਘ ਅਕਾਲੀ ਕਾਲਸਾਂ, ਬਾਬੂ ਸਿੰਘ ਤੇ ਦਲੀਪ ਸਿੰਘ ਦੀ ਹੈ। ਇਨ੍ਹਾਂ ਤਿੰਨਾਂ ਨੂੰ ਜੀਪਾਂ ਪਿੱਛੇ ਸੰਗਲਾਂ ਨਾਲ ਬੰਨ੍ਹ ਕੇ ਪਿੰਡੋ ਪਿੰਡ ਘੜੀਸੀਆ ਗਿਆ ਤੇ ਅਖੀਰ ਅੱਧਮੋਇਆਂ ਨੂੰ ਪੱਖੋਂ ਕੈਂਚੀਆਂ ਕੋਲ ਗੋਲੀਆਂ ਨਾਲ ਵਿੰਨ੍ਹ ਦਿੱਤਾ ਗਿਆ। ਇਨ੍ਹਾਂ ਤਿੰਨਾਂ ਦਾ ਗੁਨਾਹ ਸੀ ਕਿ ਇਹ ਦੇਸੀ ਬਦੇਸੀ ਲੁਟੇਰੀਆਂ ਤੇ ਜਾਬਰ ਹਕੂਮਤਾਂ ਕੋਲੋਂ ਆਪਣੇ ਦੇਸ਼ ਦੇ ਲੋਕਾਂ ਦੀ ਮੁਕਤੀ ਦੀ ਜੰਗ ਦੇ ਸਿਪਾਹੀ ਸਨ। ਇਹ ਮਜ਼ਦੂਰ ਕਿਸਾਨਾਂ ਦੀ ਰਾਜਸੱਤਾ ਚਾਹੁੰਦੇ ਸਨ। ਅਤੇ ਭਾਰਤੀ ਲੋਕਾਂ ਦੀ ਸੁਰੱਖਿਆ ਲਈ ਤਾਈਨਾਤ ਕੀਤੀ ਸੂਬਾ ਪੰਜਾਬ ਪੁਲਿਸ ਨੇ ਇਸ ਕਾਲੀ ਕਰਤੂਤ ਨੂੰ ਅੰਜਾਮ ਦਿੱਤਾ। ਅਕਾਲੀ ਮੋਰਚਿਆਂ ਦੇ ਝੰਡਾਬਰਦਾਰ ਕਹਾਉਣ ਵਾਲੇ ਪ੍ਰਕਾਸ਼ ਸਿੰਘ ਬਾਦਲ ਦੀ ਹਕੂਮਤ ਦੇ ਚੱਲਦਿਆਂ ਅਕਾਲੀ ਮੋਰਚੇ ਦੇ ਘੁਲਾਟੀਏ ਨਿਰੰਜਨ ਸਿੰਘ ਅਕਾਲੀ ਕਾਲਸਾਂ ਨੂੰ 75 ਸਾਲ ਦੀ ਉਮਰ 'ਚ ਇਸ ਤਰ੍ਹਾਂ ਕੋਹ ਕੋਹ ਕੇ ਮਾਰ ਦਿੱਤਾ ਗਿਆ ਅਤੇ ਉਤੋਂ ਪੁਲਿਸ ਮੁਕਾਬਲੇ ਦੀ ਝੂਠੀ ਕਹਾਣੀ ਘੜ ਕੇ ਉਹਨਾਂ ਲੋਕ ਮੁਕਤੀ ਲਈ ਜੂਝਣ ਵਾਲੇ ਜੋਧਿਆਂ ਨੂੰ ਬਦਨਾਮ ਕਰਨ ਦੀ ਹਰ ਵਾਹ ਲਾਈ ਗਈ।

ਸ਼ਹੀਦ ਨਿਰੰਜਨ ਸਿੰਘ ਅਕਾਲੀ ਕਾਲਸਾਂ ਦਾ ਜੀਵਨ ਅਕਾਲੀ ਲਹਿਰ ਦੇ ਮੋਰਚਿਆਂ ਤੋਂ ਲੈ ਕੇ ਨਕਸਲਬਾੜੀ ਲਹਿਰ 'ਚ ਸਿਰੜ ਨਾਲ ਸ਼ਹੀਦ ਹੋਣ ਤੱਕ ਫੈਲਿਆ ਹੋਇਆ ਹੈ। ਅਕਾਲੀ ਮੋਰਚਿਆਂ 'ਚ ਵੱਧ ਚੜਕੇ ਸ਼ਾਮਲ ਹੋਣਾ, ਕਿਸਾਨ ਕਮੇਟੀਆਂ ਜੱਥੇਬੰਦ ਕਰਨ, ਜਗੀਰਦਾਰਾਂ ਤੋਂ ਜਮੀਨਾਂ ਖੋਹ ਕੇ ਲੋਕਾਂ 'ਚ ਵੰਡਣ, ਦੇਸ਼ ਦੀ ਵੰਡ ਤੋਂ ਪਹਿਲਾਂ ਭਾਰਤੀ ਪੰਜਾਬ ਆ ਕੇ ਨਕਸਲਬਾੜੀ ਲਹਿਰ ਦੇ ਪ੍ਰਭਾਵ ਹੇਠ ਕਿਸਾਨਾਂ ਮਜ਼ਦੂਰਾਂ ਨੂੰ ਲਾਮਬੰਦ ਕਰਨ, ਉਨ੍ਹਾਂ ਦੇ ਸੰਘਰਸ਼ਾਂ ਦੀ ਅਗਵਾਈ ਕਰਨ, ਜੇਲ੍ਹਾਂ ਕੱਟਣ, ਪੈਪਸੂ ਲਹਿਰ 'ਚ ਕੰਮ ਕਰਨ, ਖੁਸ਼ ਹੈਸੀਅਤ ਟੈਕਸ ਮੋਰਚੇ ਉੱਤੇ ਜਾਣ ਆਦਿ ਦਾ ਇਕ ਲੰਮਾ ਅਤੇ ਸੰਘਰਸ਼ਸ਼ੀਲ ਜੀਵਨ ਉਸ 75 ਸਾਲਾ ਸਿਰੜੀ ਬਜੁਰਗ ਨੇ ਆਪਣੇ ਪਿੰਡੇ ਤੇ ਹੰਢਾਇਆ। ਬਾਬਾ ਜੀ ਦਾ ਜੀਵਨ ਇਕੱਲਾ ਆਰਥਿਕ ਸਮਾਜਿਕ ਮਸਲਿਆਂ ਉਪਰ ਚੱਲੇ ਘੋਲਾਂ 'ਚ ਸ਼ਾਮਲ ਹੋਣ ਤੇ ਅਗਵਾਈ ਦੇਣ ਤੱਕ ਹੀ ਸੀਮਿਤ ਨਹੀਂ ਬਲਕਿ ਉਹ ਅਕਾਦਮਿਕ ਸਿੱਖਿਆ ਤੋਂ ਸੱਖਣੇ ਹੋਣ ਦੇ ਬਾਵਯੂਦ ਲਹਿਰ ਦੇ ਸਿਆਸੀ ਤੇ ਵਿਚਾਰਧਾਰਕ ਸਵਾਲਾਂ ਉਪਰ ਵੀ ਕਾਫੀ ਪਕੜ ਰੱਖਦੇ ਸਨ। ਜਿਸਦੀ ਇਕ ਮਿਸਾਲ 1961/62 ਦੌਰਾਨ ਸੋਧਵਾਦ ਦੀ ਪਟੜੀ ਤੇ ਚੜ੍ਹ ਚੁੱਕੀ ਸੀ. ਪੀ. ਆਈ. ਨਾਲੋਂ ਤੋੜ ਵਿਛੋੜਾ ਕਰਕੇ ਸੀ. ਪੀ. ਐਮ. ਤੇ ਬਾਅਦ ਵਿਚ ਨਕਸਲੀ ਲਹਿਰ ਵਿਚ ਕੰਮ ਕਰਨ, ਪਾਰਟੀ ਮੈਂਬਰਸ਼ਿਪ ਹਾਸਲ ਕਰਨ ਤੇ ਬਾਬਾ ਬੂਝਾ ਸਿੰਘ ਦੁਆਰਾ ਦਿੱਤੀ ਜਾਂਦੀ ਮਾਰਕਸਵਾਦੀ ਵਿੱਦਿਆ ਦੀ ਟਰੇਨਿੰਗ ਦੇ ਸਕੂਲ ਆਪਣੇ ਇਲਾਕੇ ਵਿੱਚ ਲਗਵਾਉਣ ਵਿਚ ਬਾਬਾ ਜੀ ਮੋਹਰੀ ਰਹਿੰਦੇ ਸਨ। ਉਹ ਨਕਸਲਬਾੜੀ ਨੂੰ ਲੋਕਾਂ ਦੀ ਮੁਕਤੀ ਦਾ ਅਸਲੀ ਮਾਰਗ ਮੰਨਦੇ ਸਨ। ਆਪਣੇ ਇਲਾਕੇ ਵਿਚ ਪਾਰਟੀ ਦਾ ਪ੍ਰਚਾਰ ਕਰਨ, ਗੁਪਤ ਪਾਰਟੀ ਪੋਸਟਰ ਲਗਾਉਣ ਤੇ ਨਵੇਂ ਨੌਜਵਾਨਾਂ ਨੂੰ ਇਨਕਲਾਬੀ ਸਾਹਿਤ ਦੀ ਚੇਟਕ ਲਾਉਣ ਲਈ ਹਮੇਸ਼ਾਂ ਪ੍ਰੇਰਦੇ ਰਹਿੰਦੇ ਸਨ। ਉਹ ਪਿੰਡ ਦੇ ਇਕ ਹੋਰ ਉੱਘੇ ਨਕਸਲੀ ਘੁਲਾਟੀਏ ਲਾਲ ਸਿੰਘ ਕਾਲਸਾਂ ਦੇ ਸੰਪਰਕ 'ਚ ਆ ਕੇ ਨਕਸਲੀ ਲਹਿਰ ਵਿਚ ਕੁੱਦੇ ਹੋਣ ਕਾਰਨ ਉਨ੍ਹਾਂ ਦਾ ਜਿਆਦਾ ਮਿਲਵਰਤਣ ਲਾਲ ਸਿੰਘ ਹੋਰਾਂ ਨਾਲ ਸੀ। ਪਾਰਟੀ ਦੇ ਗੁਪਤ ਟਿਕਾਣੇ ਸਥਾਪਿਤ ਕਰਨ ਅਤੇ ਬੁੱਚੜ ਪੁਲਿਸ ਅਫਸਰਾਂ ਨੂੰ ਸੋਧਣ ਵਿਚ ਸ਼ਹੀਦ ਨਿਰੰਜਨ ਸਿੰਘ ਅਕਾਲੀ ਕਾਲਸਾਂ ਦਾ ਵਿਸ਼ੇਸ਼ ਯੋਗਦਾਨ ਰਿਹਾ। ਘਰ ਦੀ ਗਰੀਬੀ ਦੇ ਬਾਵਜੂਦ ਸ਼ਹੀਦ ਨਿਰੰਜਨ ਸਿੰਘ ਅਕਾਲੀ ਕਾਲਸਾਂ ਨੇ ਆਪਣੀ ਸਾਰੀ ਜਿੰਦਗੀ ਕਿਰਤੀ ਲੋਕਾਂ ਦੀ ਮੁਕਤੀ ਦੇ ਮਹਾਨ ਕਾਜ਼ ਨੂੰ ਅਰਪਿਤ ਕਰ ਦਿੱਤੀ ਸੀ।

ਉਸ ਦੌਰ ਅੰਦਰ ਹਕੂਮਤੀ ਜਬਰ ਰਾਹੀਂ ਨਕਸਲਬਾੜੀ ਲਹਿਰ ਨੂੰ ਕੁਚਲਨ ਲਈ ਭਾਰਤੀ ਹਕੂਮਤ ਤੇ ਇਸਦੇ ਅੰਗ ਪੁਲਿਸ, ਫੌਜ ਤੇ ਅਦਾਲਤਾਂ ਪੂਰੀ ਤਰ੍ਹਾਂ ਪੱਬਾਂ ਭਾਰ ਸਨ। ਦੇਸ਼ ਦੇ ਕੋਨੇ ਕੋਨੇ 'ਚੋਂ ਨਕਸਲਬਾੜੀ ਲਹਿਰ ਦੇ ਕਾਰਕੁੰਨਾਂ ਨੂੰ ਕਤਲ ਕਰਨ, ਝੂਠੇ ਪੁਲਿਸ ਮੁਕਾਬਲੇ ਬਣਾਉਣ, ਜੇਲ੍ਹਾਂ ਵਿੱਚ ਗੈਰ ਕਾਨੂੰਨੀ ਢੰਗ ਨਾਲ ਬੰਦ ਕਰਨ, ਅੰਨ੍ਹਾ ਤਸ਼ੱਦਦ ਢਾਹੁਣ, ਘਰ ਪਰਿਵਾਰ ਉਜਾੜਣ ਦੀਆਂ ਖਬਰਾਂ ਅਕਸਰ ਅਖਬਾਰਾਂ ਦੀਆਂ ਸੁਰਖੀਆਂ ਬਣਦੀਆਂ ਰਹਿੰਦੀਆਂ ਸਨ। ਅਜਿਹੀਆਂ ਐਮਰਜੈਂਸੀ ਦੀਆਂ ਹਾਲਤਾਂ 'ਚ ਗੁਪਤਵਾਸ ਰਹਿਕੇ ਲੋਟੂ ਤੇ ਜਾਬਰ ਹਕੂਮਤ ਖਿਲਾਫ ਕਿਰਤੀ ਲੋਕਾਂ ਦੀ ਹਥਿਆਰਬੰਦ ਬਗਾਵਤ ਨੂੰ ਜੱਥੇਬੰਦ ਕਰਨਾ ਅਤਿ ਦਾ ਮੁਸ਼ਕਲ ਕੰਮ ਸੀ। ਸਿਰਾਂ ਤੇ ਕੱਫਨ ਬੰਨ੍ਹ ਕੇ ਚੱਲਣ ਬਰਾਬਰ ਸੀ। ਤੇ ਉਹਨਾਂ ਸਿਰੜੀ ਸੂਰਿਆਂ ਨੇ ਇਸ ਚੈਲਿੰਜ ਨੂੰ ਖਿੜੇਮੱਥੇ ਕਾਬੂਲ ਕੀਤਾ। 4 ਅਗਸਤ 1970 ਨੂੰ ਨਿਰੰਜਨ ਸਿੰਘ ਅਕਾਲੀ ਕਾਲਸਾਂ, ਬਾਬੂ ਸਿੰਘ ਤੇ ਦਲੀਪ ਸਿੰਘ ਨੇ ਪੁਲਿਸ ਮੁਖਬਰ ਮੇਹਰ ਸਿੰਘ ਨੂੰ ਉਸਦੀਆਂ ਲੋਕ ਵਿਰੋਧੀ ਕਰਤੂਤਾਂ ਕਰਕੇ ਮਾਰ ਦਿੱਤਾ। ਇਸ ਕਤਲ ਨੂੰ ਲੈ ਕੇ ਇਲਾਕੇ ਵਿਚ ਪੁਲਿਸ ਚੌਕਸੀ ਵਧਾ ਦਿੱਤੀ ਗਈ ਅਤੇ ਨਕਸਲੀਆਂ ਨੂੰ ਫੜਨ ਦੀ ਮੁਹਿੰਮ ਤੇਜ ਕਰ ਦਿੱਤੀ ਗਈ। ਇਸ ਕਤਲ ਤੋਂ ਕੁਝ ਦਿਨਾਂ ਬਾਅਦ ਬਾਬਾ ਜੀ ਹੁਰਾਂ ਦੇ ਇਕ ਸਾਥੀ ਜੀਤਾ ਸਿੰਘ ਵੱਲੋਂ ਮੁਖਬਰੀ ਕਰਨ ਤੇ 8 ਅਗਸਤ ਨੂੰ ਨਿਰੰਜਨ ਸਿੰਘ ਅਕਾਲੀ ਕਾਲਸਾਂ, ਬਾਬੂ ਸਿੰਘ ਤੇ ਦਲੀਪ ਸਿੰਘ ਨੂੰ ਪੁਲਿਸ ਨੇ ਪਿੰਡ ਖੁੱਡੀ ਤੋਂ ਗ੍ਰਿਫਤਾਰ ਕਰ ਲਿਆ। ਤਿੰਨਾਂ ਨਕਸਲੀ ਯੋਧਿਆ ਨੂੰ ਹੰਢਿਆਇਆ ਥਾਣੇ 'ਚ ਲਿਜਾਕੇ ਅੰਨ੍ਹਾਂ ਜਬਰ ਤਸ਼ੱਦਦ ਕੀਤਾ ਗਿਆ। ਉਨ੍ਹਾਂ ਕੋਲੋਂ ਪਾਰਟੀ ਦੇ ਗੁਪਤ ਟਿਕਾਣਿਆ, ਪਾਰਟੀ ਸਾਹਿਤ, ਪਾਰਟੀ ਸੰਪਰਕ ਅਤੇ ਦੂਸਰੇ ਨਕਸਲੀ ਸਾਥੀਆਂ ਦਾ ਭੇਦ ਦੱਸਣ ਲਈ ਤਸ਼ੱਦਦ ਕੀਤਾ ਗਿਆ। ਪਰ ਲੋਕ ਮੁਕਤੀ ਦੇ ਉਨ੍ਹਾਂ ਜੁਝਾਰੂਆਂ ਨੇ ਪਾਰਟੀ ਦਾ ਇਕ ਵੀ ਭੇਦ ਨਹੀਂ ਦੱਸਿਆ। ਅਖੀਰ ਨਾਕਾਮ ਰਹੀ ਪੁਲਿਸ ਨੇ ਕੇਂਦਰੀ ਤੇ ਸੂਬਾਈ ਹਕੂਮਤ ਦੇ ਇਸ਼ਾਰਿਆ ਤੇ ਉਨ੍ਹਾਂ ਨੂੰ ਜੀਪਾਂ ਪਿੱਛੇ ਬੰਨ੍ਹ ਕੇ ਘੜੀਸਿਆ ਅਤੇ ਅਖੀਰ ਵਾਹ ਨਾ ਚਲਦੀ ਵੇਖ ਕੇ 9 ਅਗਸਤ ਨੂੰ ਅਧਮੋਇਆਂ ਨੂੰ ਗੋਲੀਆਂ ਨਾਲ ਵਿੰਨ੍ਹ ਦਿੱਤਾ ਅਤੇ ਲਾਸ਼ਾਂ ਕੋਲ ਹਥਿਆਰ ਰੱਖਕੇ ਪੁਲਿਸ ਮੁਕਾਬਲੇ ਦੇ ਝੂਠੀ ਕਹਾਣੀ ਘੜੀ ਗਈ। ਪੁਲਿਸ ਦੇ ਅੜਿੱਕਾ ਡਾਹੁਣ ਤੇ ਵੀ ਸ਼ਹੀਦਾਂ ਦੇ ਨਕਸਲੀ ਸਾਥੀਆਂ ਤੇ ਇਲਾਕੇ ਦੇ ਕਿਰਤੀ ਲੋਕਾਂ ਨੇ ਜਿਨ੍ਹਾਂ ਖਾਤਰ ਉਹ ਜਿੰਦਗੀ ਵਾਰ ਗਏ ਸਨ ਨੇ ਆਪਣੇ ਮਹਿਬੂਬ ਸ਼ਹੀਦਾਂ ਨੂੰ ਪੂਰੇ ਸਨਮਾਨ ਨਾਲ ਅੰਤਿਮ ਵਿਦਾਇਗੀ ਦਿੱਤੀ।

ਅੱਜ ਅੱਧੀ ਸਦੀ ਬੀਤ ਜਾਣ ਤੇ ਵੀ ਨਕਸਲੀ ਲਹਿਰ ਦੇ ਉਹ ਸ਼ਹੀਦ ਕਿਰਤੀ ਲੋਕਾਂ ਦੇ ਦਿਲਾਂ 'ਚ, ਚੇਤਿਆਂ 'ਚ ਜਿੰਦਾ ਹਨ। ਉਹਨਾਂ ਦੀ ਵਿਚਾਰਧਾਰਾ ਅੱਜ ਵੀ ਲੱਖਾਂ ਮੁਸ਼ਕਲਾਂ ਦੇ ਬਾਵਯੂਦ ਅੱਗੇ ਵੱਧ ਰਹੀ ਹੈ। ਮੌਜੂਦਾ ਸਮੇਂ 'ਚ ਸੰਸਾਰ ਪੂੰਜੀਵਾਦੀ ਪ੍ਰਬੰਧ ਦੇ ਵੱਧ ਰਹੇ ਸੰਕਟ 'ਚ ਸੰਸਾਰ ਕਿਰਤੀ ਜਮਾਤ



ਨੂੰ, ਇਸਦੀ ਵਿਚਾਰਧਾਰਾ ਤੇ ਸਿਆਸਤ ਨੂੰ ਇਕਜੁਟ ਤੇ ਲਾਮਬੰਦ ਕਰਦਿਆਂ ਉਨ੍ਹਾਂ ਨਕਸਲਬਾੜੀ ਦੇ ਮਹਾਨ ਸ਼ਹੀਦਾਂ ਦੇ ਸੁਪਨਿਆਂ ਨੂੰ ਪੂਰਾ ਕਰਦਿਆਂ ਉਨ੍ਹਾਂ ਨੂੰ ਸੱਚੀ ਸ਼ਰਧਾਂਜ਼ਲੀ ਭੇਂਟ ਕਰਨੀ ਹਰ ਇਨਸਾਫਪਸੰਦ ਵਿਅਕਤੀ ਦਾ ਫਰਜ ਹੈ।

–ਮਨਦੀਪ






# ਡਾਕਟਰਾਂ ’ਚੋਂ ਅਸਲੀ ਡਾਕਟਰ ਅਸ਼ਵਨੀ

**ਸਾਰਾ ਦਿਨ ਖੜ੍ਹੀ ਲੱਤ ਮਰੀਜ਼ਾਂ ਦੀ ਸੇਵਾ ਕਰਨ ਵਾਲੇ ਡਾ. ਅਸ਼ਵਨੀ ਨਾਲ ਵਿਸ਼ੇਸ਼ ਮੁਲਾਕਾਤ**

**ਮਰੀਜ਼ਾਂ ਦੇ ਨਾਲ ਨਾਲ ਬਿਮਾਰ ਸਮਾਜ ਦੇ ਇਲਾਜ਼ ਲਈ ਵੀ ਜੂਝ ਰਹੇ ਨੇ ਡਾ. ਅਸ਼ਵਨੀ**



ਮੁਲਾਕਾਤੀ ਜਰਨਲਿਸਟ
ਬਲਜਿੰਦਰ ਕੋਟਭਾਰਾ

ਇਸ ਪਦਾਰਥਵਾਦੀ ਯੁੱਗ, ਉਪਭੋਗਤਾ ਦੇ ਦੌਰ ਵਿੱਚ ਡਾਕਟਰਾਂ ਦਾ ਨਾਂ ਸੁਣਦਿਆ ਪੁਲਿਸ ਦੇ ਡਰ ਵਾਂਗ ਕੰਬਣੀ ਉੱਠਦੀ ਹੈ। ‘ਡਾਕਟਰ, ਵਕੀਲਾਂ ਤੇ ਪੁਲਿਸ ਦੇ ਵੱਸ ਨਾ ਪਾਵੇ ‘ਰੱਬ’, ਇਹ ਸ਼ਬਦ ਆਮ ਹੀ ਸੱਥਾਂ ਵਿੱਚ ਆਮ ਲੋਕਾਂ ਦੇ ਮੂੰਹੋਂ ਸਹਿਜ ਸੁਭਾ ਨਿਕਲਦੇ ਹਨ। ਡਾਕਟਰੀ ਪੇਸ਼ੇ ਦਾ ਮਤਲਬ ਹੀ ਪੈਸਾ ਇਕੱਠਾ ਕਰਨਾ ਬਣ ਗਿਆ, ਜਿਸ ਦੀ ਕੋਈ ਹੱਦ ਵੀ ਨਹੀਂ ਰਹੀ। ਪਰ ਇਸ ਹਨੇਰੀ ਮੱਸਿਆ ਦੀ ਰਾਤ ’ਚ ਕੁਝ ਜੁਗਨੂੰਆਂ ਦਾ ਟਿੱਮ ਟਮਾਉਣ ਨਾਲ ਆਸ ਦੀ ਕਿਰਨ ਰੁਸ਼ਨਾਉਂਦੀ ਹੈ, ਉਹਨਾਂ ਵਿੱਚੋਂ ਡਾਕਟਰਾਂ ’ਚੋਂ ਸੱਚਮੁੱਚ ਤੇ ਅਸਲੀ ਡਾਕਟਰ ਅਸਵਨੀ ਹਨ, ਜਿਹਨਾਂ ਨੇ ਸਚਮੁੱਚ ਹੀ ਇਸ ਪੇਸੇ ਨੂੰ ਲੋਕਾਂ ਦੀ ਸੇਵਾ ਵਜੋਂ ਅਪਣਾ ਲਿਆ ਹੈ, ਇਹ ਡਾਕਟਰ ਇਹੋ ਜਿਹੇ ਹਨ ਕਿ ਡਿਊਟੀ ਸਮੇਂ ਤੋਂ ਕਿਤੇ ਵੱਧ 10-10, 11-11 ਘੰਟੇ ਖੜ੍ਹ ਕੇ ਮਰੀਜ਼ ਦੇਖਦੇ ਹਨ। ਬਠਿੰਡਾ ਜਿਲੇ ਦੇ ਲਹਿਰਾ ਮੁਹੱਬਤ ਦਾ ਇੱਕੋ ਇੱਕ ਸਰਕਾਰੀ ਹਸਪਤਾਲ ਇਹੋ ਜਿਹਾ ਹੈ ਜਿੱਥੇ ਸਵੇਰੇ 6 ਵਜੇ ਤੋਂ ਹੀ ਮਰੀਜ਼ਾਂ ਦੀਆਂ ਲਾਈਨਾਂ ਲੱਗਣੀਆਂ ਸ਼ੁਰੂ ਹੋ ਜਾਂਦੀਆਂ ਨੇ ਤੇ ਡਾਕਟਰ ਅਸ਼ਵਨੀ ਡਿਊਟੀ ਸਮੇਂ ਸਵੇਰੇ 8 ਵਜੇ ਤੋਂ ਅੱਧਾ ਘੰਟਾ ਪਹਿਲਾ ਹੀ ਸਵੇਰੇ ਸਾਢੇ ਸੱਤ ਵਜੇ ਜਾ ਖੜਦੇ ਹਨ ਤੇ ਡਿਊਟੀ 2 ਵਜੇ ਖ਼ਤਮ ਹੋਣ ’ਤੇ ਵੀ ਸ਼ਾਮ ਨੂੰ 6 ਵਜੇ ਤੇ ਕਈ ਵਾਰ ਤਾਂ 7-8 ਵਜੇ ਤੱਕ ਮਰੀਜ਼ਾਂ ਦੀ ਸੇਵਾ ਵਿੱਚ ਹਾਜ਼ਰ ਰਹਿੰਦੇ ਹਨ। ਉਹਨਾਂ ਕੋਲ ਸਹੀ ਤੇ ਮੁਫ਼ਤ ਇਲਾਜ ਹੋਣ ਕਾਰਨ ਰੋਜ਼ਾਨਾ 125 ਤੋਂ ਵੱਧ ਮਰੀਜ਼ ਆਉਂਦੇ ਹਨ ਜਿਹਨਾਂ ਵਿੱਚੋਂ ਕਈਆਂ ਨੂੰ ਦੂਜੇ ਦਿਨ ਆਉਣਾ ਪੈਂਦਾ ਹੈ। ਮਰੀਜ਼ਾਂ ਦੀ ਲੰਬੀ ਕਤਾਰ ਦੌਰਾਨ ਡਾਕਟਰ ਸਾਹਿਬ ਕਿਸੇ ਦੀ ਕਿਸੇ ਵੀ ਕਿਸਮ ਦੀ ਸਿਫ਼ਾਰਿਸ ਨਹੀਂ ਮੰਨਦੇ। ਡਾ. ਅਸਵਨੀ ਦੀਆਂ ਹਾਜ਼ਰੀਆਂ ਵੀ ਰਿਕਾਰਡ ਤੋੜ ਹਨ, ਉਹ ਬਣਦੀਆਂ ਸੀ. ਐਲ. ਵੀ ਨਹੀਂ ਲੈਂਦੇ, ਪਿਛਲੇ ਸਮੇਂ ਉਹਨਾਂ ਦੀ ਬੇਟੀ ਢਾਈ ਮਹੀਨੇ ਬਿਮਾਰ ਰਹਿਣ ਦੇ ਬਾਵਜੂਦ ਉਹਨਾਂ ਨੇ ਕੇਵਲ 2 ਕੁ ਛੁੱਟੀਆਂ ਹੀ ਲਈਆਂ।

ਡਾਕਟਰ ਅਸ਼ਵਨੀ ਨਾਲ ਪਹਿਲੀ ਵਾਰ ਸਿੱਧੇ ਤੌਰ ’ਤੇ ਵਾਹ ਉਸ ਵੇਲੇ ਪਿਆ ਜਦੋਂ ਲਹਿਰਾ ਮੁਹੱਬਤ ਵਿੱਚ ਅਬਾਦੀ ਵਾਲੇ ਇਲਾਕੇ ’ਚ ਬਾਦਲ ਹਕੂਮਤ ਨੇ 2012 ਵਿੱਚ ਕਚਰਾ ਪਲਾਂਟ ਲਗਾਉਣਾ ਸ਼ੁਰੂ ਕਰ ਦਿੱਤਾ ਸੀ ਤਾਂ ਉਸ ਸਬੰਧੀ ਬਠਿੰਡਾ ਤੋਂ ਜਮਹੂਰੀ ਅਧਿਕਾਰ ਸਭਾ ਦੀ ਕਮੇਟੀ ਵੱਲੋਂ ਕਚਰਾ ਪਲਾਟ ਦੀ ਰਿਪੋਰਟ ਲਈ ਤੱਥ ਇਕੱਤਰ ਕਰਨ ਲਈ ਸਾਡੀ ਡਿਊਟੀ ਲਗਾਈ ਗਈ ਸੀ।

ਡਾਕਟਰ ਅਸ਼ਵਨੀ ਨੇ ਹੋਰਨਾਂ ਮੁਲਾਜ਼ਮਾਂ ਤੋਂ ਉਲਟ ਆਪਣੀ ਰਿਹਾਇਸ਼ ਵੀ ਉਸ ਇਲਾਕੇ ਵਿੱਚ ਰੱਖੀ ਹੈ। ਪਿੰਡਾਂ ਵਿੱਚ ਹੀ ਸੇਵਾ ਨਿਭਾਉਣ ਲਈ ਉਹਨਾਂ ਨੇ ਐਮ. ਡੀ. ਵਾਲੀ ਸਾਰੀ ਪੜ੍ਹਾਈ ਗੈਰ ਰਸਮੀ ਤੌਰ ’ਤੇ ਤਾਂ ਪੜ੍ਹ ਲਈ ਪਰ ਰਸਮੀ ਤੌਰ ’ਤੇ ਇਸੇ ਕਰਕੇ ਨਹੀਂ ਕੀਤੀ ਕਿ ਫਿਰ ਉਹਨਾਂ ਦੀ ਪਿੰਡਾਂ ਤੋਂ ਸ਼ਹਿਰ ਬਦਲੀ ਹੋ ਜਾਵੇਗੀ। ਸਾਰੀ ਉਮਰ ਦੀ ਉਹਨਾਂ ਦੀ ਡਾਕਟਰੀ ਸਰਵਿਸ ਦੌਰਾਨ ਉਹਨਾਂ ਨੇ ਕੇਵਲ ਦੋ ਪਿੰਡਾਂ ਵਿੱਚ ਹੀ ਆਪਣੀ ਸੇਵਾ ਨਿਭਾਈ ਹੈ, ਜਦੋਂ ਵੀ ਵਿਭਾਗ ਨੇ ਉਹਨਾਂ ਦੀ ਬਦਲੀ ਕਰਨ ਦੀ ਕੋਸ਼ਿਸ਼ ਕੀਤੀ ਤਾਂ ਲੋਕਾਂ ਦੇ ਰੋਹ ਦੇ ਤੂਫ਼ਾਨ ਨੇ ਉਸ ਹਰਕਤ ਨੂੰ ਰੋਕ ਦਿੱਤਾ।



ਉਹਨਾਂ ਦੀ ਸ਼ਖ਼ਸੀਅਤ ਦਾ ਇੱਕ ਹੋਰ ਅਗਾਂਹਵਧੂ ਪੱਖ ਇਹ ਵੀ ਹੈ ਕਿ ਉਹ ਮਰੀਜ਼ਾਂ ਦੇ ਨਾਲ ਨਾਲ ਬਿਮਾਰ ਸਮਾਜ ਦੇ ਇਲਾਜ ਲਈ ਵੀ ਵੱਚਨਵੱਧ ਹਨ, ਉਹ ਮਨੁੱਖੀ ਅਧਿਕਾਰ ਸੰਗਠਨਾਂ ਵਿੱਚ ਵੀ ਸਰਗਰਮ ਰਹੇ।

ਪੇਸ਼ ਹੈ ਲੋਕਾਂ ਦੇ ਅਸਲੀ ਡਾਕਟਰ ਅਸਵਨੀ ਨਾਲ ਮੁਲਾਕਾਤ ਦੌਰਾਨ ਕੁਝ ਗੱਲਾਬਾਤਾਂ-

**ਡਾਕਟਰ ਸਾਹਿਬ ਅਜਿਹਾ ਕੀ ਕਾਰਣ ਹੈ ਕਿ ਡਿਊਟੀ ਤੋਂ ਵੱਧ ਸਮਾਂ ਵੀ ਲਗਤਾਰ 10-10 ਕਈ ਵਾਰ ਤਾਂ 12-12 ਘੰਟੇ ਮਰੀਜ਼ਾਂ ਦਾ ਇਲਾਜ਼ ਕਰਦੇ ਹੋ? ਡਾਕਟਰ ਤਾਂ ਹੋਰ ਵੀ ਬਹੁਤ ਹਨ ਜੋ ਆਪਣੀ ਡਿਊਟੀ ਵੀ ਪੂਰੀ ਤਰ੍ਹਾਂ ਨਹੀਂ ਨਿਭਾਉਂਦੇ ਪਰ ਇੱਕ ਤੁਸੀਂ ਅਜਿਹਾ ਕਰ ਰਹੇ ਹੋ, ਇਸ ਪਿੱਛੇ ਕੀ ਮਨਸਾ ਕੰਮ ਕਰ ਰਹੀ ਹੈ?**

– (ਮੁਸਕਰਾ ਕੇ) ਅਸਲ ਵਿੱਚ ਇਸ ਪਿੱਛੇ ਨਾ-ਬਰਾਬਰੀ ਵਾਲੇ ਸਮਾਜ ਤੋਂ ਉਲਟ ਸਭ ਲਈ ਬਰਾਬਰੀ ਵਾਲੇ ਸਮਾਜ ਸਿਰਜਣ ਦੀ ਤਮੰਨਾ, ਆਪਣੀ ਡਿਊਟੀ ਤੇ ਕਿੱਤੇ ਨੂੰ ਸਹੀ ਅਰਥਾਂ ਵਿੱਚ ਲਾਗੂ ਕਰਨ ਦੀ ਇੱਛਾ ਕੰਮ ਕਰਦੀ ਹੈ। ਇਹ ਵੀ ਸੋਚ ਹੈ ਕਿ ਜਿਸ ਕਿੱਤੇ ਨੂੰ ਅਪਣਾਇਆ ਉਸ ਨੂੰ ਇਮਾਨਦਾਰੀ ਨਾਲ ਤੇ ਸਹੀ ਕੀਤਾ ਜਾਵੇ।

**ਇਸ ਪਿੱਛੇ ਕੋਈ ਵਿਚਾਰਧਾਰਾ?**

–ਹਾਂ, ਉਹ ਵੀ ਹੈ। ਉਹ ਹੈ ਖੱਬੇ ਪੱਖੀ ਵਿਚਾਰਧਾਰਾ। ਜੋ ਕਿਰਤੀਆਂ ਦੇ ਹੱਕਾਂ ਦੀ ਗੱਲ ਕਰਦੀ ਹੈ। ਉਹਨਾਂ ਨਾਲ ਹੋ ਰਹੀ ਧੱਕੇਸ਼ਾਹੀ ਦੀ ਗੱਲ ਕਰਦੀ ਹੈ।


**ਇਸ ਖੱਬੇ ਪੱਖੀ ਵਿਚਾਰਧਾਰਾ ਨੂੰ ਕਦੋਂ ਤੇ ਕਿਹੜੀ ਹਲਾਤ ’ਚ ਅਪਣਾਇਆ?**

–ਇਸ ਦੀ ਸ਼ੁਰੂਆਤ ਪਟਿਆਲਾ ਦੇ ਮੈਡੀਕਲ ਕਾਲਜ ਵਿੱਚ 1980 ’ਚ ਐਮ. ਬੀ. ਬੀ. ਐਸ. ਦਾ ਕੋਰਸ ਕਰਨ ਦੌਰਾਨ ਹੋਈ ਜਦੋਂ ਮੇਰੇ ਇੱਕ ਮਿੱਤਰ ਡਾ. ਪ੍ਰਦੀਪ ਪੰਜਾਬ ਸਟੂਡੈਂਟਸ ਯੂਨੀਅਨ ਵਿੱਚ ਕੰਮ ਕਰਦੇ ਸਨ ਤੇ ਉਹ ਖੱਬੇ ਪੱਖੀ ਸਾਹਿਤ ਲੈ ਕੇ ਆਉਂਦੇ ਸਨ।

**ਇਹ ਜਿਹੜੀ ਖੱਬੇ ਪੱਖੀ ਵਿਚਾਰਧਾਰਾ ਵੱਲ ਰੁਝਾਨ ਗਿਆ, ਕੀ ਇਸ ਸਬੰਧੀ ਪਰਿਵਾਰ ਮਾਹੌਲ ਹਾਂ ਪੱਖੀ ਸੀ ਜਾਂ ਨਾ ਪੱਖੀ ਕਾਰਨ ਸੀ?**

ਤੇ ਗੱਲ ਤਾਂ ਹੁਣ ਤੁਰੀ ਹੀ ਹੈ ਨਾਲ ਹੀ ਆਪਣੇ






**ਪਰਿਵਾਰਕ ਪਿਛੋਕੜ ਬਾਰੇ ਵੀ ਦੱਸ ਹੀ ਦਿਓ?**

–ਹਾਂ, ਤੁਸੀਂ ਪਰਿਵਾਰਕ ਮਾਹੌਲ ਦੇ ਹਾਂ ਜਾਂ ਨਾ ਪੱਖੀ ਹੋਣ ਦੀ ਗੱਲ ਕੀਤੀ ਹੈ, ਇਸ ਲਈ ਹਾਂ ਪੱਖੀ ਮਾਹੌਲ ਨੇ ਵੀ ਪੂਰਾ ਯੋਗਦਾਨ ਪਾਇਆ। ਮੇਰੇ ਪਿਤਾ ਡਾਕਟਰ ਰਜਿੰਦਰ ਪ੍ਰਸਾਦ ਪਸ਼ੂ ਪਾਲਣ ਵਿਭਾਗ ਵਿੱਚ ਡਿਪਟੀ ਡਾਇਰੈਕਟਰ ਦੇ ਆਹੁਦੇ 'ਤੇ ਤਾਇਨਾਤ ਸਨ, ਉਹ ਸਾਰੀ ਉਮਰ ਆਪਣੀ ਡਿਊਟੀ ਤਨਦੇਹੀ ਤੇ ਇਮਾਨਦਾਰੀ ਨਾਲ ਨਿਭਾਉਂਦੇ ਸਨ, ਉਹਨਾਂ ਨੇ ਕੇਸ ਦਾੜ੍ਹੀ ਰੱਖੀ ਹੋਣ ਕਾਰਣ ਸਭ ਲੋਕ ਉਹਨਾਂ ਨੂੰ 'ਡਾਕਟਰ ਸਵਾਮੀ' ਦੇ ਨਾਂ ਨਾਲ ਪੁਕਾਰ ਕੇ ਸਤਿਕਾਰ ਦਿੰਦੇ ਸਨ। ਮਾਤਾ ਮੇਰੀ ਸਕੁੰਤਲਾ ਦੇਵੀ ਪ੍ਰਿੰਸੀਪਲ ਸਨ, ਘਰ ਵਿੱਚ ਕਿਸੇ ਵੇਲੇ ਵੀ ਜਗਰਾਤੇ ਵਗੈਰਾ ਨਹੀਂ ਸੀ ਹੋਇਆ ਜੋ ਵੀ ਖ਼ੁਸੀ-ਗਮੀ ਦਾ ਵੇਲਾ ਹੁੰਦਾ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਹੀ ਪਾਏ ਜਾਂਦੇ ਸਨ। ਲੋਕ ਸੇਵਾ ਦੇ ਸਸਕਾਰ ਪਰਿਵਾਰ ਵਿੱਚੋਂ ਵੀ ਮਿਲੇ ਜੋ ਖੱਬੇ-ਪੱਖੀ ਵਿਚਾਰਧਾਰਾ ਅਪਣਾ ਕੇ ਹੋਰ ਪ੍ਰਫੁੱਲਤ ਹੋਏ।

**ਡਾਕਟਰ ਸਾਬ੍ਹ ਪਰਿਵਾਰ ਪਿਛੋਕੜ ਬਾਰੇ ਵੀ ਸਵਾਲ ਕੀਤਾ ਸੀ? ਤੇ ਹੁਣ ਨਾਲ ਹੀ ਮੁਢਲੀ ਵਿੱਦਿਅਕ ਯੋਗਤਾ ਬਾਰੇ ਵੀ ਦੱਸ ਦਿਓ ਚਾਰ ਗੱਲਾਂ?**

–ਹਾਂ! ਮੇਰਾ ਜਨਮ ਮੋਗਾ ਜ਼ਿਲ੍ਹੇ ਦੇ ਪਿੰਡ ਸਮਾਧ ਭਾਈ ਵਿੱਚ ਹੋਇਆ। ਪਰਿਵਾਰ ਵਿੱਚ ਅਸੀਂ 2 ਭਰਾ ਤੇ 2 ਭੈਣਾਂ ਹਨ। ਦੂਜਾ ਭਰਾ ਬੀ. ਟੈਕ ਕਰਕੇ ਵਪਾਰ ਵਾਲੇ ਪਾਸੇ ਹੈ। ਇੱਕ ਭੈਣ ਪਠਾਨਕੋਟ ਵਿੱਚ ਕਾਲਜ ਲੈਕਚਰਾਰ ਹੈ ਤੇ ਦੂਜੀ ਡੱਬਵਾਲੀ 'ਚ ਸਕੂਲ ਲੈਕਚਰਾਰ ਹੈ। ਦਸਵੀਂ ਜਮਾਤ ਤੱਕ ਦੀ ਪੜ੍ਹਾਈ ਮੋਗਾ ਸ਼ਹਿਰ ਵਿੱਚ ਹੀ ਕੀਤੀ। ਗਿਆਰਵੀ, ਬਾਰਵੀਂ ਦੀਨ ਕਾਲਜ ਤੋਂ, ਐਮ. ਬੀ. ਬੀ. ਐਸ. ਪਟਿਆਲਾ ਦੇ ਸਰਕਾਰੀ ਮੈਡੀਕਲ ਕਾਲਜ ਤੋਂ।

**ਇਧਰ ਵੀ ਆਪਣੇ ਪਰਿਵਾਰ ਬਾਰੇ ਸੰਖੇਪ ਜਿਹਾ ਦੱਸ ਦਿਓ?**

–ਪਤਨੀ ਸ਼ਰਨਜੀਤ ਇੱਥੇ ਹੀ ਥਰਮਲ ਡਿਸਪੈਂਸਰੀ 'ਚ ਇੱਕ ਫ਼ਰਮਾਸਿਸਟ ਦੇ ਤੌਰ 'ਤੇ ਸੇਵਾ ਨਿਭਾਅ ਰਹੇ ਨੇ। ਦੋ ਬੇਟੀਆਂ ਨੇ, ਵੱਡੀ ਈਸਾ ਐਮ. ਬੀ. ਬੀ. ਐਸ. ਕਰਕੇ ਦਿੱਲੀ ਐਟਰਨਸ਼ਿੱਪ ਕਰ ਰਹੀ ਹੈ। ਛੋਟੀ ਆਸਥਾ ਗਿਆਰਵੀਂ ਕਲਾਸ ਵਿੱਚ ਹੈ ਜਿਸ ਦੀ ਡਾਕਟਰ ਪੇਸੇ ਵੱਲ ਰੁਚੀ ਨਹੀਂ ਤੇ ਇੱਕ ਅਧਿਆਪਕ ਬਣਨਾ ਚਾਹੁੰਦੀ ਹੈ।

**ਡਾਕਟਰ ਸਾਬ੍ਹ। ਪਰਿਵਾਰਕ ਮਾਹੌਲ ਬਾਰੇ ਇੱਕ ਸਵਾਲ 'ਚੋਂ ਫਿਰ ਗੱਲ ਕਰਦੇ ਹਾਂ। ਜਿਵੇਂ ਤੁਸੀਂ ਦੱਸਿਆ ਚੱਲੋ ਇਹ ਤਾਂ ਠੀਕ ਹੈ ਕਿ ਪਰਿਵਾਰ ਇੱਕ ਅਦਰਸ਼ ਕਿਸਮ ਦਾ ਹੈ, ਸਮਾਜ ਸੇਵਾ ਵੱਲ ਯਕੀਨ ਰੱਖਦਾ ਹੈ, ਫਿਰ ਵੀ, ਜਿਵੇ ਕਿਹਾ ਜਾਂਦਾ ਹੈ ਕਿ ਮਹਾਜਨ ਲੋਕ ਤਾਂ ਪੈਸੇ ਪਿੱਛੇ ਭੱਜਦੇ ਹੀ ਨੇ, ਪਰਿਵਾਰ ਨੇ ਇਹ ਪ੍ਰਸ਼ਨ ਉਠਾਇਆ ਹੋਵੇ ਕਿ ਐਨਾ ਵੀ ਫ਼ਕੀਰਨਾ ਬਣ ਕਿ ਸਭ ਕੁਝ ਦਾਅ 'ਤੇ ਲਾ ਕੇ ਹਾਕਮਾਂ ਨਾਲ ਵੈਰ ਕਮਾ ਕੇ ਇਹ ਕੁਝ ਕਰ ਹੋ?**

–ਨਹੀਂ, ਇਉਂ ਨਹੀਂ ਹੋਇਆ, ਕਿਉਂਕਿ ਚਾਹੇ ਪਿਤਾ ਦੀ ਕੋਈ ਵਿਚਾਰਧਾਰਾ ਨਹੀਂ ਸੀ ਪਰ ਇੱਕ ਅਦਰਸ਼ਵਾਦੀ ਜਰੂਰ ਸਨ। ਪਰਿਵਾਰ ਦਾ ਇੱਕ ਸੁਪਨਾ ਸੀ ਮੈਂ ਇੱਕ ਚੰਗਾ ਡਾਕਟਰ ਬਣਾ ਤੇ ਹੁਣ ਚੰਗਾ ਡਾਕਟਰ ਤਾਂ ਬਣ ਹੀ ਗਿਆ। (ਥੋੜ੍ਹਾ ਜਿਹਾ ਮੁਸਕਰਾਉਂਦੇ ਹਨ।)

**ਵਿਭਾਗ ਨੇ ਜਿਹੜੀ ਬਿਨਾ ਜ਼ਰੂਰਤ ਲਹਿਰਾ ਮੁਹੱਬਤ ਤੋਂ ਬਦਲੀ ਕੀਤੀ ਕੀ ਉਸ ਦਾ ਇੱਕ ਕਾਰਨ ਪਿੰਡ ਦੀ ਵਸੋਂ ਵਾਲੇ ਇਲਾਕੇ ਵਿੱਚ ਕਚਰਾ ਪਲਾਂਟ ਲੱਗਣ ਵਾਲੀ ਸਹੀ ਤੇ ਲੋਕ ਪੱਖੀ ਰਿਪੋਰਟ ਵੀ ਸੀ ਜਿਸ ਨਾਲ ਤੁਸੀਂ ਵਿਭਾਗ ਤੇ ਸਰਕਾਰ ਦੇ ਅੱਖ਼ਾਂ 'ਚ ਰੜਕਣ ਲੱਗ ਗਏ ਹੋਵੋ। ਫਿਰ ਬਦਲੀ ਰੁਕਵਾਉਣ ਲਈ ਲੋਕਾਂ ਨੇ ਕੀ ਰਾਹ ਅਖ਼ਤਿਆਰ ਕੀਤਾ?**

–ਹੋਰ ਕਾਰਨਾਂ ਵਿੱਚੋਂ ਇਹ ਵੀ ਇੱਕ ਕਾਰਣ ਹੋ ਸਕਦਾ ਹੈ। ਪਰ ਇਹ ਰਿਪੋਰਟ ਤਾਂ ਸਾਰਾ ਕੁਝ ਧਰਤਲੀ ਪੱਧਰ 'ਤੇ ਪੜਤਾਲ ਕਰਕੇ ਤੱਥਾਂ ਅਧਾਰਤ ਸੀ। ਹਾਂ, ਬਦਲੀ ਰੁਕਵਾਉਣ ਲਈ ਲੋਕਾਂ ਦੇ ਡੈਪੂਟੇਸ਼ਨ ਵਿਭਾਗ ਨੂੰ ਮਿਲੇ, ਅੰਦੋਲਨ ਕੀਤਾ, ਇਲਾਕੇ ਦੇ ਲੋਕਾਂ ਦੇ ਰੋਹਅ ਨੂੰ ਦੇਖਦਿਆਂ ਬਦਲੀ ਰੱਦ ਕਰਨੀ ਪਈ।

**ਡਾਕਟਰ ਸਾਬ੍ਹ ਭ੍ਰਿਸ਼ਟਾਚਾਰ ਵਿਭਾਗ, ਲੋਕ ਦੋਖੀ ਹਕੂਮਤ, ਨਕਲੀ ਡਾਕਟਰਾਂ ਦਾ ਜਮਘਟਾਂ ਤੇ ਹੋਰ ਪਤਾ ਨਹੀਂ ਕਿੰਨੀਆਂ ਕੁ ਮਾੜੀਆਂ ਹਲਾਤਾਂ ਵਿੱਚ ਤੁਸੀਂ ਜੋ ਸਹੀ ਅਰਥਾਂ ਵਿੱਚ ਇਹ ਸਭ ਕੁਝ ਜਾਰੀ ਰੱਖਿਆ ਹੈ, ਇਹ ਤਾਂ ਹੋ ਹੀ ਨਹੀਂ ਸਕਦਾ ਕਿ ਸਿਹਤ ਵਿਭਾਗ ਵੱਲੋਂ ਕੋਈ ਸਨਮਾਨ ਦਿੱਤਾ ਹੋਵੇ ਹਾਂ ਰੁਕਾਵਟਾਂ ਤੇ ਤੰਗ ਪ੍ਰੇਸ਼ਾਨ ਕਿੰਨਾ ਕੁ ਕੀਤਾ ਜਾ ਰਿਹਾ ਹੈ, ਉਸ ਬਾਰੇ ਵੀ ਕੁਝ ਦੱਸ ਦਿਓ?**

–ਸਹੀ ਗੱਲ ਹੈ ਤੁਹਾਡੀ, ਬਹੁਤ ਕੁਝ ਹੋਇਆ ਤੇ ਹੋ ਰਿਹਾ ਹੈ। ਵਿਭਾਗ ਨੇ ਵੱਡਾ ਨੁਕਸਾਨ ਇਹ ਕੀਤਾ ਕਿ ਏ. ਸੀ. ਪੀ. ਪਰਮੋਸਨ ਜੋ 2005 ਵਿੱਚ ਹੋਣੀ ਸੀ ਉਹ ਨਹੀਂ ਕੀਤੀ। ਇਸ ਦਾ ਅਦਾਲਤ ਵਿੱਚ ਕੇਸ ਚੱਲਿਆ। ਵਿਭਾਗ ਨੇ 10 ਸਾਲਾਂ ਮਗਰੋਂ ਉਹ ਵੀ ਅਦਾਲਤ ਦੇ ਹੁਕਮਾਂ 'ਤੇ ਕੀਤਾ, ਪੂਰੇ 10 ਸਾਲ ਦੇਰੀ ਹੋਈ। ਦੂਜੀਆਂ ਆਮ ਚਿੱਠੀਆਂ ਤਾਂ ਕੱਢਦੇ ਹੀ ਰਹਿੰਦੇ ਨੇ। ਜਿਵੇਂ ਹੁਣ ਲਹਿਰਾ ਮੁਹੱਬਤ ਦੇ ਹਸਪਤਾਲ ਵਿੱਚ ਅਥਾਹ ਮਰੀਜ਼ ਹੋਣ ਦੇ ਬਾਵਜੂਦ ਵੀ ਕੁਝ ਦਿਨ ਲਈ ਨਥਾਣਾ ਦੇ ਹਸਪਤਾਲ ਵਿੱਚ ਡਿਊਟੀ ਲਗਾਈ ਆਦਿ।

**ਗੱਲ ਖੱਬੇ ਪੱਖੀ ਵਿਚਾਰਧਾਰਾ ਦੀ ਕੀਤੀ ਸੀ, ਕੋਈ ਸਿਆਸੀ ਸਰਗਰਮੀਆਂ ਵੀ ਕੀਤੀਆਂ ਹੋਣ ਤਾਂ ਇਸ ਬਾਰੇ ਵੀ ਦੱਸੋ?**

–ਹਾਂ ਕੁਝ ਸਰਗਰਮੀਆਂ ਵੀ ਰਹੀਆਂ। ਪਹਿਲਾ 1995 ਤੋਂ ਲੈ ਕਾਫੀ ਚਿਰ ਜਮਹੂਰੀ ਅਧਿਕਾਰ ਸਭਾ ਲਈ ਤੇ ਫਿਰ 'ਲੋਕ ਮੋਰਚਾ ਪੰਜਾਬ' ਲਈ ਵੀ ਕੰਮ ਕੀਤਾ। ਮਜ਼ਦੂਰਾਂ ਵਿੱਚ ਵੀ ਕੁਝ ਕੰਮ ਕੀਤਾ।

**ਮਰੀਜ਼ਾਂ ਦੀਆਂ ਐਨੀਆਂ ਐਨੀਆਂ ਲੰਬੀਆਂ ਲਾਈਨਾਂ ਲੱਗਦੀਆਂ ਨੇ, ਤੁਸੀਂ ਦਿਨ ਰਾਤ ਇੱਕ ਕਰਕੇ ਨਿਸਕਾਮ ਸੇਵਾ ਕਰਦੇ ਹੋਏ। ਕਦੇ ਕਿਸੇ ਨੇ ਇਹ ਸ਼ੱਕ ਵੀ ਕੀਤਾ ਹੋਵੇ ਕਿ ਡਾਕਟਰ ਸਾਬ੍ਹ ਦੀ ਕੀ ਮਨਸਾ ਹੈ ਜੋ ਇਹ ਕਰ ਰਹੇ ਨੇ, ਕਈ ਵਾਰ 12-12 ਘੰਟੇ ਖੜ੍ਹੀ ਲੱਤ ਡਿਊਟੀ?**

–ਹਾਂ, ਮੁੱਢਲੇ ਦੌਰ ਵਿੱਚ ਇਲਾਕੇ ਦੇ ਲੋਕ ਸੋਚਦੇ ਸਨ ਕਿ ਡਾਕਟਰ ਏਸੇ ਕਰਕੇ ਦਿਨ ਰਾਤ ਕੰਮ ਕਰਦਾ ਬਈ ਇਲਾਕੇ ਵਿੱਚ ਆਪਣਾ ਕੋਈ ਹਸਪਤਾਲ ਬਣਾਉਂਣਾ ਹਊ, ਪਰ ਜਦੋਂ ਸਮਾਂ ਲੰਘ ਗਿਆ ਤਾਂ ਇਹ ਸ਼ੱਕ ਦੂਰ ਹੋ ਗਿਆ। ਹੁਣ ਤਾਂ ਲੋਕਾਂ ਨਾਲ ਉਂਝ ਵੀ ਘੁੱਲ ਮਿਲ ਗਏ ਹਾਂ।

**ਕੀ ਕਾਰਣ ਲੱਗਦਾ ਹੈ ਕਿ ਡਾਕਟਰੀ ਕਿੱਤਾ ਕੇਵਲ ਹੱਦਾਂ ਤੋਂ ਬਾਹਰ ਪੂੰਜੀ ਇਕੱਤਰ ਕਰਨ ਲਈ ਹੀ ਬਣਦਾ ਜਾ ਰਿਹਾ ਹੈ। ਡਾਕਟਰੀ ਕਿੱਤੇ ਵਿੱਚੋਂ ਮਨੁੱਖਤਾ ਦਾ ਬਿਨਾ ਪੈਸ਼ਿਆਂ ਤੋਂ ਜਾਂ ਜਾਇਜ਼ ਰੁਪਏ ਵਿੱਚ ਸਹੀ ਇਲਾਜ਼ ਖ਼ਤਮ ਹੋ ਗਿਆ ਹੈ। ਡਾਕਟਰੀ ਦਾ ਮਤਲਬ ਹੀ ਰੁਪਏ ਇਕੱਤਰ ਕਰਨਾ ਰਹਿ ਗਿਆ ਹੈ?**

–ਬਿਲਕੁੱਲ ਸਹੀ ਕਿਹਾ ਤੁਸੀਂ। ਉਪਭੋਗਤਾ ਸੱਭਿਆਚਾਰ ਭਾਰੂ ਹੈ, ਮਨੁੱਖ਼ਤਾ ਪ੍ਰਤੀ ਦਰਦ ਖ਼ਤਮ ਹੋ ਰਿਹਾ ਹੈ। ਸਰਕਾਰ ਹੀ ਜਿੰਮੇਵਾਰ ਹੈ। ਫਿਰਕੂ ਵੰਡ ਨੂੰ ਵੱਧ ਪੱਠੇ ਪਾ ਰਹੀਆਂ ਹਨ, ਜਾਤੀਵਾਦ, ਵਿਅਕਤੀਵਾਦ ਭਾਰੂ ਹੋ ਰਿਹਾ ਹੈ। ਉਪਭੋਗਤਾ ਸੱਭਿਆਚਾਰ ਵਿੱਚ ਸਮਾਜਿਕ ਸਰੋਕਾਰ ਦੀ ਕੋਈ ਗੱਲ ਨਹੀਂ ਹੈ ਤੇ ਉਸੇ ਵਿੱਚੋਂ ਹੀ ਡਾਕਟਰੀ ਪੇਸੇ ਦੌਰਾਨ ਮਨੁੱਖਤਾ ਦੀ ਬਜਾਏ ਤਿਜੋਰੀ ਭਰਨ ਦੀ ਮਾਨਸਿਕਤਾ ਹੈ। ਹੋਰ ਸਾਰੇ ਪੱਖ ਨਾਲੋਂ ਸਰਕਾਰ ਦਾ ਇਹ ਵੀ ਇੱਕ ਪੱਖ ਜ਼ਿੰਮੇਵਾਰ ਹੈ ਕਿ ਸਾਡੇ ਸਮੇਂ ਐਮ. ਬੀ. ਬੀ. ਐਸ. ਦੀ ਫ਼ੀਸ 700 ਰੁਪਏ ਹੁੰਦੀ ਸੀ ਤੇ ਹੁਣ ਪੀ. ਐਮ. ਟੀ. ਦੀ ਤਿਆਰੀ ਲਈ ਹੀ 1 ਲੱਖ ਰੁਪਏ ਲੱਗ ਜਾਂਦਾ ਹੈ।

**ਡਾਕਟਰ ਸਾਬ੍ਹ ਜੇ ਪਿਛਲੇ 5-7 ਸਾਲਾਂ ਦੀ ਹੀ ਗੱਲ ਕਰੀਏ ਤਾਂ ਲੋਕਾਂ ਵਿੱਚ ਰੋਗ ਘਟੇ ਨੇ ਜਾਂ ਵਧੇ ਨੇ ਜੇ ਵਧੇ ਨੇ ਤਾਂ ਕਿਹੜੀ ਕਿਹੜੀ ਕਿਸਮ ਦੇ ਰੋਗਾਂ ਵਿੱਚ ਵਾਧਾ ਹੋਇਆ ਹੋਇਆ ਹੈ? ਇਲਾਕੇ ਵਿੱਚ ਕੈਂਸਰ ਦੀ ਬਿਮਾਰੀ ਦੇ ਸਹੀ ਕੀ ਹਲਾਤ ਹਨ? ਮਜ਼ਦੂਰ ਜਮਾਤ ਦੀ ਕਿੱਥੋਂ ਤੱਕ ਦੁਰਦਿਸ਼ਾ ਹੈ ਇਸ ਮਾਮਲੇ 'ਚ?**

–ਹਾਂ, ਪਿਛਲੇ ਸਾਲਾਂ ਤੋਂ ਵੱਖ ਵੱਖ ਕਿਸਮਾਂ ਦੇ ਰੋਗਾਂ ਵਿੱਚ ਭਾਰੀ ਵਾਧਾ ਹੋਇਆ ਹੈ। ਪਿਛਲੇ 7 ਸਾਲਾਂ ਤੋਂ ਕੇਵਲ ਇਸ ਹਸਪਤਾਲ ਵਿੱਚ ਹੀ 1 ਮਰੀਜ਼ ਰੋਜ਼ਾਨਾ ਕੈਂਸਰ ਵਾਲਾ ਆ ਰਿਹਾ ਹੈ। ਕਾਲਾ ਪੀਲੀਆ ਵੀ ਇਸ ਇਲਾਕੇ ਵਿੱਚ ਬਹੁਤ ਜ਼ਿਆਦਾ ਹੈ। ਜਿਹਨੇ ਕੁ ਲੋਕਾਂ ਨੂੰ ਮੈਂ ਅਟੈਂਡ ਕਰਦਾ ਹਾਂ ਉਹਨਾਂ ਵਿੱਚ 6 ਮਹੀਨਿਆਂ ਤੋਂ 15 ਦੇ ਕਰੀਬ ਕਾਲਾ ਪੀਲੀਆ ਦੇ ਮਰੀਜ਼ ਹਨ। 'ਲਾਈਫ਼ ਸਟਾਇਲ' ਦਾ ਐਨਾ ਫ਼ਰਕ ਆ ਗਿਆ ਹੈ ਕਿ ਸ਼ੂਗਰ, ਦਿਲ ਦੇ ਰੋਗਾਂ ਵਿੱਚ ਵੱਡਾ ਵਾਧਾ ਹੋਇਆ ਹੈ। ਜਿੱਥੋਂ ਤੱਕ ਮਜ਼ਦੂਰ ਜਮਾਤ ਦੀ ਗੱਲ ਕੀਤੀ ਹੈ, ਇਹਨਾਂ ਦੀ ਆਰਥਿਕ ਹਾਲਤ ਐਨੀ ਕਮਜ਼ੋਰ ਹੈ ਕਿ ਇਹਨਾਂ ਲਈ ਸਹੀ ਖ਼ੁਰਾਕ ਨਾ ਹੋਣ ਕਾਰਣ ਬਿਮਾਰੀਆਂ ਵੱਧ ਰਹੀਆਂ ਨੇ ਤੇ ਮਾਮੂਲੀ ਬਿਮਾਰੀ ਦੇ ਇਲਾਜ ਦੀ ਵੀ ਸਮਰੱਥਾ ਨਹੀਂ ਰਹੀ।


**ਇੱਕ ਪਾਸੇ ਡਾਕਟਰੀ/ਸਿਹਤ ਸਹੂਲਤਾਂ ਦਾ ਬੁਰਾ ਹਾਲ ਹੈ ਤੇ ਦੂਜੇ ਪਾਸੇ ਸਮੇਂ ਦੀਆਂ ਹਕੂਮਤਾਂ ਵੱਲੋਂ ਵੱਖ-ਵੱਖ ਸਕੀਮਾਂ ਤਹਿਤ ਲੋਕਾਂ ਨੂੰ ਇਲਾਜ਼ ਵਿੱਚ ਮੱਦਦ ਕਰਨ ਦੇ ਦਾਅਵੇ ਤੇ ਵਾਅਦੇ ਕੀਤੇ ਜਾਂਦੇ ਨੇ, ਆਮ ਹੀ ਦੇਖਣ ਵਿੱਚ ਆਇਆ ਕਿ ਅਜਿਹੀਆਂ ਸਕੀਮਾਂ ਤਹਿਤ ਵੀ ਕੋਈ ਸਾਜਗਰ ਸਿੱਟੇ ਨਹੀਂ ਨਿਕਲਦੇ। ਹੁਣ ਮੁੱਖ ਮੰਤਰੀ ਕੈਂਸਰ ਰਾਹਤ ਫੰਡ ਚੱਲ ਰਿਹਾ ਹੈ, ਕੀ ਇਹ ਫੰਡ ਕੈਂਸਰ ਮਰੀਜ਼ਾਂ ਲਈ ਸਾਜਗਰ ਹੈ?**

–ਇਸ ਕੈਂਸਰ ਰਾਹਤ ਫੰਡ ਤਹਿਤ ਕੋਈ ਵਿਸ਼ੇਸ਼ ਰਾਹਤ ਨਹੀਂ ਕਹੀ ਜਾ ਸਕਦੀ। ਟੈਸਟਾਂ ਤੇ ਇਲਾਜ ਦੇ ਸਰਕਾਰੀ ਰੇਟ ਇਸ ਢੰਗ ਨਾਲ ਮਿੱਥੇ ਹਨ ਕਿ ਪ੍ਰਾਈਵੇਟ ਹਸਪਤਾਲ ਇਸ ਨੂੰ ਘੱਟ ਸਮਝਦੇ ਹੋਏ ਜਾਂ ਤਾਂ ਇਲਾਜ ਨਹੀਂ ਕਰਦੇ ਜਾਂ ਫਿਰ ਪ੍ਰਾਈਵੇਟ ਹਸਪਤਾਲ ਨੇ ਇੱਕ ਹੋਰ ਮਾੜਾ ਰਾਹ ਅਖਤਿਆਰ ਕਰ ਲਿਆ ਹੈ ਕਿ ਕੈਂਸਰ ਮਰੀਜ਼ ਤੋਂ ਬਿਨਾਂ ਜ਼ਰੂਰਤ ਟੈਸਟਾਂ ਤੇ ਹੋਰ ਰਿਪੋਰਟਾਂ ਅਧਾਰਤ ਪਹਿਲਾ ਹੀ 30-40 ਹਜ਼ਾਰ ਰੁਪਏ ਖ਼ਰਚ ਕਰਵਾ ਲੈ ਜਾਂਦੇ ਹਨ। ਇਸੇ ਕਰਕੇ ਇਹ ਮਰੀਜ਼ ਹੁਣ ਬਠਿੰਡਾ ਵੱਲ ਸਕੀਮਾਂ ਤਹਿਤ ਆਉਂਦੇ ਪ੍ਰਾਈਵੇਟ ਹਸਪਤਾਲ ਵਿੱਚ ਭੇਜਣ ਦੀ ਬਜਾਏ ਸਹੀ ਡਾਕਟਰ ਬਾਬਾ ਫ਼ਰੀਦ ਗੌਰਮਿੰਟ ਮੈਡੀਕਲ ਕਾਲਜ਼ ਲਈ ਭੇਜਦੇ ਹਨ।

**ਇਲਾਕੇ ਦੇ ਪਿੰਡਾਂ 'ਚ ਨੌਜਵਾਨ ਵਰਗ ਦੇ ਨਸ਼ੇ ਛੱਡਣ ਵਾਲੇ ਕੇਸ ਵੀ ਆਏ ਨੇ? ਜੇ ਆਏ ਨੇ ਤਾਂ ਕਦੋਂ ਤੋਂ ਸ਼ੁਰੂ ਹੋਏ ਤੇ ਕਿਸ ਪ੍ਰਕਾਰ ਦਾ ਨਸ਼ਾ ਲੈਣ ਦੇ ਮਾਮਲੇ ਨੇ? ਅਜਿਹੇ ਵੇਲੇ ਅਖ਼ੋਤੀ ਨਸ਼ਾ ਛੁਡਾਊ ਕੇਂਦਰਾਂ ਦੇ ਕੀ ਹਲਾਤ ਨੇ?**

–ਹਾਂ ਨਸ਼ੇ ਵਾਲੇ ਕੇਸ ਵੀ ਆਉਣੇ ਸ਼ੁਰੂ ਹੋ ਗਏ ਨੇ। ਇਹ ਪਹਿਲਾ ਨਹੀਂ ਪਿਛਲੇ 4 ਮਹੀਨਿਆਂ ਤੋਂ ਆ ਰਹੇ ਨੇ। ਇਹਨਾਂ ਵਿੱਚੋਂ 'ਚਿੱਟਾ' ਲੈਣ ਵਾਲੇ ਵੀ ਹਨ ਜੋ ਆਪ ਹੀ ਨਸ਼ਾ ਛੱਡਣ ਲਈ ਆਉਂਦੇ ਨੇ। ਭੁੱਕੀ, ਸ਼ਰਾਬ ਆਦਿ ਦੇ ਵੀ ਆ ਰਹੇ ਨੇ। ਇਹਨਾਂ ਨੂੰ ਅਸੀਂ ਦਵਾਈ ਦੀ ਮਾਤਰਾ ਦੇਣ ਦੀ ਬਜਾਏ ਮਾਨਸਿਕ ਤੌਰ 'ਤੇ ਵੱਧ ਤਿਆਰ ਕਰਦੇ ਹਾਂ। ਨਸ਼ਾ ਲੈਣ ਵਾਲੇ ਕਈ ਵਾਰ ਕਹਿੰਦੇ ਵੀ ਨੇ ਕਿ ਸਰੀਰ ਟੁੱਟਦਾ ਹੈ, ਹੋਰ ਦਵਾਈ ਦੇ ਦਿਊ, ਤਾਂ ਉਹਨਾਂ ਨੂੰ ਮਾਨਸਿਕ ਤੌਰ 'ਤੇ ਤਿਆਰ ਕਰਦਿਆ ਕਹੀਦਾ ਕਿ ਐਨੀ ਕੁ ਤਕਲੀਫ਼ ਹੀ ਤਕੜੇ ਹੋ ਕੇ ਝੱਲ ਜਾਓ ਨਸ਼ਾ ਆਪਣੇ ਆਪ ਛੱਡਿਆ ਜਾਵੇਗਾ। ਅਜਿਹੀ ਸਹੀ ਤੇ ਘੱਟ ਦਵਾਈ 'ਤੇ ਸ਼ੁਰੂਆਤੀ ਮਹੀਨੇ 'ਚ 2 ਹਜ਼ਾਰ ਰੁਪਏ ਤੇ ਫਿਰ ਇਸ ਤੋਂ ਵੀ ਘੱਟ ਖ਼ਰਚ ਆਉਂਦਾ ਹੈ। ਜਿਵੇਂ ਤੁਸੀਂ ਨਸ਼ਾ ਛੁਡਾਊ ਕੇਦਰਾਂ ਦੀ ਗੱਲ ਕੀਤੀ ਹੈ, ਬਹੁਤੇ ਪ੍ਰਾਈਵੇਟ ਡਾਕਟਰ ਜਾਂ ਕੇਂਦਰ ਮਰੀਜ਼ ਨੂੰ ਐਨੀ ਦਵਾਈ 'ਤੇ ਲਾ ਦਿੰਦੇ ਨੇ ਕਿ ਫਿਰ ਉਸ ਨੂੰ ਨਸ਼ੇ ਨਾਲੋ ਵੀ ਵੱਧ ਦਵਾਈ ਛੱਡਣੀ ਔਖੀ ਹੋ ਜਾਂਦੀ ਹੈ। ਪ੍ਰਾਈਵੇਟ ਕੇਂਦਰਾਂ ਵਿੱਚ ਇਲਾਜ ਦੇ ਨਾਂਅ 'ਤੇ ਮੋਟੀਆਂ ਰਕਮਾਂ ਵੀ ਬਟੋਰੀਆਂ ਜਾਂਦੀਆਂ ਨੇ।

# ਕਿਰਤੀਆਂ ਦੇ ਦਰਦੀ ਗੁਰਦਿਆਲ ਸਿੰਘ ਦੀ ਸਾਹਿਤਕ ਘਾਲਣਾ ਨੂੰ ਸਲਾਮ



ਗੁਰਸ਼ਰਨ ਸਿੰਘ ਲੋਕ ਕਲਾ ਸਲਾਮ ਕਾਫ਼ਲੇ ਨੇ ਉੱਘੇ ਸਾਹਿਤਕਾਰ ਗੁਰਦਿਆਲ ਸਿੰਘ ਦੇ ਵਿਛੋੜੇ 'ਤੇ ਡੂੰਘੇ ਦੁੱਖ ਦਾ ਇਜ਼ਹਾਰ ਕੀਤਾ ਹੈ ਤੇ ਸਭਨਾਂ ਲੋਕ ਪੱਖੀ ਜਨਤਕ ਜਮਹੂਰੀ ਜਥੇਬੰਦੀਆਂ ਅਤੇ ਲੋਕ ਪੱਖੀ ਸਾਹਿਤਕਾਰਾਂ-ਕਲਾਕਾਰਾਂ ਨੂੰ ਅਪੀਲ ਕੀਤੀ ਹੈ ਕਿ ਉਹ 18 ਅਗਸਤ ਨੂੰ ਜੈਤੋ 'ਚ ਉਹਨਾਂ ਦੇ ਸੰਸਕਾਰ ਮੌਕੇ ਪੁੱਜਣ। ਸਲਾਮ ਕਾਫ਼ਲੇ ਵੱਲੋਂ ਬਿਆਨ ਜਾਰੀ ਕਰਦਿਆਂ ਕਨਵੀਨਰ ਜਸਪਾਲ ਜੱਸੀ ਤੇ ਕਾਫ਼ਲਾ ਟੀਮ ਮੈਂਬਰ ਪਾਵੇਲ ਕੁੱਸਾ ਨੇ ਕਿਹਾ ਕਿ ਪੰਜਾਬੀ ਸਾਹਿਤ ਜਗਤ ਦੀ ਲੋਕ ਪੱਖੀ ਧਾਰਾ ਲਈ ਗੁਰਦਿਆਲ ਸਿੰਘ ਦਾ ਵਿਗੋਚਾ ਚਿਰਾਂ ਤੱਕ ਮਹਿਸੂਸ ਹੋਵੇਗਾ ਕਿਉਂਕਿ ਉਹ ਲੋਕ ਪੱਖੀ ਸਾਹਿਤ ਧਾਰਾ ਦੇ ਵੱਡੇ ਥੰਮ ਸਨ। ਉਹ ਦੱਬੇ ਕੁਚਲੇ ਲੋਕਾਂ ਤੇ ਕਿਰਤੀ ਕਾਮਿਆਂ ਦੇ ਸਾਹਿਤਕਾਰ ਸਨ ਤੇ ਇਹਨਾਂ ਲੋਕਾਂ ਦਾ ਜੀਵਨ ਹੀ ਉਹਨਾਂ ਦੀ ਸਾਹਿਤ ਰਚਨਾ ਤੇ ਸਰਗਰਮੀ ਦਾ ਧੁਰਾ ਰਿਹਾ। ਜੋਕਾਂ ਤੇ ਲੋਕਾਂ ਦੀ ਵੰਡ ਵਾਲੇ ਜਮਾਤੀ ਸਮਾਜ 'ਚ ਉਹ ਲੋਕਾਂ ਦੇ ਪੱਖ 'ਚ ਵਗਦੀ ਧਾਰਾ ਦੇ ਮੋਢੀ ਸਾਹਿਤਕਾਰਾਂ 'ਚ ਸ਼ੁਮਾਰ ਸਨ। ਪੰਜਾਬੀ ਸਾਹਿਤ ਦੀ ਲੋਕ ਪੱਖੀ ਵਿਰਾਸਤ ਨੂੰ ਅੱਗੇ ਤੋਰਦਿਆਂ ਉਹਨਾਂ ਪੰਜਾਬੀ ਨਾਵਲ ਨੂੰ ਨਵੀਆਂ ਬੁਲੰਦੀਆਂ 'ਤੇ ਪਹੁੰਚਾਇਆ। ਉਹਨਾਂ ਦੇ ਨਾਵਲਾਂ 'ਚ ਕਿਰਤੀਆਂ ਦੀ ਜ਼ਿੰਦਗੀ ਦਾ ਯਥਾਰਥ ਬਹੁਤ ਖੂਬਸੂਰਤੀ ਨਾਲ ਇਉਂ ਪੇਸ਼ ਹੋਇਆ ਕਿ ਉਹਨਾਂ ਦੇ ਨਾਵਲਾਂ ਦੇ ਨਾਇਕ ਜਗਸੀਰ ਤੇ ਬਿਸ਼ਨੇ ਵਰਗੇ ਪੰਜਾਬੀ ਸਾਹਿਤ ਜਗਤ ਦੇ ਮਕਬੂਲ ਪਾਤਰ ਬਣ ਗਏ। ਉਹਨਾਂ ਦਾ ਸਾਹਿਤਕ ਵਿਰਸਾ ਤੇ ਘਾਲਣਾ ਪੰਜਾਬ ਦੇ ਲੋਕਾਂ ਲਈ ਬਹੁਤ ਮੁੱਲਵਾਨ ਹੈ। ਪੰਜਾਬੀ ਨਾਵਲ ਦੇ ਖੇਤਰ 'ਚ ਉਹਨਾਂ ਦੀਆਂ ਪਾਈਆਂ ਪੈੜਾਂ ਅਮਿੱਟ ਹਨ। ਪੰਜਾਬ ਦੇ ਕਿਰਤੀ ਜੀਵਨ ਦੀ ਹਕੀਕਤ ਨੂੰ ਚਿਤਰਣ 'ਚ ਕੋਈ ਨਾਵਲਕਾਰ ਉਹਨਾਂ ਦਾ ਸਾਨੀ ਨਹੀਂ। ਏਸੇ ਲਈ ਪੰਜਾਬੀ ਨਾਵਲ ਦੇ ਖੇਤਰ 'ਚ ਪਏ ਇਸ ਵੱਡੇ ਖਲਾਅ ਨੂੰ ਪੂਰਨ 'ਚ ਅਜੇ ਸਮਾਂ ਲੱਗੇਗਾ।

ਪੰਜਾਬ ਦੇ ਕਿਰਤੀਆਂ ਦੇ ਜੀਵਨ ਬਾਰੇ ਡੂੰਘੀ ਪਕੜ ਦਾ ਆਧਾਰ ਉਹਨਾਂ ਦਾ ਅਜਿਹੇ ਜੀਵਨ ਬਾਰੇ ਸਿੱਧਾ ਅਨੁਭਵ ਸੀ। ਉਹ ਕਿਹਾ ਕਰਦੇ ਸਨ ਕਿ ਭਾਵੇਂ ਉਹਨਾਂ ਹਜ਼ਾਰਾਂ ਕਿਤਾਬਾਂ ਪੜੀਆਂ ਹਨ ਤੇ ਪ੍ਰਾਇਮਰੀ ਸਕੂਲ ਤੋਂ ਲੈ ਕੇ ਕਾਲਜ ਤੱਕ ਅਧਿਆਪਨ ਦਾ ਕੰਮ ਕੀਤਾ ਹੈ, ਪਰ ਜੋ ਅਨੁਭਵ ਉਹਨਾਂ ਚੜ੍ਹਦੀ ਜਵਾਨੀ 'ਚ ਕਿਰਤ ਕਰਦਿਆਂ ਹਾਸਲ ਕੀਤੇ ਹਨ ਉਹ ਕਿਤੋਂ ਹੋਰ ਹਾਸਲ ਨਹੀਂ ਹੋ ਸਕਦੇ ਸਨ। ਤੇ ਇਹੀ ਅਨੁਭਵ ਮੇਰੀ ਸਾਹਿਤ ਸਿਰਜਣਾ ਲਈ ਆਧਾਰ ਬਣੇ ਹਨ। ਉਹਨਾਂ ਆਮ ਕਿਰਤੀ ਲੋਕਾਈ ਦੀਆਂ ਸੋਚਾਂ ਉਮੰਗਾਂ ਤੇ ਅਨੁਭਵਾਂ ਨੂੰ ਹਮੇਸ਼ਾਂ ਮਹੱਤਵ ਦਿੱਤਾ ਤੇ ਲੋਕ-ਸਿਆਣਪ ਦੇ ਕਾਇਲ ਰਹੇ। ਉਹਨਾਂ ਹਮੇਸ਼ਾਂ ਸਾਹਿਤ ਸਿਰਜਣਾ ਤੇ ਆਮ ਲੋਕਾਂ ਦੇ ਅਨੁਭਵਾਂ ਦੇ ਗੂੜ੍ਹੇ ਰਿਸ਼ਤੇ ਦੀ ਗੱਲ ਕੀਤੀ ਤੇ ਸਾਹਿਤ ਦੇ ਜ਼ਿੰਦਗੀ ਨਾਲ ਰਿਸ਼ਤੇ ਦੇ ਮਹੱਤਵ ਨੂੰ ਦਰਸਾਇਆ।

ਉਹਨਾਂ ਦੇ ਨਾਵਲਾਂ 'ਚ ਕਿਰਤੀ ਜ਼ਿੰਦਗੀ ਬਾਰੇ ਅਜਿਹੀ ਅਮੀਰ ਤੇ ਭਰਪੂਰ ਸਮੱਗਰੀ ਮੌਜੂਦ ਹੈ ਜਿੰਨਾਂ ਦੀ ਵਰਤੋਂ ਅਜਮੇਰ ਔਲਖ ਵਰਗੇ ਲੋਕ ਨਾਟਕਕਾਰਾਂ ਨੇ ਆਪਣੇ ਨਾਟਕਾਂ 'ਚ ਕੀਤੀ ਤੇ ਇਹ ਪਿੰਡਾਂ ਦੀਆਂ ਸੱਥਾਂ 'ਚ ਜਾ ਪਹੁੰਚੀ।

ਸ਼ੁਰੂ ਦੇ ਸਮੇਂ 'ਚ ਭਾਰਤ ਦੇ ਲੋਕਾਂ ਵੱਲੋਂ ਅੰਗਰੇਜ਼ ਬਸਤੀਵਾਦੀਆਂ ਖਿਲਾਫ਼ ਲੜੇ ਗਏ ਮੁਕਤੀ ਸੰਗਰਾਮ ਦੀਆਂ ਝਲਕਾਂ ਦੀ ਉਹਨਾਂ ਦੀਆਂ ਸਾਹਿਤਕ ਕਿਰਤਾਂ ਦਾ ਅੰਗ ਬਣੀਆਂ। ਜ਼ਿੰਦਗੀ ਭਰ ਉਹ ਵੱਖ ਵੱਖ ਮੋੜਾਂ ਮੌਕੇ ਹਮੇਸ਼ਾਂ ਲੋਕਾਂ ਦੇ ਪੱਖ 'ਚ ਖੜਦੇ ਰਹੇ। ਖਾਸ ਕਰ 80 ਵਿਆਂ ਦੇ ਦਹਾਕੇ 'ਚ ਫਿਰਕਾਪ੍ਰਸਤੀ ਤੇ ਹਕੂਮਤੀ ਜਾਬਰ ਹੱਲੇ ਦੇ ਦੌਰ 'ਚ ਉਹ ਲੋਕਾਂ ਨਾਲ ਖੜ੍ਹੇ ਤੇ ਹਰ ਤਰਾਂ ਦੇ ਜਬਰ ਦਾ ਵਿਰੋਧ ਕੀਤਾ। ਸ਼ਹੀਦ ਭਗਤ ਸਿੰਘ ਦੇ 100 ਸਾਲਾ ਜਨਮ ਦਿਹਾੜੇ ਮੌਕੇ ਲੋਕਾਂ ਦੀ ਧਿਰ ਵੱਲੋਂ ਚੱਲੀ ਇਤਿਹਾਸਕ "ਰਾਜ ਬਦਲੋ—ਸਮਾਜ ਬਦਲੋ" ਮੁਹਿੰਮ ਤੇ ਸਮਾਗਮ ਦਾ ਸੱਦਾ ਦੇਣ ਵਾਲੀਆਂ ਜਨਤਕ ਸਖਸ਼ੀਅਤਾਂ 'ਚ ਉਹ ਵੀ ਸ਼ੁਮਾਰ ਸਨ। ਲਗਭਗ ਡੇਢ ਦੋ ਦਹਾਕੇ ਪਹਿਲਾਂ ਬਾਦਲ ਹਕੂਮਤ ਵੱਲੋਂ ਪਹਿਲੀ ਜਮਾਤ ਤੋਂ ਅੰਗਰੇਜ਼ੀ ਲਾਗੂ ਕਰਨ ਦੇ ਸਾਮਰਾਜੀ ਚਾਕਰੀ ਵਾਲੇ ਫੁਰਮਾਨਾਂ ਦਾ ਉਹਨਾਂ ਡਟਵਾਂ ਵਿਰੋਧ ਕੀਤਾ ਤੇ ਇਹਨਾਂ ਖਿਲਾਫ਼ ਸਿੱਖਿਆ ਸ਼ਾਸਤਰੀਆਂ ਅਤੇ ਭਾਸ਼ਾ ਵਿਗਿਆਨੀਆਂ ਦੇ ਵਿਗਿਆਨਕ ਨੁਕਤਾ ਨਜ਼ਰ ਤੋਂ ਵਿਚਾਰਾਂ ਦਾ ਛਿੱਟਾ ਦਿੱਤਾ। ਹਾਕਮ ਜਮਾਤੀ ਪ੍ਰਚਾਰ ਸਾਧਨਾਂ ਵੱਲੋਂ ਵਿਕਾਊ ਕਲਾ ਪਰੋਸਣ ਦੇ ਦੌਰ 'ਚ ਆਮ ਲੋਕਾਂ ਦੀਆਂ ਦੁਸ਼ਵਾਰੀਆਂ ਦੇ ਮੁੱਦੇ ਜਦੋਂ ਲਾਂਭੇ ਕਰ ਦਿੱਤੇ ਗਏ ਹਨ ਤਾਂ ਅਜਿਹੇ ਸਮੇਂ ਗੁਰਦਿਆਲ ਸਿੰਘ ਵਰਗੇ ਸਾਹਿਤਕਾਰਾਂ ਦੀ ਹੋਰ ਵਧੇਰੇ ਜ਼ਰੂਰਤ ਹੈ।

ਆਗੂਆਂ ਨੇ ਕਿਹਾ ਪੰਜਾਬ ਦੇ ਕਿਰਤੀਆਂ ਕੋਲੋਂ ਉਹਨਾਂ ਦੇ ਦੁੱਖਾਂ-ਸੁੱਖਾਂ ਦਾ ਸੂਖਮਤਾ ਨਾਲ ਚਿਤਰਨ ਕਰਨ ਵਾਲਾ ਵੱਡਾ ਸਾਹਿਤਕਾਰ ਖੁੱਸ ਗਿਆ ਹੈ। ਪਰ ਉਸਦੀ ਵਿਰਾਸਤ ਨੂੰ ਬੁਲੰਦ ਕਰਕੇ ਤੇ ਉਸਦੀਆਂ ਪੈੜਾਂ ਤੇ ਕਦਮ ਟਿਕਾਕੇ ਪੰਜਾਬੀ ਸਾਹਿਤਕਾਰ ਅਗਲਾ ਸਫ਼ਰ ਤੈਅ ਕਰ ਸਕਦੇ ਹਨ। ਉਹਨਾਂ ਕਿਹਾ ਕਿ ਸਲਾਮ ਕਾਫ਼ਲੇ ਦੇ ਕਾਰਕੁੰਨ ਗੁਰਦਿਆਲ ਸਿੰਘ ਨੂੰ ਅੰਤਮ ਵਿਦਾਇਗੀ ਦੇਣ ਅਤੇ ਉਹਨਾਂ ਦੀ ਸਾਹਿਤਕ ਦੇਣ ਨੂੰ ਸਲਾਮ ਕਰਨ ਲਈ ਕੱਲ ਨੂੰ ਜੈਤੋ ਪੁੱਜਣਗੇ।

**ਜਸਪਾਲ ਜੱਸੀ, ਕਨਵੀਨਰ**
**ਪਾਵੇਲ ਕੁੱਸਾ, ਟੀਮ ਮੈਂਬਰ**
(9417054015)

17 ਅਗਸਤ ਸ਼ਹੀਦੀ ਦਿਵਸ 'ਤੇ

# ਹਜ਼ਾਰ ਕੋਸ਼ਿਸ਼ ਕੀ ਉਨੋ ਨੇ, ਮਿਟਤਾ ਨਹੀਂ ਨਿਸ਼ਾਂ ਮਗਰ

ਮਨਦੀਪ

ਅਮਰ ਸ਼ਹੀਦ ਮਦਨ ਲਾਲ ਢੀਂਗਰਾ ਪਹਿਲਾ ਭਾਰਤੀ ਅਜ਼ਾਦੀ ਘੁਲਾਟਿਆ ਹੈ ਜਿਸਨੂੰ 17 ਅਗਸਤ 1909 ਨੂੰ ਲੰਡਨ ਵਿਖੇ ਫਾਂਸੀ ਦਿੱਤੀ ਗਈ । ਮਦਨ ਲਾਲ ਢੀਂਗਰਾ ਦੀ ਕੁਰਬਾਨੀ ਦੀ ਗਾਥਾ ਲਾ-ਮਿਸਾਲ ਹੈ। ਬਰਤਾਨਵੀਂ ਜੂਲੇ ਹੇਠ ਪਿਸਦੇ ਗੁਲਾਮ ਹਿੰਦੋਸਤਾਨ ਦੇ ਸਭ ਤੋਂ ਰਾਇਸ ਘਰਾਣੇ 'ਚ ਪੈਦਾ ਹੋਇਆ ਮਦਨ 26 ਸਾਲਾ ਸੁਝਵਾਨ ਤੇ ਸਿਦਕੀ ਨੌਜਵਾਨ ਸੀ।

ਮਦਨ ਲਾਲ ਢੀਂਗਰਾ ਦਾ ਜਨਮ 18 ਫਰਵਰੀ1883 ਨੂੰ ਅੰਮ੍ਰਿਤਸਰ ਵਿਖੇ ਹੋਇਆ। ਉਸਦੇ ਸਿਵਲ ਸਰਜਨ ਪਿਤਾ ਡਾ. ਸਾਹਿਬ ਦਿੱਤਾ ਮੱਲ ਅੰਗਰੇਜ ਭਗਤ ਸਨ। ਉਹਨਾਂ ਨੂੰ ਬਰਤਾਨਵੀ ਵਫਾਦਾਰੀ ਲਈ 'ਰਾਏ ਸਾਹਿਬ' ਦੀ ਉਪਾਧੀ ਤੋਂ ਇਲਾਵਾ ਕੋਟੜਾ ਸ਼ੇਰ ਸਿੰਘ ਵਿਖੇ 21 ਮਕਾਨ, ਜੀ.ਟੀ. ਰੋਡ ਤੇ 6 ਬੰਗਲੇ, 6 ਬੱਗੀਆਂ, ਕਾਰ ਤੇ ਕਈ ਬਿੱਘੇ ਜ਼ਮੀਨ ਦੀਆਂ ਨਿਆਮਤਾਂ ਪ੍ਰਾਪਤ ਸਨ। ਉਹਨਾਂ ਦੇ ਤਿੰਨ ਡਾਕਟਰ ਤੇ ਤਿੰਨ ਬਰਿਸਟਰ ਪੁੱਤਰਾਂ 'ਚੋਂ ਮਦਨ ਵੱਖਰੇ ਸੁਭਾਅ ਦਾ ਮਾਲਕ ਸੀ ।

ਮਦਨ ਪੜ੍ਹਾਈ ਤੇ ਖੇਡਾਂ ਵਿੱਚ ਚੰਗਾ ਸੀ ਉਸਨੇ ਮੁਢਲੀ ਪੜ੍ਹਾਈ ਅਮ੍ਰਿਤਸਰ ਤੇ ਲਾਹੌਰ ਤੋਂ ਪ੍ਰਾਪਤ ਕੀਤੀ। ਸਰਕਾਰੀ ਕਾਲਜ਼ ਲਾਹੌਰ ਦੇ ਪ੍ਰਿੰਸੀਪਲ ਖਿਲਾਫ ਮੁਜ਼ਾਹਰੇ ਦੀ ਅਗਵਾਈ ਕਰਨ ਤੇ ਉਸਨੂੰ ਕਾਲਜ ਵਿੱਚੋਂ ਕੱਢ ਦਿੱਤਾ ਗਿਆ। ਉਦੋਂ ਉਹ ਐਮ. ਏ. ਦਾ ਵਿਦਿਆਰਥੀ ਤੇ ਰਾਸ਼ਟਰੀ ਸਵਦੇਸ਼ੀ ਲਹਿਰ ਤੋਂ ਪ੍ਰਭਾਵਿਤ ਸੀ। ਕਾਲਜ ਤੋਂ ਕੱਢੇ ਜਾਣ ਤੇ ਮਦਨ ਕਲਰਕ, ਰਿਕਸ਼ਾ ਚਾਲਕ ਤੇ ਫੈਕਟਰੀ ਮਜ਼ਦੂਰ ਵਜੋਂ ਸਖਤ ਮਿਹਨਤ ਕਰਦਾ ਰਿਹਾ। ਪੂਰਾ ਪਰਿਵਾਰ ਅੰਗਰੇਜ਼ ਵਫਾਦਾਰ ਹੋਣ ਕਾਰਨ ਉਸਦੀਆਂ ਇਨ੍ਹਾਂ ਹਰਕਤਾਂ ਨੂੰ ਪਸੰਦ ਨਹੀਂ ਕੀਤਾ ਸੀ ਕਰਦਾ।

1906 ਵਿੱਚ ਮਦਨ ਮਕੈਨਿਕਲ ਇੰਜੀਨੀਅਰ ਦੀ ਪੜ੍ਹਾਈ ਲਈ ਪਿਤਾ ਦੀ ਇੱਛਾ ਦੇ ਉਲਟ ਇੰਗਲੈਂਡ ਚਲਾ ਗਿਆ। ਲੰਡਨ ਦੇ ਯੂਨੀਵਰਸਿਟੀ ਕਾਲਜ 'ਚ ਦਾਖਲ ਹੋ ਕੇ ਉਸਨੇ ਭਾਰਤੀ ਵਿਦਿਆਰਥੀਆਂ ਤੇ ਇੰਗਲੈਂਡ ਦੇ ਗਰੀਬਾਂ ਦੀ ਮਾੜੀ ਹਾਲਤ ਨੂੰ ਨੇੜਿਓਂ ਤੱਕਿਆ। ਇੱਥੇ ਆ ਕੇ ਉਸਨੂੰ ਪਹਿਲੀ ਵਾਰ ਗੁਲਾਮੀ ਦਾ ਅਹਿਸਾਸ ਹੋਇਆ। ਉਸਨੇ ਦੇਖਿਆ ਕਿ ਦੁਨੀਆਂ ਦੇ ਵੱਡੇ ਹਿੱਸੇ ਉਪਰ ਰਾਜ ਕਰਨ ਵਾਲੇ ਯੂਰਪ ਦੇ ਸਵਰਗੀ ਦੇਸ਼ਾਂ ਅੰਦਰ ਵੀ ਕਿਰਤੀਆਂ ਦੀ ਹਾਲਤ ਗੁਲਾਮ ਭਾਰਤੀਆਂ ਵਰਗੀ ਹੀ ਹੈ। ਉਸਨੇ ਦੇਖਿਆ ਕਿ ਅੰਗਰੇਜ਼ ਹਿੰਦੋਸਤਾਨੀ ਲੋਕਾਂ ਨੂੰ ਜ਼ੋਤਸ਼ੀ, ਠੱਗ, ਮੰਗਤੇ, ਅਨਪੜ੍ਹ-ਜਾਹਲ, ਹੱਥ ਦੇਖਣ ਵਾਲੇ ਤੇ ਸਪੇਰਿਆਂ ਦੀ ਜ਼ਮਾਤ ਸਮਝਦੇ ਹਨ। ਰੈਸਟੋਰੈਂਟਾਂ ਤੇ ਉੱਚ ਸੰਸਥਾਵਾਂ ਅੱਗੇ ਮੋਟੇ ਅੱਖਰਾਂ 'ਚ 'ਹਿੰਦੋਸਤਾਨੀ ਤੇ ਕੁੱਤਿਆਂ ਦਾ ਅੰਦਰ ਆਉਣਾ ਮਨ੍ਹਾਂ ਹੈ' ਲਿਖਕੇ ਲਗਾਏ ਬੋਰਡ ਉਸਦੀ ਗੈਰਤ ਨੂੰ ਝੰਜੋੜਦੇ ਸਨ। ਜਲਦ ਹੀ ਉਸਨੇ ਸਮਝ ਲਿਆ ਕਿ ਅੰਗਰੇਜ਼ ਹਾਕਮ ਕਮਜ਼ੋਰ ਦੇਸ਼ਾਂ ਉੱਪਰ ਧੱਕੇ, ਜ਼ੋਰ-ਜ਼ਬਰ ਤੇ ਜੰਗਾਂ ਰਾਹੀਂ ਹੀ ਰਾਜ ਕਰ ਰਹੇ ਹਨ। ਜਦ ਇਹ ਦੁਨੀਆਂ 'ਚ ਅਮਨ ਸ਼ਾਂਤੀ ਕਇਮ ਰੱਖਣ ਦੀ ਗੱਲ ਕਰਦੇ ਹਨ ਉਦੋਂ ਵੀ ਇਹਨਾਂ ਅੰਦਰ, ਜਿਸ ਤਰ੍ਹਾਂ ਵੀ ਹੋ ਸਕੇ ਕਮਜ਼ੋਰ ਦੇਸ਼ਾਂ ਤੇ ਕਬਜ਼ਾ ਕਰਨ ਦੀ ਮਨਸ਼ਾ ਹੁੰਦੀ ਹੈ।

ਇਸੇ ਦੌਰਾਨ ਮਦਨ ਦਾ ਸੰਪਰਕ ਲੰਡਨ 'ਚ ਰਹਿੰਦੇ ਇਨਕਲਾਬੀ ਤੇ ਰਾਸ਼ਟਰਵਾਦੀਆਂ ਨਾਲ ਹੋਇਆ। ਉਹ ਵਿਨਾਇਕ ਦਮੋਦਰ ਸਾਵਰਕਰ ਤੇ ਸ਼ਿਆਮਜੀ ਕ੍ਰਿਸ਼ਨ ਵਰਮਾ ਤੋਂ ਬਹੁਤ ਪ੍ਰਭਾਵਿਤ ਹੋਇਆ ਤੇ ਇੰਡੀਅਨ ਹੋਮ ਰੂਲ ਸੁਸਾਇਟੀ, ਅਭਨਵ ਭਾਰਤ ਤੇ ਇੰਡੀਆ ਹਾਊਸ 'ਚ ਸਰਗਰਮ ਰਿਹਾ ।

ਇੰਡੀਆ ਹਾਊਸ ਸ਼ਿਆਮਜੀ ਕ੍ਰਿਸ਼ਨ ਵਰਮਾ ਦੁਆਰਾ ਉਸਾਰੀ ਗਈ ਇੱਕ ਪ੍ਰਤੀਬੱਧ ਸੰਸਥਾ ਸੀ, ਜਿਸਦਾ ਮਕਸਦ ਲੰਡਨ ਦੇ ਭਾਰਤੀ ਵਿਦਿਆਰਥੀਆਂ ਨੂੰ ਇੰਡੀਅਨ ਐਸੋਸੀਏਸ਼ਨ (ਇੰਡੀਅਨ ਐਸੋਸੀਏਸ਼ਨ ਦੇ ਕਰਤਾ ਧਰਤਾ ਹਿੰਦੋਸਤਾਨ 'ਚ ਵੱਡੇ ਆਹੁਦਿਆਂ ਤੇ ਰਹਿ ਚੁਕੇ ਅੰਗਰੇਜ਼ ਅਫਸਰ ਸਨ, ਜਿਸਦਾ ਮੰਤਵ ਲੰਡਨ 'ਚ ਰਹਿ ਰਹੇ ਭਾਰਤੀ ਵਿਦਿਆਰਥੀਆਂ ਨੂੰ ਰਿਆਇਤਾਂ ਨਾਲ ਗੁਲਾਮੀ ਦੀ ਗੁੜਤੀ ਦੇ ਕੇ ਬਰਤਾਨਵੀਂ ਸਲਤਨਤ ਦੀ ਮਸ਼ੀਨ ਦਾ ਪੁਰਜਾ ਬਨਾਉਣਾ ਸੀ) ਦੇ ਪ੍ਰਭਾਵ ਤੋਂ ਬਚਾਉਣਾ, ਉਨ੍ਹਾਂ ਨੂੰ ਸਰਕਾਰੀ ਆਹੁਦਿਆਂ ਦੀ ਭੁੱਖ ਤੇ ਲਾਲਚ ਤੋਂ ਛੁਟਕਾਰਾ ਦਿਵਾਉਣਾ ਅਤੇ ਉਨ੍ਹਾਂ ਨੂੰ ਦੇਸ਼ ਦੀ ਅਜ਼ਾਦੀ ਦੇ ਘੋਲ ਵਿੱਚ ਲਿਆ ਕੇ ਸੁਤੰਤਰਤਾ ਅੰਦੋਲਨ ਨੂੰ ਤੇਜ਼ ਕਰਨਾ ਸੀ। ਲਾਲਾ ਹਰਦਿਆਲ, ਵਰਿੰਦਰ ਨਾਥ ਚਟੋਪਾਧੀਆ, ਮੈਡਮ ਕਾਮਾ ਤੇ ਤਿਲਕ ਵਰਗੇ ਅਨੇਕਾਂ ਦੇਸ਼ ਭਗਤ ਇਸ ਸੰਸਥਾ ਨਾਲ ਜੁੜੇ ਹੋਏ ਸਨ।

ਇਕ ਵਾਰ ਲੰਡਨ 'ਚ ਉੱਚ ਅੰਗਰੇਜ਼ ਅਧਿਕਾਰੀਆਂ ਨੇ 1857 ਦੇ ਗਦਰ ਨੂੰ ਕੁਚਲਨ ਦੀ ਜਿੱਤ ਵਜੋਂ 'ਥੈਂਕਸ ਗਿਵਿੰਗ ਡੇ' (ਧੰਨਵਾਦ ਦਿਵਸ) ਮਨਾਇਆ। ਜਿਸ ਵਿੱਚ ਅੰਗਰੇਜ਼ਾਂ ਦੁਆਰਾ ਕੀਤੇ ਲੁੱਟ ਜ਼ਬਰ ਦੇ ਸੋਹਲੇ ਤੇ ਹਿੰਦੋਸਤਾਨੀ ਸਿਪਾਹੀਆਂ ਨੂੰ ਕਾਇਰ, ਵਹਿਸ਼ੀ ਤੇ ਗਦਾਰ ਵਜੋਂ ਪੇਸ਼ ਕੀਤਾ ਗਿਆ। ਇੰਗਲੈਂਡ ਦੀ ਪ੍ਰੈਸ ਨੇ ਇਸਨੂੰ ਵੱਡੀ ਪਧਰ ਤੇ ਪ੍ਰਚਾਰਿਆ। ਬਦਲੇ 'ਚ ਇੰਡੀਆ ਹਾਊਸ ਦੇ ਨੌਜਵਾਨ ਵਿਦਿਆਰਥੀਆਂ ਨੇ ਹਿੰਦੋਸਤਾਨ ਦੀ 1857 ਦੀ ਪਹਿਲੀ ਜੰਗ-ਏ-ਅਜ਼ਾਦੀ ਦੀ ਯਾਦ ਨੂੰ ਪੂਰੇ ਜੱਥੇਬੰਦਕ ਢੰਗ ਨਾਲ ਮਨਾਇਆ। ਬਹਾਦਰ ਸ਼ਾਹ, ਨਾਨਾ ਸਾਹਿਬ, ਰਾਣੀ ਝਾਂਸੀ, ਤਾਂਤੀਆ ਟੋਪੇ, ਰਾਜਾ ਕੰਵਰ ਸਿੰਘ, ਮੌਲਵੀ ਅਹਿਮਦ ਸ਼ਾਹ ਤੇ ਹੋਰ ਅਨੇਕਾਂ ਸ਼ਹੀਦਾਂ ਦੇ ਨਾਮ ਲਾਲ ਕੱਪੜੇ ਉਪਰ ਸੁਨਹਿਰੀ ਅੱਖਰਾਂ 'ਚ ਲਿਖਕੇ ਉਹਨਾਂ ਦੀ ਕੁਰਬਾਨੀ ਨੂੰ ਯਾਦ ਕੀਤਾ ਗਿਆ। ਇਸ ਸਮੇਂ ਵੀਰ ਸਾਵਰਕਰ ਨੇ ਆਪਣੀ ਤਕਰੀਰ ਵਿੱਚ ਕਿਹਾ 'ਅੰਗਰੇਜ਼ਾਂ ਨੇ ਸਾਡੇ ਸ਼ਹੀਦਾਂ ਨੂੰ ਵਹਿਸ਼ੀ, ਜਾਨਵਰ, ਸਭਿਤਾਹੀਣ, ਜਾਲਮ, ਜਾਹਲ ਤੇ ਕਾਤਲ ਆਖਕੇ ਸਾਡੀ ਅਣਖ ਨੂੰ ਵੰਗਾਰਿਆ ਹੈ, ਆ ਅੱਜ ਸ਼ਹੀਦਾਂ ਦੀਆਂ ਆਤਮਾਵਾਂ ਨੂੰ ਦੱਸੀਏ ਕਿ ਅਸੀਂ ਤੁਹਾਡੀ ਉਠਾਈ ਅਵਾਜ਼ ਨੂੰ ਫਿਰ ਉਠਾਵਾਂਗੇ, ਤੁਹਾਡੇ ਸ਼ਹੀਦੀ ਝੰਡੇ ਨੂੰ ਫਿਰ ਝੁਲਾਵਾਂਗੇ। ਤੁਹਾਡੀ ਅਜ਼ਾਦੀ ਦੀ ਸ਼ੁਰੂ ਕੀਤੀ ਜੰਗ ਉਨੀ ਦੇਰ ਜ਼ਾਰੀ ਰਹੇਗੀ, ਜਦ ਤੱਕ ਪੂਰਨ ਸੁਤੰਤਰਤਾ ਨਹੀ ਲੈ ਲੈਂਦੇ।..ਜੋ ਜੰਗ ਅਠ੍ਹਾਰਾਂ ਸੌ ਸੱਤਵੰਜਾਂ ਵਿਚ ਛਿੜੀ ਸੀ, ਉਹ ਅੱਜ ਵੀ ਜਾਰੀ ਹੈ ਤੇ ਜਦ ਤੱਕ ਅਜ਼ਾਦੀ ਨਹੀਂ ਮਿਲ ਜਾਂਦੀ, ਜਾਰੀ ਰਹੇਗੀ।' ਉਨ੍ਹਾਂ ਨੌਜਵਾਨ ਵਿਦਿਆਰਥੀਆਂ ਨੂੰ ਉੱਠ ਖੜ੍ਹੇ ਹੋਣ ਦਾ ਸੱਦਾ ਦਿੱਤਾ। ਇੰਡੀਆ ਹਾਊਸ ਵੱਲੋਂ ਮੀਟਿੰਗਾਂ, ਬਹਿਸਾਂ ਤੇ ਅਧਿਐਨ ਮੰਡਲੀਆਂ ਵਿਕਸਿਤ ਕੀਤੀਆਂ ਗਈਆਂ। 'ਯੁਗਾਂਤਰ' ਦੀਆਂ ਸਾਰੀਆਂ ਲਿਖਤਾਂ ਸਮੂਹਿਕ ਤੌਰ 'ਤੇ ਪੜ੍ਹੀਆਂ ਜਾਂਦੀਆ। ਵੱਖ-ਵੱਖ ਵਿਸ਼ਿਆਂ ਤੇ ਮਹੱਤਵਪੂਰਨ ਭਾਸ਼ਣ ਕੀਤੇ ਜਾਂਦੇ। ਸਾਵਰਕਰ ਹਰ ਕੀਮਤ ਤੇ ਅਜ਼ਾਦੀ ਚਾਹੁੰਦੇ ਸਨ। ਉਹਨਾਂ ਨੇ ਮਦਨ ਨੂੰ ਆਰਮੀ ਟਰੇਨਿੰਗ ਵੀ ਦਿੱਤੀ। ਭਾਰਤੀ ਵਿਦਿਆਰਥੀ ਰਾਜਨਿਤਕ ਗਤੀਵਿਧੀਆਂ ਕਰਨ ਦੇ ਅਧਾਰ ਤੇ ਇੰਡੀਆ ਹਾਊਸ ਦੀ ਮੈਂਬਰਸ਼ਿਪ ਹਾਸਲ ਕਰ ਸਕਦੇ ਸਨ।

ਮੈਂਬਰ ਪਾਰਲੀਮੈਂਟ ਬ੍ਰਿਟਿਸ਼ ਤੇ ਭਾਰਤੀ ਰਾਜ ਦੇ ਸੈਕਟਰੀ ਦਾ ਐਡਵਾਇਜ਼ਰ ਸਰ ਵਿਲੀਅਮ ਹੱਟ ਕਰਜ਼ਨ ਵਾਇਲੀ ਹਿੰਦੋਸਤਾਨੀ ਵਿਦਿਆਰਥੀਆਂ ਨੂੰ ਸਿਵਲ ਸਰਵਿਸ ਦੇ ਲਾਲਚ ਦੇ ਕੇ ਗੁਲਾਮੀ ਦੀ ਗੁੜਤੀ ਦੇਣ ਦਾ ਵੱਡਾ ਠੇਕੇਦਾਰ ਸੀ। ਉਹ ਸਰਕਾਰੀ ਪਿੱਠੂ ਹਿੰਦੋਸਤਾਨੀਆਂ ਦਾ ਬਹੁਤ ਚਹੇਤਾ ਸੀ। ਉਹ ਵਲੈਤ 'ਚ ਪੜ੍ਹਨ ਵਾਲੇ ਵਿਦਿਆਰਥੀ ਤੇ ਉਹਨਾਂ ਦੇ ਮਾਪਿਆਂ ਨੂੰ 'ਚੰਗੇ ਕਿਰਦਾਰ' ਤੇ 'ਬਰਤਾਨਵੀ ਵਫਾਦਾਰੀ' ਲਈ ਚਿੱਠੀ-ਪੱਤਰ ਰਾਹੀਂ ਅਕਸਰ ਖ਼ਬਰਦਾਰ ਕਰਦਾ ਰਹਿੰਦਾ। ਉਸਨੇ ਕਿਨਕੇਡ ਤੋਂ ਚਿਰੋਲ ਦੇ ਨਾਂ ਹੇਠ ਹਿੰਦੋਸਤਾਨੀ ਕਰਾਂਤੀਕਾਰੀਆਂ ਖਿਲਾਫ ਕਈ ਲੇਖ ਵੀ ਲਿਖਵਾਏ। ਇੰਡੀਆ ਹਾਊਸ ਤੇ ਕਰਾਂਤੀਕਾਰੀ ਲਹਿਰ ਨੂੰ ਦਬਾਉਣ ਲਈ ਉਸਨੇ ਸਿਰਤੋੜ ਯਤਨ ਕੀਤੇ। ਬ੍ਰਿਟਿਸ਼ ਪ੍ਰੈਸ (ਖਾਸਕਰ ਲੰਡਨ ਟਾਇਮਜ਼ ਤੇ ਸਟੈਂਡਰਡ) ਨੇ ਉਸਦਾ ਪੂਰਾ ਸਾਥ ਦਿੱਤਾ। ਜਲਸਿਆਂ ਤੋਂ ਘਬਰਾ ਕੇ ਇਹਨਾਂ ਅਖਬਾਰਾਂ ਨੇ ਪ੍ਰਚਾਰਨਾ ਸ਼ੁਰੂ ਕੀਤਾ ਕਿ ਇੰਗਲੈਂਡ ਦੀਆਂ ਯੂਨੀਵਰਸਿਟੀਆਂ 'ਚ ਪੜ੍ਹਦੇ ਨੌਜਵਾਨ ਹਥਿਆਰਬੰਦ ਬਗਾਵਤ ਕਰਨ ਲਈ ਤਿਆਰ ਕੀਤੇ ਜਾ ਰਹੇ ਹਨ। ਇੰਡੀਆ ਹਾਊਸ ਉੱਤੇ ਸਕਾਟਲੈਂਡ ਯਾਰਡ ਦਾ ਪਹਿਰਾ ਲਗਾ ਦਿੱਤਾ।

1 ਜੁਲਾਈ 1909 ਨੂੰ ਬਰਤਾਨੀਆਂ ਦੇ ਉੱਚ ਅਫਸਰਾਂ ਦੀ ਬਣਾਈ ਇੰਡੀਅਨ ਐਸੋਸੀਏਸ਼ਨ ਦਾ ਜਲਸਾ ਇੰਪੀਰੀਅਲ ਇੰਟੀਚਿਊਟ 'ਚ ਆਯੋਜਿਤ ਕੀਤਾ ਗਿਆ। ਜਹਾਂਗੀਰ ਹਾਲ 'ਚ ਅੰਗਰੇਜ਼ੀ 'ਚ ਤਕਰੀਰਾਂ ਹੋਈਆਂ। ਕੁਝ ਗੀਤ ਹਿੰਦੋਸਤਾਨੀ ਬੋਲੀਆਂ 'ਚ ਵੀ ਗਾਏ ਗਏ। ਜਲਸੇ ਦੇ ਖਤਮ ਹੋਣ ਤੇ ਅਚਾਨਕ ਗੋਲੀਆਂ ਦੀ ਅਵਾਜ਼ ਆਈ। ਮਦਨ ਲਾਲ ਢੀਂਗਰਾ ਨੇ ਆਪਣੇ ਪਿਸਤੌਲ ਨਾਲ ਕਰਜ਼ਨ ਵਾਇਲੀ ਦੇ ਚਿਹਰੇ ਉਪਰ ਪੰਜ ਫਾਇਰ ਕੀਤੇ। ਪਾਰਸੀ ਡਾਕਟਰ ਲਾਲ ਕਾਕਾ ਕਰਜਨ ਨੂੰ ਬਚਾਉਂਦਾ ਤੇ ਮਦਨ ਨੂੰ ਕਾਬੂ ਕਰਦਾ ਉਸਦੀ ਛੇਵੀਂ ਗੋਲੀ ਦਾ ਸ਼ਿਕਾਰ ਹੋ ਗਿਆ। ਇਸ ਸਿਆਸੀ ਕਤਲ ਨਾਲ ਪੂਰਾ ਇੰਗਲੈਂਡ ਕੰਬ ਉਠਿਆ। ਮਦਨ ਲਾਲ ਢੀਂਗਰਾ ਨੇ ਹੱਸਦਿਆਂ ਆਪਣੀ



ਗ੍ਰਿਫਤਾਰੀ ਦਿੱਤੀ। ਉਸ ਉਪਰ ਮੁਕੱਦਮਾਂ ਚੱਲਿਆ ਤੇ ਫਾਂਸੀ ਦੀ ਸਜਾ ਸੁਣਾਈ ਗਈ। ਮਦਨ ਲਾਲ ਢੀਂਗਰਾ 17 ਅਗਸਤ 1909 ਨੂੰ ਪੈਨਟਿਨਵਿਲ ਜੇਲ੍ਹ ਚ 'ਬੰਦੇ ਮਾਤਰਮ' ਦੇ ਨਾਅਰੇ ਗੁਜਾਂਉਂਦਾ ਹੋਇਆ ਸ਼ਹੀਦ ਹੋ ਗਿਆ।

ਇਸ ਕਤਲ ਸਬੰਧੀ ਲੰਡਨ ਦੇ ਇਕ ਅਖਬਾਰ ਨੇ ਮਦਨ ਬਾਰੇ ਟਿੱਪਣੀ ਕੀਤੀ ਕਿ 'ਜਿਹੜੇ ਕਾਗਜ਼ ਤਲਾਸ਼ੀ ਲੈਣ ਉੱਤੇ ਕੈਦੀ ਪਾਸੋਂ ਮਿਲੇ ਸਨ, ਉਹਨਾਂ ਤੋਂ ਪਤਾ ਲਗਦਾ ਹੈ ਕਿ ਇਹ ਇਕ ਸਿਆਸੀ ਕਤਲ ਹੈ। ਇਹ ਤਿੰਨ ਕਾਗਜ਼ ਫੁਲਸਕੇਪ ਸਾਇਜ਼ ਦੇ ਹਨ ਤੇ ਹੱਥ ਨਾਲ ਲਿਖੇ ਹੋਏ ਹਨ। ਇਹ ਪੇਪਰ ਸ਼ਪੱਸ਼ਟ ਦੱਸਦੇ ਹਨ ਕਿ ਢੀਂਗਰਾ ਪੁਲੀਟੀਕਲ ਆਦਮੀ ਹੈ ਤੇ ਹਿੰਦੋਸਤਾਨ ਵਿੱਚ ਉਹ ਅੰਗਰੇਜ਼ੀ ਰਾਜ ਦਾ ਸਖਤ ਦੁਸ਼ਮਣ ਹੈ। ਉਹ ਇਹਨਾਂ ਕਾਗਜ਼ਾਂ ਵਿਚ ਦੱਸਦਾ ਹੈ ਕਿ ਹਿੰਦੋਸਤਾਨ ਉੱਤੇ ਅੰਗਰੇਜ਼ੀ ਰਾਜ ਇਕ ਅਨਿਆਈ ਰਾਜ ਹੈ ਤੇ ਇਸ ਅੰਗਰੇਜ਼ੀ ਰਾਜ ਨੂੰ ਖਤਮ ਕਰਨ ਲਈ ਹਰ ਇਕ ਤਰੀਕਾ ਯੋਗ ਹੈ, ਜਿਸ ਨਾਲ ਹਿੰਦੋਸਤਾਨ ਅਜ਼ਾਦੀ ਪ੍ਰਾਪਤ ਕਰ ਸਕੇ। ਇਹ ਪੇਪਰ ਦੱਸਦੇ ਹਨ ਕਿ ਇਹਨਾਂ ਕਾਗਜ਼ਾਂ ਦਾ ਲਿਖਾਰੀ ਘੱਟੋ-ਘੱਟ ਇਕ ਅੰਗਰੇਜ਼ ਨੂੰ ਕਤਲ ਕਰਨ ਦੇ ਪੱਕੇ ਇਰਾਦੇ ਨਾਲ ਮਿਟੰਗ ਵਿਚ ਸ਼ਾਮਲ ਹੋਇਆ। ਇਹ ਪੇਪਰ ਦੱਸਦੇ ਹਨ ਕਿ ਜੇ ਸਾਰੇ ਹਿੰਦੋਸਤਾਨੀ ਵਿਦਿਆਰਥੀ ਉਸ ਦੇ ਜ਼ਜ਼ਬੇ ਵਾਲੇ ਹੋਣ ਤੇ ਉਸ ਵਰਗੀ ਬਹਾਦਰੀ ਭਰੀ ਕਾਰਵਾਈ ਕਰਨ ਤੇ ਸਾਰੇ ਖ਼ਤਰੇ ਮੁੱਲ ਲੈਣ ਲਈ ਤਿਆਰ ਹੋਣ, ਤਾਂ ਹਿੰਦੋਸਤਾਨ ਦੀ ਅਜ਼ਾਦੀ ਬਹੁਤ ਜਲਦੀ ਪ੍ਰਾਪਤ ਕੀਤੀ ਜਾ ਸਕਦੀ ਹੈ।' ਤਲਾਸ਼ੀ ਸਮੇਂ ਉਸ ਪਾਸੋਂ ਲਾਰਡ ਕਰਜਨ ਦੀ ਤਸਵੀਰ ਮਿਲੀ ਜਿਸ ਉੱਤੇ ਲਿਖਿਆ ਸੀ 'ਹੀਥਨ ਡੌਗ' (ਕਾਫ਼ਰ ਕੁੱਤਾ)।

ਮਦਨ ਲਾਲ ਢੀਂਗਰਾ ਦੀ ਸ਼ਹੀਦੀ ਦੀ ਖ਼ਬਰ ਪ੍ਰਾਪਤ ਹੋਣ ਤੇ ਆਇਰਲੈਂਡ ਦੀਆਂ ਅਖਬਾਰਾਂ ਨੇ ਵੱਡੇ ਹੈਡਿੰਗ ਦੇ ਕੇ ਲਿਖਿਆ- ਮਦਨ ਲਾਲ ਢੀਂਗਰਾ ਆਪਣੇ ਦੇਸ਼ ਲਈ ਸ਼ਹੀਦ ਹੋਇਆ ਹੈ।

ਮਦਨ ਲਾਲ ਢੀਂਗਰਾ ਦਾ ਵੈਸਟ ਮਿਨਸਟਰ ਪੁਲਸ ਕੋਰਟ 'ਚ ਦਿੱਤਾ ਬਿਆਨ ਬੇਹੱਦ ਮਹੱਤਵਪੂਰਨ ਹੈ। "ਮੈਂ ਆਪਣੀ ਸਫਾਈ ਵਿਚ ਕੁਝ ਨਹੀਂ ਕਹਿਣਾ ਚਾਹੁੰਦਾ.ਪਰ ਆਪਣੀ ਕੀਤੀ ਕਾਰਵਾਈ ਨੂੰ ਸਹੀ ਤੇ ਨਿਆਂਕਾਰੀ ਸਾਬਤ ਕਰਨ ਲਈ ਕੁਝ ਕਹਿਣਾ ਹੈ। ਜਿਥੇ ਤੱਕ ਮੇਰਾ ਸੁਆਲ ਹੈ,ਅੰਗਰੇਜ਼ੀ ਸਰਕਾਰ ਨੂੰ ਮੈਨੂੰ ਗ੍ਰਿਫਤਾਰ ਕਰਨ ਦਾ ਕੋਈ ਹੱਕ ਨਹੀਂ।ਅਜਿਹੀ ਸਰਕਾਰ ਨੂੰ ਨਾ ਹੀ ਕੋਈ ਹੱਕ ਹੈ ਮੈਨੂੰ ਕੈਦਖਾਨੇ ਵਿਚ ਰੱਖਣ ਦਾ, ਤੇ ਨਾ ਹੀ ਮੇਰੇ ਉਲਟ ਮੌਤ ਦੀ ਸਜਾ ਦੇਣ ਦਾ। ਇਹੋ ਕਾਰਨ ਹੈ ਕਿ ਮੈਂ ਆਪਣੀ ਕੋਈ ਸਫਾਈ ਨਹੀਂ ਦੇ ਰਿਹਾ ਤੇ ਨਾ ਹੀ ਸਫਾਈ ਦੇਣ ਲਈ ਕੋਈ ਵਕੀਲ ਕੀਤਾ।

ਜੇ ਅੰਗਰੇਜ਼ਾਂ ਲਈ,ਆਪਣੇ ਦੇਸ਼ ਇੰਗਲੈਂਡ ਦੀ ਰਾਖੀ ਲਈ ਜਰਮਨਾ ਦੇ ਖਿਲਾਫ ਲੜਨਾ ਦੇਸ਼-ਭਗਤੀ ਹੈ ਤਾਂ ਮੈਂ ਵੀ ਜੋ ਕਾਰਵਾਈ ਕੀਤੀ ਹੈ ਉਹ ਸਹੀ ਤੇ ਯੋਗ ਹੈ, ਕਿ ਆਪਣੇ ਦੇਸ਼ ਦੀ ਰਾਖੀ ਲਈ ਅਵਾਜ਼ ਉਠਾਉਣੀ ਵੀ ਦੇਸ਼ ਭਗਤੀ ਹੈ। ਮੈਂ ਅੰਗਰੇਜ਼ ਹੁਕਮਰਾਨਾ ਨੂੰ ਪਿਛਲੇ ਪੰਜਾਹ ਸਾਲਾਂ ਵਿਚ ਆਪਣੇ ਅੱਠ ਲੱਖ ਦੇਸ਼ ਵਾਸੀਆਂ ਨੂੰ ਜਾਣ ਬੁਝਕੇ ਕਤਲ ਕਰਨ ਦਾ ਦੋਸ਼ੀ ਸਮਝਦਾ ਹਾਂ। ਮੈਂ ਹਕੂਮਤ ਉੱਤੇ, ਮੇਰੇ ਦੇਸ਼ ਦੇ ਖਜਾਨੇ ਵਿਚੋਂ ਹਰ ਸਾਲ ਦਸ ਕਰੋੜ ਪੌਂਡ ਚੁਰਾਉਣ ਦਾ ਵੀ ਇਲਜਾਮ ਲਾਂਉਦਾ ਹਾਂ॥ ਮੈਂ ਅੰਗਰੇਜ਼ ਹੁਕਮਰਾਨਾ ਉੱਤੇ ਆਪਣੇ ਅਣਗਿਣਤ ਦੇਸ਼-ਵਾਸੀਆਂ ਨੂੰ ਫਾਂਸੀ ਦੇ ਤਖਤਿਆਂ ਉੱਤੇ ਲਟਕਾਉਣ ਤੇ ਜਲਾਵਤਨ ਕਰਨ ਦਾ ਦੋਸ਼ ਲਾਂਉਦਾ

## ਚੈਲੰਜ

ਇਹ ਮਦਨ ਲਾਲ ਢੀਂਗਰਾ ਦਾ ਆਖਰੀ ਸੁਨੇਹਾ ਹੈ। ਪੁਲਸ ਤੇ ਹੁਕਮਰਾਨਾਂ ਦਾ ਖਿਆਲ ਸੀ ਕਿ ਦੋਵੇਂ ਕਾਪੀਆਂ ਉਹਨਾਂ ਦੇ ਕਬਜੇ ਵਿਚ ਹਨ, ਇਸ ਲਈ ਬਿਆਨ ਨਹੀਂ ਛਪੇਗਾ। 16 ਅਗਸਤ ਨੂੰ ਇਹ ਬਿਆਨ ਬੰਬ ਵਾਂਗੂੰ ਫਟਿਆ। ਹਾਕਮ ਬਿਆਨ ਛਪਿਆ ਦੇਖ ਕੇ ਦੰਗ ਰਹਿ ਗਏ। ਬਿਆਨ ਦਾ ਸਿਰਲੇਖ ਸੀ 'ਚੈਲੰਜ'।

"ਮੈਂ ਮੰਨਦਾ ਹਾਂ ਕਿ ਉਸ ਦਿਨ ਮੈਂ ਆਪਣੇ ਦੇਸ਼ ਵਿਚ ਹੋ ਰਹੇ ਜੁਲਮਾਂ, ਨੌਜਵਾਨਾਂ ਨੂੰ ਦਿੱਤੀਆਂ ਜਾ ਰਹੀਆਂ ਫਾਂਸੀਆਂ ਤੇ ਰਾਜਸੀ ਆਗੂਆਂ ਨੂੰ ਜਲਾਵਤਨ ਕਰਨ ਬਾਰੇ ਪ੍ਰੋਟੈਸਟ ਲਈ ਇਕ ਅੰਗਰੇਜ਼ ਦਾ ਖੂਨ ਵਹਾਇਆ ਹੈ। ਜੋ ਦੇਸ਼ ਤਾਕਤ ਤੇ ਹਥਿਆਰਾਂ ਦੇ ਜ਼ੋਰ ਨਾਲ ਗੁਲਾਮ ਬਣਾਇਆਂ ਜਾਂਦਾ ਹੈ, ਉਹ ਜਦ ਤੱਕ ਅਜ਼ਾਦ ਨਹੀਂ ਹੋ ਜਾਂਦਾ, ਹੁਕਮਰਾਨਾਂ ਦੇ ਉਲਟ ਲੜ ਰਿਹਾ ਹੁੰਦਾ ਹੈ। ਸਾਡੇ ਕੋਲ ਹਥਿਆਰ ਨਹੀਂ, ਇਸ ਲਈ ਅਸੀਂ ਖੁੱਲ੍ਹੇ ਮੈਦਾਨ ਵਿਚ ਲੜਨ-ਯੋਗ ਨਹੀਂ ਰਹਿਣ ਦਿੱਤੇ ਗਏ ਤੇ ਸਾਡੇ ਦੇਸ਼ ਨੂੰ ਬੇ-ਹਥਿਆਰਾ ਕਰ ਦਿੱਤਾ ਗਿਆ ਹੈ। ਇਸ ਲਈ ਸਾਨੂੰ ਇਕੇ ਦੁਕੇ ਹਮਲੇ ਕਰਨ ਲਈ ਮਜ਼ਬੂਰ ਹੋਣਾ ਪੈ ਰਿਹਾ ਹੈ। ਇਸੇ ਲਈ ਮੈਂ ਆਪਣਾ ਪਿਸਤੌਲ ਵਰਤਿਆ ਹੈ।

ਮੈਂ ਹਿੰਦੀ ਹੁੰਦਾ ਹੋਇਆ ਸਮਝਦਾ ਹਾਂ ਕਿ ਮੇਰੇ ਦੇਸ਼ ਦਾ ਗੁਲਾਮ ਹੋਣਾ ਮੇਰੇ ਰੱਬ ਦੀ ਬੇਇਜ਼ਤੀ ਹੈ। ਮੇਰੇ ਰੱਬ, ਮੇਰੀ ਭਾਰਤ ਮਾਤਾ ਦੀਆਂ ਜੰਜੀਰਾਂ ਕੱਟਣੀਆਂ ਹਨ। ਮੇਰੇ ਪਾਸ ਆਪਣੇ ਖੂਨ ਤੋਂ ਬਿਨ੍ਹਾਂ ਭਾਰਤ ਮਾਤਾ ਦੀ ਬਲੀ ਉੱਤੇ ਚੜ੍ਹਾਉਣ ਲਈ ਹੋਰ ਕੁਝ ਨਹੀਂ ਸੀ। ਭਾਰਤ ਮਾਤਾ ਦੀ ਅਜ਼ਾਦੀ ਦੇ ਅੰਦੋਲਨ ਵਿਚ ਮੈਂ ਆਪਣੀ ਅਹੂਤੀ ਦੇ ਕੇ ਆਪਣੀ ਸ਼ਹੀਦੀ ਦੀ ਆਮਦ ਵਿਚ ਖੁਸ਼ ਹਾਂ ਤੇ ਸ਼ਹੀਦੀ ਦੀ ਵਿੱਚ ਹਾਂ।

ਹਿੰਦੋਸਤਾਨ ਵਿਚ ਇਕੋ ਸਬਕ ਸਿਖਣ ਦੀ ਲੋੜ ਹੈ। ਉਹ ਸਬਕ ਇਹ ਹੈ ਕਿ ਮਰਨ ਦੀ ਜਾਚ ਸਿਖੀ ਜਾਏ ਤੇ ਇਹ ਸਬਕ ਆਪ ਮਰਕੇ ਆਪਣੀ ਸ਼ਹੀਦੀ ਦੇ ਕੇ ਹੀ ਸਿਖਾਇਆ ਜਾ ਸਕਦਾ ਹੈ।

ਜਦ ਤੱਕ ਅੰਗਰੇਜ਼ ਕੌਮ ਤੇ ਹਿੰਦੀ ਕੌਮ ਕਾਇਮ ਹਨ, ਇਹ ਜੰਗ ਜਾਰੀ ਰਹੇਗੀ, ਕਿਉਂਕਿ ਹਿੰਦੋਸਤਾਨ ਤੇ ਇੰਗਲੈਂਡ ਦੇ ਸਬੰਧ ਗੈਰ-ਕੁਦਰਤੀ ਹਨ।

ਆਤਮਾ ਕਦੇ ਨਹੀਂ ਮਰਦੀ ਜੇ ਮੇਰੇ ਦੇਸ਼ ਦੇ ਵਾਸੀ ਇਕ-ਇਕ ਦੋ-ਦੋ ਅੰਗਰੇਜ਼ ਹੁਕਮਰਾਨ ਮਾਰਨ ਲੱਗਣ ਤਾਂ ਉਹਨਾਂ ਦੇ ਧਰਤੀ ਉੱਤੇ ਡਿਗਣ ਤੋਂ ਪਹਿਲੋਂ ਮੇਰੀ ਭਾਰਤ ਮਾਤਾ ਤੇ ਹਿੰਦੀ ਕੌਮ ਅਜ਼ਾਦ ਹੋ ਜਾਵੇਗੀ।

ਇਹ ਮੇਰੀ ਅੰਤਿਮ ਇੱਛਾ ਹੈ ਕਿ ਮੈਂ ਫਿਰ ਉਸੇ ਮਾਂ ਦੀ ਕੁੱਖ ਹਰੀ ਕਰਾਂ, ਜਿਸ ਨੇ ਮੈਨੂੰ ਜਨਮ ਦਿੱਤਾ ਹੈ। ਮੈਂ ਫਿਰ ਮਰਾਂ, ਮੈਂ ਫਿਰ ਪੈਦਾ ਹੋਵਾਂ, ਜਦ ਤੱਕ ਕਿ ਪਵਿੱਤਰ ਮਾਤਾ ਦੀ ਅਜ਼ਾਦੀ ਵਾਲਾ ਮੇਰਾ ਪ੍ਰਣ ਪੂਰਾ ਨਹੀਂ ਹੋ ਜਾਂਦਾ। ਜਦ ਤੱਕ ਸਾਰੀ ਮਨੁੱਖਤਾ ਅਜ਼ਾਦ ਨਹੀਂ ਹੁੰਦੀ, ਜਾਗ ਨਹੀਂ ਉੱਠਦੀ, ਮੈਂ ਇਸੇ ਮਾਂ ਦੀ ਕੁਖ ਮੁੜ ਮੁੜ ਕੇ ਹਰੀ ਕਰਦਾ ਰਹਾਂ ਤੇ ਇਸੇ ਮਾਂ ਦੀ ਧਰਤੀ ਨੂੰ ਅਜ਼ਾਦ ਕਰਵਾਉਣ ਲਈ ਸ਼ਹੀਦ ਹੁੰਦਾ ਰਹਾਂ।"

ਹਾਂ।

ਜੇ ਇਕ ਅੰਗਰੇਜ਼ ਹਿੰਦੋਸਤਾਨ ਜਾਂਦਾ ਹੈ ਤੇ ਇਕ ਸੌ ਪੌਂਡ ਮਹੀਨਾ ਤਨਖਾਹ ਲੈਂਦਾ ਹੈ ਤਾਂ ਇਸ ਦਾ ਮਤਲਬ ਸ਼ਪੱਸ਼ਟ ਹੈ ਕਿ ਉਹ ਇਕ ਹਜ਼ਾਰ ਹਿੰਦੋਸਤਾਨੀਆਂ ਦੇ ਮੂੰਹੋਂ ਰੋਟੀ ਖੋਹਦਾਂ ਹੈ ਤੇ ਉਹਨਾਂ ਨੂੰ ਭੁੱਖਾ ਮਾਰ ਕੇ ਮੌਤ ਦੇ ਮੂੰਹ ਤੋਰ ਦਿੰਦਾ ਹੈ। ਇਕ ਹਜ਼ਾਰ ਗਰੀਬ ਹਿੰਦੋਸਤਾਨੀ, ਇਕ ਸੌ ਪੌਂਡ ਨਾਲ ਆਪਣੇ ਪੇਟ ਨੂੰ ਝੁਲਕਾ ਦੇ ਕੇ ਜੀਦੇਂ ਰਹਿ ਸਕਦੇ ਹਨ, ਪਰ ਉਸੇ ਇਕ ਸੌ ਪੌਂਡ ਮਹੀਨੇ ਦੀ ਕਮਾਈ ਨਾਲ ਇਕ ਅੰਗਰੇਜ਼ ਗੁਲਛਰੇ ਉਡਾਉਂਦਾ ਹੈ ਤੇ ਸਾਰਾ ਮਹੀਨਾ ਮੌਜ-ਮੇਲੇ ਵਿਚ ਰੁਝਾ ਰਹਿੰਦਾ ਹੈ।

ਜਿਵੇਂ ਜਰਮਨਾ ਨੂੰ ਇੰਗਲੈਂਡ ਉੱਤੇ ਰਾਜ ਕਰਨ ਦਾ ਕੋਈ ਹੱਕ ਨਹੀਂ,ਬਿਲਕੁਲ ਉਸੇ ਤਰ੍ਹਾਂ ਅੰਗਰੇਜ਼ ਹਿੰਦੋਸਤਾਨ ਤੇ ਕਬਜਾ ਕਰਨ ਦਾ ਕੋਈ ਹੱਕ ਨਹੀਂ ਰੱਖਦੇ। ਜਿਹੜਾ ਅੰਗਰੇਜ਼ ਹੁਕਮਰਾਨ ਮੇਰੇ ਦੇਸ਼ ਦੀ ਪਵਿੱਤਰ ਧਰਤੀ ਨੂੰ ਅਪਵਿੱਤਰ ਤੇ ਪਲੀਤ ਕਰਨ ਦਾ ਦੋਸ਼ੀ ਹੈ,ਉਸਨੂੰ ਕਤਲ ਕਰਨਾ ਸਾਡੇ ਲਈ ਬਿਲਕੁਲ ਨਿਆਂਕਾਰੀ ਹੈ।

ਮੈਂ ਉਹਨਾਂ ਅੰਗਰੇਜ਼ ਹੁਕਮਰਾਨਾ ਦੀ ਬਦਨੀਤੀ,ਝੂਠ ਤੇ ਫਰੇਬ ਉੱਤੇ ਹੈਰਾਨ ਹਾਂ ਜੋ ਕਾਂਗੋ ਤੇ ਰੂਸ ਵਿਚ ਹੁਕਮਰਾਨਾ ਵੱਲੋਂ ਜਨਤਾ ਉੱਤੇ ਕੀਤੇ ਜ਼ੁਲਮਾਂ ਦੀ ਦੁਹਾਈ ਦੇਂਦੇ ਨਹੀਂ ਥੱਕਦੇ,ਪਰ ਹਿੰਦੋਸਤਾਨ ਉੱਪਰ ਕੀਤੇ ਜਾ ਰਹੇ ਜ਼ੁਲਮਾਂ ਦਾ ਧੂੰ ਤੱਕ ਨਹੀਂ ਨਿਕਲਣ ਦਿੰਦੇ। ਮਿਸਾਲ ਦੇ ਤੌਰ 'ਤੇ ਹਰ ਸਾਲ ਦੋ ਲੱਖ ਹਿੰਦੋਸਤਾਨੀ ਮਾਰ ਦੇਣ ਤੇ ਹਜ਼ਾਰਾਂ ਹਿੰਦੋਸਤਾਨੀ ਬਹੂ-ਬੇਟੀਆਂ ਦੀ ਇੱਜਤ ਲੁੱਟਣੀ।

ਮੈਂ ਇਹ ਬਿਆਨ ਇਸ ਲਈ ਨਹੀਂ ਦੇ ਰਿਹਾ ਕਿ ਮੈਂ ਤੁਹਾਡੇ ਪਾਸ ਰਹਿਮ ਦੀ ਅਪੀਲ ਕਰ ਰਿਹਾ ਹਾਂ। ਮੇਰੀ ਦਿਲੀ ਇਛਾ ਹੈ ਕਿ ਹੁਕਮਰਾਨ ਕੌਮ ਮੈਨੂੰ ਮੌਤ ਦੀ ਸਜਾ ਦੇਵੇ,ਕਿਉਂਕਿ ਇਸ ਹਾਲਤ ਵਿਚ ਹੀ ਮੇਰੇ ਦੇਸ਼-ਵਾਸੀ ਬਦਲਾ ਲੈਣ ਲਈ ਹੋਰ ਤਿਆਰ ਹੋ ਜਾਣਗੇ।"

ਇਸੇ ਤਰ੍ਹਾਂ ਮਦਨ ਲਾਲ ਢੀਂਗਰਾ ਦਾ ਆਖਰੀ ਸੁਨੇਹਾ ਗਿਆਨ ਚੰਦ ਸ਼ਰਮਾ, ਸਰਦਾਰ ਸਿੰਘ ਰਾਣਾ ਤੇ ਸਾਵਰਕਰ ਦੇ ਯਤਨਾਂ ਸਦਕਾ ਭਾਰਤੀ ਲੋਕਾਂ ਤੱਕ ਪਹੁੰਚਿਆ। 'ਚੈਲੰਜ' ਦੇ ਸਿਰਲੇਖ ਹੇਠ ਛਪੇ ਇਸ ਬਿਆਨ ਨੇ ਭਾਰਤ 'ਚ ਅੰਗਰੇਜ਼ ਸਰਕਾਰ ਦੀਆਂ ਜੜ੍ਹਾਂ ਹਿਲਾ ਦਿੱਤੀਆਂ। ਸਰਕਾਰ ਨੇ ਜਲਦ ਹੀ ਇਸਤੇ ਬੰਦਸ਼ ਲਗਾ ਦਿੱਤੀ। ਇਸ ਤਰ੍ਹਾਂ ਆਪਣੇ ਦੇਸ਼ ਦੇ ਲੋਕਾਂ ਦੀ ਗੁਲਾਮੀ ਤੋਂ ਮੁਕਤੀ ਦਾ ਦੀਵਾਨਾ ਉਹ ਨੌਜਵਾਨ ਸਦਾ ਲਈ ਅਮਰ ਹੋ ਗਿਆ। ਮਦਨ ਲਾਲ ਢੀਂਗਰਾ ਦੀ ਸ਼ਹੀਦੀ ਤੋਂ ਪ੍ਰੇਰਨਾ ਲੈਦਿਆਂ ਅੱਜ ਨੌਜਵਾਨਾ ਨੂੰ ਦੇਸ਼ ਦੇ ਹਾਲਾਤਾਂ ਬਾਰੇ ਗੰਭੀਰਤਾ ਨਾਲ ਸੋਚਣਾ ਵਿਚਾਰਨਾ ਚਾਹੀਦਾ ਹੈ।

ਪਿਛਲੇ ਸਮੇਂ ਅਮਰ ਸ਼ਹੀਦ ਮਦਨ ਲਾਲ ਢੀਂਗਰਾ ਦੇ ਜੱਦੀ ਘਰ ਨੂੰ ਇਕ ਭੂ-ਮਾਫੀਏ ਦੁਆਰਾ ਵਪਾਰ ਲਈ ਮਾਰਕਿਟ ਬਣਾਉਣ ਲਈ ਖਰੀਦ ਕੇ ਢਾਹ ਦਿੱਤਾ ਗਿਆ। ਬੇਸ਼ਕੀਮਤੀ ਕੁਦਰਤੀ ਵਸੀਲੇ ਤੇ ਕਿਰਤੀ ਲੋਕਾਂ ਦੇ ਜਲ, ਜੰਗਲ ਤੇ ਜ਼ਮੀਨ ਨੂੰ ਕੌਡੀਆਂ ਦੇ ਭਾਅ ਕਾਰਪੋਰੇਟਾਂ ਨੂੰ ਵੇਚਣ ਤੇ ਤੁਲੀਆਂ ਹੋਈਆਂ ਸਰਕਾਰਾਂ ਵੱਲੋਂ ਸ਼ਹੀਦ ਦੇ ਜੱਦੀ ਘਰ ਪ੍ਰਤੀ ਵਰਤੀ ਗਈ ਅਣਗਹਿਲੀ ਬੇਹੱਦ ਸ਼ਰਮਨਾਕ ਹੈ। ਵੱਖ-ਵੱਖ ਅਗਾਂਹਵਧੂ ਹਿੱਸਿਆਂ ਵੱਲੋਂ ਵਿਰੋਧ ਦੇ ਕਾਰਨ ਭਾਂਵੇਂ ਸੁਪਰੀਮ ਕੋਰਟ ਵੱਲੋਂ ਫੌਰੀ ਤੌਰ ਤੇ ਭੂ-ਮਾਫੀਏ ਤੇ ਉਸਾਰੀ ਲਈ ਰੋਕ ਲਗਾ ਦਿੱਤੀ ਗਈ ਹੈ ਪ੍ਰੰਤੂ ਇਸ ਜਗ੍ਹਾ ਨੂੰ ਸ਼ਹੀਦੀ ਯਾਦਗਾਰ ਬਣਾਉਣ ਦੀ ਚੁਣੌਤੀ ਸਭਨਾਂ ਇਨਸਾਫਪਸੰਦ ਤੇ ਚੇਤੰਨ ਲੋਕਾਂ ਸਾਹਮਣੇ ਹਾਲੇ ਦਰਪੇਸ਼ ਹੈ।

98764-42052

# ਸਾਹਿਤ ਅਤੇ ਸੰਘਰਸ਼ ਦਾ ਸੁਮੇਲ ਮਹਾਸ਼ਵੇਤਾ ਦੇਵੀ



ਹਰੀਪਾਲ
403-714-4816

ਭਗਤ ਸਿੰਘ ਨੇ ਇਕ ਵਾਰ ਬੜੀ ਹੀ ਮਹਾਨ ਗੱਲ ਕਹੀ ਸੀ ਕਿ ਮੈਂ ਕੋਈ ਨਾਇਕ ਨਹੀਂ ਹਾਂ, ਸਗੋਂ ਮੈਂ ਤਾਂ ਸਮੇਂ ਦੀ ਫਸਲ ਹਾਂ। ਜਿਸ ਤਰ੍ਹਾਂ ਸਮਾਂ ਜਿਹੜਾ ਕਿ ਗਰਮੀ ਤੋਂ ਬਾਅਦ ਸਰਦੀ, ਪਤਝੜ ਤੋਂ ਬਾਅਦ ਬਸੰਤ ਲਿਆਉਂਦਾ ਹੈ ਇਸੇ ਤਰ੍ਹਾਂ ਸਮਾਂ, ਮੌਕੇ-ਮੌਕੇ 'ਤੇ ਇਹੋ ਜਿਹੀਆਂ ਸ਼ਖਸੀਅਤਾਂ ਪੈਦਾ ਕਰਦਾ ਹੈ ਜਿਹੜੀਆਂ ਕਿ ਸਮੇਂ ਦੀ ਕੰਧ 'ਤੇ ਅਜਿਹੀ ਦਸਤਕ ਦਿੰਦੀਆਂ ਹਨ ਜਿਸ ਦੀ ਹੱਲ ਚੱਲ ਆਉਣ ਵਾਲੀਆਂ ਪੀੜ੍ਹੀਆਂ ਮਹਿਸੂਸ ਕਰਦੀਆਂ ਰਹਿੰਦੀਆਂ ਹਨ। ਭੌਤਿਕ ਰੂਪ ਵਿਚ ਉਹ ਭਾਵੇਂ ਸਾਡੇ ਕੋਲ ਹੋਣ ਜਾਂ ਨਾ ਹੋਣ ਪਰ ਉਨ੍ਹਾਂ ਦੇ ਵਿਚਾਰ ਹਵਾ ਵਿਚ ਤਰਦੇ ਰਹਿੰਦੇ ਹਨ ਜਿਹੜੇ ਕਿ ਜ਼ੁਲਮ ਦੇ ਖਿਲਾਫ਼ ਸੰਘਰਸ਼ਮਈ ਲੋਕਾਂ ਦਾ ਪ੍ਰੇਰਨਾ ਸਰੋਤ ਹੁੰਦੇ ਹਨ। ਜਿਸ ਤਰ੍ਹਾਂ ਹਨੇਰਾ ਦੂਰ ਕਰਨ ਲਈ ਚਾਨਣ ਆਪਦੀ ਹਾਜ਼ਰੀ ਜ਼ਰੂਰ ਲਵਾਉਂਦਾ ਹੈ ਇਸੇ ਤਰ੍ਹਾਂ ਹਰ ਰਾਤ ਤੋਂ ਬਾਅਦ ਦਿਨ ਜ਼ਰੂਰ ਚੜ੍ਹਦਾ ਹੈ। ਇਸ ਤਰ੍ਹਾਂ ਸਮਾਂ ਬੇਇਨਸਾਫ਼ੀ ਜ਼ੁਲਮ ਅਤੇ ਲੁੱਟ-ਖਸੁੱਟ ਦੇ ਅੰਧਕਾਰ ਨੂੰ ਮਿਟਾਉਣ ਲਈ ਅਜਿਹੇ ਜੁਗਨੂੰ ਪੈਦਾ ਕਰਦਾ ਹੈ ਜਿਹੜੇ ਕਿ ਹਨ੍ਹੇਰਿਆਂ ਵਿਚ ਪਰਵੇਸ਼ ਕਰਕੇ ਚਾਨਣ ਖਿਲਾਰਦੇ ਹਨ। ਸੂਰਬੀਰ ਯੋਧੇ ਉਦੋਂ ਹੀ ਪੈਦਾ ਹੁੰਦੇ ਹਨ ਜਦੋਂ ਜ਼ੁਲਮ ਦੀ ਤਪਸ਼ ਵਧ ਜਾਂਦੀ ਹੈ। ਕੋਈ ਵੀ ਦੇਸ਼ ਹੋਵੇ, ਕਿਹੋ ਜਿਹੇ ਵੀ ਹਾਲਾਤ ਹੋਣ ਪਰ ਆਸ ਦੀਆਂ ਕਿਰਨਾਂ ਜ਼ਰੂਰ ਚਮਕਦੀਆਂ ਹਨ। ਕੋਈ ਵੀ ਹਾਲਾਤ ਨਿਰਾਸ਼ਾਜਨਕ ਨਹੀਂ ਹੁੰਦੀ ਸਗੋਂ ਜ਼ੁਲਮ ਦੀ ਇਤਹਾ ਵਿਚੋਂ ਹੀ ਸੰਘਰਸ਼ਮਈ ਲੋਕਾਂ ਦਾ ਜਨਮ ਹੁੰਦਾ ਹੈ। ਇਸੇ ਤਰ੍ਹਾਂ ਦੇ ਛਾਏ ਹਨ੍ਹੇਰੇ ਜਾਂ ਗੁਲਾਮੀ ਦੇ ਦੌਰ ਵਿਚ ਵੀ ਬਹੁਤ ਵੱਡੇ-ਵੱਡੇ ਯੁੱਗ ਨਾਇਕ ਪੈਦਾ ਹੁੰਦੇ ਹਨ। ਅਸੀਂ ਜਿਸ ਯੁੱਗ ਨਾਇਕਾ ਦੀ ਗੱਲ ਕਰ ਰਹੇ ਹਾਂ, ਜਿਸ ਨੇ ਵੱਡੀ ਹੋ ਕੇ ਕ੍ਰਾਂਤੀਕਾਰੀ ਸਾਹਿਤ ਵਿਚ ਉਹ ਪੈੜਾਂ ਪਾਈਆਂ ਜਿਹੜੀਆਂ ਕਾਲੀਆਂ ਬੋਲੀਆਂ ਹਨ੍ਹੇਰੀਆਂ ਜਾਂ ਸਮੇਂ ਦੀ ਧੂੜਾਂ ਕਦੇ ਮਿਟਾ ਨਹੀਂ ਸਕਦੀਆਂ। ਉਸ ਯੁੱਗ ਨਾਇਕਾ ਦਾ ਨਾਂ ਮਹਾਸ਼ਵੇਤਾ ਦੇਵੀ ਸੀ।

**ਜਨਮ ਤੇ ਬਚਪਨ** : ਮਹਾਸ਼ਵੇਤਾ ਦਾ ਜਨਮ ਅਣਵੰਡੇ ਭਾਰਤ ਵਿਚ 1926 ਵਿਚ ਢਾਕਾ ਵਿਚ ਹੋਇਆ। ਵੰਡ ਤੋਂ ਬਾਅਦ ਇਹ ਪਰਿਵਾਰ ਕਲਕੱਤੇ ਸੈਟ ਹੋ ਗਿਆ। ਉਸ ਦਾ ਪਿਤਾ ਮਨੀਸ਼ ਘਟਕ ਇਕ ਮਸ਼ਹੂਰ ਸਮਾਜ ਸੇਵਕ, ਕਵੀ ਤੇ ਨਾਵਲਕਾਰ ਸੀ। ਉਸ ਨੇ ਬੰਗਾਲ ਦੀ ਕਲੋਲ ਮੂਵਮੈਂਟ ਵਿਚ ਭਾਗ ਲਿਆ ਅਤੇ ਇਸ ਲਹਿਰ ਤੇ ਇਕ ਮਹੱਤਵਪੂਰਨ ਨਾਵਲ ਲਿਖਿਆ। ਉਸ ਦਾ ਚਾਚਾ ਰਿਤਵਿਕ ਘਟਕ ਇਕ ਬਹੁਤ ਹੀ ਸੰਵੇਦਨਸ਼ੀਲ ਫਿਲਮ ਮੇਕਰ ਸੀ। ਮਹਾਸ਼ਵੇਤਾ ਦੀ ਮਾਂ ਧਰਿਤਰੀ ਦੇਵੀ ਇਕ ਲੇਖਕਾ ਅਤੇ ਸਮਾਜ ਸੇਵਕਾ ਸੀ। ਸੋ ਲੋਕ ਭਲਾਈ ਦੇ ਗੁਣ ਮਹਾਸ਼ਵੇਤਾ ਦੇਵੀ ਨੂੰ ਵਿਰਸੇ ਵਿਚ ਹੀ ਮਿਲੇ। ਵੱਡੀ ਹੋ ਕੇ ਉਹ ਵੀ ਆਪਦੇ ਮਾਪਿਆਂ ਦੇ ਨਕਸ਼ੇ ਕਦਮਾਂ 'ਤੇ ਹੀ ਨਹੀਂ ਚੱਲੀ ਬਲਕਿ ਉਸ ਤੋਂ ਵੀ ਅਗਾਂਹ ਨਿਕਲ ਗਈ। ਅੱਜ ਮਹਾਸ਼ਵੇਤਾ ਦੇਵੀ ਸੰਘਰਸ਼ ਅਤੇ ਸਾਹਿਤ ਦੇ ਸੁਮੇਲ ਦਾ ਧਰੂ ਤਾਰਾ ਹੈ।

**ਵਿਅਕਤੀਗਤ ਜ਼ਿੰਦਗੀ** : ਮਹਾਸ਼ਵੇਤਾ ਦੀ ਮੁਢਲੀ ਪੜ੍ਹਾਈ ਢਾਕਾ ਵਿਚ ਹੀ ਹੋਈ ਅਤੇ ਜਦ 1947 ਵਿਚ ਹਿੰਦੁਸਤਾਨ, ਭਾਰਤ ਅਤੇ ਪਾਕਿਸਤਾਨ ਦੋ ਭਾਗਾਂ ਵਿਚ ਵੰਡਿਆ ਗਿਆ ਤਾਂ ਸਾਰਾ ਪਰਿਵਾਰ ਕਲਕੱਤੇ ਸੈਟਲ ਹੋ ਗਿਆ। ਵਾਪਸ ਭਾਰਤ ਆ ਕੇ ਉਹ ਉਚ ਵਿਦਿਆ ਲਈ ਸ਼ਾਂਤੀ ਨਿਕੇਤਨ ਦਾਖ਼ਲ ਹੋ ਗਈ ਅਤੇ ਇਥੇ ਉਸਨੇ ਅੰਗਰੇਜ਼ੀ ਵਿਚ ਬੀ. ਏ. ਕੀਤੀ ਅਤੇ ਮਾਸਟਰਜ਼ ਦੀ ਡਿਗਰੀ ਉਸਨੇ ਕਲਕੱਤਾ ਯੂਨੀਵਰਸਿਟੀ ਤੋਂ ਲਈ। ਉਸਨੇ ਜ਼ਿੰਦਗੀ ਦੇ ਹਰ ਲੈਵਲ 'ਤੇ ਸਮਾਜਿਕ ਕੰਮਾਂ ਨੂੰ ਨਹੀਂ ਛੱਡਿਆ। ਇਪਟਾ ਜੋ ਕਿ ਲੋਕ ਪੱਖੀ ਨਾਟਕ ਕਲਾਕਾਰਾਂ ਦੀ ਜਥੇਬੰਦੀ ਸੀ ਉਹ ਉਸ ਦੀ ਮੈਂਬਰ ਬਣ ਗਈ ਅਤੇ ਇਥੇ ਉਸਦਾ ਮੇਲ ਬੀ ਜੋਨ ਭੱਟਾਚਾਰੀਆ ਨਾਲ ਹੋਇਆ। ਬੀ ਜ਼ੋਨ ਸਿਰਫ਼ ਲੇਖਕ ਜਾਂ ਨਾਟਕਕਾਰ ਹੀ ਨਹੀਂ ਸੀ ਸਗੋਂ ਉਹ ਇਪਟਾ ਦਾ ਫਾਊਂਡਰ ਮੈਂਬਰ ਸੀ। 1947 ਵਿਚ ਉਸ ਨੇ ਬੀ ਜ਼ੋਨ ਭੱਟਾਚਾਰੀਆ ਨਾਲ ਵਿਆਹ ਕਰਾ ਲਿਆ। ਸੰਨ 1948 ਵਿਚ ਉਸਨੇ ਇਕ ਬੇਟੇ ਬਰੂਨ ਭੱਟਾਚਾਰੀਆ ਨੂੰ ਜਨਮ ਦਿੱਤਾ ਜਿਹੜਾ ਕਿ ਵੱਡਾ ਹੋ ਕੇ ਇਕ ਨਾਵਲਕਾਰ ਅਤੇ ਰਾਜਨੀਤਕ ਚਿੰਤਕ ਬਣਿਆ। ਮਹਾਸ਼ਵੇਤਾ ਨੂੰ ਇਸੇ ਸਮੇਂ ਦੌਰਾਨ ਇੰਡੀਆ ਦੇ ਡਾਕ ਵਿਭਾਗ ਵਿਚ ਨੌਕਰੀ ਮਿਲ ਗਈ ਪਰ ਉਸ ਦੀ ਕਮਿਊਨਿਸਟ ਵਿਚਾਰਧਾਰਾ ਕਾਰਨ ਉਸ ਨੂੰ ਇਸ ਨੌਕਰੀ ਤੋਂ ਹੱਥ ਧੋਣੇ ਪਏ। ਡਾਕ ਤਾਰ ਵਿਭਾਗ ਦੀ ਨੌਕਰੀ ਖੁੱਸ ਜਾਣ ਤੋਂ ਬਾਅਦ, ਮਹਾਸ਼ਵੇਤਾ ਨੇ ਹੋਰ ਨਿੱਕੀਆਂ ਮੋਟੀਆਂ ਨੌਕਰੀਆਂ ਦੀ ਕੋਸ਼ਿਸ਼ ਕੀਤੀ, ਜਿਵੇਂ ਇਥੋਂ ਤੱਕ ਸਾਬਣ ਵੇਚਣ ਵਗੈਰਾ ਵਗੈਰਾ। ਲਗਾਤਾਰ ਰਾਜਨੀਤਕ ਸਰਗਰਮੀਆਂ ਨੇ ਉਸਦੀ ਵਿਆਹੁਤਾ ਜ਼ਿੰਦਗੀ ਨੂੰ ਵੀ ਰਸਹੀਣ ਕਰ ਦਿੱਤਾ। ਬੀ ਜ਼ੋਨ ਭੱਟਾਚਾਰੀਆ ਨਾਲ ਤਲਾਕ ਤੋਂ ਬਾਅਦ 1962 ਵਿਚ ਉਸਨੇ ਆਸਿਤ ਗੁਪਤਾ ਨਾਲ ਵਿਆਹ ਕਰਵਾ ਲਿਆ। ਆਸਿਤ ਵੀ ਇਕ ਅਗਾਂਹਵਧੂ ਵਿਚਾਰਾਂ ਦਾ ਕਮਿਊਨਿਸਟ ਸੀ।

**ਸਾਹਿਤਕ ਅਤੇ ਸਮਾਜਿਕ ਕੰਮ** : 1956 ਵਿਚ ਮਹਾਸ਼ਵੇਤਾ ਨੇ ਝਾਂਸੀ ਦੇ ਏਰੀਏ ਵਿਚ ਘੁੰਮ ਕੇ ਰਾਣੀ ਝਾਂਸੀ ਬਾਰੇ ਜਾਣਕਾਰੀ ਇਕੱਠੀ ਕੀਤੀ। ਝਾਂਸੀ ਦੇ ਇਲਾਕੇ ਵਿਚ ਘੁੰਮਕੇ ਉਸਨੇ ਉਥੋਂ ਦੇ ਲੋਕਾਂ ਦਾ ਰਹਿਣ-ਸਹਿਣ, ਲੋਕ ਗੀਤ ਇਕੱਠੇ ਹੀ ਨਹੀਂ ਕੀਤੇ ਸਗੋਂ ਰਿਕਾਰਡ ਵੀ ਕੀਤੇ। ਇਸੇ ਹੀ ਸਾਲ ਉਸ ਨੇ ਰਾਣੀ ਝਾਂਸੀ ਦੇ ਜੀਵਨ ਤੇ ਇਕ ਕਿਤਾਬ ਛਪਵਾਈ। 1964 ਵਿਚ ਮਹਾਸ਼ਵੇਤਾ ਨੂੰ ਬੀਜਾਗੜ੍ਹ ਕਾਲਜ (ਕਲਕੱਤਾ ਯੂਨੀਵਰਸਿਟੀ) ਵਿਚ ਲੈਕਚਰਾਰ ਦੀ ਨੌਕਰੀ ਮਿਲ ਗਈ। ਉਨ੍ਹਾਂ ਸਮਿਆਂ ਵਿਚ ਬੀਜਾਗੜ੍ਹ ਕਾਲਜ, ਕੰਮ ਕਰਨ ਵਾਲੀਆਂ ਔਰਤਾਂ ਲਈ ਵਿਦਿਆ ਪ੍ਰਦਾਨ ਕਰਦਾ ਸੀ। ਬੀਜਾਗੜ੍ਹ ਕਾਲਜ ਵਿਚ ਪੜ੍ਹਾਉਣ ਦੇ ਨਾਲ ਨਾਲ ਉਸਨੇ ਆਪਦਾ ਪੱਤਰਕਾਰੀ ਅਤੇ ਲਿਖਣ ਦਾ ਕਾਰਜ ਜਾਰੀ ਰੱਖਿਆ। ਆਪਣੇ ਰੁਝੇਵਿਆਂ ਦੇ ਬਾਵਜੂਦ ਮਹਾਸ਼ਵੇਤਾ ਨੇ ਲੋਧਾ ਅਤੇ ਸ਼ਾਬਰ ਕਬੀਲਿਆਂ ਬਾਰੇ ਅਤੇ ਦਲਿਤ ਔਰਤਾਂ ਦੀਆਂ ਸਮੱਸਿਆਵਾਂ ਬਾਰੇ ਆਪਣਾ ਅਧਿਐਨ ਜਾਰੀ ਰੱਖਿਆ। ਬਿਹਾਰ, ਮੱਧ ਪ੍ਰਦੇਸ਼ ਅਤੇ ਛੱਤੀਸਗੜ੍ਹ ਦੇ ਕਬੀਲਿਆਂ ਦੀਆਂ ਸਮੱਸਿਆਵਾਂ ਨੂੰ ਲੈ ਕੇ ਉਸ ਨੇ ਉਨ੍ਹਾਂ ਬਾਰੇ ਲਿਖਿਆ ਹੀ ਨਹੀਂ ਸਗੋਂ ਉਨ੍ਹਾਂ ਦੀਆਂ ਜਦੋ-ਜਹਿਦ ਵਿਚ ਸਰਗਰਮ ਹਿੱਸਾ ਲਿਆ। ਉਸ ਨੇ ਆਪਣੀਆਂ ਰਚਨਾਵਾਂ ਵਿਚ ਕਬੀਲੇ ਦੇ ਲੋਕਾਂ ਦੀ ਹੋ ਰਹੀ ਲੁੱਟ-ਖਸੁੱਟ ਅਤੇ ਉਨ੍ਹਾਂ ਉਤੇ ਸਰਕਾਰ ਅਤੇ ਜ਼ਿਮੀਦਾਰਾਂ ਵਲੋਂ ਕੀਤੇ ਜਾਂਦੇ ਜ਼ੁਲਮਾਂ ਬਾਰੇ ਲਿਖਿਆ। ਆਪਣੇ ਲੇਖਨ ਦੀ ਪ੍ਰੇਰਨਾ ਬਾਰੇ ਇਕ ਪੁੱਛੇ ਗਏ ਸਵਾਲ ਦਾ ਜਵਾਬ ਉਸ ਨੇ ਇਸ ਤਰ੍ਹਾਂ ਦਿੱਤਾ :

"ਮੈਂ ਹਮੇਸ਼ਾ ਵਿਸ਼ਵਾਸ ਕੀਤਾ ਹੈ ਕਿ ਅਸਲ ਇਤਿਹਾਸ ਆਮ ਲੋਕਾਂ ਵਲੋਂ ਲਿਖਿਆ ਜਾਂਦਾ ਹੈ। ਸਾਧਾਰਨ ਲੋਕ ਪੀੜ੍ਹੀ ਦਰ ਪੀੜ੍ਹੀ ਆਪਦੇ ਲੋਕ ਗੀਤ, ਲੋਕ ਬੋਲੀਆਂ ਨੂੰ ਜੀਵਤ ਰੱਖਦੇ ਹਨ। ਮੇਰੇ ਲਿਖਣ ਪ੍ਰਕਿਰਿਆ ਦੀ ਪ੍ਰੇਰਣਾ ਸਰੋਤ ਇਹ ਲੋਕ ਹਨ, ਜੋ ਕਿ ਲੁੱਟੇ ਜਾਂਦੇ ਹਨ। ਕੱਟੇ ਜਾਂਦੇ ਹਨ, ਜ਼ਲੀਲ ਕੀਤੇ ਜਾਂਦੇ ਹਨ, ਪਰ ਫਿਰ ਭੀ ਹਾਰ ਨਹੀਂ ਮੰਨਦੇ। ਮੇਰੀਆਂ ਲਿਖਤਾਂ ਦਾ ਸਾਰਾ ਕੱਚਾ ਮਾਲ ਇਨ੍ਹਾਂ ਕੱਥੇ ਕੁਚਲੇ ਲੋਕਾਂ ਵਿਚ ਪਿਆ ਹੈ। ਜਦੋਂ ਤੋਂ ਮੈਂ ਇਨ੍ਹਾਂ ਨੂੰ ਜਾਨਣ ਲੱਗੀ ਹਾਂ, ਮੈਨੂੰ ਆਪਣੀਆਂ ਲਿਖਤਾਂ ਲਈ ਕਿਤੋਂ ਹੋਰ ਕੱਚਾ ਮਾਲ ਨਹੀਂ ਭਾਲਣਾ ਪੈਂਦਾ। ਅਸਲ ਵਿਚ ਮੇਰੀਆਂ ਲਿਖਤਾਂ ਦੇ ਅਸਲ ਮਾਲਕ ਇਹ ਲੋਕ ਹਨ।"

ਫਰੈਂਕ ਫਰਟ (ਜਰਮਨੀ) ਦੇ ਇਕ ਪੁਸਤਕ ਮੇਲੇ ਵਿਚ ਉਸਨੇ ਆਮ ਪਬਲਿਕ ਨੂੰ ਰਾਜ ਕਪੂਰ ਦੀ ਫ਼ਿਲਮ ਦੇ ਇਕ ਗੀਤ ਦੀਆਂ ਇਹ ਲਾਈਨਾਂ ਸੁਣਾ ਕੇ ਰੁਆ ਦਿੱਤਾ

"ਇਹ ਸੱਚ ਹੈ ਕਿ ਮੇਰੀ ਜੁੱਤੀ ਜਪਾਨ ਤੋਂ ਬਣੀ ਹੈ,
ਪੈਨ ਇੰਗਲੈਂਡ ਅਤੇ ਟੋਪੀ ਰੂਸ ਤੋਂ ਬਣੀ ਹੈ।
ਪਰ ਮੇਰਾ ਦਿਲ ਹਮੇਸ਼ਾ ਹਿੰਦੋਸਤਾਨੀ ਰਹੇਗਾ।
ਮੇਰਾ ਦੇਸ਼ ਭਾਰਤ ਜਾਤਾਂ ਪਾਤਾਂ ਵਿਚ ਵੰਡਿਆ, ਧਰਮਾਂ ਵਿਚ ਵੰਡਿਆ, ਸੋਹਣਾ, ਗਰਮਤਰ, ਠੰਡਾ ਰੇਤੀਲਾ ਚਾਹੇ ਕਿਹੋ ਜਿਹਾ ਵੀ ਹੈ ਮੇਰਾ ਦੇਸ਼ ਹੈ।"

ਅਜ਼ਾਦੀ ਤੋਂ ਬਾਅਦ ਦੀ ਇਕ ਵਿਦਵਾਨ ਲੇਖਕਾ 'ਗਾਏਤਰੀ ਚੱਕਰਵਰਤੀ' ਨੇ ਮਹਾਸ਼ਵੇਤਾ ਦੀਆਂ ਕਹਾਣੀਆਂ ਨੂੰ ਅੰਗਰੇਜ਼ੀ ਵਿਚ ਅਨੁਵਾਦ ਕੀਤਾ। ਇਹ ਅਨੁਵਾਦ ਹੋਇਆ ਸੰਗ੍ਰਹਿ 1995 ਵਿਚ 'ਕਾਲਪਨਿਕ ਨਕਸ਼ੇ' ਦੇ ਨਾਂ ਹੇਠ ਛਪਿਆ। ਆਪਦੀ ਉਮਰ ਦੇ ਮਗਰਲੇ ਸਾਲਾਂ ਵਿਚ ਮਹਾਸ਼ਵੇਤਾ ਦੇਵੀ ਨੇ ਪੱਛਮੀ ਬੰਗਾਲ ਦੀ ਖੱਬੇਪੱਖੀ ਸਰਕਾਰ ਦੀਆਂ ਉਦਯੋਗਿਕ ਨੀਤੀਆਂ ਖਿਲਾਫ਼ ਲੜਾਈ ਵਿਚ ਹਿੱਸਾ ਲਿਆ। ਖਾਸ ਕਰਕੇ ਲੋਕਾਂ ਦੀ ਖੇਤੀਯੋਗ ਭੂਮੀ ਪ੍ਰਾਈਵੇਟ ਅਦਾਰਿਆਂ ਨੂੰ ਕੌਡੀਆਂ ਦੇ ਭਾਅ ਦੇਣ ਦੀ ਪੱਛਮੀ ਬੰਗਾਲ ਸਰਕਾਰ ਦੀ ਨੀਤੀ ਖਿਲਾਫ਼, ਅੰਦੋਲਨ ਵਿਚ ਉਹ ਲੋਕਾਂ ਨਾਲ ਡਟ ਕੇ ਖੜ੍ਹੀ। ਰਬਿੰਦਰ ਨਾਥ ਟੈਗੋਰ ਦੁਆਰਾ ਸਥਾਪਤ 'ਸ਼ਾਂਤੀ ਨਿਕੇਤਨ' ਦੇ ਵਪਾਰੀ ਕਰਨ ਦੇ ਖਿਲਾਫ਼, ਜਿਥੇ ਉਸਨੇ ਆਪਦੀ ਕਾਲਜ ਦੀ ਪੜ੍ਹਾਈ ਕੀਤੀ, ਇਕ ਜ਼ਬਰਦਸਤ ਅੰਦੋਲਨ ਜਥੇਬੰਦ ਕੀਤਾ। ਉਸ ਦੀ ਅਗਵਾਈ ਵਿਚ ਲੇਖਕਾਂ, ਕਲਾਕਾਰਾਂ, ਬੁੱਧੀਜੀਵੀਆਂ ਨੇ ਸਿੰਗੂਰ ਅਤੇ ਨੰਦੀ ਗਰਾਮ ਦੇ ਸ਼ਾਨਾਂਮੱਤੇ ਘੋਲ ਲੜੇ। ਗੁਜਰਾਤ ਦੇ ਕਬੀਲਿਆਂ ਦੇ ਭੂਦਾਨ ਥੀਏਟਰ ਦੀ ਉਹ ਹਮੇਸ਼ਾ ਹਮਾਇਤੀ ਰਹੀ।


**ਸਾਹਿਤਕ ਕੰਮ** : ਜੇਕਰ ਉਸ ਦਾ ਸਾਹਿਤਕ ਕੰਮ ਕੀਤਾ ਦੇਖੀਏ ਤਾਂ ਇਕ ਲੰਬੀ ਲਿਸਟ ਬਣ ਜਾਂਦੀ ਹੈ। ਉਸ ਨੇ ਆਪਣੀ ਜ਼ਿੰਦਗੀ ਵਿਚ ਬਹੁਤ ਘੱਟ ਅਰਾਮ ਕੀਤਾ। ਉਸਨੇ ਜ਼ਿੰਦਗੀ ਦਾ ਇਕ ਇਕ ਪਲ ਸਾਹਿਤ ਅਤੇ ਸੰਘਰਸ਼ ਦੇ ਲੇਖੇ ਲਾਇਆ। ਹੇਠਾਂ ਉਸ ਦੀਆਂ ਸਾਹਿਤਕ ਕਿਰਤਾਂ ਦੇ ਨਾਮ ਦਰਜ ਕਰ ਰਹੇ ਹਨ।

"ਝਾਂਸੀ ਦੀ ਰਾਣੀ, 1084ਵੇਂ ਦੀ ਮਾਂ, ਅਰੇਨੀਅਰ ਅਧਿਕਾਰ, ਅਗਨੀ ਗਰਭਾ, ਕੋੜੀ ਧਰਤੀ, ਚੋਟੀ ਮੁੰਡਾ ਅਤੇ ਉਸਦਾ ਤੀਰ, ਸੜਕਾਂ ਦੀ ਧੂੜ, ਸਾਡੀ ਸ਼ਾਕਾਹਾਰੀ ਗਾਂ, ਬਾਸ਼ਾਏ ਕੁੱਦੂ। ਟੀਟੂ ਮੀਰ, ਰੁਡਾਲੀ, (ਛਾਤੀ ਦੀਆਂ ਕਹਾਣੀਆਂ) ਸ਼ਿਕਾਰੀ ਦੀ ਕਿਤਾਬ, ਟਰੌਪਦੀ, ਜਦ ਤੱਕ ਸਾਨੂੰ ਮੌਤ ਵੱਖ ਨਹੀਂ ਕਰਦੀ, ਬੁੱਢੀਆਂ ਔਰਤਾਂ, ਕਲਪੁੱਤਰਾ, ਕਿਉਂ ਕਿਉਂ ਕਰਦੀ ਕੁੜੀ, ਡਕੈਤੀ ਕਹਾਣੀ ਉਸ ਦੀਆਂ ਰਚਨਾਵਾਂ ਤੇ 'ਸੰਘਰਸ਼' 'ਹਜ਼ਾਰਾਂ ਚੁਰਾਸੀ ਵੇਦੀਮਾਂ' 'ਰੁਤਾਲੀ' 'ਮਾਤਮੇਮਾ' ਅਤੇ ਗੰਗੋਰ ਨਾਮਕ ਫ਼ਿਲਮਾਂ ਬਣੀਆਂ।


**ਇਨਾਮ ਸਨਮਾਨ** : ਮਹਾਸ਼ਵੇਤਾ ਨੂੰ 1979 ਵਿਚ, ਉਸਦੇ ਨਾਵਲ 'ਆਰਨੈਅਰ ਅਧਿਕਾਰ' 'ਤੇ ਸਾਹਿਤਕ ਅਕੈਡਮੀ ਐਵਾਰਡ ਮਿਲਿਆ। ਉਸਦੇ ਪੂਰੇ ਕੰਮ ਬਦਲੇ ਉਸ ਨੂੰ 1986 ਵਿਚ ਪਦਮ ਸ੍ਰੀ ਅਤੇ 1996 ਵਿਚ ਹਿੰਦੁਸਤਾਨੀ ਸਾਹਿਤ ਦਾ ਬਹੁਤ ਵੱਡਾ ਇਨਾਮ ਜਨਪੀਠ ਮਿਲਿਆ। ਸੰਨ 2006 ਵਿਚ ਪਦਮ ਭੂਸ਼ਨ ਅਤੇ 2012 ਲਾਈਫ਼ ਟਾਈਮ ਅਚੀਵਮੈਂਟ ਐਵਾਰਡ ਨਾਲ ਮਹਾਸ਼ਵੇਤਾ ਨੂੰ ਸਨਮਾਨਿਤ ਕੀਤਾ ਗਿਆ। ਹੋਰ ਸੰਸਥਾਵਾਂ ਵਲੋਂ ਮਿਲੇ ਜਾਂ ਉਸ ਵਲੋਂ ਠੁਕਰਾਏ ਇਨਾਮਾਂ ਦੀ ਕੋਈ ਗਿਣਤੀ ਨਹੀਂ।

**ਮੌਤ** : 23 ਜੁਲਾਈ 2016 ਨੂੰ ਉਸਨੂੰ ਮੇਜਰ ਹਾਰਟ ਅਟੈਕ ਹੋਇਆ ਅਤੇ ਉਸ ਨੂੰ ਕਲਕੱਤੇ ਦੇ ਬੈਲਵਿਊ ਹਸਪਤਾਲ ਵਿਚ ਦਾਖ਼ਲ ਕਰਾ ਦਿੱਤਾ ਗਿਆ ਪਰ ਸਿਹਤ ਇਨੀ ਵਿਗੜ ਚੁੱਕੀ ਸੀ ਕਿ 28 ਜੁਲਾਈ 2016 ਨੂੰ ਇਸ ਸੰਘਰਸ਼ਮਈ ਔਰਤ ਨੇ ਪਰਾਣ ਤਿਆਗ ਦਿੱਤੇ। ਆਪ ਦੀ ਮਗਰਲੀ ਉਮਰ ਵਿਚ ਮਹਾਸ਼ਵੇਤਾ ਸ਼ੂਗਰ, ਸੈਪਟੀਸੇਮੀਆ, ਅਰਥਰਾਈਟਸ ਅਤੇ ਯੂਰੀਨਰੀ ਇਨਫੈਕਸ਼ਨ ਤੋਂ ਪੀੜਤ ਰਹੀ। ਇਨੀਆਂ ਬਿਮਾਰੀਆਂ ਅਤੇ ਨਿੱਘਰਦੀ ਜਾ ਰਹੀ ਸਿਹਤ ਦੇ ਬਾਵਜੂਦ ਉਸ ਨੇ ਲੋਕਪੱਖੀ ਕਲਮ ਨੂੰ ਆਪਣੀਆਂ ਅੱਖਾਂ ਤੋਂ ਉਹਲੇ ਨਹੀਂ ਕੀਤਾ। ਉਹ ਅਖੀਰ ਤੱਕ ਚੜ੍ਹਦੀ ਕਲਾ ਅਤੇ ਲੁੱਟ ਖਸੁੱਟੇ ਲੋਕਾਂ ਦਾ ਫ਼ਿਕਰ ਕਰਦੀ ਰਹੀ। ਮਹਾਸ਼ਵੇਤਾ ਨੇ ਜਿਸ ਸਥਾਪਤੀ ਦੇ ਉਲਟ ਲਿਖਿਆ, ਉਸੇ ਸਥਾਪਤੀ ਦੇ ਨੁਮਾਇੰਦੇ, ਨਰਿੰਦਰ ਮੋਦੀ, ਸੁਸ਼ਮਾ ਸਵਰਾਜ ਅਤੇ ਮਮਤਾ ਬੈਨਰਜੀ ਨੂੰ ਵੀ ਉਸ ਨੂੰ ਸ਼ਰਧਾਂਜਲੀ ਭੇਟ ਕਰਨੀ ਪਈ। ਮਮਤਾ ਬੈਨਰਜੀ ਦੇ ਲਫ਼ਜ਼ਾਂ ਵਿਚ ਉਹ ਬੰਗਾਲ ਦੀ ਮਾਂ ਸੀ।

**ਸੱਚੀ ਸ਼ਰਧਾਂਜਲੀ** : ਮਹਾਸ਼ਵੇਤਾ ਦੇ ਜਾਣ ਨਾਲ ਇਕ ਯੁੱਗ ਦਾ ਅੰਤ ਹੋ ਗਿਆ ਹੈ। ਲੇਖਕ ਦੇ ਤੌਰ 'ਤੇ ਉਸਦਾ ਮੁਕਾਬਲਾ ਰੂਸ ਦੇ ਗੋਰਕੀ, ਚੀਨ ਦੇ ਲੂ-ਸ਼ੁਨ ਜਾਂ ਚਿੱਲੀ ਦੇ ਘਾਬਲੋ ਨੈਰੂਦਾ ਨਾਲ ਕੀਤਾ ਜਾ ਸਕਦਾ ਹੈ। ਉਹ ਸਿਰਫ਼ ਹਿਦੁਸਤਾਨ ਹੀ ਨਹੀਂ ਸਗੋਂ ਇਸ ਦੁਨੀਆ ਦੇ ਦੱਬੇ ਕੁਚਲੇ ਲੋਕਾਂ ਦੀ ਮਾਂ, ਭੈਣ ਜਾਂ ਹਮਦਰਦੀ ਸੀ ਅਤੇ ਉਹ ਉਨ੍ਹਾਂ ਦੇ ਦੁੱਖਾਂ, ਸੁੱਖਾਂ ਅਤੇ ਜਦੋ-ਜਹਿਦਾਂ ਵਿਚ ਮੋਢੇ ਨਾਲ ਮੋਢਾ ਜੋੜ ਕੇ ਖੜ੍ਹਨ ਵਾਲੀ ਸੀ। ਹੁਣ ਜਦੋਂ ਕਿ ਦੁਨੀਆ ਦੇ ਮਜ਼ਦੂਰ ਇਕੱਠੇ ਹੋਏ ਹਨ ਜਾਂ ਨਹੀਂ ਪਰ ਸਰਮਾਏਦਾਰ ਜਾਂ ਲੁਟੇਰੇ ਜ਼ਰੂਰ ਇਕੱਠੇ ਹੋ ਗਏ ਹਨ ਤਾਂ ਅਗਾਂਹਵਧੂ ਤਾਕਤਾਂ ਦਾ ਫਰਜ਼ ਹੈ ਕਿ ਉਹ ਵੀ ਇਨ੍ਹਾਂ ਲੁਟੇਰਿਆਂ ਦੇ ਕੌਮਾਂਤਰੀ ਗਠਜੋੜ ਦੇ ਵਿਰੁੱਧ ਲਾਮਬੰਦ ਹੋਣ। ਹੁਣ ਸਾਰੀ ਦੁਨੀਆ ਦੇ ਮਜ਼ਦੂਰ ਸਮਾਏਦਾਰਾਂ ਦੇ ਵਰਲਡ ਟਰੇਡ ਸਮਝੌਤਿਆਂ ਦਾ ਪ੍ਰਤੀਕਰਮ ਭੁਗਤ ਰਹੇ ਹਨ। ਹੁਣ ਇਨ੍ਹਾਂ ਕਾਰਪੋਰੇਸ਼ਨਾਂ ਨੇ ਧਰਤੀ ਪਾਣੀ ਹਵਾ ਨੂੰ ਵੀ ਇਕੋ ਲਾਭ ਕਮਾਉਣ ਦਾ ਸਾਧਨ ਬਣਾ ਲਿਆ ਹੈ ਤਾਂ ਸਾਡਾ ਸਭ ਦਾ ਫਰਜ਼ ਹੈ ਕਿ ਅਸੀਂ ਜਿਥੇ ਵੀ ਹੋਈਏ ਇਸ ਕਾਰਪੋਰੇਟ ਕਲਚਰ ਦਾ ਵਿਰੋਧ ਕਰਨ ਲਈ ਲਾਮਬੰਦ ਹੋਈਏ ਕਿਉਂਕਿ ਬਸਤਰ ਹੁਣ ਮੱਧ ਪੂਰਵ ਭਾਰਤ ਵਿਚ ਹੀ ਨਹੀਂ ਸਗੋਂ ਸਾਰੀ ਦੁਨੀਆ ਦੇ ਪਿੰਡੇ 'ਤੇ ਉੱਗ ਆਇਆ ਹੈ।



# ਪਾਸ਼ ਦੀ ਪ੍ਰਸੰਗਿਕਤਾ



ਡਾ. ਭੀਮ ਇੰਦਰ ਸਿੰਘ

ਵੀਹਵੀਂ ਸਦੀ ਦਾ ਸੱਤਵਾਂ ਦਹਾਕਾ ਪੰਜਾਬੀ ਕਵਿਤਾ ਦੇ ਇਤਿਹਾਸ ਵਿੱਚ 'ਪਾਸ਼ ਯੁੱਗ' ਦਾ ਦਹਾਕਾ ਕਿਹਾ ਜਾ ਸਕਦਾ ਹੈ। ਇਸ ਦਾ ਪ੍ਰਮੁੱਖ ਕਾਰਨ ਇਹ ਕਿ ਪਾਸ਼ ਨੇ ਆਪਣੀ ਕਵਿਤਾ ਰਾਹੀਂ ਨਕਸਲਬਾੜੀ ਲਹਿਰ ਦੇ ਵਿਭਿੰਨ ਸਰੋਕਾਰਾ, ਸਰੂਪਾਂ ਤੇ ਸੰਕਲਪਾਂ ਨੂੰ ਰੂਪਮਾਨ ਕਰਕੇ ਤਤਕਾਲੀਨ ਪੰਜਾਬੀ ਕਵਿਤਾ ਨੂੰ ਨਵੀਆਂ ਲੀਹਾਂ 'ਤੇ ਤੋਰਿਆ। ਪਾਸ਼ ਦੀ ਕਵਿਤਾ ਨੇ ਜਿੱਥੇ ਉਸ ਵੇਲੇ ਲਿਖੀ ਜਾ ਰਹੀ ਪ੍ਰਯੋਗਵਾਦੀ ਕਵਿਤਾ ਸਾਹਮਣੇ ਪ੍ਰਸ਼ਨ-ਚਿੰਨ੍ਹ ਲਗਾਇਆ ਉਥੇ ਪਰੰਪਰਾਗਤ ਪ੍ਰਗਤੀਵਾਦੀ ਕਾਵਿ-ਸਿਰਜਣਾ ਦੇ ਅਮਲ ਦੇ ਸਨਮੁੱਖ ਚੁਣੌਤੀ ਪੇਸ਼ ਕੀਤੀ। ਪਾਸ਼ ਨੇ ਆਪਣੇ ਸਮਕਾਲੀ ਕਵੀਆਂ ਦੇ ਮੱਧ-ਵਰਗੀ ਚਰਿੱਤਰ ਅਤੇ ਸਮਝੌਤਾਵਾਦੀ ਸਿਆਸਤ ਨੂੰ ਨਕਾਰਿਆ। ਸਮਾਜ ਦੀਆਂ ਠੋਸ, ਅਦਿੱਖ ਤੇ ਅਣਮਨੁੱਖੀ ਹਕੀਕਤਾਂ ਨੂੰ ਸਮਝ ਕੇ ਕਵਿਤਾ ਲਿਖਣ ਦੀ ਗੱਲ ਆਖੀ :

ਹੁਣ ਵਕਤ ਆ ਗਿਆ
ਕਿ ਆਪੋ ਵਿਚਲੇ ਰਿਸ਼ਤੇ ਦਾ ਇਕਬਾਲ ਕਰੀਏ
ਤੇ ਵਿਚਾਰਾਂ ਦੀ ਲੜਾਈ
ਮੱਛਰਦਾਨੀ ਵਿੱਚੋਂ ਬਾਹਰ ਹੋ ਕੇ ਲੜੀਏ।
(ਪਾਸ਼-ਕਾਵਿ, ਪੰਨਾ 32)

ਸਪੱਸ਼ਟ ਕਿ ਪਾਸ਼ ਨੇ ਆਪਣੇ ਸਮੇਂ ਦੇ ਸਾਹਿਤਕ, ਸਮਾਜਿਕ, ਸਿਆਸੀ ਤੇ ਇਤਿਹਾਸਕ ਆਦਿ ਪੱਖਾਂ ਨਾਲ ਸੰਵਾਦ ਰਚਾ ਕੇ ਅਜਿਹੀ ਕਵਿਤਾ ਦੀ ਰਚਨਾ ਕੀਤੀ ਜੋ ਹਥਿਆਰਬੰਦ-ਸੰਘਰਸ਼ ਰਾਹੀਂ ਲੋਕ ਹਿੱਤਾਂ ਦੀ ਹਾਮੀ ਭਰਦੀ ਸੀ। ਭਾਵੇਂ ਪਾਸ਼ ਦੀ ਕਵਿਤਾ ਨਕਸਲਬਾੜੀ ਅੰਦੋਲਨ ਅਧੀਨ ਲੜੇ ਹਥਿਆਰਬੰਦ-ਘੋਲ ਦੀ ਤਰਜਮਾਨੀ ਕਰਦੀ ਹੈ ਪਰ ਇਹ ਕਵਿਤਾ ਨਕਸਲਬਾੜੀ ਅੰਦੋਲਨ ਦੀਆਂ ਸੀਮਾਵਾਂ ਨੂੰ ਉਲੰਘ ਕੇ ਕਿਰਤੀ, ਕਿਸਾਨ, ਦਲਿਤ, ਔਰਤ ਆਦਿ ਦੇ ਵਡੇਰੇ ਸਰੋਕਾਰਾਂ ਨੂੰ ਵੀ ਆਪਣੇ ਅੰਦਰ ਸਮੋ ਲੈਂਦੀ ਹੈ। ਇਹੋ ਕਾਰਨ ਕਿ ਪਾਸ਼ ਦੀ ਕਵਿਤਾ ਦੀ ਪ੍ਰਸੰਗਿਕਤਾ ਸਮਕਾਲ ਤੇ ਭਵਿੱਖ ਵਿੱਚ ਵੀ ਬਣੀ ਰਹੇਗੀ।

ਪਾਸ਼ ਦੀ ਕਵਿਤਾ ਦਾ ਨਕਸਲਬਾੜੀ ਲਹਿਰ ਦੇ ਸਿਆਸੀ ਮੋਰਚੇ ਨਾਲੋਂ ਸਾਹਿਤਕ ਖੇਤਰ ਵਿੱਚ ਪਾਇਆ ਯੋਗਦਾਨ ਵੱਡਮੁੱਲਾ ਤੇ ਵਡੇਰਾ ਹੈ। ਇਹ ਕਵਿਤਾ ਸਿਆਸੀ ਅਜ਼ਾਦੀ ਦੇ ਨਾਲ-ਨਾਲ ਸੰਪੂਰਨ ਮਨੁੱਖੀ ਅਜ਼ਾਦੀ ਲਈ ਨਵੇਂ ਸਮਾਜਵਾਦੀ ਸਮਾਜ ਦੀ ਸਥਾਪਨਾ ਦੇ ਆਦਰਸ਼ ਨੂੰ ਵਾਰ-ਵਾਰ ਦ੍ਰਿੜਾਦੀ ਤੇ ਦੁਹਰਾਂਦੀ ਹੈ। ਇਸ ਮਕਸਦ ਲਈ ਜਿੱਥੇ ਇਹ ਕਵਿਤਾ ਬੁਰਜੂਆ ਸਿਆਸਤ ਦੀਆਂ ਮਿੱਥਾਂ, ਕੂਟਨੀਤੀਆਂ, ਦਾਅ ਪੇਚਾਂ ਤੇ ਦਾਅਵੇਦਾਰੀਆਂ ਦਾ ਪਰਦਾਫ਼ਾਸ਼ ਕਰਦੀ ਹੈ ਉਥੇ ਨਵੇਂ ਸਮਾਜ ਦੇ ਸੁਪਨੇ ਨੂੰ ਸਾਕਾਰ ਕਰਨ ਲਈ ਆਪਣਾ ਬਣਦਾ ਰੋਲ ਵੀ ਅਦਾ ਕਰਦੀ ਹੈ। ਆਪਣੀ ਸਮਕਾਲੀ ਕਵਿਤਾ ਨਾਲੋਂ ਵਿਲੱਖਣ ਤੇ ਵੱਖਰੇ ਸਾਹਿਤ-ਸੂਹਜ, ਸਾਹਿਤ-ਦ੍ਰਿਸ਼ਟੀ ਤੇ ਵਿਚਾਰਧਾਰਾ ਰਾਹੀਂ ਪਾਸ਼ ਦੀ ਕਵਿਤਾ ਨੇ ਪੰਜਾਬੀ ਕਵਿਤਾ ਨੂੰ ਨਵੀਂ ਇਨਕਲਾਬੀ ਨੁਹਾਰ ਪ੍ਰਦਾਨ ਕੀਤੀ। ਇਸ ਦਾ ਪ੍ਰਮੁੱਖ ਕਾਰਨ ਪਾਸ਼ ਦੀ ਜ਼ਿੰਦਗੀ ਦੀਆਂ ਘਟਨਾਵਾਂ ਤੇ ਵੱਖਰੀ ਸ਼ਖ਼ਸ਼ੀਅਤ ਸੀ।

ਪਾਸ਼ ਨੇ ਆਪਣੀ ਜ਼ਿੰਦਗੀ ਦੇ ਤਲਖ਼ ਤਜਰਬਿਆਂ ਦੇ ਆਧਾਰ 'ਤੇ ਨਪੀੜੇ ਜਾ ਰਹੇ ਮਨੁੱਖ ਦੀ ਜ਼ਿਲੱਤ ਤੋਂ ਮੁਕਤੀ ਲਈ ਕਵਿਤਾ ਲਿਖੀ। ਇਹੋ ਕਾਰਨ ਹੈ ਕਿ ਉਸ ਦੀ ਕਵਿਤਾ ਲੁੱਟੇ ਤੇ ਥੱਕੇ-ਟੁੱਟੇ ਮਨ ਦਾ ਆਸਰਾ ਤੇ ਮਨੁੱਖ ਦੇ ਜੂਝਣ ਦੀ ਪ੍ਰੇਰਨਾ ਬਣਦੀ ਹੈ। ਪਾਸ਼ ਦੀ ਕਵਿਤਾ ਦਾ ਨਾਇਕ ਇਨਕਲਾਬੀ ਤੇ ਇਨਸਾਨੀ ਹੱਕਾਂ ਲਈ ਜੂਝਣ ਵਾਲਾ ਹੈ। ਇਸ ਨਾਇਕ ਦੁਆਰਾ ਇਨਕਲਾਬ ਲਈ ਲਿਆ ਸੁਪਨਾ ਸਮਕਾਲ ਦੇ ਆਰ-ਪਾਰ ਫੈਲਦਾ ਦਿਖਾਈ ਦਿੰਦਾ ਹੈ। ਇਹ ਨਾਇਕ ਕਠੋਰ ਸਮਾਜਿਕ ਪ੍ਰਸਥਿਤੀਆਂ ਲਈ ਪ੍ਰਤੀਰੋਧ ਤੇ ਵਿਦਰੋਹ ਦਾ ਬਿੰਬ ਬਣਕੇ ਗੈਰ-ਮਨੁੱਖੀ ਸਮਾਜ ਨਾਲ ਜੂਝਦਾ :

ਅਸੀਂ ਤਾਂ ਖੋਹਣੀ
ਆਪਣੀ ਚੋਰੀ ਹੋਈ ਰਾਤਾਂ ਦੀ ਨੀਂਦ
ਅਸੀਂ ਟੋਹਣਾ ਜ਼ੋਰ
ਖ਼ੂਨ ਲਿਬੜੇ ਹੱਥਾਂ ਦਾ
ਉਨ੍ਹਾਂ ਨੂੰ ਭਲੇ ਲੱਗਣ ਲਈ
ਅਸੀਂ ਹੁਣ ਵੈਣ ਨਹੀਂ ਪਾਉਣੇ
(ਪਾਸ਼-ਕਾਵਿ, ਪੰਨਾ 54)

ਕਵਿਤਾ ਦੀਆਂ ਉਪਰੋਕਤ ਤੁਕਾਂ ਸਪੱਸ਼ਟ ਕਰਦੀਆਂ ਹਨ ਕਿ ਪਾਸ਼ ਦੀ ਕਵਿਤਾ ਇੱਕ ਵਿਸ਼ੇਸ਼ ਸਿਆਸੀ ਮਾਹੌਲ ਵਿੱਚ ਲਿਖੀ ਹੋਣ ਕਰਕੇ ਇਨਕਲਾਬ ਲਈ ਪ੍ਰਤੀਬੱਧਤਾ ਦੀ ਕਵਿਤਾ । ਸਿਆਸਤ ਇਸ ਕਵਿਤਾ ਦੀ ਕਾਵਿਕ ਬਣਤਰ ਦੀ ਲਾਜ਼ਮੀ ਕੜੀ ਹੈ। ਇਹੋ ਕਾਰਨ ਕਿ ਇਸ ਕਵਿਤਾ ਦੀ ਸ਼ਕਤੀ ਤੇ ਸੂਹਜ ਸਿਆਸਤ ਦੇ ਦਾਅ-ਪੇਚਾਂ ਨੂੰ ਪੇਸ਼ ਕਰਨ ਵਿੱਚ ਮੌਜੂਦ ਹੈ। ਇਸ ਕਵਿਤਾ ਵਿੱਚ ਗ਼ਰੀਬ ਕਿਸਾਨੀ ਤੇ ਦਲਿਤ ਜਾਤਾਂ/ਜਮਾਤਾਂ ਦੀ ਵਿਦਰੋਹੀ ਸੁਰ ਦੇ ਨਾਲ-ਨਾਲ ਬੁਰਜੂਆ ਸਿਆਸਤ ਪ੍ਰਤੀ ਨਫ਼ਰਤ ਵੀ ਪੇਸ਼ ਹੁੰਦੀ ਹੈ। ਨਵ-ਸਾਮਰਾਜੀ ਸਿਆਸਤ ਦੇ ਜ਼ੁਲਮ, ਲੁੱਟ, ਭੈਅ ਤੇ ਝੂਠ ਨੂੰ ਪਾਸ਼ ਦੀ ਕਵਿਤਾ ਰੁੱਸੇ ਤੇ ਰੋਹ ਰਾਹੀਂ ਸਿਰਜਦੀ:

ਉਡ ਗਏ ਹਨ ਬਾਜ ਚੁੰਝਾਂ 'ਚ ਲੈ ਕੇ
ਸਾਡੀ ਚੈਨ ਦਾ ਇੱਕ ਪਲ ਬਿਤਾ
ਸਕਣ ਦੀ ਖ਼ਾਹਸ਼
ਦੋਸਤੋ ਹੁਣ ਚੱਲਿਆ ਜਾਵੇ
ਉਡਦਿਆਂ ਬਾਜ਼ਾਂ ਮਗਰ...
(ਪਾਸ਼-ਕਾਵਿ, ਪੰਨਾ 50)

ਪਾਸ਼ ਇਸ ਗੱਲੋਂ ਚੇਤੰਨ ਸੀ ਕਿ ਅਜੋਕੇ ਬੁਰਜੂਆ-ਜਗੀਰੂ ਸੱਭਿਆਚਾਰ ਨੂੰ ਖ਼ਤਮ ਕਰਨ ਲਈ ਸਾਹਿਤ ਤੇ ਕਲਾ ਦੇ ਖੇਤਰ ਦੇ ਨਾਲ-ਨਾਲ ਆਰਥਿਕ ਤੇ ਸਿਆਸੀ ਲੜਾਈਆਂ ਵੀ ਲੜੀਆਂ ਜਾਣ। ਉਹ ਆਪਣੀ ਕਾਵਿ-ਕਲਾ ਨੂੰ ਜਮਾਤੀ ਨਜ਼ਰੀਏ ਤੋਂ ਵੇਖਦਾ ਤੇ ਲਿਖਦਾ ਹੈ। ਇਹੋ ਕਾਰਨ ਕਿ ਪਾਸ਼ ਆਪਣੇ ਆਪ ਨੂੰ ਸੁਧਾਰਵਾਦੀ ਕਵੀ ਨਹੀਂ ਕਹਾਉਣਾ ਚਾਹੁੰਦਾ ਸਗੋਂ ਜੁਝਾਰਵਾਦੀ ਕਵੀ ਕਹਾਉਣ ਦੇ ਹੱਕ ਵਿੱਚ ਸੀ। ਉਹ ਆਪਣੇ ਪਾਠਕ ਨੂੰ ਸੁਧਾਰਨ ਦੀ ਕੋਸ਼ਿਸ਼ ਨਹੀਂ ਕਰਦਾ ਸਗੋਂ ਸਮਾਜਿਕ ਪ੍ਰਸਥਿਤੀਆਂ ਨੂੰ ਬਦਲਣ ਲਈ ਕਹਿੰਦਾ ਹੈ। ਅਜਿਹਾ ਕਰਦਿਆਂ ਉਹ ਇੱਕ ਵਿਸ਼ੇਸ਼ ਵਿਚਾਰਧਾਰਾ ਦੇ ਪ੍ਰਚਾਰ ਤੇ ਪਾਸਾਰ ਉਤੇ ਬਲ ਦਿੰਦਾ ਹੋਇਆ ਵੀ ਕਵਿਤਾ ਦੀ ਕਲਾਤਮਿਕਤਾ ਵੱਲ ਵਿਸ਼ੇਸ਼ ਤਵੱਜੋ ਦਿੰਦਾ ਹੈ। ਪਾਸ਼ ਦਾਰਸ਼ਨਿਕ ਪ੍ਰਤੀਬੱਧਤਾ ਦੇ ਪੱਖ ਤੋਂ ਮਾਰਕਸਵਾਦ ਨਾਲ ਪ੍ਰਤੀਬੱਧ ਸ਼ਾਇਰ ਹੈ। ਮਾਰਕਸਵਾਦੀ ਫ਼ਲਸਫ਼ਾ ਉਸਦੇ ਕਾਵਿ-ਵਸਤੂ ਤੇ ਕਾਵਿ-ਵਿਧੀ ਨੂੰ ਵੀ ਨਿਰਧਾਰਤ ਕਰਦਾ ਹੈ।

ਪਾਸ਼ ਨੇ ਮਾਰਕਸਵਾਦ ਬਾਰੇ ਮੁੱਢਲੀ ਜਾਣਕਾਰੀ ਕਮਿਊਨਿਸਟ ਪਾਰਟੀ ਆਫ਼ ਇੰਡੀਆ (ਸੀ. ਪੀ. ਆਈ) ਦੇ ਪੰਜਾਬ ਵਿੱਚ 1967 ਈ. ਦੌਰਾਨ ਲੱਗਦੇ ਸਕੂਲਾਂ ਵਿੱਚੋਂ ਹਾਸਲ ਕੀਤੀ। ਸੰਨ 1969 ਵਿੱਚ ਉਸ ਦਾ ਨਕਸਲੀ ਕਾਮਰੇਡਾਂ ਨਾਲ ਮੇਲ-ਜੋਲ ਹੋਇਆ। ਇਸ ਮੇਲ-ਜੋਲ ਕਾਰਨ ਉਸ ਨੂੰ ਜੇਲ੍ਹ ਜਾਣਾ ਪਿਆ। ਜੇਲ੍ਹ ਵਿੱਚ ਰਹਿੰਦਿਆਂ ਉਸ ਦੇ ਮਾਰਕਸੀ ਵਿਚਾਰਾਂ ਵਿੱਚ ਹੋਰ ਪਰਿਪੱਕਤਾ ਆਈ। ਇਸ ਵਿਚਾਰਧਾਰਕ ਪਰਿਪੱਕਤਾ ਨੇ ਉਸ ਦੇ ਮਨ ਵਿੱਚ ਆਪਣੇ ਲੋਕਾਂ ਤੇ ਸਮਾਜ ਪ੍ਰਤੀ ਬੇਚੈਨੀ ਪੈਦਾ ਕੀਤੀ। ਇਹ ਬੇਚੈਨੀ ਪਾਸ਼ ਦੀ ਕਵਿਤਾ ਵਿੱਚ ਕੇਵਲ ਸ਼ਬਦਾਂ ਤੇ ਸ਼ਬਦ-ਚਿੱਤਰਾਂ ਦੇ ਭੇੜ ਵਿੱਚੋਂ ਹੀ ਪੈਦਾ ਨਹੀਂ ਹੁੰਦੀ ਸਗੋਂ ਸਮਾਜਕ ਯਥਾਰਥ ਦੇ ਅੰਤਰ-ਵਿਰੋਧਾਂ ਵਿੱਚੋਂ ਪਨਪਦੀ ਹੈ।

ਪਾਸ਼ ਆਪਣੀ ਸਿਆਸੀ ਚੇਤਨਾ ਨੂੰ ਸਮਾਜਵਾਦ ਲਈ ਜੂਝਣ ਹਿੱਤ ਪ੍ਰਯੋਗ ਵਿੱਚ ਲਿਆਉਂਦਾ। ਉਹ ਲੁੱਟੇ ਜਾ ਰਹੇ ਵਰਗਾਂ ਦੀ ਵਿਚਾਰਧਾਰਾ ਨਾਲ ਸੰਬੰਧਤ ਪਾਰਟੀਆਂ ਦੀ ਸਿਆਸਤ ਨਾਲ ਪ੍ਰਤੀਬੱਧ ਹੋ ਕੇ ਲਿਖਦਾ ਹੈ। ਪਰ ਇੱਕ ਚੰਗੇ ਕਮਿਊਨਿਸਟ ਵਾਂਗ ਉਹ ਕਮਿਊਨਿਸਟ ਪਾਰਟੀਆਂ ਦੀ ਆਲੋਚਨਾ ਵੀ ਕਰਦਾ ਹੈ। ਇਹ ਆਲੋਚਨਾ ਗੈਰ-ਮਾਰਕਸੀ ਨਹੀਂ ਹੁੰਦੀ ਸਗੋਂ ਮਾਰਕਸੀ ਵਿਚਾਰਧਾਰਾ ਨਾਲ ਪ੍ਰਤੀਬੱਧ ਹੋ ਕੇ ਹੁੰਦੀ ਹੈ। ਕਮਿਊਨਿਸਟ ਲਹਿਰ ਵਿੱਚ ਆਈਆਂ ਵਿਗਾੜਾਂ ਉਪਰ ਉਹ 'ਕਾਮਰੇਡ ਨਾਲ ਗੱਲਬਾਤ' ਵਰਗੀਆਂ ਕਵਿਤਾਵਾਂ ਲਿਖ ਕੇ ਗਲ ਕਰਦਾ ਹੈ।

ਪਾਸ਼ ਦੀ ਕਵਿਤਾ ਨੇ ਆਪਣਾ ਇਤਿਹਾਸਕ ਫ਼ਰਜ਼ ਪਛਾਣਦਿਆਂ ਸੱਚ ਨੂੰ ਸੱਚ ਕਹਿਣ ਦੀ ਜੁਰਅਤ ਕੀਤੀ। ਨਵ-ਸਾਮਰਾਜੀ ਸਿਆਸਤ ਦੁਆਰਾ ਜਦੋਂ ਵੀ ਜ਼ਿੰਦਗੀ ਦੀ ਉਲੰਘਣਾ ਕੀਤੀ ਗਈ ਤਾਂ ਪਾਸ਼ ਦੀ ਕਲਮ ਇਸ ਜ਼ੁਲਮ ਵਿਰੁੱਧ ਸੰਗੀਨ ਬਣ ਕੇ ਖੜੀ ਹੋਈ। ਉਹ ਸੁਚੇਤ ਸੀ ਕਿ ਜੁਝਾਰਵਾਦੀ ਕਵਿਤਾ ਦੇ ਨਾਂ ਹੇਠ ਅਜਿਹੀ ਕਵਿਤਾ ਵੀ ਲਿਖੀ ਗਈ ਜੋ ਮੁੱਠੀਭਰ ਬੁੱਧੀਜੀਵੀਆਂ, ਵਿਦਿਆਰਥੀਆਂ ਅਧਿਆਪਕਾਂ ਤੇ ਪੜ੍ਹੇ-ਲਿਖੇ ਮੁਲਾਜ਼ਮਾਂ ਦਾ ਮਨ-ਪ੍ਰਚਾਵਾ ਹੀ ਕਰਦੀ ਰਹੀ। ਅਜਿਹੇ ਮੱਧ-ਵਰਗੀ ਸ਼ਾਇਰਾਂ ਕੋਲੋਂ ਆਪਣੇ ਆਪ ਨੂੰ ਨਿਖੇੜਦਿਆਂ ਪਾਸ਼ ਨੇ ਇੱਕ ਵੱਖਰਾ ਮੁਕਾਮ ਹਾਸਲ ਕੀਤਾ। 'ਸੱਭਿਆਚਾਰ ਦੀ ਖੋਜ' ਨਾਂ ਦੀ ਕਵਿਤਾ ਵਿੱਚ ਉਹ ਆਪਣੇ ਆਪ ਨੂੰ ਲੁੱਟੇ ਜਾ ਰਹੇ ਲੋਕਾਂ ਨਾਲ ਜੋੜਦਾ ਹੈ:

ਮੈਂ ਭੁੱਖੇ ਮਰਦੇ ਲੋਕਾਂ ਦਾ
ਭੁੱਖਾ ਮਰਦਾ ਕਲਾਕਾਰ ਹਾਂ
ਤੂੰ ਮੇਰੀ ਜੀਵਨ ਸਾਥੀ ਬਣ ਕੇ ਕੀ ਲੈਣਾ
(ਪਾਸ਼ ਕਾਵਿ, ਪੰਨਾ 31)

ਪਾਸ਼ ਲਈ ਕਵਿਤਾ ਲਿਖਣਾ ਇੱਕ ਸੁਚੇਤ ਰਚਨਾਤਮਕ ਅਮਲ ਸੀ। ਉਹ ਚੇਤੰਨ ਸੀ ਕਿ ਨਿਜ਼ਾਮ ਨੂੰ ਕ੍ਰਾਂਤੀਕਾਰੀ ਅਮਲ ਰਾਹੀਂ ਹੀ ਬਦਲਿਆ ਜਾ ਸਕਦਾ। ਇਹੋ ਕਾਰਨ ਕਿ ਪਾਸ਼ ਕਈ ਹਾਲਤਾਂ ਵਿੱਚ ਇਸ ਅਮਲ ਵਿੱਚ ਆਪਣੇ ਆਪ ਨੂੰ ਸ਼ਾਮਲ ਵੀ ਕਰਦਾ ਹੈ। ਇਸ ਮਕਸਦ ਲਈ ਉਸ ਦੁਆਰਾ ਰਚੀ ਗਈ ਕਵਿਤਾ ਵੀ ਬੁਰਜੂਆ ਸਭਿਆਚਾਰਕ ਮਾਪਦੰਡਾਂ ਨੂੰ ਨਕਾਰਦੀ ਅਤੇ ਕਿਰਤੀ ਸਭਿਆਚਾਰ ਦੀ ਸਿਰਜਣਾ ਲਈ ਯਤਨ ਕਰਦੀ । ਪਰ ਪਾਸ਼ ਨੂੰ ਪਤਾ ਹੈ ਕਿ ਪੁਰਾਣੇ ਬੁਰਜੂਆ ਮਾਪਦੰਡਾਂ ਨੂੰ ਬਦਲਣਾ ਇੱਕ ਲੰਮਾ ਤੇ ਔਖਾ ਕਾਰਜ ਹੈ। ਸਮਾਜ ਦੇ ਬੁਨਿਆਦੀ ਢਾਂਚੇ ਨੂੰ ਬਦਲ ਕੇ ਨਵੇਂ ਸਮਾਜ ਵਿੱਚ ਤਬਦੀਲ ਕਰਨ ਸੰਬੰਧੀ ਪਾਸ਼ ਦੇ ਵਿਚਾਰ ਯਥਾਰਥਮੁਖੀ ਹਨ। ਇਸ ਤਰ੍ਹਾਂ ਆਪਣੀ ਇੱਕ ਹੋਰ ਕਵਿਤਾ ਵਿੱਚ ਪਾਸ਼ ਯੂਟੋਪੀਆ ਕ੍ਰਾਂਤੀਕਾਰੀ ਵਿਚਾਰਾਂ 'ਤੇ ਕਟਾਖ਼ਸ਼ ਕਰਦਾ ਹੋਇਆ ਲਿਖਦਾ :

ਤਾਰਿਆਂ ਵੱਲ ਤੱਕ ਕੇ ਕ੍ਰਾਂਤੀ ਲਿਆਉਣ ਦੀ
ਨਸੀਹਤ ਦੇਣ ਵਾਲਿਓ
ਕ੍ਰਾਂਤੀ, ਜਦ ਆਈ ਤਾਂ
ਤੁਹਾਨੂੰ ਵੀ ਤਾਰੇ ਦਿਖਾ ਦਵੇਗੀ।
(ਪਾਸ਼ ਕਾਵਿ, ਪੰਨਾ 39)

ਪਾਸ਼ ਦਾ ਮੰਨਣਾ ਦਰੁਸਤ ਹੈ ਕਿ ਨਕਸਲਬਾੜੀ ਲਹਿਰ ਨਾਲ ਸੰਬੰਧਤ ਜੁਝਾਰ ਕਵਿਤਾ ਨਕਸਲੀ ਲਹਿਰ ਤੋਂ ਭਾਵੇਂ ਪ੍ਰਭਾਵਤ ਸੀ ਪਰ ਇਸ ਦੀ ਸਾਰੀ ਹੋਂਦ, ਪਾਸਾਰਤਾ ਤੇ ਵਿਸ਼ਾਲਤਾ ਨਕਸਲੀ ਲਹਿਰ ਵਾਲੀ ਨਹੀਂ ਸੀ। ਉਹ ਸਵੀਕਾਰ ਕਰਦਾ ਕਿ ਜੁਝਾਰ ਕਵਿਤਾ ਨੇ ਪੰਜਾਬੀ ਕਵਿਤਾ ਵਿੱਚ ਕ੍ਰਾਂਤੀਕਾਰੀ ਅੰਸ਼ ਭਰਨ ਵਿੱਚ ਵੱਡਾ ਯੋਗਦਾਨ ਪਾਇਆ। ਭਾਵੇਂ ਇਹ ਕਵਿਤਾ ਨਕਸਲੀ ਸਿਆਸਤ ਤੋਂ ਪ੍ਰਭਾਵਤ ਸੀ ਪਰ ਇਸ ਕਵਿਤਾ ਨੂੰ ਕੇਵਲ ਇਸ ਪੱਖ ਨਾਲ ਜੋੜ ਕੇ ਵੇਖਣਾ ਇਸ ਕਵਿਤਾ ਨਾਲ ਨਿਆਂ ਨਹੀਂ ਹੋ ਸਕਦਾ। ਸੋ, ਪਾਸ਼ ਨੇ ਜੁਝਾਰ ਕਵਿਤਾ ਦੇ ਵੱਖ-ਵੱਖ ਪ੍ਰਸੰਗਾਂ ਨੂੰ ਸਹੀ ਨਜ਼ਰੀਏ ਤੋਂ ਵੇਖਣ ਦਾ ਯਤਨ ਕੀਤਾ।

ਪਾਸ਼ ਜੁਝਾਰ ਕਵਿਤਾ ਦੀਆਂ ਖੂਬੀਆਂ ਤੇ ਖ਼ਾਮੀਆਂ ਬਾਰੇ ਵੀ ਚੇਤਨ ਸੀ। ਉਸ ਅਨੁਸਾਰ ਜੁਝਾਰ ਕਵਿਤਾ ਭਾਵੇਂ ਗੁਣਾਤਮਕ ਪੱਖ ਤੋਂ ਪ੍ਰਗਤੀਵਾਦੀ ਪੰਜਾਬੀ ਕਵਿਤਾ ਨੂੰ ਉਚਾ ਸਾਹਿਤਕ ਪੱਧਰ ਪ੍ਰਦਾਨ ਕਰਨ ਵਿੱਚ ਵਿਸ਼ੇਸ਼ ਰੋਲ ਅਦਾ ਕਰਦੀ ਪਰ ਗਿਣਾਤਮਕ ਪੱਖ ਤੋਂ ਸਮੁੱਚੀ ਜੁਝਾਰ ਕਵਿਤਾ ਵਿੱਚ ਸਾਹਿਤਕ ਚੇਤਨਾ ਤੇ ਸਾਹਿਤਕ ਗੁਣਾਂ ਦੀ ਘਾਟ ਵੀ ਰੜਕਦੀ ਰਹੀ। ਬਹੁਤ ਸਾਰੀਆਂ ਕਵਿਤਾਵਾਂ ਕੇਵਲ ਨਾਅਰਾ ਬਣ ਕੇ ਰਹਿ ਗਈਆਂ। ਪਾਸ਼ ਨੂੰ ਕਲਾਤਮਿਕਤਾ ਤੋਂ ਰਹਿਤ ਪ੍ਰਚਾਰ ਪਸੰਦ ਨਹੀਂ ਸੀ। ਉਹ ਤਾਂ ਬੰਦੂਕ ਚੁੱਕਣ ਦੀ ਲੋੜ ਵੀ ਲੋਕ ਰਾਏ ਤੇ ਛੱਡਦਾ ਹੈ। ਪਾਸ਼ ਅਨੁਸਾਰ ਜ਼ਰੂਰੀ ਨਹੀਂ ਕਿ ਹਰ ਵੇਲੇ ਹਥਿਆਰਬੰਦ ਸੰਘਰਸ਼ ਦੀ ਗੱਲ ਸਮਾਜ ਤੇ ਲਾਗੂ ਹੁੰਦੀ ਹੋਵੇ।

ਪਾਸ਼ ਨੇ ਆਪਣੀ ਕਵਿਤਾ ਰਾਹੀਂ ਜਿੱਥੇ ਨਵੀਂ ਸਭਿਆਚਾਰਕ, ਆਰਥਿਕ, ਸਮਾਜਿਕ ਸਥਿਤੀ ਲਈ ਸੁਪਨੇ ਸਿਰਜੇ ਉਥੇ ਇਨ੍ਹਾਂ ਸੁਪਨਿਆਂ ਨੂੰ ਸਾਕਾਰ ਕਰਨ ਦੀ ਵਿਧੀ ਬਾਰੇ ਵੀ ਦੱਸਿਆ। ਆਪਣੀ ਪ੍ਰਸਿੱਧ ਕਵਿਤਾ 'ਸਭ ਤੋਂ ਖ਼ਤਰਨਾਕ' ਵਿੱਚ ਉਹ ਨਵੇਂ ਸਮਾਜ ਲਈ ਮਰ ਰਹੇ ਸੁਪਨੇ ਨੂੰ ਸਭ ਤੋਂ ਖ਼ਤਰਨਾਕ ਸਮਝਦਾ ਹੈ। ਇਸ ਕਵਿਤਾ ਰਾਹੀਂ ਆਪਣੇ ਪਾਠਕ ਨੂੰ ਸਿਧਾਂਤਕ ਤੇ ਸਿਆਸੀ ਚੇਤਨਾ ਦੇਣ ਦਾ ਕਾਰਜ ਉਸਦੀ ਪ੍ਰਤੀਬੱਧਤਾ ਦਾ ਮਹੱਤਵਪੂਰਨ ਅੰਗ ਹੈ। ਨਵੇਂ ਸਮਾਜ ਦੀ ਸਿਰਜਣਾ ਉਪਰ ਜ਼ੋਰ ਦਿੰਦਾ ਹੋਇਆ ਪਾਸ਼ ਸਿਆਸੀ ਸੰਘਰਸ਼ ਦੇ ਨਾਲ-ਨਾਲ ਆਪਣੇ ਪਾਠਕ ਨੂੰ ਉਸ ਦੀ ਇਤਿਹਾਸਕ ਜ਼ਿੰਮੇਵਾਰੀ ਤੋਂ ਵੀ ਜਾਣੂ ਕਰਵਾਂਦਾ ਹੈ। ਲੋਕਾਂ ਵਿੱਚ ਜਾਗੇ ਵਿੱਚ ਜ਼ਿੰਮੇਵਾਰੀ ਦੇ ਅਹਿਸਾਸ ਵਿੱਚੋਂ ਹੀ ਨਵੀਂ ਸਵੇਰ ਵਾਂਗ ਨਵੀਆਂ ਸੰਭਾਵਨਾਵਾਂ ਪੈਦਾ ਹੋ ਸਕਦੀਆਂ ਹਨ। ਉਸ ਨੂੰ ਉਮੀਦ ਕਿ ਜਦੋਂ ਪਰਿਵਰਤਨ ਸਦਕਾ ਨਵੀਂ ਸਵੇਰ ਆਵੇਗੀ ਤਾਂ ਬਰਾਬਰੀ, ਪ੍ਰੇਮ, ਪਿਆਰ ਆਦਿ ਦੇ ਰੰਗ ਗੂੜ੍ਹੇ ਹੋ ਜਾਣਗੇ :

ਮਿਹਨਤਾਂ ਦਾ ਮੁੱਲ ਆਪ ਪਾਉਣਾ ਲੋਕਾਂ ਨੇ
ਧਰਤੀ 'ਤੇ ਸੁਰਗ ਬਣਾਉਣਾ ਲੋਕਾਂ ਨੇ
ਇੱਕੋ ਜਿੰਨੀ ਖ਼ੁਸ਼ੀ ਸਾਰਿਆਂ ਦੇ ਜੀਣ ਨੂੰ
ਬਚੇਗਾ ਨਾ ਲੋਟੂ ਕੋਈ ਲਹੂ ਪੀਣ ਨੂੰ
ਸੂਹਾ ਝੰਡਾ ਉੱਚਾ ਲਹਿਰਾਊ ਹਾਣੀਆ।
(ਪਾਸ਼-ਕਾਵਿ, ਪੰਨਾ 97)

ਪਾਸ਼ ਦੀ ਪ੍ਰਸੰਗਿਕਤਾ ਜਿੱਥੇ ਉਸ ਦੀ ਕਾਵਿ-ਕਲਾ ਤੇ ਵਿਚਾਰਧਾਰਕ ਸਪੱਸ਼ਟਤਾ ਕਰਕੇ ਉਥੇ ਉਸ ਦੀ ਆਪਣੇ ਸਮਾਜ ਪ੍ਰਤੀ ਪ੍ਰਗਤੀਸ਼ੀਲ ਪਹੁੰਚ ਕਰਕੇ ਵੀ ਹੈ। ਉਸ ਨੂੰ ਲੱਗਦਾ ਕਿ ਮੰਡੀ ਦੇ ਮੌਜੂਦਾ ਦੌਰ ਵਿੱਚ ਜਿੱਥੇ ਕਿਰਤੀ ਆਪਣੀ ਕਿਰਤ-ਸ਼ਕਤੀ ਤੋਂ ਵਿਯੋਗਿਆ ਜਾ ਰਿਹਾ ਉਥੇ ਉਪਰਲਾ ਤਬਕਾ ਆਪਣੇ ਲੋਟੂ ਰਵੱਈਏ ਕਾਰਨ ਅਣਮਨੁੱਖੀ ਹੋਂਦ ਗ੍ਰਹਿਣ ਕਰਦਾ ਜਾ ਰਿਹਾ ਹੈ। ਇਸ ਦੇ ਸਿੱਟੇ ਵੱਜੋਂ ਮਨੁੱਖ ਆਪਣੀ ਮਨੁੱਖਤਾ ਕੋਲੋਂ ਟੁੱਟਦਾ ਜਾ ਰਿਹਾ ਹੈ। ਮਨੁੱਖ ਦੀ ਇਸ ਅਣਮਨੁੱਖੀ ਸਥਿਤੀ ਨੂੰ ਪ੍ਰਗਟ ਕਰਦੀ ਪਾਸ਼ ਦੀ ਕਵਿਤਾ 'ਕੰਡੇ ਦਾ ਜ਼ਖ਼ਮ' ਵਿਚਲੀਆਂ ਸਤਰਾਂ ਪੇਸ਼ ਹਨ :

ਉਸ ਦੇ ਪੱਕੇ ਹੋਏ ਖ਼ਰਬੂਜ਼ਿਆਂ ਵਰਗੇ
ਉਮਰ ਦੇ ਸਾਲ
ਬਿਨਾ ਚੀਰਿਆਂ ਹੀ ਨਿਗਲੇ ਗਏ
ਤੇ ਕੱਚੇ ਦੁੱਧ ਵਰਗੀ ਉਸ ਦੀ ਸੀਰਤ
ਬੜੇ ਹੀ ਸੁਆਦ ਨਾਲ ਪੀਤੀ ਗਈ
ਉਸ ਨੂੰ ਕਦੇ ਵੀ ਨਾ ਪਤਾ ਲੱਗ ਸਕਿਆ
ਉਹ ਕਿੰਨਾ ਸਿਹਤ ਅਫ਼ਤਾ ਸੀ।
(ਪਾਸ਼-ਕਾਵਿ, ਪੰਨਾ 111)

ਪਾਸ਼ ਦੀ ਕਵਿਤਾ ਹੁਕਮਰਾਨ ਜਮਾਤ ਦੀ ਅਖੌਤੀ ਰਾਸ਼ਟਰਵਾਦੀ ਪਹੁੰਚ ਨੂੰ ਵੀ ਅਸਵੀਕਾਰ ਕਰਦੀ ਹੈ। ਉਸ ਦੀ ਕਵਿਤਾ ਵਿਚਲੇ ਰਾਸ਼ਟਰ ਦਾ ਸੰਕਲਪ ਅਜੋਕੇ ਬੁਰਜੂਆ ਰਾਸ਼ਟਰਵਾਦੀਆਂ ਵਾਲਾ ਨਹੀਂ ਸਗੋਂ ਇਹ ਰਾਸ਼ਟਰ ਦੀ ਸੰਪੂਰਨ ਖ਼ੁਦਮੁਖ਼ਤਿਆਰੀ ਵਾਲਾ ਹੈ। ਪਾਸ਼ ਆਪਣੀ ਇੱਕ ਹੋਰ ਪ੍ਰਸਿੱਧ ਕਵਿਤਾ 'ਭਾਰਤ' ਵਿੱਚ ਆਜ਼ਾਦੀ ਤੋਂ ਬਾਅਦ ਦੇ ਭਾਰਤ ਦੀਆਂ ਸਮਾਜ-ਸਭਿਆਚਾਰਕ ਪ੍ਰਸਥਿਤੀਆਂ ਬਾਰੇ ਸਰਕਾਰੀ ਜਾਂ ਗੈਰ-ਸਰਕਾਰੀ ਵਸੀਲਿਆਂ ਰਾਹੀਂ ਫੈਲਾਈਆਂ ਮਿੱਥਾਂ ਨੂੰ ਤੋੜਦਾ ਹੈ। ਪਾਸ਼ ਇਹ ਭਲੀ ਪ੍ਰਕਾਰ ਜਾਣਦਾ ਕਿ ਹਾਕਮਾਂ ਦੁਅਰਾ ਦੇਸ਼ ਦੀ ਅਖੰਡਤਾ ਦੇ ਨਾਂ ਹੇਠ ਕਈ ਤਰ੍ਹਾਂ ਦੀਆਂ ਵਿਰੋਧਤਾਈਆਂ ਨੂੰ ਦਬਾਇਆ ਜਾਂਦਾ ਹੈ। ਹਾਕਮ ਆਪਣੀ ਵਿਚਾਰਧਾਰਕ ਸਰਦਾਰੀ ਰਾਹੀਂ 'ਅਨੇਕਤਾ ਵਿੱਚ ਏਕਤਾ' ਦਾ ਨਾਅਰਾ ਦੇ ਕੇ ਅਨੇਕ ਮਿੱਥਾਂ ਘੜਦੇ ਹਨ। ਪਾਸ਼ ਭਾਰਤ ਦੀਆਂ ਜਾਤੀ, ਜਮਾਤੀ, ਭਾਸ਼ਾਈ, ਧਾਰਮਿਕ ਆਦਿ ਵਿਰੋਧਤਾਈਆਂ ਤੇ ਤਣਾਵਾਂ ਤੋਂ ਪਰਦਾ ਚੁੱਕਦਾ

ਹੈ। ਪਾਸ਼ ਦੀ ਇਹ ਕਵਿਤਾ ਬੁਰਜੂਆ ਰਾਸ਼ਟਰਵਾਦ ਉਪਰ ਕਟਾਖ਼ਸ਼ ਕਰਦੀ ਹੋਈ ਕੌਮੀ ਏਕਤਾ ਦੇ ਨਵੇਂ ਦਿਸਹਦਿਆਂ ਨੂੰ ਛੂਹੰਦੀ ਹੈ। ਪਾਸ਼ ਆਪਸੀ ਸਾਂਝ ਦੇ ਟੁੱਟਣ ਦੇ ਬੁਨਿਆਦੀ ਕਾਰਨ ਆਰਥਿਕ ਨਾ-ਬਰਾਬਰੀ ਮੰਨਦਾ ਅਤੇ ਭਾਰਤ ਦੀ ਕੌਮੀ ਏਕਤਾ ਨੂੰ ਨਵੇਂ ਅਰਥ ਪ੍ਰਦਾਨ ਕਰਦਾ ਹੈ।

ਕਵਿਤਾ ਦੀਆਂ ਵੱਖ-ਵੱਖ ਪੁਸਤਕਾਂ ਰਾਹੀਂ ਪਾਸ਼ ਲਗਾਤਾਰ ਕਾਵਿ-ਕਲਾ ਦੇ ਵਿਕਾਸ ਵੱਲ ਵੱਧਦਾ ਰਿਹਾ। ਆਪਣੀ ਸਿਧਾਂਤਕ ਪਰਿਪੱਕਤਾ, ਅਨੁਭਵ, ਭਾਸ਼ਾ ਤੇ ਕਾਵਿ-ਜੁਗਤਾਂ ਰਾਹੀਂ ਉਸ ਦੀ ਕਵਿਤਾ ਵਿਕਾਸ ਦਾ ਰੁਖ਼ ਅਖ਼ਤਿਆਰ ਕਰਦੀ ਰਹੀ। ਪਾਸ਼ ਦੀ ਕਵਿਤਾ ਪੰਜਾਬੀ ਕਵਿਤਾ ਦੇ ਰੂੜ੍ਹ ਹੋ ਚੁੱਕੇ ਪ੍ਰਤੀਮਾਨਾਂ ਨੂੰ ਤੋੜਦੀ ਹੋਈ ਨਿਵੇਕਲਾ ਆਲੋਚਨਾਤਮਕ ਨਜ਼ਰੀਆ ਵੀ ਰੱਖਦੀ ਹੈ। ਅਜਿਹੇ ਨਜ਼ਰੀਏ ਰਾਹੀਂ ਪਾਸ਼ ਦੀ ਕਵਿਤਾ ਜੀਵਨ ਦਾ ਪ੍ਰਤੀਬਿੰਬ ਹੀ ਪੇਸ਼ ਨਹੀਂ ਕਰਦੀ ਸਗੋਂ ਸੇਧ ਦੇਣ ਤੇ ਜੀਵਨ ਦੀ ਆਲੋਚਨਾ ਕਰਨ ਦਾ ਕਾਰਜ ਵੀ ਕਰਦੀ ਹੈ। ਇਹ ਕਵਿਤਾ ਕਿਰਤ ਕਰਨ ਵਾਲੀਆਂ ਜਮਾਤਾਂ ਦੀ ਪੀੜ ਨੂੰ ਜ਼ੁਬਾਨ ਦਿੰਦੀ ਹੋਈ ਉਨ੍ਹਾਂ ਨੂੰ ਨਵੀਂ ਸਭਿਅਤਾ ਉਸਾਰਨ ਦਾ ਸੁਪਨਾ ਵੀ ਵਿਖਾਂਦੀ ਹੈ। ਪਾਸ਼ ਆਪਣੀ ਗੰਭੀਰ ਤੇ ਵਿਅੰਗਾਤਮਕ ਸ਼ੈਲੀ ਰਾਹੀਂ ਸਮਾਜਿਕ, ਸਿਆਸੀ ਤੇ ਸਭਿਆਚਾਰਕ ਸਥਿਤੀ ਦੀ ਪੇਸ਼ਕਾਰੀ ਕਰਦਾ ਹੋਇਆ ਨਤੀਜਾ ਕੱਢਦਾ ਕਿ ਹੁਣ ਤੱਕ ਪ੍ਰਗਤੀ ਦੇ ਨਾਂ 'ਤੇ ਸਭ ਕੁਝ ਕਾਬਜ਼ ਜਮਾਤਾਂ ਲਈ ਅਤੇ ਉਨ੍ਹਾਂ ਦੇ ਹਿੱਤਾਂ ਵਿੱਚ ਵਿਕਸਤ ਹੋਇਆ ਹੈ। ਆਮ ਆਦਮੀ ਵੱਖ-ਵੱਖ ਕਦਰਾਂ-ਕੀਮਤਾਂ ਨੂੰ ਸਿਰਫ਼ ਸਵੀਕਾਰਦਾ ਹੈ, ਪੈਦਾ ਨਹੀਂ ਕਰਦਾ। ਨਿੱਜੀ ਜਾਇਦਾਦ ਦੇ ਜਨਮ ਤੋਂ ਬਾਅਦ ਸਭਿਆਚਾਰਕ ਤੇ ਸਦਾਚਾਰਕ ਹਿੱਤ ਉਪਰਲੀਆਂ ਜਮਾਤਾਂ ਦੇ ਹੱਕ ਵਿੱਚ ਭੁਗਤਦੇ ਰਹੇ ਹਨ। ਆਪਣੀ ਇੱਕ ਹੋਰ ਮਹੱਤਵਪੂਰਨ ਕਵਿਤਾ 'ਜਿੱਥੇ ਕਵਿਤਾ ਖ਼ਤਮ ਨਹੀਂ ਹੁੰਦੀ' ਵਿੱਚ ਪਾਸ਼ ਹਾਕਮ ਜਮਾਤਾਂ ਦੁਆਰਾ ਵਿਕਸਤ ਕੀਤੀਆਂ ਕਦਰਾਂ-ਕੀਮਤਾਂ ਨੂੰ ਚੈਜ ਕਰਦਾ ਹੋਇਆ ਸਥਾਪਤੀ ਦੇ ਅਸਲੀ ਕਿਰਦਾਰ ਦਾ ਪਰਦਾਫ਼ਾਸ਼ ਕਰਦਾ :

ਜ਼ਰਾ ਵੀ ਆਪਣੇ ਬਾਰੇ ਬੋਲਣ ਉਤੇ ਤੋਹਮਤਾਂ ਨਾਲ
ਬਿੰਨਿਆ ਗਿਆ
ਜਦ ਮੈਂ ਝੂਠ, ਚੋਰੀ, ਮਿਹਰਬਾਨ ਪ੍ਰਮਾਤਮਾ
ਤੇ ਸਭ ਮਨੁੱਖਾਂ ਦੇ ਬਰਾਬਰ ਹੋਣ ਦੀਆਂ ਧਾਰਨਾਵਾਂ ਤੇ
'ਦੁਬਾਰਾ ਸੋਚਣਾ' ਚਾਹਿਆ
ਤਾਂ ਮੇਰੇ ਇੰਜ ਸੋਚਣ ਨੂੰ
ਹਿੰਸਾ ਗਰਦਾਨਿਆ ਗਿਆ। (ਪਾਸ਼-ਕਾਵਿ, ਪੰਨਾ 121)

ਖ਼ੂਬਸੂਰਤ ਜ਼ਿੰਦਗੀ ਦੇ ਸੁਪਨੇ ਤੇ ਸਮਾਜਵਾਦ ਨੂੰ ਸੱਚੀ-ਮੁੱਚੀ ਵਾਪਰਿਆ ਵੇਖਣ ਦੀ ਰੀਝ ਰੱਖਣ ਵਾਲਾ ਪਾਸ਼ ਪਾਰਟੀ ਲੇਬਲਾਂ ਤੋਂ ਪਿੱਛਾ ਛੁਡਾਉਣ ਲਈ ਬੜੀਆਂ 'ਸ਼ਰਾਰਤਾਂ' ਕਰਦਾ ਰਿਹਾ। ਪਾਸ਼ ਨੂੰ ਦੁੱਖ ਸੀ ਕਿ ਅਨੇਕ ਖ਼ਤਰਿਆਂ ਨੂੰ ਸਹਿ ਰਹੇ ਆਮ ਆਦਮੀ ਦੀ ਕਿਸੇ ਇਨਕਲਾਬੀ ਪਾਰਟੀ ਨੇ ਬਾਂਹ ਨਾ ਫੜੀ। ਸਾਡੀਆਂ ਖੱਬੇ ਪੱਖੀ ਧਿਰਾਂ ਨੇ ਪੰਜਾਬੀ ਕੌਮ ਜਾਂ ਪੰਜਾਬੀ ਲੋਕਾਂ ਦੀ ਵੇਲੇ ਸਿਰ ਅਗਵਾਈ ਨਾ ਕੀਤੀ। ਸਿੱਟੇ ਵੱਜੋਂ, ਪੰਜਾਬ ਦਾ ਸਿਆਸੀ ਦ੍ਰਿਸ਼ ਸੱਜੀਆਂ, ਫਿਰਕਾਪ੍ਰਸਤ ਤੇ ਮੌਕਾਪ੍ਰਸਤ ਪਾਰਟੀਆਂ ਦਾ ਸ਼ਿਕਾਰ ਹੋ ਗਿਆ। ਪੰਜਾਬ ਸੱਜੇ-ਪੱਖੀ ਸਿਆਸਤ ਦੇ ਜਾਲ ਵਿੱਚ ਸਫ ਕੇ ਹਿੰਦੂ-ਸਿੱਖ ਮੂਲਵਾਦੀ ਸਿਆਸਤ ਦਾ ਸ਼ਿਕਾਰ ਹੋ ਗਿਆ। ਇਸ ਦੇ ਬਾਵਜੂਦ ਪਾਸ਼ ਪੰਜਾਬ ਜਾਂ ਭਾਰਤ ਵਿੱਚ ਸਹੀ ਮਾਅਨਿਆਂ ਵਿੱਚ ਇਨਕਲਾਬੀ ਪਾਰਟੀ ਦੀ ਲੋੜ ਨੂੰ ਮਹਿਸੂਸਦਾ ਰਿਹਾ।

ਪਾਸ਼ ਦੀ ਕਵਿਤਾ ਭਾਵੇਂ ਕਿਸੇ ਛੰਦ ਵਿੱਚ ਬੱਝੀ ਹੋਈ ਨਹੀਂ, ਇਸ ਦੇ ਬਾਵਜੂਦ ਇਸ ਵਿੱਚ ਆਪਣੀ ਤਰ੍ਹਾਂ ਦੀ ਲੈਅ ਤੇ ਤਾਲ ਮੌਜੂਦ । ਨਵੇਂ-ਨਕੋਰ ਪ੍ਰਤੀਕਾਂ ਰਾਹੀਂ ਪਾਸ਼ ਨੇ ਆਪਣੀ ਸਿਰਜਣ ਸ਼ਕਤੀ ਤੇ ਮੌਲਿਕ ਪ੍ਰਤਿਭਾ ਦਾ ਪ੍ਰਗਟਾਵਾ ਕੀਤਾ ਹੈ। ਉਸ ਦੀਆਂ ਕਵਿਤਾਵਾਂ ਪੰਜਾਬੀ ਖੁਲ੍ਹੀ ਕਵਿਤਾ ਦਾ ਪ੍ਰਤਿਨਿਧ ਰੂਪ ਹੋ ਨਿਬੜੀਆਂ ਹਨ। ਮਨੁੱਖ ਦੀ ਤਰਸਯੋਗ ਹਾਲਤ ਦਾ ਪ੍ਰਗਟਾਵਾ ਪਾਸ਼ ਬਹੁਤ ਹੀ ਸੁਚੇਤ ਤੇ ਸੂਝ ਨਾਲ ਵੱਖ-ਵੱਖ ਚਿੰਨ੍ਹਾਂ ਤੇ ਪ੍ਰਤੀਕਾਂ ਰਾਹੀਂ ਕਰਦਾ ਹੈ। ਅਜਿਹਾ ਕਰਦਿਆਂ ਪਾਸ਼ ਦੀ ਕਵਿਤਾ ਨਾ ਤਾਂ ਪੇਤਲੀ ਪੱਧਰ ਦੀ ਰੁਮਾਂਟਿਕ ਨਾਅਰੇਬਾਜ਼ੀ ਤੇ ਉਤਰਦੀ ਅਤੇ ਨਾ ਹੀ ਇਹ ਆਪਣੀ ਕਾਵਿ-ਵਿਰਾਸਤ ਤੋਂ ਟੁੱਟਦੀ ਹੈ। ਇਸ ਦਾ ਆਪਣਾ ਇੱਕ ਸਿਆਸੀ ਤੇ ਸਿਧਾਂਤਕ ਆਧਾਰ ਅਤੇ ਇਸ ਦਾ ਆਪਣਾ ਇੱਕ ਸੁਹਜ ਮੁੱਲ ਵੀ ਹੈ। ਇੱਕੀਵੀਂ ਸਦੀ ਵਿੱਚ ਲੜੇ ਜਾਣ ਵਾਲੇ ਲੋਕ-ਪੱਖੀ ਸੰਘਰਸ਼ਾਂ ਲਈ ਪਾਸ਼ ਦੀ ਕਵਿਤਾ ਪ੍ਰੇਰਨਾ-ਸ੍ਰੋਤ ਬਣਦੀ ਰਹੇਗੀ। ਪਾਸ਼ ਨੇ ਪ੍ਰਯੋਗਵਾਦੀ ਅਤੇ ਸ਼ਿਵ ਕੁਮਾਰ ਬਟਾਲਵੀ ਵਰਗੇ ਕਵੀਆਂ ਦੁਆਰਾ ਲਿਖੀ ਜਾ ਰਹੀ ਨਿਰਾਸ਼ਾਵਾਦੀ ਕਵਿਤਾ ਨੂੰ ਵੰਗਾਰਿਆ ਹੀ ਨਹੀਂ ਸਗੋਂ ਖ਼ੁਦ ਇੱਕ ਨਵੇਂ ਨਰੋਏ ਆਸ਼ਾਵਾਦੀ ਨਾਇਕ ਦੀ ਸਿਰਜਣਾ ਕੀਤੀ। ਪਾਸ਼ ਦੀ ਕਵਿਤਾ ਜਿੱਥੇ ਵਾਸਤਵਿਕ ਯਥਾਰਥ ਦੀ ਜਟਿਲਤਾ ਨੂੰ ਪੇਸ਼ ਕਰਦੀ, ਉਥੇ ਇਹ ਆਪਣੇ ਪਾਠਕ ਦੀ ਮਾਨਸਿਕਤਾ ਦੀ ਕ੍ਰਾਂਤੀਕਾਰੀ ਮਨੋਦਿਸ਼ਾ ਨੂੰ ਵੀ ਸਿਰਜਦੀ ਹੈ। ਮੁੱਖ ਤੌਰ 'ਤੇ ਪਾਸ਼ ਦੀ ਕਵਿਤਾ ਕਿਸਾਨਾਂ, ਕਿਰਤੀਆਂ ਤੇ ਹੋਰ ਸੰਘਰਸ਼ੀਲ ਜਮਾਤਾਂ ਤੇ ਜਾਤਾਂ ਦੀ ਅਣਖ, ਦਲੇਰੀ, ਸੂਝ-ਸਿਆਣਪ ਅਤੇ ਇਨਕਲਾਬੀ ਜਜ਼ਬੇ ਦੀ ਕਵਿਤਾ ਹੈ। ਇਹ ਕਵਿਤਾ ਭਵਿੱਖ ਵਿੱਚ ਵੀ ਸਾਨੂੰ ਲੜਨ ਦੀ ਪ੍ਰੇਰਨਾ ਦਿੰਦੀ ਰਹੇਗੀ। ਇਹੋ ਪ੍ਰੇਰਨਾ ਪਾਸ਼ ਦੀ ਕਵਿਤਾ ਦੀ ਅਦੁੱਤੀ ਪਹਿਚਾਣ ਤੇ ਪ੍ਰਾਪਤੀ ਹੈ।

# ਗੁਜਰਾਤ : ਗਊ ਰੱਖਿਆ ਦੇ ਨਾਂ ਹੇਠ ਮਨੂੰਵਾਦੀ ਧੌਂਸਗਿਰੀ (ਸਫ਼ਾ 1 ਦੀ ਬਾਕੀ)

ਵਿਸ਼ਵ ਪ੍ਰੀਸ਼ਦ ਅਤੇ ਹੋਰ ਨਾਵਾਂ ਹੇਠ ਹਨ ਅਤੇ ਜਿਨ੍ਹਾਂ ਨੂੰ ਆਰ. ਐਸ.ਐਸ. ਦੀ ਸ਼ਹਿ ਹਾਸਲ ਹੈ ਥਾਂ ਪੁਰ ਥਾਂ ਉਤਰ ਆਏ ਹਨ, ਜਿਹੜੇ ਦੇਸ਼ ਦੇ ਕਿਸੇ ਸੰਵਿਧਾਨਕ ਮਰਿਆਦਾ ਨੂੰ ਵੀ ਟਿੱਚ ਜਾਣਦੇ ਹਨ ਅਤੇ ਪ੍ਰਸ਼ਾਸਨ ਉਨ੍ਹਾਂ ਦੀ ਜੀ ਹਜ਼ੂਰੀ ਵਿਚ ਲੱਗਾ ਰਹਿੰਦਾ ਹੈ। ਇਨ੍ਹਾਂ ਵਲੋਂ ਦਲਿਤਾਂ ਤੇ ਮੁਸਲਮਾਨਾਂ ਉਤੇ ਹਮਲੇ ਵਧ ਗਏ ਹਨ ਜਾਂ ਸਿੱਧਾ ਕਹੀਏ ਕਿ ਗਊ ਦੀ ਰਾਖੀ ਦੇ ਨਾਂ ਹੇਠ ਇਸ ਅਪਰਾਧਿਕ ਬਿਰਤੀ ਵਾਲੇ ਅਜਿਹੇ ਸਮੂਹ ਆਪਣਾ ਹਿੰਦੂਤਵ ਵਾਦੀ ਏਜੰਡਾ ਲਾਗੂ ਕਰਨ ਵਿਚ ਹਰ ਵੇਲੇ ਹਰ ਥਾਂ ਤਤਪਰ ਹਨ। ਹਾਲਾਂਕਿ ਸਰਕਾਰ ਪਿਛਲੇ ਦੋ ਸਾਲਾਂ ਦੇ ਉਹ ਅੰਕੜੇ ਜਾਰੀ ਨਹੀਂ ਕਰ ਰਹੀ ਜਿਸ ਰਾਹੀਂ ਇਹ ਸਾਫ਼ ਹੋਵੇ ਕਿ ਮੋਦੀ ਸਰਕਾਰ ਪਿਛੋਂ ਦਲਿਤਾਂ, ਘੱਟ ਗਿਣਤੀਆਂ ਉਤੇ ਹਮਲੇ ਕਿਵੇਂ ਵਧੇ ਹਨ ਪਰ ਫੇਰ ਵੀ ਜੋ ਹਾਸਲ ਹੈ ਉਸ ਤੋਂ ਇਹ ਤਸਵੀਰ ਕਾਫ਼ੀ ਸਾਫ਼ ਹੁੰਦੀ ਹੈ।

ਜਿਸ ਗੁਜਰਾਤ ਨੂੰ ਮਾਡਲ ਵਜੋਂ ਮੋਦੀ ਪੇਸ਼ ਕਰਦੇ ਸਨ, ਉਤੇ ਬਿਰਾਜਮਾਨ ਹੋਇਆ ਬੈਠਾ ਹੈ। ਪੁਲਿਸ ਰਿਕਾਰਡ 'ਚ ਦਰਜ ਅੰਕੜਿਆਂ ਮੁਤਾਬਕ ਸਾਲ 2014 ਵਿਚ ਦਲਿਤਾਂ ਵਿਰੁੱਧ ਅਪਰਾਧ ਦੀਆਂ 1130 ਘਟਨਾਵਾਂ ਹੋਈਆਂ ਸਨ ਜਦੋਂ ਕਿ ਸਾਲ 2015 ਵਿਚ ਦਲਿਤਾਂ ਵਿਰੁੱਧ ਹਿੰਸਾ ਅਤੇ ਅਪਰਾਧ ਦੀਆਂ ਇਹ ਘਟਨਾਵਾਂ ਵੱਧ ਕੇ 6655 ਹੋ ਗਈਆਂ। ਭਾਵ ਛੇ ਗੁਣਾ ਵਾਧਾ ਹੋਇਆ। ਰਾਜਸਥਾਨ ਜਿਥੇ ਭਾਜਪਾ ਦੀ ਸਰਕਾਰ ਹੈ ਅਤੇ 6 ਫੀਸਦੀ ਹੀ ਦਲਿਤ ਆਬਾਦੀ ਹੈ ਪਰ ਇਸ ਸੂਬੇ ਵਿਚ ਦਲਿਤਾਂ ਵਿਰੁੱਧ ਅਪਰਾਧ ਦੇਸ਼ ਦੇ ਕੁਲ ਦਲਿਤਾਂ ਵਿਰੋਧੀ ਅਪਰਾਧਾਂ 'ਚੋਂ 17 ਫੀ ਦਰਜ ਕੀਤੇ ਗਏ ਹਨ। ਭਾਵ ਸਭ ਤੋਂ ਵੱਧ ਦਲਿਤਾਂ ਵਿਰੁੱਧ ਅਪਰਾਧ ਹੁੰਦੇ ਹਨ। ਰਾਜਸਥਾਨ ਵਿਚ ਸਾਲ 2012 ਵਿਚ 5550 ਦਲਿਤਾਂ ਉਤੇ ਤਸ਼ੱਦਦ ਵਾਲੇ ਅਪਰਾਧਾਂ ਸੰਬੰਧੀ ਕੇਸ ਦਰਜ ਕੀਤੇ ਗਏ। ਸਾਲ 2014 ਵਿਚ ਇਹ ਗਿਣਤੀ 6734 ਸੀ। ਉਤਰ ਪ੍ਰਦੇਸ਼ ਵਿਚ 2012 ਵਿਚ ਦਲਿਤਾਂ ਵਿਰੁੱਧ ਹਿੰਸਾ ਅਤੇ ਅਪਰਾਧ ਦੇ 6201 ਕੇਸ ਦਰਜ ਹੋਏ ਸਨ ਜਿਹੜੇ 2014 ਵਿਚ 8066 ਤੱਕ ਪਹੁੰਚ ਗਏ। ਇਹੋ ਹਾਲ ਬਿਹਾਰ ਦਾ ਹੈ, ਜਿਥੇ 2012 ਵਿਚ 4821 ਕੇਸ ਦਰਜ ਸਨ। ਇਹ 2014 ਵਿਚ 7874 ਕੇਸਾਂ ਤੱਕ ਪਹੁੰਚ ਗਏ। ਮੱਧ ਪ੍ਰਦੇਸ਼ ਵਿਚ ਇਹ ਅੰਕੜੇ 2012 ਵਿਚ 2875 ਸੀ ਜਿਹੜਾ ਸਾਲ 2014 ਵਿਚ ਵਧ ਕੇ 32.94 ਤੱਕ ਪਹੁੰਚ ਗਿਆ। ਇਹ ਤੱਥ 25 ਜੁਲਾਈ ਦੇ ਹਿੰਦੂ ਅਖ਼ਬਾਰਾਂ 'ਚੋਂ ਹਨ। ਯਾਦ ਰਹੇ ਭਾਰਤੀ ਪੁਲਿਸ ਲਗਭਗ 80 ਫੀਸਦੀ ਅਪਰਾਧ ਤਾਂ ਦਰਜ ਹੀ ਨਹੀਂ ਕਰਦੀ। ਗੁਜਰਾਤ ਵਿਚ ਦਲਿਤ ਆਬਾਦੀ ਮਹਿਜ 7 ਫੀਸਦੀ ਹੀ ਹੈ, ਜਿਨ੍ਹਾਂ ਉਤੇ ਹਿੰਦੂ ਕੱਟੜਪੰਥੀਆਂ ਦੀ ਦਹਿਸ਼ਤ ਸਾਲ 2002 ਤੋਂ ਪਹਿਲਾਂ ਵੀ ਸੀ ਅਤੇ ਪਿਛੋਂ ਹੋਰ ਵੱਧ ਗਈ ਅਤੇ ਉਹ ਖੌਫ਼ਜ਼ਦਾ ਸਥਿਤੀ ਵਿਚ ਰਹਿੰਦੇ ਹਨ। ਸਾਨੂੰ ਯਾਦ ਰੱਖਣਾ ਚਾਹੀਦਾ ਹੈ ਕਿ ਹਰਿਆਣਾ, ਮੱਧ ਪ੍ਰਦੇਸ਼, ਛਤੀਸ਼ਗੜ੍ਹ, ਮਹਾਂਰਾਸ਼ਟਰ, ਯੂ. ਪੀ., ਗੁਜਰਾਤ ਆਦਿ ਕਈ ਸੂਬੇ ਰਾਸ਼ਟਰੀ ਸੋਇਮ ਸੰਘ ਦੀ ਪ੍ਰਯੋਗਸ਼ਾਲਾ ਰਹੇ ਹਨ ਅਤੇ ਹਨ ਜਿਥੇ ਦਲਿਤਾਂ ਨੂੰ ਹਿੰਦੂ ਧਰਮ ਦੀ ਖੁਰਲੀ 'ਚ ਬੰਨ੍ਹ ਦੇ ਰੱਖਣ ਲਈ ਕਈ ਤਰ੍ਹਾਂ ਦੇ ਖੇਖਣ ਵੀ ਕਰਦੀ ਹੈ। ਭਾਜਪਾ ਅਤੇ ਆਰ. ਐਸ. ਐਸ. ਜਾਣਦੀ ਹੈ ਕਿ ਇਨ੍ਹਾਂ ਵਰਗਾਂ ਨੂੰ ਦੰਗਿਆਂ 'ਚ ਲੁਟ ਮਾਰ ਅਤੇ ਕਤਲੋਗਾਰਦ ਲਈ ਕਿਵੇਂ ਵਿਸ਼ੇਸ਼ ਫੋਰਸ ਦੇ ਤੌਰ 'ਤੇ ਵਰਤਣਾ ਹੈ ਅਤੇ ਇਨ੍ਹਾਂ ਦੀ ਵਰਤੋਂ ਮੁਸਲਮਾਨਾਂ, ਈਸਾਈਆਂ ਅਤੇ ਘੱਟ ਗਿਣਤੀਆਂ ਵਿਰੁੱਧ ਕਿਵੇਂ ਕਰਨੀ ਹੈ ਪਰ ਇਸ ਦੇ ਬਾਵਜੂਦ ਇਨ੍ਹਾਂ ਦੇ ਦਿਮਾਗਾਂ 'ਚ ਫਸੀ ਮਨੂੰਵਾਦੀ ਸੋਚ ਇਨ੍ਹਾਂ ਨੂੰ ਅਜੇ ਵੀ ਚੌਥੇ ਦਰਜੇ ਦੇ ਨਾਗਰਿਕ ਹੀ ਸਮਝਦੀ ਹੈ। ਉਚ ਜਾਤੀ ਹੰਕਾਰ ਹਰ ਥਾਂ ਹਰ ਪਲ ਇਨ੍ਹਾਂ ਦੇ ਸਿਰ ਚੜ੍ਹ ਬੋਲਦਾ ਰਹਿੰਦਾ ਹੈ।

ਗੁਜਰਾਤ ਦੇ ਊਨਾ ਜ਼ਿਲ੍ਹੇ ਦੀ ਘਟਨਾ ਇਕ ਹਫ਼ਤਾ ਤਾਂ ਦਬੀ ਰਹੀ ਪਰ ਜਦੋਂ ਗੁਜਰਾਤ ਦੇ ਦਲਿਤਾਂ ਦਾ ਰੋਹ ਤੇ ਵਿਰੋਧ ਬਾਹਰ ਆਇਆ ਤਾਂ ਇਹਨੇ ਦੇਸ਼ ਭਰ ਨੂੰ ਆਪਣੇ ਕਲਾਵੇ 'ਚ ਲੈ ਲਿਆ। ਬਿਨਾਂ ਕਿਸੇ ਸੰਗਠਨ ਦੇ ਗੁਜਰਾਤ ਦੇ ਦਲਿਤਾਂ ਨੇ ਆਪ ਮੁਹਾਰੇ ਜਿਹੜੇ ਪ੍ਰਦਰਸ਼ਨ ਸ਼ੁਰੂ ਕੀਤੇ ਉਨ੍ਹਾਂ ਸਮੁੱਚੇ ਗੁਜਰਾਤ ਅਤੇ ਵਿਸ਼ੇਸ਼ ਕਰਕੇ ਸੌ ਰਾਸ਼ਟਰ ਖਿੱਤੇ ਨੂੰ ਕਲਾਵੇ 'ਚ ਲੈ ਲਿਆ। ਗੁਜਰਾਤ ਦੀ ਮੁੱਖ ਮੰਤਰੀ ਤੇ ਦੇਸ਼ ਦੇ ਪ੍ਰਧਾਨ ਮੰਤਰੀ ਚੁੱਪ ਰਹੇ। ਲਗਭਗ ਡੇਢ ਦਰਜਨ ਦਲਿਤ ਨੌਜਵਾਨਾਂ ਨੇ ਜ਼ਹਿਰ ਪੀ ਕੇ ਖੁਦਕਸ਼ੀ ਕਰਨ ਦੀ ਕੋਸ਼ਿਸ਼ ਕੀਤੀ। ਵਿਰੋਧ ਦਾ ਇਹ ਇਕ ਆਪਣਾ ਢੰਗ ਸੀ, ਜਿਹੜਾ ਬੇਸ਼ੱਕ ਠੀਕ ਨਹੀਂ ਪਰ ਜਦੋਂ ਕੋਈ ਪ੍ਰਬੰਧ ਕਿਸੇ ਵਰਗ ਨਾਲ ਅਜਿਹਾ ਅਣਮਨੁੱਖੀ ਵਿਉਹਾਰ ਕਰੇ ਅਤੇ ਫਿਰ ਉਸ ਦੀ ਸੁਣਵਾਈ ਵੀ ਨਾ ਹੋਵੇ ਤਾਂ ਉਸ ਕੋਲ ਵਿਰੋਧ ਦਾ ਕਿਹੜਾ ਰਾਹ ਰਹਿ ਜਾਂਦਾ ਹੈ? ਇਸ 'ਚ ਦੋ ਨੌਜਵਾਨਾਂ ਦੀ ਜਾਨ ਵੀ ਚਲੀ ਗਈ। ਰੋਹ ਹਿੰਸਕ ਵੀ ਹੋ ਗਿਆ ਜਿਸ ਪੁਲਿਸ ਨਾਲ ਝੱਪਟਾਂ ਵੀ ਹੋਈਆਂ। ਇਕ ਪੁਲਿਸ ਵਾਲਾ ਵੀ ਮਾਰਿਆ ਗਿਆ।

ਇਸੇ ਦੌਰਾਨ 18 ਜੁਲਾਈ ਨੂੰ ਇਸ ਦਲਿਤ ਅੰਦੋਲਨ ਨੇ ਇਕ ਨਵਾਂ ਨਾਅਰਾ ਦਿੱਤਾ ਉਹ ਇਕ ਇਨਕਲਾਬੀ ਕਦਮ ਸੀ। 18 ਜੁਲਾਈ ਨੂੰ ਗੁਜਰਾਤ ਦੇ ਸੁਰੇਂਦਰ ਨਗਰ ਜ਼ਿਲ੍ਹੇ ਦੇ ਡਿਪਟੀ ਕਮਿਸ਼ਨਰ ਦੇ ਸਾਹਮਣੇ ਮਰੀਆਂ ਹੋਈਆਂ ਗਾਵਾਂ ਸੁੱਟ ਕੇ ਦਲਿਤ ਨੌਜਵਾਨ ਆਗੂਆਂ ਨੇ-ਦੁਸ਼ਟਾਂ ਨਾਲ ਦੁਸ਼ਟਾਂ ਵਰਗਾ ਵਿਉਹਾਰ ਕਰੋ (ਸ਼ਠੇ ਸ਼ਾਫੁਆਮ ਸਮਾਚਰੇਤੁ) ਦੀ ਨੀਤੀ ਅਪਣਾ ਲਈ ਅਤੇ ਦੇਸ਼ ਭਰ 'ਚੋਂ ਗਊ ਰੱਖਿਅਕਾਂ ਉਤੇ ਪਾਬੰਦੀ ਲਾਉਣ ਦੀ ਮੰਗ ਉਠੀ। ਦਲਿਤਾਂ ਨਾਲ ਮੁਸਲਮਾਨ ਭਾਈਚਾਰਾ ਵੀ ਆ ਜੁੜਿਆ। ਗੁਜਰਾਤ ਦੇ ਜ਼ਬਰ ਸ਼ਹਿ ਰਹੇ ਵਰਗਾਂ ਵਲੋਂ ਪਾਈ ਕਰਿੰਗੜੀ ਨੇ ਗੁਜਰਾਤ ਹੀ ਨਹੀਂ ਕੇਂਦਰ ਦੀ ਸਰਕਾਰ ਨੂੰ ਵੀ ਹਿਲਾ ਕੇ ਰੱਖ ਦਿੱਤਾ। ਜਿਹੜੀ ਭਾਜਪਾ ਤੇ ਆਰ. ਐਸ. ਐਸ. ਦਲਿਤਾਂ ਨੂੰ ਵੋਟ ਬੈਂਕ ਦੇ ਤੌਰ 'ਤੇ ਵਰਤਣ ਲਈ 'ਸਮਾਜਿਕ ਸਮਰਾਸੱਤਾ' ਦਾ ਲੋਲੋ ਪੋਪੋ ਦੇ ਰਹੇ ਸਨ, ਸੁੰਨ ਹੋ ਗਏ। ਇਨ੍ਹਾਂ ਰੋਹ ਭਰੇ ਵਿਖਾਵਿਆਂ ਸਾਹਮਣੇ ਸਾਰੇ ਸੁੰਨ ਹੋਏ ਬੈਠੇ ਸਨ। ਗੁਜਰਾਤ ਦੇ ਸਮਾਜਿਕ ਮਾਡਲ ਦੀ ਸੱਚਾਈ ਸਾਹਮਣੇ ਆ ਰਹੀ ਸੀ। ਦਲਿਤ ਵਿਰੋਧੀ ਆਤਮਾ ਵਾਲੀ ਇਹ ਸਵਰਨ ਬ੍ਰਾਹਮਣੀ ਮਾਨਸਿਕਤਾ ਕਟਹਿਰੇ 'ਚ ਘਿਰੀ ਮਹਿਸੂਸ ਕਰ ਰਹੀ ਸੀ ਗੁਜਰਾਤ ਦੇ ਦਲਿਤਾਂ ਦੇ ਇਸ ਅੰਦੋਲਨ ਨੂੰ ਦੇਸ਼ ਭਰ ਵਿਚੋਂ ਹਮਾਇਤ ਮਿਲਣ ਪਿਛੋਂ ਮੀਡੀਆ ਨੂੰ ਵੀ ਆਪਣਾ ਰੁਖ ਬਦਲਣਾ ਪਿਆ। ਆਖਿਰ ਇਕ ਮਹੀਨੇ ਪਿਛੋਂ 7 ਅਗਸਤ ਨੂੰ ਮੋਦੀ ਨੂੰ ਖੇਖਣ ਕਰਨਾ ਪਿਆ, "ਦਲਿਤਾਂ ਨੂੰ ਨਾ ਮਰੋ ਮੈਨੂੰ ਗੋਲੀ ਮਾਰ ਦਿਓ।" ਇਸ ਪਿਛੋਂ ਆਰ. ਐਸ. ਐਸ. ਤੇ ਹੋਰ ਹਿੰਦੂ ਸੰਗਠਨਾਂ ਨੇ ਵੀ ਸ਼ਬਦ ਘੜ ਲਿਆ 'ਅਖੌਤੀ ਗਊ ਰੱਖਿਅਕ। ਇਹ ਸੁਰ ਐਵੇਂ ਨਹੀਂ ਬਦਲੀ ਦੇਸ਼ ਦੀ ਆਬਾਦੀ 'ਚ 25 ਫੀਸਦੀ ਆਬਾਦੀ ਦਲਿਤਾਂ ਦੀ ਹੈ। ਜਿਹੜੀ ਸਭ ਤੋਂ ਵੱਧ ਪੀੜਤ ਹੈ। ਜ਼ਬਰ ਸਹਿੰਦੀ ਹੈ ਜ਼ੁਲਮ ਸਹਿੰਦੀ ਹੈ, ਉਚ ਜਾਤੀਆਂ ਦੇ ਹਰ ਪੱਖੋਂ ਸਮਾਜਿਕ ਦਬਾਅ ਸਹਿਦੀ ਹੈ। ਸੰਵਿਧਾਨ ਦੇ 70 ਸਾਲ ਪਿਛੋਂ ਵੀ ਜਿਹਨੂੰ ਬਰਾਬਰ ਦੀ ਸਮਾਜਿਕ ਹੈਸੀਅਤ ਵੀ ਹਾਸਲ ਨਹੀਂ। ਇਹ ਵਰਗ ਹਰ ਸੱਤਾਧਾਰੀ ਤੇ ਹਰ ਉਚ ਵਰਗ ਦੇ ਰਾਜਨੀਤੀ ਲਈ ਚੈਲਿੰਜ ਹੈ। ਜੇ 25 ਫੀਸਦੀ ਆਬਾਦੀ ਦੇਸ਼ ਦੀਆਂ ਸੜਕਾਂ ਉਤੇ ਆ ਜਾਵੇ ਤਾਂ ਦੇਸ਼ ਦੀ ਸੂਰਤ ਬਦਲਣ ਵਿਚ ਅਹਿਮ ਭੂਮਿਕਾ ਨਿਭਾ ਸਕਦੀ ਹੈ। ਸੋ ਇਸ 25 ਫੀਸਦੀ ਆਬਾਦੀ ਨੂੰ ਹਰ ਰਾਜਸੀ ਪਾਰਟੀ ਚੋਗਾ ਸੁੱਟਦੀ ਆਈ ਹੈ। ਫਿਰ ਭਲਾ ਭਾਜਪਾ ਤੇ ਆਰ. ਐਸ. ਐਸ. ਅਜਿਹਾ ਖੇਖਣ ਕਿਉਂ ਨਾ ਕਰੇ?'

ਉਂਝ ਭਾਜਪਾ ਤੇ ਆਰ. ਐਸ. ਐਸ. ਦਾ ਦਲਿਤ ਵਿਰੋਧੀ ਨਜ਼ਰੀਆ ਉਨ੍ਹਾਂ ਦੀਆਂ ਲਿਖਤਾਂ ਹੀ ਨਹੀਂ ਇਨ੍ਹਾਂ ਦੇ ਉਚ ਧਾਰਮਿਕ ਆਗੂਆਂ ਤੇ ਸੰਸਦ ਮੈਂਬਰਾਂ ਦੇ ਮੂੰਹੋਂ ਵੀ ਥਾਂ ਪੁਰ ਥਾਂ ਫੁੱਟਦਾ ਰਹਿੰਦਾ ਹੈ। ਇਨ੍ਹਾਂ ਦੀ ਨਫ਼ਰਤਯੋਗ ਮਾਨਸਿਕਤਾ ਦਾ ਪ੍ਰਗਟਾਅ ਕਰਨ ਵਿਚ ਸਾਬਕਾ ਫੌਜੀ ਅਧਿਕਾਰੀ ਜਿਹੜਾ ਹੁਣ ਸੰਸਦ ਮੈਂਬਰ ਹੈ, ਨੇ ਫਰੀਦਾਬਾਦ ਵਿਚ ਦਲਿਤਾਂ 'ਤੇ ਜਬਰ ਦੀ ਘਟਨਾ ਮੌਕਾ ਕਿਹਾ ਸੀ, "ਜੇ ਕੋਈ ਕੁੱਤੇ ਉਤੇ ਪੱਥਰ ਸੁੱਟਦਾ ਹੈ ਤਾਂ ਤੁਸੀਂ ਇਸ ਲਈ ਸਰਕਾਰ ਨੂੰ ਦੋਸ਼ੀ ਨਹੀਂ ਠਹਿਰਾ ਸਕਦੇ।" ਇਸ ਭਾਜਪਾ ਦੇ ਮੈਂਬਰ ਪਾਰਲੀਮੈਂਟ ਦੀ ਨਜ਼ਰ 'ਚ ਦਲਿਤ 'ਕੁੱਤੇ' ਹੀ ਹਨ। ਇਯ ਉਤੇ ਨਾ ਕੋਈ ਕੇਸ ਦਰਜ ਹੋਇਆ ਨਾ ਇਹਨੂੰ ਸੰਸਦੀ ਮਰਿਆਦਾ ਦੀ ਉਲੰਘਣਾ ਕਰਨ ਉਤੇ ਨੋਟਿਸ ਲਿਆ ਗਿਆ। ਪਿਛਲੀ ਸਿੱਖਿਆ ਮੰਤਰੀ ਸਮ੍ਰਿਤੀ ਇਰਾਨੀ ਨੇ ਹੈਦਰਾਬਾਦ ਯੂਨੀਵਰਸਿਟੀ ਵਿਚ ਪੀੜਤ ਦਲਿਤ ਵਿਦਿਆਰਥੀ ਰੋਹਿਤ ਵੇਮੂਲਾ ਦੀ ਆਤਮ ਹੱਤਿਆ ਸਮੇਂ ਜਿਹੜੇ ਵਾਹਯਾਤ ਬਿਆਨ ਦਿੱਤੇ ਅਤੇ ਇਥੋਂ ਤੱਕ ਕਿ ਰੋਹਿਤ ਨੂੰ ਦਲਿਤ ਮੰਨਣ ਤੋਂ ਹੀ ਇਨਕਾਰ ਕੀਤਾ ਇਹ ਕਿਹਨੂੰ ਭੁੱਲਿਆ ਹੋਇਆ ਹੈ। ਦਲਿਤ ਵਿਦਿਆਰਥੀਆਂ ਨਾਲ ਜ਼ਿਆਦਤਰੀਆਂ ਅਤੇ ਅਣਮਨੁੱਖੀ ਵਿਉਹਾਰ ਦੇ ਕੇਸ ਦੇਸ਼ ਭਰ ਵਿਚ ਸਾਹਮਦੇ ਆਏ ਹਨ। ਆਈ. ਐਸ. ਟੀ. ਮਦਰਾਸ ਦੀ ਮੈਨੇਜਿੰਗ ਬਾਡੀ ਨੇ 2015 ਵਿਚ ਦਲਿਤ ਜਥੇਬੰਦੀ 'ਅੰਬੇਡਕਰ-ਪੈਰੀਅਰ ਸ਼ਕਤੀ ਸਰਕਲ ਉਤੇ ਪਾਬੰਦੀ, ਦਲਿਤ ਬੱਚੀਆਂ ਨਾਲ ਜਬਰਦਸਤੀ ਬਲਾਤਕਾਰ ਤੇ ਫਿਰ ਮਾਰ ਦੇਣ ਦੀਆਂ ਘਟਨਾਵਾਂ ਹਰ ਰੋਜ਼ ਸਾਹਮਣੇ ਆਉਂਦੀਆਂ ਰਹਿੰਦੀਆਂ ਹਨ। ਦਲਿਤਾਂ ਨਾਲ ਛੂਆ-ਛੂਤ ਅਤੇ ਤ੍ਰਿਸਕਾਰ ਦੀਆਂ ਘਟਨਾਵਾਂ ਨਿੱਤ ਪ੍ਰਤੀ ਜ਼ਿੰਦਗੀ ਦਾ ਹਿੱਸਾ ਹਨ। ਦਰਅਸਲ ਬ੍ਰਾਹਮਣੀ ਵਿਧਾ ਵਿਧਾਨ ਦੀ ਜਨਮਦਾਤੀ ਮਨੂੰ ਸਮ੍ਰਿਤੀ ਅਜਿਹੇ ਵਿਉਹਾਰ ਲਈ ਮਾਨਸਿਕਤਾ ਬਣਾਉਣ ਦੀ ਆਧਾਰ ਸਿਲਾ ਹੈ ਜਿਹਨੂੰ ਆਰ. ਐਸ. ਐਸ. ਭਾਰਤੀ ਸੰਵਿਧਾਨ ਵਿਚ ਦਰਜ ਕਰਾਉਣ ਦਾ ਟੀਚਾ ਰੱਖਦੀ ਹੈ। ਭਾਵ ਅਜੋਕੇ ਸਮਾਜ ਨੂੰ ਫਿਰ ਮੱਧਯੁੱਗੀ ਕਾਲ ਵਿਚ ਪਿਛੇ ਮਿਲਾਣ ਲਈ ਤਤਪਰ ਹੈ।

ਗਊ ਰੱਖਿਅਕਾਂ ਦੀਆਂ ਹੁਲੜਬਾਜ਼ ਅਤੇ ਦਹਿਸ਼ਤੀ ਕਾਰਵਾਈਆਂ ਤੋਂ ਪੰਜਾਬ ਜਾਂ ਕਹੋ ਉਤਰੀ ਭਾਰਤ ਦੇ ਪਸ਼ੂ ਪਾਲਕ, ਪਸ਼ੂ ਵਪਾਰੀ ਅਤੇ ਕਈ ਹੋਰ ਧੰਦਿਆਂ ਵਾਲੇ ਜਿਨ੍ਹਾਂ 'ਚ ਚਮੜ ਉਦਯੋਗ, ਸਾਬਕ ਉਦਯੋਗ ਨਾਲ ਸੰਬੰਧਤ ਸਨਅਤਕਾਰ ਅਤੇ ਕਾਮੇ ਹਨ, ਵੀ ਪੀੜਤ ਹੋਏ ਹਨ ਅਤੇ ਹੁਣ ਗੁਜਰਾਤ ਦੀ ਘਟਨਾ ਪਿਛੋਂ ਉਨ੍ਹਾਂ ਅੰਦਰਲੀ ਬੁੜਬੁੜ ਬਾਹਰ ਵੀ ਆ ਰਹੀ ਹੈ। ਖੁਦ ਗੁਜਰਾਤ, ਮਹਾਂਰਾਸ਼ਟਰ ਅਤੇ ਮੱਧ ਪ੍ਰਦੇਸ਼ ਜਿਥੇ ਚਮੜੇ ਦੀਆਂ ਚਪਲਾਂ ਮਸ਼ਹੂਰ ਹਨ, ਦਾ ਕਾਰੋਬਾਰ ਵੀ ਪ੍ਰਭਾਵਿਤ ਹੋਇਆ ਹੈ। ਇਹ ਚਪਲਾਂ ਬਣਾਉਣ ਵਾਲੇ ਬੇਸ਼ੱਕ ਚਮਾਰ ਜਾਤੀ ਦੇ ਮਜ਼ਦੂਰ ਹੋਣਗੇ ਪਰ ਇਹਦਾ ਕਾਰੋਬਾਰ ਤਾਂ ਉਚ ਵਰਗ ਦੇ ਧਨੀ ਲੋਕਾਂ ਦੇ ਹੱਥਾਂ 'ਚ ਹੀ ਹੈ। ਪੰਜਾਬ ਦੀ ਖੇਡਾਂ ਦਾ ਸਮਾਨ ਬਣਾਉਣ ਵਾਲੀ ਸਨਅਤ ਅਤੇ ਹੋਰ ਕਾਰੋਬਾਰੀ ਵੀ ਪ੍ਰਭਾਵਤ ਹੋਈ ਹੈ।

ਗੁਜਰਾਤ ਦੇ ਦਲਿਤਾਂ ਨੇ ਅਹਿਮਦਾਬਾਦ 'ਚ ਰੈਲੀ ਕਰਕੇ 31 ਜੁਲਾਈ ਨੂੰ ਇਹ ਹੋਕਾ ਦਿੱਤਾ ਹੈ ਕਿ ਮ੍ਰਿਤਕ ਪਸ਼ੂਆਂ ਦਾ ਚੰਮ ਲਾਹੁਣ ਦੀ ਪਿਤਾ ਪੁਰਖੀ ਕਿੱਤਾਗਿਰੀ ਨੂੰ ਤਿਆਗਣਗੇ ਅਤੇ ਉਨ੍ਹਾਂ ਅਜਿਹਾ ਕੀਤਾ ਵੀ ਹੈ ਅਤੇ ਨਾਲ ਹੀ ਸੀਵਰੇਜ ਦੀ ਸਫ਼ਾਈ ਤੇ ਹੋਰ ਮਲ ਮੂਤਰ ਦੀ ਸਫ਼ਾਈ ਦੇ ਕੰਮਾਂ ਤੋਂ ਨਿਜਾਤ ਲੈਣਗੇ, ਇਹ ਇਕ ਇਨਕਲਾਬੀ ਪਹਿਲ ਕਦਮੀ ਹੈ ਜਿਹਦਾ ਸਵਾਗਤ ਹੋਣਾ ਚਾਹੀਦਾ ਹੈ। ਜਿਨ੍ਹਾਂ ਲਈ ਗਊ ਪੂਜਨਯੋਗ ਮਾਤਾ ਹੈ ਉਨ੍ਹਾਂ ਨੂੰ ਹੀ ਇਸ ਨੂੰ ਆਪਣੇ ਮੋਢਿਆਂ ਉਤੇ ਚੁੱਕ ਕੇ ਦਫ਼ਨਾਉਣਾ ਚਾਹੀਦਾ ਹੈ। ਉਨ੍ਹਾਂ ਨੂੰ ਆਪਣੀ ਧਾਰਮਿਕ ਸ਼ਰਧਾ ਦਾ ਅਹਿਸਾਸ ਕਰਨਾ ਚਾਹੀਦਾ ਹੈ ਕਿ ਉਨ੍ਹਾਂ ਦੀ ਪਵਿੱਤਰ ਮਾਤਾ ਨੂੰ ਜਦੋਂ ਅਛੂਤ ਅਤੇ ਭਿੱਟੇ ਹੋਏ ਸ਼ੂਦਰ ਚੁੱਕਣਗੇ ਤਾਂ ਕੁਧਰਮ ਨਹੀਂ ਵਾਪਰੇਗਾ। ਗੁਜਰਾਤ ਦੇ ਵਿਚੋਂ ਇਨ੍ਹਾਂ ਦਲਿਤਾਂ ਵਲੋਂ ਉਠੀ ਆਵਾਜ਼ ਨੂੰ ਪੰਜਾਬ ਸਮੇਤ ਪੂਰੇ ਦੇਸ਼ ਦੇ ਦਲਿਤ ਭਾਈਚਾਰੇ ਨੂੰ ਅਪਣਾਉਣਾ ਚਾਹੀਦਾ ਹੇ ਤਾਂ ਕਿ ਮਨੂੰਵਾਦੀ ਸੋਚ ਦੀ ਸੜਾਂਦ ਨੂੰ ਗਲੋਂ ਲਾਹਿਆ ਜਾਵੇ। ਗੁਜਰਾਤ ਵਿਚ ਵਾਪਰੀ ਦੁਖਾਂਤਕ ਘਟਨਾ ਨੇ ਦੇਸ਼ ਦੀ ਰਾਜਨੀਤੀ ਦਾ ਚਿਰਾ ਵੀ ਲੀਰੋ ਲੀਰ ਕਰ ਦਿੱਤਾ ਹੈ ਅਤੇ ਉਸ ਪ੍ਰਬੰਧ ਦਾ ਵੀ ਜਿਹੜਾ ਸੰਵਿਧਾਨਕ ਹੱਕ ਰਸਾਈ ਦਾ ਦਾਅਵਾ ਕਰਨ ਦਾ ਖੇਖਣ ਕਰਦਾ ਹੈ।

ਦਲਿਤਾਂ ਦੀ ਇਸ ਮਨੂੰਵਾਦੀ ਸੋਚ ਅਤੇ ਵਿਵਸਥਾ ਤੋਂ ਮੁਕਤੀ ਅਤੇ ਇਕ ਬਹਾਦਰੀ ਵਾਲੇ ਸਮਾਜ ਦੀ ਸਥਾਪਨਾ ਦੀ ਲੜਾਈ ਨੂੰ ਹੱਥ ਲੈਣਾ ਪਵੇਗਾ। ਹਰ ਕਿਸਮ ਦਾ ਛੂਆ ਛੂਤ, ਭੇਦ ਭਾਵ ਅਤੇ ਊਚ ਨੀਚ, ਮੌਜੂਦਾ ਸਮਾਜਿਕ ਹੀ ਨਹੀਂ ਆਰਥਿਕ ਬਣਤਰ ਨੂੰ ਤਹਿਸ਼-ਨਹਿਸ਼ ਕਰਕੇ ਹੀ ਸੰਭਵ ਹੈ। ਜਦੋਂ ਤੱਕ ਆਰਥਿਕ ਵਸੀਲਿਆਂ ਉਤੇ ਨਿੱਜੀ ਮਾਲਕੀ ਭਾਰੂ ਰਹੇਗੀ ਨਾ ਸਮਾਜਿਕ ਵੰਡ ਵਖਰੇਵਿਆਂ ਤੋਂ ਸਮਾਜ ਮੁਕਤ ਹੋਵੇਗਾ ਨਾ ਹੀ ਹਰ ਕਿਸਮ ਦੀ ਬੇਇਨਸਾਫ਼ੀ ਤੋਂ ਨਿਜ਼ਾਤ ਮਿਲੇਗੀ। ਜਿਨ੍ਹਾਂ ਚਿਰ ਸਦੀਆਂ ਪੁਰਾਣੀ ਵਿਧਾ ਵਿਧਾਨ ਦੀ ਜਨਮਦਾਤੀ ਮਨੂੰ ਸਮ੍ਰਿਤੀ ਨੂੰ ਉਚ ਵਰਗਾਂ ਦੇ ਦਿਲੋਂ ਦਿਮਾਗਾਂ 'ਚੋਂ ਸਾੜ ਕੇ ਕੱਢਿਆ ਨਹੀਂ ਜਾਂਦਾ, ਜਿੰਨਾ ਚਿਰ ਹਰ ਕਿਸਮ ਦੇ ਆਰਥਿਕ ਵਸੀਲਿਆਂ ਉਤੇ ਸਮੂਹ ਸਮਾਜ ਦੀ ਮਾਲਕੀ ਬਹਾਲ ਨਹੀਂ ਹੁੰਦੀ ਉਦੋਂ ਤੱਕ ਦਲਿਤ ਵਰਗ ਨੂੰ ਸਹੀ ਮਾਅਨਿਆਂ ਵਿਚ ਅਜਿਹੇ ਅਣਮਨੁੱਖੀ ਵਿਉਹਾਰ ਤੋਂ ਮੁਕਤੀ ਮਿਲਣੀ ਅਸੰਭਵ ਹੈ। ਸੋ ਗੁਜਰਾਤ ਦੀ ਘਟਨਾ ਅਤੇ ਘਟਨਾ ਪਿਛੋਂ ਉਠਿਆ ਦਲਿਤ ਰੋਹ, ਦੇਸ਼ ਭਰ ਦੇ ਦਲਿਤਾਂ ਅਤੇ ਦਲਿਤ ਹਿਤੈਸ਼ੀ ਤਾਕਤਾਂ ਲਈ ਇਕ ਸੋਚਣ ਦਾ ਬਿੰਦੂ ਹੈ, ਜਿਥੋਂ ਅਗਲੇਰੇ ਹਰ ਪੱਧਰ ਦੀ ਬਰਾਬਰੀ ਵਾਲੇ ਸਮਾਜ ਦੇ ਨਕਸ਼ ਤਿਰਾਸ਼ੇ ਜਾ ਸਕਦੇ ਹਨ ਅਤੇ ਇਉਂ ਸਾਰੇ ਪੀੜਤ ਵਰਗਾਂ ਦੀ ਸਾਂਝੀ ਸਮਾਜਿਕ ਲੜਾਈ ਨਾਲ ਹੀ ਅਖੌਤੀ ਗਊ ਭਗਤਾਂ ਦੇ ਦਿਮਾਗ ਟਿਕਾਣੇ ਲਿਆਂਦੇ ਜਾ ਸਕਦੇ ਹਨ

93544-30211

## ਸਿੰਘੋ ਸਰਦਾਰੋ !

ਸੰਤ ਸਿਪਾਹੀਓ! ਸਿੰਘੋ ਸਰਦਾਰੋ ਉਇ
ਤੁਸੀਂ ਰਾਖੇ ਕਿਰਤਾਂ ਦੇ, ਹਿੰਮਤ ਨਾ ਹਾਰੋ ਉਇ

ਹੁਣ "ਨਾਨਕ" ਨੇ ਮੁੜਕੇ, ਨਾਨਕਾਣੇ ਆਉਣਾ ਨਹੀਂ।
"ਗੋਬਿੰਦ" ਨੇ ਪਟਨੇ ਵੀ ਮੁੜ ਫੇਰਾ ਪਾਉਣਾ ਨਹੀਂ।
ਹੁਣ ਕਿਸ ਨੂੰ ਉਡੀਕ ਰਹੇ? ਉੱਠੋ ਬਲ ਧਾਰੋ ਉਇ!
ਤੁਸੀਂ ਰਾਖੇ ਕਿਰਤਾਂ ਦੇ.....

ਕੋਈ "ਅਹਿਮਦ" ਆਵੇ ਨਾ, ਕੋਈ "ਗਜ਼ਨਵੀ" ਧਾਉਂਦਾ ਨਹੀਂ।
ਦਿੱਲੀ ਨੂੰ ਲੁੱਟਣ ਲਈ, ਕੋਈ "ਨਾਦਰ" ਆਉਂਦਾ ਨਹੀਂ।
ਇਥੇ ਹੀ ਲੁਟੇਰੇ ਨੇ, ਜ਼ਰਾ ਝਾਤੀ ਮਾਰੋ ਉਇ!
ਤੁਸੀਂ ਰਾਖੇ ਕਿਰਤਾਂ ਦੇ....

"ਔਰੰਗਜ਼ੇਬ" ਦੇ ਜਾਏ ਜੋ, ਕੋਈ ਘੱਟ ਨਾ ਕਰਦੇ ਨੇ।
ਮੁੱਲ-ਸਿੰਘ-ਸਿਰਾਂ ਦੇ ਤਾਂ, ਇਹ ਅੱਜ ਵੀ ਧਰਦੇ ਨੇ।
ਦੁਸ਼ਮਣ ਨੂੰ ਪਛਾਓ ਲਓ, ਵੇਲਾ ਨਾ ਵਸਾਰੋ ਉਇ!
ਤੁਸੀਂ ਰਾਖੇ ਕਿਰਤਾਂ ਦੇ....

ਵਾਰਸ ਹੋ ਦੀਪ ਸਿੰਘ ਦੇ! ਸੰਤਾਨ ਸ਼ਹੀਦਾਂ ਦੀ।
ਕਿਉਂ ਰੀਤ ਭੁਲਾ ਬੈਠੇ? "ਬੰਦੇ" ਜਿਹੇ ਮੁਰੀਦਾਂ ਦੀ।
ਉਇ ਵੀਰੋ "ਭਗਤ" ਦਿਉ, ਵੈਰੀ ਨੂੰ ਸ਼ੰਘਾਰੋ ਉਇ!
ਤੁਸੀਂ ਰਾਖੇ ਕਿਰਤਾਂ ਦੇ, ਹਿੰਮਤ ਨਾ ਹਾਰੋ ਉਇ!

• • •

## ਵਿਸ਼ਵਾਸ

ਜਿਵੇਂ ਮਿੱਟੀ 'ਚ ਸਭ ਕੁਝ ਹੈ
ਕਨਕ, ਮਿੱਠਾ, ਲੋਹਾ ਤੇ ਬਾਰੂਦ।
ਇਵੇਂ ਜਨਤਾ 'ਚ ਸਭ ਕੁਝ ਹੈ
ਲਹਿਰਾਂ, ਹੜ੍ਹ, ਤੂਫਾਨ
ਅਣਖ, ਇੱਜ਼ਤ ਤੇ ਇਨਕਲਾਬ।
ਕੱਲ੍ਹ 'ਈਸਾ' ਜਿਹੇ ਚਿਹਰੇ ਵਾਲਾ ਕਾਮਰੇਡ
ਲਹਿਰਾਂ, ਤੂਫਾਨਾਂ ਦੇ ਨਾਅਰੇ ਉਚੇ ਕਰਦਾ
ਜ਼ੰਜੀਰਾਂ ਨੇ ਬੰਨ੍ਹ ਲਿਆ
ਦੇਗਾਂ, ਤਵੀਆਂ ਤੇ ਆਰਿਆਂ ਦਾ ਇਤਿਹਾਸ
ਦੁਹਰਾਇਆ ਗਿਆ
ਅੰਗ ਅੰਗ ਟੁੱਟਣ ਤੋਂ ਬਾਅਦ ਵੀ
ਉਸ ਦਾ ਲੈਨਿਨ ਜਿਹਾ ਦਿਲ ਨਹੀਂ ਟੁੱਟਿਆ।
ਬਦਲੇ ਲਈ ਗਰਮ ਖ਼ੂਨ ਉਬਲਿਆ
ਅਣਗਿਣਤ ਅੰਬੀਆਂ ਜਿੰਨੇ ਜਿੰਨੇ ਰੌਂਦ ਲਈ
ਅੰਬ੍ਹਾਂ ਦੇ ਰਸਤਿਆਂ ਥੀਂ
ਸਿਰਾਂ ਤੋਂ ਬੇਪ੍ਰਵਾਹ
ਯੋਧਿਆਂ ਦਾ ਮਾਰਚ ਹੋਇਆ।
ਉਨ੍ਹਾਂ ਪੇਟਾਂ ਵਿਚ ਬਾਰੂਦ ਖੋਭ ਦਿੱਤਾ ਗਿਆ
ਜਿਹੜੇ ਸਦਾ ਖ਼ੂਨ ਪੀਂਦੇ
ਉਨ੍ਹਾਂ ਹੱਥਾਂ ਥੀਂ ਗਰਮ ਰੌਂਦ
ਕੱਢ ਦਿੱਤੇ ਗਏ
ਜਿਨ੍ਹਾਂ ਨੇ ਉਹ ਈਸਾ ਜਿਹਾ ਕਾਮਰੇਡ
ਸੂਲੀਆਂ ਤੇ ਪੁੱਠਾ ਟੰਗਿਆ
ਨਾਅਰੇ ਜਿਹੜੇ ਉੱਠਦੇ ਨੇ
ਕੇਰਲਾ, ਬੰਗਾਲ ਤੇ ਆਸਾਮ, ਨਾਗਾਲੈਂਡ 'ਚੋਂ
ਉੱਠੇ ਚਮਕੌਰ 'ਚੋਂ
ਤਾਂ ਕਿ ਸਮਝ ਸਕੇ ਹਰ ਕੋਈ
ਕਿ ਸਭ ਕੁਝ ਹੈ ਜਨਤਾ ਵਿਚ
ਲਹਿਰਾਂ, ਹੜ੍ਹ, ਤੂਫਾਨ
ਅਣਖ, ਇੱਜ਼ਤ ਤੇ ਇਨਕਲਾਬ।

- ਲਾਲ ਸਿੰਘ ਦਿਲ

## ਅੰਮੀ ਦੇ ਨਾਂ

ਅੰਮੀਏ ਅਮਰ ਹੋ ਗਿਆ! ਪੁੱਤ ਪਾ ਕੇ ਸ਼ਹੀਦੀ ਤੇਰਾ।
ਵੈਰੀ ਵੀ ਹੈਰਾਨ ਹੋ ਗਿਆ, ਉਹਦਾ ਤੱਕ ਕੇ ਪਹਾੜ ਜਿੱਡਾ ਜੇਰਾ।

ਅੰਮੀਏ ਨਾ ਦਾਗ਼ ਤੇਰੀ, ਕੁੱਖ ਤਾਈਂ ਲਾਇਆ ਨੀਂ।
ਆਖਰੀ ਸਵਾਸਾਂ ਤੀਕ, ਸਿਦਕ ਨਿਭਾਇਆ ਨੀਂ।
ਹੱਸੂ ਹੱਸੂ ਰਿਹਾ ਕਰਦਾ, ਉਹਦਾ ਕੋਮਲ ਗੁਲਾਬ ਰੰਗਾ ਚੇਹਰਾ।
ਅੰਮੀਏਂ ਅਮਰ......

ਹੋਇਆ ਕੀ ਜੇ ਜ਼ਾਲਮਾਂ ਨੇ, ਦਿੱਤਾ ਇਕ ਮਾਰ ਨੀਂ।
ਜਿਉਂਦੇ ਅਜੇ ਪੁੱਤ ਤੇਰੇ ਲੱਖਾਂ ਨੇ ਜੁਝਾਰ ਨੀਂ।
ਹੋ ਗਿਆ ਉਹ ਸਾਰੇ ਜੱਗ ਦਾ, ਹੁਣ ਰਿਹਾ ਨਾ ਪੁੱਤਰ ਕੱਲਾ ਤੇਰਾ।
ਅੰਮੀਏਂ ਅਮਰ....

ਅੰਮੀਏਂ ਨੀਂ ਗ਼ਮ ਸਾਰਾ, ਰੋਹ ਵਿਚ ਢਾਲ ਕੇ।
ਦੱਸ ਦੇਵੀਂ ਮਾਵਾਂ ਵਾਲੇ, ਫਰਜ਼ ਨੂੰ ਪਾਲ ਕੇ।
ਦੱਸਿਆ ਏ 'ਮਾਂ ਗੁਜਰੀ', ਨਹੀਂ ਛੱਡਣਾ ਸਿਰੜ ਤੇ ਜੇਰਾ।
ਅੰਮੀਏਂ ਅਮਰ....

ਕੁੱਲੀਆਂ ਨੇ ਖੋਹ ਲੈਣਾਂ, ਮਹਿਲਾਂ ਕੋਲੋਂ ਰਾਜ ਨਹੀਂ
ਲੈਣਾਂ ਉਨ੍ਹਾਂ ਮੂਲ ਸਣੇ, ਗਿਣ ਕੇ ਵਿਆਜ ਨੀਂ
ਸਹੁੰ ਸਾਨੂੰ ਸਾਡੇ ਵੀਰ ਦੀ, ਜੜ੍ਹੋਂ ਪੁਟਾਂਗੇ ਨਜ਼ਾਮ ਇਹ ਲੁਟੇਰਾ।
ਅੰਮੀਏਂ ਅਮਰ....

ਉਹ ਜੋ ਅਡਵਾਇਰ, ਅਸੀਂ, 'ਊਧਰ' ਦੇ ਵੀਰ ਨੀਂ,
ਸਾਡੇ ਰੋਮ ਰੋਮ ਵਿਚ, 'ਬੰਦੇ' ਦੀ ਤਾਸੀਰ ਨੀਂ।
'ਰਿਘੜਾਂ' ਨੇ ਸਾਨੂੰ ਮੰਨਿਆਂ, ਸਾਨੂੰ ਜਾਣਦੇ 'ਵਜੀਦੇ' ਵੀ ਬਥੇਰਾ।
ਅੰਮੀਏਂ ਅਮਰ....

- ਜੈਮਲ ਪੱਡਾ

## ਆਟਾ ਦਾਲ ਵਾਲਿਆਂ, ਸਿਆਪਿਆਂ 'ਚ ਫਸੇ ਆਂ

ਅਜੇ ਸਾਡੀ ਅੱਖ ਨੂੰ ਇਸ਼ਾਰਿਆਂ ਦੀ ਸਾਰ ਨਾ
ਅਜੇ ਸਾਨੂੰ ਹਾਕਮਾਂ ਦੇ ਲਾਰਿਆਂ ਦੀ ਸਾਰ ਨਾ
ਵੇਖਾਂਗੇ ਅਜੇ ਤਾਂ ਸਾਡੀ, ਬੁਝੀ ਜਾਂਦੀ ਪਿਆਸ ਏ
ਅਜੇ ਸਾਡੇ ਹੱਡਾਂ ਉੱਤੇ, ਚੂੰਢੀ-ਚੂੰਢੀ ਮਾਸ ਏ।
...



ਆਟਾ ਦਾਲ ਵਾਲਿਆਂ, ਸਿਆਪਿਆਂ 'ਚ ਫਸੇ ਆਂ
ਅਜੇ ਅਸੀਂ ਅਪਣੇ ਹੀ ਆਪਿਆਂ 'ਚ ਫਸੇ ਆਂ
ਅਜੇ ਸਾਨੂੰ ਪਤਾ ਨਹੀਂ ਕਿ, ਕਿਹੜੀ ਸਾਡੀ ਜੂਨ ਏ
ਰਗਾਂ ਵਿੱਚ ਦੌੜਦਾ ਜੋ, ਪਾਣੀ ਏ ਕਿ ਖ਼ੂਨ ਏ।

ਅਜੇ ਸਾਡੇ ਪੁੱਤ ਸਾਡੇ ਕਹਿਣੇ ਵਿੱਚੋਂ ਬਾਹਰ ਨਹੀਂ
ਅਜੇ ਸਾਡੀ ਧੀ ਨਾਲ, ਹੋਇਆ ਬਲਾਤਕਾਰ ਨਹੀਂ
ਅਜੇ ਅਸੀਂ ਬਣੇ ਨਹੀਂਓਂ, ਕਾਲ ਦੇ ਗ੍ਰਾਸ ਏ
ਅਜੇ ਸਾਡੇ ਹੱਡਾਂ ਉੱਤੇ, ਚੂੰਢੀ-ਚੂੰਢੀ ਮਾਸ ਏ।

ਅਜੇ ਅਸੀਂ ਮੋਢਿਆਂ ਤੇ, ਜ਼ਾਤ ਚੁੱਕੀ ਹੋਈ ਏ
ਸਿਰ ਸੰਸਕਾਰਾਂ ਦੀ ਪਰਾਤ ਚੁੱਕੀ ਹੋਈ ਏ
ਅਜੇ ਸਾਡੇ ਔਰਤਾਂ ਨੇ ਬੋਲਣਾ ਨਹੀਂ ਸਿੱਖਿਆ
ਅਜੇ ਅਸੀਂ ਧਰਮਾਂ ਨੂੰ ਤੋਲਣਾ ਨਹੀਂ ਸਿੱਖਿਆ।

ਅਜੇ ਸਾਨੂੰ ਸਾਡੇ ਮਾੜਾ ਕਹਿਣ ਲੱਗੇ ਹੋਏ ਨੇ
ਅਜੇ ਸਾਡੇ ਸੂਰਜਾਂ, ਗ੍ਰਹਿਣ ਲੱਗੇ ਹੋਏ ਨੇ
ਫਿਰ ਵੀ ਹਨ੍ਹੇਰਿਆਂ ਦੀ ਕਾਟ ਬਣ ਸਰਨਾ
ਪੁਕਾਰੇ 'ਗੱਗਬਾਣੀ' ਆਜਾ, ਲਾਟ ਬਣ ਸਰਨਾ।

- ਸੁਰਜੀਤ ਗੱਗ

## "ਸਾਨੂੰ ਆਜ਼ਾਦ ਕਰੋ"

ਭਰਨ ਦਿਓ ਉਡਾਨ
ਨਾ ਕਰੋ ਕੈਦ
ਸਾਡੀ ਸੋਚ
ਜਾਤਾਂ ਧਰਮਾਂ 'ਚ

ਪੜ੍ਹਨ ਦਿਓ ਪਾਠ
ਇਨਸਾਨੀਅਤ
ਏਕਤਾ
ਸਾਂਝੀਵਾਲਤਾ ਦਾ

ਸਮਝਣ ਦਿਓ
ਭੁੱਖ
ਗਰੀਬੀ
ਲੁੱਟ ਨੂੰ

ਵਧਾਉਣ ਦਿਓ ਗਿਆਨ
ਉੱਠਣ ਦਿਓ ਸਵਾਲ
ਬਾਲ ਮਨਾਂ 'ਚ

ਸਾਨੂੰ ਇੱਕ ਮੌਕਾ ਦਿਓ
ਖਿੱਚ ਲਿਆਈਏ ਅਸੀਂ
ਖ਼ੁਸ਼ਹਾਲੀ ਦਾ ਯੁੱਗ
ਅਮਨ ਦਾ ਯੁੱਗ
ਤੁਸੀਂ ਸਦੀਆਂ ਹੰਢਾਈਆਂ
ਸਾਨੂੰ ਕੁੱਝ ਸਾਲ ਦਿਓ
ਸਾਨੂੰ ਆਜ਼ਾਦ ਕਰੋ

- ਕੁਲਵਿੰਦਰ ਕੌਸ਼ਲ

## ਬਚਾਓ-ਬਚਾਓ

ਬੰਦੇ ਤਾਂ ਸਭ ਪੁਰਾਣੇ ਨੇ, ਲਗਦੇ ਜਾਣੇ-ਪਹਿਚਾਣੇ ਨੇ।
ਕਈਆਂ ਨੇ ਬਦਲੀਆਂ ਪੱਗਾਂ ਨੇ, ਕਈਆਂ ਨੇ ਬਦਲੇ ਬਾਣੇ ਨੇ।
ਪਰ ਚਿਹਰੇ ਜਾਣੇ-ਪਹਿਚਾਣੇ ਨੇ।
ਕਈਆਂ ਨੂੰ ਮਿਲ ਗਈਆਂ ਟਿਕਟਾਂ ਨੇ, ਕਈਆਂ ਦੇ ਪਏ ਪੁਆੜੇ ਨੇ।
ਕਈਆਂ ਸਮਰਥਨ ਦੇ ਦਿੱਤਾ , ਕਈਆਂ ਬਗਾਵਤ ਦੇ ਸੁਰ ਚਾੜ੍ਹੇ ਨੇ।
ਕੋਈ ਆਪਣੇ ਹਿੱਤਾਂ ਲਈ, ਦਲ ਬਦਲੀ ਕਰਦਾ ਹੈ।
ਕੋਈ ਸੁਰਖੀਆਂ ਬਟੋਰਨ ਲਈ ,ਨਵੇਂ-ਨਵੇਂ ਸਟੰਟ ਘੜਦਾ ਹੈ।
ਭੋਲੀ-ਭਾਲੀ ਜਨਤਾ ਦੇ ਲਈ ,ਨਵੇਂ ਲੈ ਕੇ ਆਏ ਲਾਰੇ ਨੇ।
ਅਸੀਂ ਆਹ ਕੀਤਾ, ਅਸੀਂ ਆਹ ਦਿੱਤਾ।
ਅਸੀਂ ਆਹ ਕਰਾਂਗੇ, ਅਸੀਂ ਆਹ ਦੇਵਾਂਗੇ।
ਹਰ ਕੋਈ ਜਨਤਾ ਨੂੰ ਪੁਕਾਰੇ।
ਮੈਨੂੰ ਬਚਾਓ, ਮੈਨੂੰ ਬਚਾਓ।
ਲੋਕਤੰਤਰ ਆਵਾਜਾਂ ਮਾਰੇ, ਲੋਕਤੰਤਰ ਆਵਾਜਾਂ ਮਾਰੇ।

- ਬਲਵਿੰਦਰ ਸਿੰਘ 'ਭੁੱਕਲ'

## ਗ਼ਜ਼ਲ

ਜ਼ੁਲਫ਼ ਤੋਂ ਜ਼ੰਜੀਰ ਤੱਕ ਦਾ ਫ਼ਾਸਲਾ।
ਕਹਿਣ ਨੂੰ ਸੌਖਾ ਹੈ, ਪਰ ਔਖਾ ਬੜਾ।

ਪੱਤਿਆਂ 'ਤੇ ਆਏ ਹਰਿਆਲੀ ਕਿਵੇਂ,
ਮੁੱਦਤਾਂ ਤੋਂ ਵਗ ਰਹੀ ਪੀਲੀ ਹਵਾ।

ਜੋ ਵੀ ਲਿਖਣਾ, ਲਿਖ ਤੂੰ ਖ਼ੰਜਰ ਨਾਲ, ਪਰ,
ਜਿਸਮ ਮੇਰਾ ਮਸ਼ਕ ਦਾ ਤਖ਼ਤਾ ਬਣਾ।

ਦਿਲ ਜਲਾ ਕੇ ਆਓ ਕਰੀਏ ਰੌਸ਼ਨੀ,
ਧੁੰਦ ਨੇ ਸੂਰਜ ਪੁਰਾਣਾ ਖਾ ਲਿਆ।

'ਨੇਰ੍ਹ ਵਿਚ ਜੇ ਡੁਬ ਗਈ ਸਾਡੀ ਅਵਾਜ਼,
ਪੈਰ-ਚਿੰਨ੍ਹ ਤਦ ਦੇਣਗੇ ਸਾਡਾ ਪਤਾ।

ਆਸ ਰੱਖੋ ਦਿਲ ਨਾ ਛੱਡੋ ਦੋਸਤੋ,
ਹੋ ਗਈ ਹੈ ਜੋ ਖ਼ਿਜ਼ਾਂ ਲੰਬੀ ਜ਼ਰਾ।

ਹੋ ਗਈ ਤੇਰੀ ਕਮੀ ਪੂਰੀ ਕਿ ਦਿਲ,
ਦਰਦ ਦਾ ਹੁਣ ਯਾਰ ਗੂੜ੍ਹਾ ਬਣ ਗਿਆ।

- ਡਾ. ਜਗਤਾਰ

## ਪੰਜਾਬੀਓ ਜਾਗਦੇ ਕੇ ਸੁੱਤੇ

ਪੰਜਾਬੀਓ ਜਾਗਦੇ ਕੇ ਸੁੱਤੇ
ਨਸ਼ਿਆਂ ਨੇਂਥੋਨੂੰ ਵੱਢ ਵੱਢ ਖਾ ਲਿਆ
ਤੁਸੀਂ ਫਿਰ ਵੀ ਨਾ ਉਠੇ
ਪੰਜਾਬੀਓ....

ਫੀਮ ਡੋਡੇ ਤੁਹਾਡੀਆਂ ਰਗਾਂ 'ਚ ਬਹਿ ਗਏ
ਲਹੂ ਚਿੱਟੇ ਨੇ ਕਰ ਤੇ ਚਿੱਟੇ
ਪੰਜਾਬੀਓ....

ਸ਼ਰਾਬਾਂ ਪੀ ਪੀ ਬੱਕਰੇ ਬੁਲਾਉਂਦੇ
ਫਿਰੋਂ ਡਿਗਦੇ ਨਾਲੀਆਂ ਵਿਚੇ
ਸਿਗਟਾਂ ਚਿਲਮਾਂ ਫੂਕ ਫੂਕ
ਕਈ ਬਣੇ ਸਾਈਆਂ ਦੇ ਕੁੱਤੇ
ਪੰਜਾਬੀਓ...

ਸਪਰਮ ਕਾਉਂਟ ਥੋਡੇ ਘਟਦੇ ਜਾਂਦੇ
ਜੋ ਹੋ ਨਸ਼ਿਆਂ ਦੇ ਟੀਕੇ ਲਗਵਾਂਦੇ
ਤੁਸੀਂ ਹੁਣ ਮੁਕੇ ਕਿ ਮੁਕੇ
ਪੰਜਾਬੀਓ....

ਕੁੜੀਆਂ ਨੂੰ ਤੁਸੀਂ ਕੁੱਖ 'ਚ ਮਾਰੋ
ਤੇ ਲੈ ਲੈ ਜੜੀ ਬੂਟੀਆਂ ਬਾਬਿਆਂ ਤੋਂ
ਹੁਣ ਜੰਮਦੇ ਪੁੱਤਰ ਖੁਸਰੇ
ਪੰਜਾਬੀਓ...

ਗੋਬਿੰਦ ਦੇ ਕਦੇ ਸ਼ੇਰ ਸੀ ਹੁੰਦੇ
ਧੀਆਂ ਭੈਣਾਂ ਦੀਆਂ ਇੱਜ਼ਤਾਂ ਬਚਾਉਂਦੇ
ਇੱਜ਼ਤਾਂ ਹੁਣ ਤੁਸੀਂ ਆਪ ਹੋ ਲੁੱਟਦੇ
ਨਾ ਕਿਸੇ ਦੇ ਰੋਕਿਆਂ ਰੁਕੇ
ਪੰਜਾਬੀਓ....

ਅਵੀ ਦਾ ਤੇ ਬਸ ਏਹੀਓ ਕਹਿਣਾ
ਮੁੱਕੀ ਨਸਲ ਤਾਂ ਕੱਖ ਨਹੀਂ ਰਹਿਣਾ
ਮੁੜ ਆਓ ਓਏ ਮੇਰਿਓ ਵੀਰੋ
ਨਸ਼ਿਆਂ ਵਾਲੇ ਰਾਹ ਤਾਂ ਜਾ ਕੇ
ਮੁੱਕਦੇ ਕਬਰਾਂ ਉਤੇ
ਪੰਜਾਬੀਓ....

- ਅਵੀ ਜਸਵਾਲ

ਉਸਾਰੂ ਸਾਹਿਤ, ਕਵਿਤਾਵਾਂ, ਗੀਤ, ਨਾਵਲ, ਕਹਾਣੀਆਂ ਅਤੇ
ਤਰਕਸ਼ੀਲ ਵਿਗਿਆਨਕ ਕਿਤਾਬਾਂ ਪ੍ਰਾਪਤ ਕਰਨ ਲਈ
ਕੈਲਗਰੀ : ਮਾਸਟਰ ਭਜਨ 403-455-4220
ਟੋਰਾਂਟੋ : ਹਰਬੰਸ ਸਿੰਘ 416-817-7142
ਦਵਿੰਦਰ ਤੂਰ 416-902-9372

# ਆਰਥਿਕ ਸੁਧਾਰਾਂ ਦੇ 25 ਵਰ੍ਹੇ : ਕੀ ਖੱਟਿਆ, ਕੀ ਗੁਆਇਆ



ਡਾ. ਸੁਖਦੇਵ ਸਿੰਘ

ਜੁਲਾਈ 2016 ਨੂੰ ਸਾਡੇ ਦੇਸ਼ ਵਿੱਚ ਆਰਥਿਕ ਸੁਧਾਰਾਂ, ਜਿਨ੍ਹਾਂ ਨੂੰ ਨਵੀਆਂ ਆਰਥਿਕ ਨੀਤੀਆਂ ਕਰਕੇ ਵੀ ਜਾਣਿਆ ਜਾਂਦਾ ਹੈ, ਨੇ 25 ਵਰ੍ਹੇ ਪੂਰੇ ਕਰ ਲਏ ਹਨ। 1980ਵਿਆਂ ਤੋਂ ਬਾਅਦ ਦੇਸ਼ ਦੀ ਵਿੱਤੀ ਹਾਲਤ ਵੱਖ ਵੱਖ ਕਾਰਨਾਂ ਕਰਕੇ ਨਿਘਾਰ ਵੱਲ ਜਾਂਦੀ ਰਹੀ ਅਤੇ 1990 ਵੇਲੇ ਤਾਂ ਹਾਲਾਤ ਇਹੋ ਜਿਹੇ ਬਣ ਗਏ ਸਨ ਕਿ ਸਾਡੇ ਦੇਸ਼ ਨੂੰ ਆਪਣੀਆਂ ਲੋੜੀਂਦੀਆਂ ਦੇਣਦਾਰੀਆਂ ਦੇ ਭੁਗਤਾਨ ਅਤੇ ਦਰਾਮਦਾਂ ਲਈ ਵਿਦੇਸ਼ੀ ਮੁਦਰਾ ਦੀ ਉਪਲਬਧੀ ਸਿਰਫ਼ ਤਿੰਨ ਹਫ਼ਤਿਆਂ ਤਕ ਦੀ ਹੀ ਰਹਿ ਗਈ ਸੀ। ਡਾਵਾਂਡੋਲ ਰਾਜਨੀਤਕ ਸਥਿਤੀ ਤੇ ਬੇਹੱਦ ਨਾਜ਼ੁਕ ਆਰਥਿਕ ਹਾਲਾਤ ਨਾਲ ਨਿਪਟਣ ਅਤੇ ਅੰਤਰਰਾਸ਼ਟਰੀ ਮੁਦਰਾ ਕੋਸ਼ ਦੀਆਂ ਨੀਤੀਆਂ ਦੇ ਦਬਾਅ ਕਾਰਨ ਤਤਕਲੀਨ ਪ੍ਰਧਾਨ ਮੰਤਰੀ ਚੰਦਰ ਸ਼ੇਖਰ ਨੂੰ ਦੇਸ਼ ਦਾ ਸੋਨਾ ਗਹਿਣੇ ਰੱਖ ਕੇ ਵਿੱਤੀ ਹਾਲਤ ਨਾਲ ਨਜਿੱਠਣਾ ਪਿਆ। ਭਾਰਤੀ ਰਿਜ਼ਰਵ ਬੈਂਕ ਨੇ 47 ਟਨ ਸੋਨਾ ਬੈਂਕ ਆਫ ਇੰਗਲੈਂਡ ਅਤੇ 20 ਟਨ ਸੋਨਾ ਯੂਨੀਅਨ ਬੈਂਕ ਆਫ ਸਵਿੱਟਜ਼ਰਲੈਂਡ ਨੂੰ ਜਹਾਜ਼ ਰਾਹੀਂ ਭੇਜ ਕੇ ਹੰਗਾਮੀ ਤੌਰ 'ਤੇ 2.2 ਅਰਬ ਡਾਲਰ ਕਰਜ਼ਾ ਹਾਸਿਲ ਕੀਤਾ। ਕਿਸੇ ਦੇਸ਼ ਵੱਲੋਂ ਇੰਨੇ ਵੱਡੇ ਪੱਧਰ 'ਤੇ ਸੋਨੇ ਨੂੰ ਗਹਿਣੇ ਪਾਉਣਾ ਅੰਤਰਰਾਸ਼ਟਰੀ ਪੱਧਰ 'ਤੇ ਇੱਕ ਇਤਿਹਾਸ ਹੈ। 1990-92 ਦੇ ਕੈਬਨਿਟ ਸਕੱਤਰ ਨਰੇਸ਼ ਚੰਦਰ ਮੁਤਾਬਿਕ ਹਾਲਾਤ ਇੱਥੋਂ ਤਕ ਵਿਗੜ ਗਏ ਸਨ ਕਿ ਟੋਕੀਓ (ਜਾਪਾਨ) ਵਿਖੇ ਭਾਰਤੀ ਦੂਤਾਵਾਸ ਦੀ ਜਾਇਦਾਦ ਨੂੰ ਵੇਚਣ ਲਈ ਵੀ ਸੋਚਿਆ ਜਾ ਰਿਹਾ ਸੀ। ਚੰਦਰਸ਼ੇਖਰ ਸਰਕਾਰ ਮਹਿਜ਼ ਨਵੰਬਰ 1990 ਤੋਂ ਮਈ 1991 ਤਕ ਚੱਲੀ। ਸਰਕਾਰ ਟੁੱਟਣ ਦਾ ਇੱਕ ਵੱਡਾ ਕਾਰਨ ਸੋਨੇ ਨੂੰ ਗਹਿਣੇ ਪਾਉਣਾ ਵੀ ਦੱਸਿਆ ਗਿਆ ਸੀ। ਪੀ.ਵੀ. ਨਰਸਿਮ੍ਹਾ ਰਾਓ ਦੇ ਪ੍ਰਧਾਨ ਮੰਤਰੀ ਬਣਨ 'ਤੇ ਉਨ੍ਹਾਂ ਨੇ ਵਿਸ਼ੇਸ਼ ਤੌਰ 'ਤੇ ਜਾਣੇ-ਪਛਾਣੇ ਅਰਥਸ਼ਾਸਤਰੀ ਤੇ ਭਾਰਤੀ ਰਿਜ਼ਰਵ ਬੈਂਕ ਦੇ ਸਾਬਕਾ ਗਵਰਨਰ ਡਾ. ਮਨਮੋਹਨ ਸਿੰਘ ਨੂੰ ਵਿੱਤ ਮੰਤਰੀ ਥਾਪਿਆ ਤਾਂ ਜੋ ਦੇਸ਼ ਨੂੰ ਵਿੱਤੀ ਸੰਕਟ ਵਿੱਚੋਂ ਬਾਹਰ ਕੱਢਿਆ ਜਾ ਸਕੇ। 24 ਜੁਲਾਈ 1991 ਨੂੰ ਡਾ. ਮਨਮੋਹਨ ਸਿੰਘ ਨੇ ਕੇਂਦਰੀ ਬਜਟ ਪੇਸ਼ ਕਰਦਿਆਂ ਨਵੀਆਂ ਆਰਥਿਕ ਨੀਤੀਆਂ ਨੂੰ ਪੇਸ਼ ਕੀਤਾ। ਆਪਣੇ ਵਿੱਤੀ ਭੁਗਤਾਨ ਦੇ ਸੰਕਟ ਨਾਲ ਨਿਪਟਣ ਅਤੇ ਇਸਦੇ ਸੰਤੁਲਨ ਨੂੰ ਬਰਕਰਾਰ ਰੱਖਣ ਲਈ ਆਰਥਿਕ ਸੁਧਾਰਾਂ ਦੀ ਲੜੀ ਨੂੰ ਸ਼ੁਰੂ ਕੀਤਾ ਗਿਆ ਅਤੇ ਲੰਬੇ ਸਮੇਂ ਤੋਂ ਸੋਚੇ ਜਾ ਰਹੇ ਆਦਰਸ਼ ਜਿਵੇਂ ਕਿ ਵਿਕਾਸ ਅਤੇ ਨਿਆਂ, ਸਮਾਜਿਕ ਜ਼ਿੰਮੇਵਾਰੀ, ਜਵਾਬਦੇਹੀ, ਬਰਾਬਰੀ ਅਤੇ ਸਵੈ-ਨਿਰਭਰਤਾ ਆਦਿ ਨੂੰ ਸੁਤੰਤਰੀਕਰਨ, ਨਿੱਜੀਕਰਨ, ਸੰਸਾਰੀਕਰਨ, ਸੁਯੋਗਤਾ ਅਤੇ ਮੁਕਾਬਲੇ ਦੀ ਭਾਵਨਾ ਆਦਿ ਵਿਚਾਰਾਂ ਅਧੀਨ ਰੱਖ ਕੇ ਵਾਚਿਆ ਜਾਣ ਲੱਗਿਆ।

ਨਵੀਆਂ ਆਰਥਿਕ ਨੀਤੀਆਂ ਅੰਤਰਰਾਸ਼ਟਰੀ ਮੁਦਰਾ ਕੋਸ਼ (ਆਈਐੱਮਐੱਫ) ਅਤੇ ਸੰਸਾਰ ਬੈਂਕ ਦੇ ਅਨੁਕੂਲਤਾ ਪ੍ਰੋਗਰਾਮ (ਸਟਰਕਚਰਲ ਅਡਜਸਟਮੈਂਟ) ਉੱਤੇ ਆਧਾਰਿਤ ਸਨ। 1990 ਤੋਂ ਬਾਅਦ ਇਨ੍ਹਾਂ ਅਦਾਰਿਆਂ ਨੇ ਵੱਖ ਵੱਖ ਦੇਸ਼ਾਂ ਨੂੰ ਕਰਜ਼ੇ ਦੇਣ ਲਈ ਕਠੋਰ ਪੂਰਵ ਸ਼ਰਤਾਂ ਨਿਰਧਾਰਿਤ ਕੀਤੀਆਂ ਅਤੇ ਸੰਸਾਰ ਦੇ 76 ਦੇਸ਼ਾਂ ਨੂੰ ਇਨ੍ਹਾਂ ਸ਼ਰਤਾਂ ਦੀ ਮਨੌਤ ਉਪਰੰਤ ਕਰਜ਼ੇ ਪ੍ਰਦਾਨ ਕੀਤੇ ਗਏ। ਭਿੰਨ ਭਿੰਨ ਦੇਸ਼ਾਂ ਦੇ ਆਰਥਿਕ, ਸਮਾਜਿਕ, ਸੱਭਿਆਚਾਰਕ ਅਤੇ ਤਕਨੀਕੀ ਭਿੰਨਤਾਵਾਂ ਦੇ ਬਾਵਜੂਦ ਵੀ ਵਿੱਤੀ ਸੁਧਾਰਾਂ ਨੂੰ ਇੱਕੋ ਜਿਹੇ ਢਾਂਚੇ ਤਹਿਤ ਲਾਗੂ ਕੀਤਾ ਗਿਆ। ਇਨ੍ਹਾਂ ਸ਼ਰਤਾਂ ਦੀ ਲਿਸਟ ਵਿੱਚ ਪ੍ਰਮੁੱਖ ਸਨ: ਵੱਖ ਵੱਖ ਖੇਤਰਾਂ ਵਿੱਚ ਉਤਪਾਦਨ ਅਤੇ ਵੰਡ ਪੱਖੋਂ ਵਪਾਰਕ ਖੁੱਲ੍ਹਾਂ ਪ੍ਰਦਾਨ ਕਰਨਾ, ਗੁੰਝਲਦਾਰ ਲਾਇਸੈਂਸ ਤੇ ਪਰਮਿਟ ਰਾਜ ਨੂੰ ਖ਼ਤਮ ਕਰਨਾ, ਆਯਾਤ ਤੇ ਨਿਰਯਾਤ ਪੱਖੋਂ ਟੈਕਸ ਬੰਦਿਸ਼ਾਂ ਨੂੰ ਹਟਾਉਣਾ, ਖੇਤੀ ਸਮੇਤ ਵੱਖ ਵੱਖ ਸੈਕਟਰਾਂ ਵਿੱਚ ਦਿੱਤੀਆਂ ਜਾਣ ਵਾਲੀਆਂ ਸਬਸਿਡੀਆਂ ਨੂੰ ਘਟਾਉਣਾ, ਜਨਤਕ ਉਦਯੋਗ ਅਤੇ ਪੂੰਜੀ



ਸੈਕਟਰ ਦਾ ਨਿੱਜੀਕਰਨ ਤੇ ਅਣਉਤਪਾਦਕ ਖ਼ਰਚਿਆਂ ਨੂੰ ਖ਼ਤਮ ਕਰਨਾ, ਟੈਕਸ ਪ੍ਰਣਾਲੀ ਨੂੰ ਦਰੁਸਤ ਕਰਕੇ ਬਜਟ ਘਾਟੇ ਨੂੰ ਘੱਟ ਕਰਨਾ, ਕਰੰਸੀ ਦਾ ਮੁੱਲ ਘਟਾਉਣਾ, ਸਮਾਜਿਕ ਖ਼ਰਚਿਆਂ ਨੂੰ ਕਠੋਰ ਫ਼ੈਸਲਿਆਂ ਰਾਹੀਂ ਘੱਟ ਕਰਨਾ ਆਦਿ ਸਨ।

ਪਿਛਲੇ 25 ਸਾਲਾਂ ਦੇ ਆਰਥਿਕ ਸੁਧਾਰਾਂ ਨੇ ਭਾਰਤੀ ਸਮਾਜ ਵਿੱਚ ਅਨੇਕ ਤਰ੍ਹਾਂ ਦੇ ਪਰਿਵਰਤਨ ਲਿਆਂਦੇ ਹਨ ਜਿਨ੍ਹਾਂ ਵਿੱਚ ਕੁਝ ਕੁ ਸਾਕਾਰਤਮਕ ਅਤੇ ਬਹੁਤ ਸਾਰੇ ਨਾਂਹਮੁਖੀ ਹਨ। ਆਰਥਿਕ ਸੁਧਾਰਾਂ ਦਾ ਸਭ ਤੋਂ ਪ੍ਰਮੁੱਖ ਲਾਭ ਜਮ੍ਹਾਂ ਵਿਦੇਸ਼ੀ ਮੁਦਰਾ ਦੀ ਉਪਲੱਬਧੀ ਹੈ। 1991 ਵਿੱਚ 1.4 ਅਰਬ ਡਾਲਰ ਦੀ ਜ਼ਮਾਂ ਵਿਦੇਸ਼ੀ ਮੁਦਰਾ 2016 ਵਿੱਚ 355 ਅਰਬ ਡਾਲਰ ਤਕ ਪਹੁੰਚ ਗਈ ਹੈ। ਸੁਤੰਤਰੀਕਰਨ ਕਾਰਨ ਭਾਰਤੀ ਉਦਯੋਗਾਂ ਨੂੰ ਹਾਂ-ਪੱਖੀ ਹੁਲਾਰਾ ਮਿਲਿਆ ਹੈ। ਬਹੁਤ ਸਾਰੇ ਭਾਰਤੀ ਉਦਯੋਗਿਕ ਘਰਾਣਿਆਂ ਨੇ ਦੇਸ਼ ਵਿੱਚ ਨਿਵੇਸ਼ ਕਰਨ ਦੇ ਨਾਲ ਵਿਦੇਸ਼ਾਂ ਵਿੱਚ ਵੀ ਉਦਯੋਗ ਸਥਾਪਿਤ ਕਰ ਲਏ ਹਨ ਜਾਂ ਉਨ੍ਹਾਂ ਵਿੱਚ ਹਿੱਸੇਦਾਰੀ ਪਾ ਲਈ ਹੈ। ਭਾਰਤੀ ਤਿਆਰ ਮਾਲ ਵਿਦੇਸ਼ਾਂ ਵਿੱਚ ਆਪਣੀ ਹੋਂਦ ਦਿਖਾਉਣ ਲੱਗ ਪਿਆ ਹੈ। ਉੱਘੀ ਅਰਥਵਿਗਿਆਨੀ ਜਯਸ਼੍ਰੀ ਸੇਨਗੁਪਤਾ ਮੁਤਾਬਿਕ ਨਿੱਜੀਕਰਨ ਤੇ ਸੰਸਾਰੀਕਰਨ ਕਰਕੇ ਭਾਰਤੀ ਵਸਤਾਂ ਖ਼ਾਸ ਕਰ ਕੱਪੜਾ, ਗਹਿਣੇ ਅਤੇ ਹੱਥ-ਸ਼ਿਲਪ ਵਸਤਾਂ ਸਾਰੇ ਸੰਸਾਰ ਵਿੱਚ ਮਿਲਣ ਲੱਗ ਪਏ ਹਨ। ਭਾਰਤ ਵਿੱਚ ਤਿਆਰ ਦਵਾਈਆਂ ਤੇ ਕੰਪਿਊਟਰ ਸੌਫ਼ਟਵੇਅਰ ਸੰਸਾਰ ਦੇ ਬਹੁਤੇ ਮੁਲਕਾਂ ਵਿੱਚ ਉਪਲੱਬਧ ਹਨ। ਘਰੇਲੂ ਮਾਰਕੀਟ ਵਿੱਚ ਪਿਛਲੇ 25 ਸਾਲਾਂ ਦੌਰਾਨ "ਫ਼ੋਕੀ ਖ਼ਪਤਵਾਦੀ" ਵਸਤਾਂ ਦੀ ਭਰਮਾਰ ਹੋ ਗਈ ਹੈ। ਵਿਦੇਸ਼ੀ ਫਲ, ਵੱਖ ਵੱਖ ਤਰ੍ਹਾਂ ਦੇ ਸਕੂਟਰ, ਕਾਰਾਂ, ਟੀ.ਵੀ, ਮੋਬਾਈਲ ਤੇ ਹੋਰ ਅਨੇਕਾਂ ਹੀ ਤਰ੍ਹਾਂ ਦੇ ਘਰੇਲੂ ਸਾਜ਼ੋ-ਸਾਮਾਨ ਅਤੇ ਹਾਰ-ਸ਼ਿੰਗਾਰ ਦੀਆਂ ਵਸਤਾਂ ਦੀ ਭਰਮਾਰ ਹੋ ਗਈ ਹੈ। ਮਾਲ ਸੱਭਿਆਚਾਰ ਨੇ ਭਾਰਤੀ ਖ਼ਪਤਕਾਰਾਂ ਨੂੰ ਵੰਨ-ਸੁਵੰਨਤਾ ਪ੍ਰਦਾਨ ਕੀਤੀ ਹੈ। ਹੁਣ ਫੋਨ ਕੁਨੈਕਸ਼ਨ ਲੈਣ ਲਈ ਰਿਸ਼ਵਤ ਨਹੀਂ ਦੇਣੀ ਪੈਂਦੀ। ਸਕੂਟਰ ਨੂੰ ਵਿਦੇਸ਼ੀ ਕਰੰਸੀ ਤਹਿਤ ਬੁੱਕ ਨਹੀਂ ਕਰਵਾਉਣਾ ਪੈਂਦਾ ਅਤੇ ਗੈਸ ਕੁਨੈਕਸ਼ਨ ਲੈਣ ਲਈ ਸਾਲਾਂ-ਬੱਧੀ ਇੰਤਜ਼ਾਰ ਨਹੀਂ ਕਰਨੀ ਪੈਂਦੀ। ਟਿਕਟਾਂ ਦੀ ਬੁਕਿੰਗ ਸਮੇਤ ਕਈ ਸੇਵਾਵਾਂ ਘਰ-ਦਰ 'ਤੇ ਉਪਲੱਬਧ ਹੋ ਗਈਆਂ ਹਨ। ਗ਼ਰੀਬੀ ਦੀ ਪ੍ਰਤੀਸ਼ਤਤਾ ਵਿੱਚ ਘਾਟਾ ਹੋਇਆ ਹੈ। 1991 ਵਿੱਚ 40% ਦੇ ਕਰੀਬ ਲੋਕ ਗ਼ਰੀਬੀ ਰੇਖਾ ਤੋਂ ਥੱਲੇ ਸਨ ਜੋ ਹੁਣ ਇਹ 23% ਦੇ ਕਰੀਬ ਹਨ।

ਆਰਥਿਕ ਸੁਧਾਰਾਂ ਦੇ ਸਾਕਾਰਾਤਮਿਕ ਅਸਰਾਂ ਦੇ ਨਾਲ ਨਾਲ ਸਾਡੇ ਦੇਸ਼ ਵਿੱਚ ਮਾਰੂ ਅਸਰਾਂ ਨੂੰ ਵੀ ਬੜੀ ਸ਼ਿੱਦਤ ਨਾਲ ਬਿਆਨਿਆ ਜਾ ਰਿਹਾ ਹੈ। ਭਾਰਤ ਦੇ ਵਿਕਾਸ ਦੀ ਗੱਲ ਪੇਂਡੂ ਖੇਤਰਾਂ ਅਤੇ ਪੇਂਡੂ ਲੋਕਾਂ ਤੋਂ ਬਿਨਾਂ ਅਧੂਰੀ ਹੈ। ਅੱਜ ਵੀ 68% ਭਾਰਤੀ ਜਨਤਾ ਦਿਹਾਤ ਵਿੱਚ ਵਸਦੀ ਹੈ ਅਤੇ ਖੇਤੀ ਆਧਾਰਿਤ ਹੈ। ਆਰਥਿਕ ਸੁਧਾਰਾਂ ਤਹਿਤ ਖੇਤੀ ਸਾਧਨਾਂ, ਖਾਦਾਂ, ਕੀਟਨਾਸ਼ਕਾਂ ਤੇ ਬੀਜਾਂ ਨੂੰ ਕੰਟਰੋਲ ਮੁਕਤ ਕਰਨ ਅਤੇ ਸਬਸਿਡੀਆਂ ਘਟਾਉਣ ਕਾਰਨ ਖੇਤੀ ਲਾਗਤਾਂ ਵਿੱਚ ਬਹੁਤ ਵਾਧਾ ਹੋ ਗਿਆ ਹੈ ਤੇ ਨਤੀਜੇ ਵਜੋਂ ਕਿਸਾਨਾਂ ਦੀ ਵਿੱਤੀ ਹਾਲਤ ਅਤਿ ਗੰਭੀਰ ਹੋ ਗਈ ਹੈ। ਆਰਥਿਕ ਤੰਗੀ, ਫ਼ਸਲਾਂ ਦੀ ਖ਼ਰਾਬੀ ਤੇ ਹੋਰ ਸਮਾਜਿਕ ਕਾਰਨਾਂ ਕਰਕੇ ਦੇਸ਼ ਵਿੱਚ ਕਿਸਾਨਾਂ ਤੇ ਖੇਤ ਮਜ਼ਦੂਰਾਂ ਵੱਲੋਂ ਖ਼ੁਦਕੁਸ਼ੀਆਂ ਦਾ ਰਾਹ ਅਪਣਾਇਆ ਜਾ ਰਿਹਾ ਹੈ। 1994-95 ਤੋਂ ਲੈ ਕੇ ਹੁਣ ਤਕ ਕਿਸਾਨ ਖ਼ੁਦਕੁਸ਼ੀਆਂ ਦੀ ਗਿਣਤੀ ਲੱਖਾਂ ਵਿੱਚ ਪਹੁੰਚ ਗਈ ਹੈ। ਖੇਤੀ ਦਾ ਕੁੱਲ ਘਰੇਲੂ ਆਮਦਨ ਵਿੱਚ ਹਿੱਸਾ ਜੋ ਕੁਝ ਸਾਲ ਪਹਿਲਾਂ ਤਕ 30% ਸੀ 2015 ਵਿੱਚ ਘਟ ਕੇ 14% ਦੇ ਕਰੀਬ ਰਹਿ ਗਿਆ ਹੈ ਜਦੋਂਕਿ ਕੁੱਲ ਲੇਬਰ ਸ਼ਕਤੀ ਦਾ 55% ਹਿੱਸਾ ਹਾਲੇ ਵੀ ਖੇਤੀ ਸੈਕਟਰ ਵਿੱਚ ਹੈ।

ਆਰਥਿਕ ਸੁਧਾਰਾਂ ਕਰਕੇ ਦੇਸ਼ ਦੇ ਲੋਕਾਂ ਵਿੱਚ ਆਰਥਿਕ ਪਾੜਿਆਂ ਵਿੱਚ ਵੱਡਾ ਵਾਧਾ ਹੋਇਆ ਹੈ। ਦੇਸ਼ ਦੇ 90% ਆਮਦਨ ਵਸੀਲੇ 10% ਲੋਕਾਂ ਕੋਲ ਆ ਗਏ ਹਨ। ਭਾਰਤ ਵਿੱਚ ਅਰਬਪਤੀਆਂ ਦੀ ਗਿਣਤੀ, ਜੋ 1990-91 ਵੇਲੇ ਕੁਝ ਸੈਂਕੜਿਆਂ ਵਿੱਚ ਸੀ 2016 ਵਿੱਚ ਇਹ 2 ਲੱਖ ਤੋਂ ਵਧੇਰੇ ਮੰਨੀ ਗਈ ਹੈ। ਆਬਾਦੀ ਦਾ ਇੱਕ ਵੱਡਾ ਹਿੱਸਾ ਆਰਥਿਕ ਤੰਗੀਆਂ-ਤੁਰਸ਼ੀਆਂ ਨਾਲ ਜੂਝ ਰਿਹਾ ਹੈ। ਯੂਪੀਏ ਸਰਕਾਰ ਵੇਲੇ ਦੇ ਕੇਂਦਰੀ ਮੰਤਰੀ ਜੈਰਾਮ ਰਮੇਸ਼, ਜਿਨ੍ਹਾਂ ਨੇ 1991 ਦੇ ਹਾਲਤਾਂ ਬਾਰੇ "ਟੂ ਦੀ ਬਰਿੰਕ ਐਂਡ ਬੈਕ" ਨਾਮੀ ਕਿਤਾਬ ਲਿਖੀ ਹੈ, ਨੇ ਇੱਕ ਵਿਚਾਰ ਗੋਸ਼ਠੀ ਵਿੱਚ ਮੰਨਿਆ ਹੈ ਕਿ ਆਰਥਿਕ ਸੁਧਾਰਾਂ ਕਰਕੇ ਆਰਥਿਕ ਅਸਮਾਨਤਾਵਾਂ ਵਿੱਚ ਅਤਿ ਦਰਜੇ ਦਾ ਵਾਧਾ ਹੋਇਆ ਹੈ। ਉਦਯੋਗਿਕ ਵਿਕਾਸ ਵੀ ਆਸ਼ਾਵਾਂ ਤੇ ਰੁਜ਼ਗਾਰ ਰਹਿਤ ਹੈ। ਪ੍ਰਧਾਨ ਮੰਤਰੀ ਇੰਦਰਾ ਗਾਂਧੀ ਦੇ ਸਾਇੰਸ ਤੇ ਟੈਕਨਾਲੋਜੀ ਸਲਾਹਕਾਰ ਰਹੇ ਅਸ਼ੋਕ ਪਾਰਥਾਸਾਰਥੀ ਨੇ ਹੁਣੇ ਜਹੇ ਇੱਕ ਅੰਗਰੇਜ਼ੀ ਅਖ਼ਬਾਰ ਵਿੱਚ ਛਪੇ ਲੇਖ ਵਿੱਚ 1991-92 ਤੋਂ ਲੈ ਕੇ ਹੁਣ ਤਕ ਆਰਥਿਕ ਨੀਤੀਆਂ ਕਾਰਨ ਦੇਸ਼ ਵਿਚਲੇ ਉਦਯੋਗੀਕਰਨ ਦੇ ਘਟਣ ਬਾਰੇ ਉਦਾਹਰਣਾਂ ਸਹਿਤ ਵਿਸ਼ਲੇਸ਼ਣ ਕੀਤਾ ਹੈ। ਉਨ੍ਹਾਂ ਮੁਤਾਬਿਕ ਬਾਹਰੋਂ ਮੰਗਾਏ ਮਾਲ (ਚੀਨ, ਜਾਪਾਨ, ਤਾਇਵਾਨ ਆਦਿ) ਦੀ ਅਸੈਂਬਲ ਪ੍ਰਕਿਰਿਆ ਰਾਹੀਂ ਭਾਰਤ ਦੀ ਘਰੇਲੂ ਸਨਅਤਾਂ ਨੂੰ ਵੱਡਾ ਖੋਰਾ ਲੱਗਾ ਹੈ। ਸੁਧਾਰਵਾਦੀ ਪ੍ਰਕਿਰਿਆ ਤਹਿਤ 1990 ਤੋਂ ਹੁਣ ਤਕ ਬੇਸ਼ੁਮਾਰ ਘਰੇਲੂ ਉਦਯੋਗਿਕ ਇਕਾਈਆਂ ਬੰਦ ਹੋ ਗਈਆਂ ਹਨ। ਮੌਜੂਦਾ ਸਮੇਂ 80% ਟੈਲੀਵਿਜ਼ਨ ਸੈੱਟ ਵਿਦੇਸ਼ੀ ਕੰਪਨੀਆਂ ਸਪਲਾਈ ਕਰ ਰਹੀਆਂ ਹਨ ਜਦੋਂਕਿ 1989-90 ਤੋਂ ਪਹਿਲਾਂ ਸਾਰੇ ਹੀ ਟੀ.ਵੀ. ਸੈੱਟ ਘਰੇਲੂ ਇਕਾਈਆਂ ਵੱਲੋਂ ਸਪਲਾਈ ਕੀਤੇ ਜਾਂਦੇ ਸਨ। ਟੈਲੀਵਿਜ਼ਨ ਸੈੱਟ ਤਿਆਰ ਕਰਨ ਵਾਲੀਆਂ ਕੁੱਲ 10 ਉਦਯੋਗਿਕ ਇਕਾਈਆਂ ਵਿੱਚੋਂ ਛੇ ਤਾਂ ਬੰਦ ਹੋ ਗਈਆਂ ਹਨ। ਇਸੇ ਤਰ੍ਹਾਂ ਵੱਖ ਵੱਖ ਸੈਕਟਰਾਂ ਵਿੱਚ ਘਟਾਓਵਾਦੀ ਪ੍ਰਕਿਰਿਆ ਚਾਲੂ ਹੈ ਅਤੇ ਸਨਅਤੀ ਇਕਾਈਆਂ ਵਿੱਚ ਕੰਮ ਕਰ ਰਹੀ ਲੇਬਰ ਨੂੰ ਕੱਢਿਆ ਜਾ ਰਿਹਾ ਹੈ ਕਿਉਂਕਿ ਆਰਥਿਕ ਸੁਧਾਰਾਂ ਤਹਿਤ ਲੇਬਰ ਨਿਯਮਾਂ ਨੂੰ ਕਾਫ਼ੀ ਤਬਦੀਲ ਕਰ ਦਿੱਤਾ ਗਿਆ ਹੈ। ਪੂੰਜੀਵਾਦ ਦੀ ਮਾਰ, ਵਧ ਰਹੀ ਆਬਾਦੀ ਤੇ ਰੁਜ਼ਗਾਰ-ਰਹਿਤ ਵਿਕਾਸ ਕਾਰਨ ਬੇਰੁਜ਼ਗਾਰੀ ਚਰਮ ਸੀਮਾ 'ਤੇ ਹੈ ਜੋ ਅੱਗੇ ਹੋਰ ਸਮਾਜਿਕ ਵਿਗਾੜ ਪੈਦਾ ਕਰ ਸਕਦੀ ਹੈ। ਪ੍ਰਾਈਵੇਟ ਸੈਕਟਰ ਵਿੱਚ ਉਪਜ ਰਹੇ ਰੁਜ਼ਗਾਰ ਦਾ ਤਨਖ਼ਾਹ ਢਾਂਚਾ ਕਾਮਿਆਂ ਨੂੰ ਨਪੀੜਨ ਵਾਲਾ ਹੈ।

ਆਰਥਿਕ ਸੁਧਾਰਾਂ ਨੇ ਵਿੱਦਿਆ ਤੇ ਸਿਹਤ ਸੈਕਟਰਾਂ ਦੀ ਆਬਾਦੀ ਦੇ ਵੱਡੇ ਭਾਗ ਵਾਸਤੇ ਅਪਹੁੰਚ ਵਾਲੀ ਸਥਿਤੀ ਪੈਦਾ ਕਰ ਦਿੱਤੀ ਹੈ। ਪ੍ਰਾਈਵੇਟ ਸੈਕਟਰ ਦੀ ਸਿੱਖਿਆ ਤੇ ਬੇਯਕੀਨੀ ਮਿਆਰ ਕਰਕੇ ਲੋਕਾਂ ਦੀ ਆਰਥਿਕ ਲੁੱਟ-ਖਸੁੱਟ ਜਾਰੀ ਹੈ। ਵਿੱਦਿਆ ਤਜਾਰਤ ਬਣ ਕੇ ਰਹਿ ਗਈ ਹੈ ਤੇ ਕਾਰਪੋਰੇਟ ਹੱਥਾਂ ਵਿੱਚ ਚਲੀ ਗਈ ਹੈ। ਅਖ਼ਬਾਰਾਂ ਵਿੱਚ ਆਮ ਖ਼ਬਰਾਂ ਛਪਦੀਆਂ ਹਨ ਕਿ ਪ੍ਰਾਈਵੇਟ ਸਕੂਲਾਂ ਦੇ ਮਹਿੰਗੇ ਫੀਸ ਢਾਂਚੇ ਅਤੇ ਕਿਤਾਬਾਂ ਤੇ ਵਰਦੀਆਂ ਦੀ ਸਪਲਾਈ ਵਿਰੁੱਧ ਮਾਪੇ ਲਾਮਬੰਦ ਹੋ ਕੇ ਸੰਘਰਸ਼ ਕਰ ਰਹੇ ਹਨ। ਲੇਖਕ ਦੇ ਇੱਕ ਵਿਦਿਆਰਥੀ ਵੱਲੋਂ ਪ੍ਰਾਈਵੇਟ ਸਕੂਲ ਸਿੱਖਿਆ ਦੇ ਸਰਵੇਖਣ ਵਿੱਚ ਪਾਇਆ ਕਿ ਇੱਕ ਆਮ ਪੇਂਡੂ ਪਰਿਵਾਰ ਦੀ ਸਾਲਾਨਾ ਆਮਦਨ ਦਾ ਇੱਕ ਤਿਹਾਈ ਹਿੱਸਾ ਸਕੂਲ ਵਿੱਚ ਪੜ੍ਹਦੇ ਦੋ ਬੱਚਿਆਂ ਦੀਆਂ ਫੀਸਾਂ 'ਤੇ ਖ਼ਰਚ ਹੋ ਜਾਂਦਾ ਹੈ। ਮਾਰਕੀਟ ਦੀ ਖੁੱਲ੍ਹੀ ਮਾਰ ਕਾਰਨ ਸਰਕਾਰੀ ਸਿਹਤ ਤੰਤਰ ਦਾ ਵਿਘਟਨ ਕਰਕੇ ਲੋਕਾਂ, ਖ਼ਾਸ ਕਰਕੇ ਘੱਟ ਆਮਦਨ ਵਾਲੇ ਲੋਕਾਂ ਲਈ ਸਿਹਤ ਸਹੂਲਤਾਂ ਨਦਾਰਦ ਹੋ ਗਈਆਂ ਹਨ। ਹੋਟਲਨੁਮਾ ਪ੍ਰਾਈਵੇਟ ਹਸਪਤਾਲ ਆਪਣੇ ਮੁਨਾਫ਼ੇ ਦਾ ਧਿਆਨ ਜ਼ਿਆਦਾ ਅਤੇ ਲੋਕਾਂ ਦੀ ਸਿਹਤ ਦਾ ਘੱਟ ਖ਼ਿਆਲ ਕਰਦੇ ਹਨ। ਕਈ ਵਾਰ ਤਾਂ ਹਸਪਤਾਲਾਂ ਦੇ ਬਿਲਾਂ ਨੂੰ ਲੈ ਕੇ ਮਰੀਜ਼ਾਂ ਦੇ ਵਾਰਸਾਂ ਤੇ ਹਸਪਤਾਲਾਂ ਦਰਮਿਆਨ ਲੜਾਈ ਝਗੜੇ ਹੋ ਜਾਂਦੇ ਹਨ।

ਜੇ ਸਮਾਜਿਕ, ਮਨੋਵਿਗਿਆਨਿਕ ਤੇ ਵਾਤਾਵਰਣ ਪੱਖੋਂ ਪ੍ਰਭਾਵਾਂ ਦੀ ਗੱਲ ਕਰੀਏ ਤਾਂ ਪਤਾ ਚੱਲਦਾ ਹੈ ਕਿ ਅੱਜ ਅਸੰਵੇਦਨਸ਼ੀਲਤਾ ਵਿੱਚ ਅਥਾਹ ਵਾਧਾ ਹੋਇਆ ਹੈ। ਭਾਈਚਾਰਕ ਸਾਂਝਾਂ ਤੇ ਮਾਨਵੀ ਕਦਰਾਂ-ਕੀਮਤਾਂ ਵਿੱਚ ਬਹੁਤ ਗਿਰਾਵਟ ਆ ਗਈ ਹੈ। ਨਿੱਜੀਕਰਨ ਨੇ ਨਿੱਜਵਾਦ ਨੂੰ ਉਤਸ਼ਾਹਿਤ ਕਰ ਮਨੁੱਖ ਨੂੰ ਸਮਾਜਿਕ ਸਰੋਕਾਰਾਂ ਤੋਂ ਕੋਹਾਂ ਦੂਰ ਕਰ ਦਿੱਤਾ ਹੈ। ਅਸੰਵੇਦਨਸ਼ੀਲਤਾ ਦੇ ਦੌਰ ਵਿੱਚ ਉਤਪਾਦਨ ਵਧਾਉਣ ਜਾ ਐਸ਼ੋ-ਇਸ਼ਰਤ ਲਈ ਕੁਦਰਤੀ ਸਾਧਨਾਂ ਦਾ ਘੋਰ ਦੁਰਉਪਯੋਗ ਹੋ ਰਿਹਾ ਹੈ ਜਿਸਦਾ ਖ਼ਮਿਆਜ਼ਾ ਆਉਣ ਵਾਲੀਆਂ ਨਸਲਾਂ ਭੁਗਤਣਗੀਆਂ। ਨਾਲ ਹੀ ਦੇਸ਼ ਵਿੱਚ ਕਾਲੇ ਧਨ ਵਿੱਚ ਦਿਨੋ-ਦਿਨ ਵਾਧਾ ਹੋ ਰਿਹਾ ਹੈ।

ਪ੍ਰੋਫੈਸਰ, ਸਮਾਜ ਵਿਗਿਆਨ ਵਿਭਾਗ,
ਪੀਏਯੂ, ਲੁਧਿਆਣਾ
ਸੰਪਰਕ: 94177-15730

## ਗੀਤ

ਇੱਕ ਲੱਤ ਉੱਤੇ ਖੜਕੇ ਕਰਨਾ ਪਾਠ ਤੇ ਮਾਲਾ ਫੇਰਨੀਆਂ,
ਰੱਬ ਘਰ ਜਾ ਸੰਗਮਰਮਰ ਲਾਉਣਾ, ਆਦਮ ਦੇਹਾਂ ਉਧੇੜਨੀਆਂ,
ਚਿੱਟੇ ਪਾਕੇ ਆਪ ਤੇ ਲੋਕਾਂ ਦੇ ਮੈਲੇ ਪੜਵਾ ਦੇਣੇ
ਪਸ਼ੂ ਬਣਾ ਕੇ ਪਿੱਛੇ ਲਾ ਲਏ ਕਹਿ ਕੇ ਸ਼ੇਰ ਤੇ ਸ਼ੇਰਨੀਆਂ।

ਲਾਕੇ ਲੰਗਰ ਢਿੱਡ ਨੇ ਭਰਦੇ ਸਿਰਫ ਤੇ ਸਿਰਫ ਅਮੀਰਾਂ ਦੇ,
ਅਸਲੀ ਮੁੱਦੇ ਦੱਬ ਲੈਂਦੇ ਦਰਸ਼ਨ ਕਰਵਾਕੇ ਤੀਰਾਂ ਦੇ,
ਅੱਜਕਲ ਧਰਮ ਤੇ ਧਰਮੀ ਬੰਦੇ ਲਿਖਦੇ ਲੇਖ ਨੇ ਮੁਲਕਾਂ ਦੇ
ਏਹੀ ਤੈਅ ਕਰਦੇ ਸਰਕਾਰਾਂ ਚੱਕਣੀਆਂ ਕਿ ਗੇਰਨੀਆਂ।
ਪਸ਼ੂ ਬਣਾਕੇ..........

ਸਾਨੂੰ ਆਖੇ ਮਾਇਆ ਛੱਡੋ, ਨਾਮ ਹੀ ਪਾਰ ਲਗਾਉਂਦਾ ਹੈ,
ਉਹ ਬਹਿਰੂਪੀਆ ਨਿੱਜੀ ਜੈੱਟ ਤੇ ਹਰ ਥਾਂ ਜਾਂਦਾ ਆਉਂਦਾ ਹੈ,
ਤਿੰਨ ਸੌ ਚੈਨਲ ਟੀ.ਵੀ. ਉੱਤੇ ਧਰਮ ਦਾ ਹੋਕਾ ਦਿੰਦੇ ਨੇ
ਨਿਰਣੇ ਕਾਲਜੇ ਚਾਲੂ ਕਰ ਦਿੰਦੇ ਨੇ ਗੱਪਾਂ ਰੇੜਨੀਆਂ।
ਪਸ਼ੂ ਬਣਾਕੇ..........

ਮਜ਼ਹਬ ਕੁੱਤੀ ਚੀਕਾ ਬਣਿਆ, ਬਾਬੇ ਬਣਗੇ ਭੰਡ ਉਏ,
ਪਸ਼ੂ ਦੇ ਬਦਲੇ ਬੰਦਾ ਮਾਰਨ ਲੱਗੇ ਕਰਨ ਨਾ ਸੰਗ ਉਏ,
ਜੇਕਰ ਧਰਮ ਜੋੜਦਾ ਹੁੰਦਾ, ਦੰਗੇ ਜਾਨਾਂ ਲੈਂਦੇ ਨਾ
ਰੱਬ ਨਾ ਕੱਟੜਪੁਣਾ ਸਿਖਾਵੇ, ਨਾ ਹੀ ਸੜਕਾਂ ਘੇਰਨੀਆਂ।
ਪਸ਼ੂ ਬਣਾਕੇ ਪਿੱਛੇ ਲਾ ਲਏ ਕਹਿ ਕੇ ਸ਼ੇਰ ਤੇ ਸ਼ੇਰਨੀਆਂ।

- ਇੰਦਰ ਸਦਿਓੜਾ

# ਨਸਲੀ ਹਿੰਸਾ-ਅਮਰੀਕਾ ਦੇ ਮੱਥੇ ’ਤੇ ਬੱਦਨੁੰਮਾਂ ਦਾਗ਼



**ਦਰਬਾਰਾ ਸਿੰਘ ਕਾਹਲੋਂ**

ਸੰਯੁਕਤ ਰਾਜ ਅਮਰੀਕਾ ਜੋ ਅੱਜ ਵਿਸ਼ਵ ਅੰਦਰ ਸਭ ਤੋਂ ਸਭੱਯ ਰਾਜ ਅਤੇ ਸ਼ਕਤੀਸ਼ਾਲੀ ਮਹਾਂਸ਼ਕਤੀ ਹੋਣ ਦਾ ਦਾਅਵਾ ਕਰਦਾ ਹੈ, ਦਾ ਸਭ ਤੋਂ ਗੰਦਾ, ਭੱਦਾ ਅਤੇ ਬੱਦਸ਼ਕਲ ਰਾਜ ਇਹ ਹੈ ਕਿ ਇਹ ਮਹਾਂ ਨਸਲਵਾਦੀ ਸ਼ਕਤੀ ਹੈ।

ਅਮਰੀਕਾ ਇਕ ਐਸੀ ਹੰਕਾਰੀ ਨਸਲੀ ਮਾਨਸਿਕਤਾ ਵਾਲਾ ਦੇਸ਼ ਹੈ ਕਿ ਇਸ ਅੰਦਰ ਪ੍ਰਬੁੱਧ ਸਖ਼ਸ਼ੀਅਤਾਂ ਅਤੇ ਕਾਲੇ ਅਮਰੀਕੀ-ਅਫ਼ਰੀਕੀ ਲੋਕਾਂ ਦੇ ਆਗੂਆਂ ਵਲੋਂ ਇਸ ਨਸਲੀ ਮਾਨਸਿਕਤਾ ਨੂੰ ਬਦਲਣ ਬਾਰੇ ਬਾਰ-ਬਾਰ ਚਿਤਾਵਨੀਆਂ ਦੇਣ ਦੇ ਬਾਵਜੂਦ ਇਸ ਦੇਸ਼ ਦੇ ਤਾਕਤਵਰ, ਬਹੁ-ਗਿਣਤੀ ਵਿਗੜੇ ਹੋਏ ਲੋਕ ਅਤੇ ਪੁਲਿਸ ਪ੍ਰਸ਼ਾਸ਼ਨ ਐਸੀਆਂ ਘਿਨਾਉਣੀ ਕਾਰਵਾਈਆਂ ਤੋਂ ਬਾਜ਼ ਨਹੀਂ ਆ ਰਹੇ।

ਕਾਲੇ ਅਮਰੀਕੀ-ਅਫ਼ਰੀਕੀ ਲੋਕਾਂ ਦੇ ਮਨੁੱਖੀ ਅਧਿਕਾਰਾਂ, ਸ਼ਹਿਰੀ ਬਰਾਬਰੀਆਂ ਅਤੇ ਸਨਮਾਨ ਭਾਵਨਾ ਦੀ ਜੰਗ ਵਿਚ ਸ਼ਹੀਦੀ ਦੇਣ ਵਾਲੇ ਆਗੂ ਮਾਰਟਿਨ ਲੂਥਰ ਕਿੰਗ (ਜੂਨੀਅਰ) ਨੇ 5 ਦਸੰਬਰ, ਸੰਨ 1955 ਨੂੰ ਅਮਰੀਕੀ ਨਸਲਵਾਦੀਆਂ ਦੇ ਕੰਨ ਖੋਲ੍ਹਣ ਲਈ ਅਵਾਜ਼ ਉਠਾਉਂਦੇ ਬਹੁਤ ਹੀ ਭਾਵਪੂਰਵਕ ਸ਼ਬਦ ਕਹੇ ਸਨ, “ਹੁਣ ਉਹ ਘੜੀ ਆ ਗਈ ਹੈ, ਜਦੋਂ ਲੋਕ ਥੱਕ ਅਤੇ ਅੱਕ ਚੁੱਕੇ ਹਨ।” ਲੇਕਿਨ ਨਸਲੀ ਹਿੰਸਾ ਦੀ ਗੰਦੀ ਹੋਲੀ ਖੇਡਣ ਵਾਲੇ ਗੋਰੀ ਚਮੜੀ ਵਾਲੇ ਅਮਰੀਕੀ ਆਪਣੀ ਇਸ ਘਿਨਾਉਣੀ ਖੇਡ ਤੋਂ ਨਹੀਂ ਮੁੜੇ।

ਸੰਨ 1968 ਵਿਚ ਮਾਰਟਿਨ ਲੂਥਰ ਕਿੰਗ ਕੂੜਾ ਸੁੱਟਣ ਵਾਲੇ ਕਾਮਿਆਂ ਪ੍ਰਤੀ ਭੇਦ-ਭਾਵ ਦੇ ਵਿਰੋਧ ਪ੍ਰਦਰਸ਼ਨ ਵਿਚ ਭਾਗ ਲੈਣ ਲਈ ਮੈਮਫਿਸ ਵਿਖੇ ਗਏ। ਇਹ ਵਿਰੋਧ ਹਿੰਸਾ ਦਾ ਰੂਪ ਧਾਰਨ ਕਰ ਗਿਆ। ਅਮਰੀਕੀ ਪੁਲਿਸ ਨੇ ਇਸ ਨੂੰ ਦਬਾਉਣ ਲਈ ਅੱਥਰੂ ਗੈਸ, ਡੰਡੇ ਅਤੇ ਗੋਲੀ ਦਾ ਸਹਾਰਾ ਲਿਆ ਜਿਸ ਵਿਚ 16 ਸਾਲਾ ਨੌਜਵਾਨ ਦੀ ਮੌਤ ਹੋ ਗਈ। ਗਾਂਧੀਵਾਦੀ ‘ਅਹਿੰਸਾ ਦਾ ਪੁਜਾਰੀ ਹਿੰਸਾ ਨਾਲ ਅਖ਼ਬਾਰ ਸਿਰਲੇਖ ਬਟੋਰ ਦਾ।’ ਇਸ ਤੋਂ ਇਕ ਹਫ਼ਤੇ ਬਾਅਦ ਉਸ ਨੂੰ ਮਾਰ ਦਿਤਾ ਗਿਆ। ਅਮਰੀਕਾ ਅੰਦਰ ਨਸਲੀ ਹਿੰਸਾ ਬਾਦਸਤੂਰ ਜਾਰੀ ਰਹੀ ਕਾਲੇ ਅਮਰੀਕੀ ਅਫਰੀਕੀਆਂ ਅਤੇ ਭੂਰੇ ਰੰਗ ਦੇ ਲਾਤੀਨੀ ਅਮਰੀਕੀਆਂ ਵਿਰੁੱਧ।

ਹੁਣ 7 ਜੁਲਾਈ, 2016 ਨੂੰ ਡਲਸ (ਟੈਕਸਾਸ) ਵਿਖੇ ਹੋਈ ਨਸਲੀ ਗੋਲੀਬਾਰੀ ਕਰਕੇ ਅਮਰੀਕਾ ਅੰਦਰ ਨਸਲੀ ਹਿੰਸਾ ਆਪਣੀ ਚਰਮਸੀਮਾ ਤਕ ਪਹੁੰਚ ਗਈ ਹੈ। ਅਮਰੀਕੀ ਸਮਾਜ ਪੂਰੀ ਤਰ੍ਹਾਂ ਨਾਲ ਦੋ ਨਸਲੀ ਖੇਮਿਆ ਵਿਚ ਵੰਡਿਆ ਗਿਆ ਲਗਦਾ ਮਹਿਸੂਸ ਹੋ ਰਿਹਾ ਹੈ।

ਹੋਇਆ ਇੰਜ ਅਮਰੀਕਾ ਦੀ ਨਸਲਵਾਦੀ ਹਿੰਸਾ ਦੇ ਮੂਹਰਲੇ ਹਰਕਾਰੇ, ਇਸ ਦੀ ਪੁਲਿਸ ਨੇ 5 ਜੁਲਾਈ, 2016 ਨੂੰ ਬੈਟਨ ਰੋਗ (ਲੁਸਿਆਨਾ) ਵਿਖੇ ਇਕ ਵਪਾਰਕ ਕੇਂਦਰ ਦੇ ਬਾਹਰ ਕਾਲੇ ਨੌਜਵਾਨ ਐਲਟਨ ਸਟਰਲਿੰਗ ਨੂੰ ਬਿਨਾ ਕਿਸੇ ਦੋਸ਼ ਦੇ ਮਾੜੀ-ਮੋਟੀ ਗੱਲਬਾਤ ਬਾਅਦ ਢਾਹ ਕੇ ਉਸ ਦੀ ਛਾਤੀ ਵਿਚ ਗੋਲੀ ਮਾਰ ਕੇ ਨੰਗੇ ਚਿੱਟੇ ਦਿਨ ਮਾਰ ਦਿਤਾ। ਇਹ ਘਟਨਾ ਬਹੁਤ ਸਾਰੇ ਲੋਕਾਂ ਵੇਖੀ। ਇਸ ਦਾ ਪੂਰਾ ਵੀਡਿਓ ਬਣਾਕੇ ਇਸ ਨੂੰ ਇੰਟਰਨੈੱਟ ’ਤੇ ਪਾ ਦਿਤਾ ਗਿਆ।

ਅਮਰੀਕੀ ਨਸਲੀ ਗੋਰੀ ਪੁਲਿਸ ਦਾ ਏਦੂੰ ਅਗਲੇ ਦਿਨ 6 ਜੁਲਾਈ ਦਾ ਕਾਰਨਾਮਾ ਵੇਖੋ। ਇਕ ਚੌਂਕ ਵਿਚ ਗੱਡੀ ਵਿਚ ਆਪਣੀ ਪ੍ਰੇਮਿਕਾ ਅਤੇ ਉਸਦੀ ਛੋਟੀ ਲੜਕੀ ਨਾਲ ਰੁੱਕੇ ਕਾਲੇ ਨੌਜਵਾਨ ਫਿਲਾਂਡੋ ਕਸਟਾਈਲ ਨੂੰ ਮਾੜੀ-ਮੋਟੀ ਪੁੱਛਗਿੱਛ ਉਪਰੰਤ ਸੀਟ ’ਤੇ ਬੈਠੇ ਨੂੰ ਮਿਨਸੋਟਾ ਵਿਖੇ ਗੋਲੀ ਮਾਰ ਕੇ ਹਲਾਕ ਕਰ ਦਿਤਾ। ਇਸ ਘਟਨਾ ਦਾ ਪੂਰਾ ਵੀਡਿਓ ਤੜਫਦੇ ਕਸਟਾਈਲ ਦਾ ਇੰਟਰਨੈੱਟ ’ਤੇ ਪਾ ਦਿਤਾ।

ਇਨ੍ਹਾਂ ਦੋਹਾਂ ਉੱਤੋ-ਥੱਲੀ ਨਸਲੀ ਘਟਨਾਵਾਂ ਨੇ ਪੂਰੇ ਅਮਰੀਕਾ ਅਤੇ ਪੱਛਮੀ ਦੇਸ਼ਾਂ ਵਿਚ ਤੜਥਲੀ ਮਚਾ ਦਿਤੀ। ਕੈਨੇਡਾ ਅੰਦਰ ਟਰਾਂਟੋ ਵਿਚ ਨਸਲੀ ਘਟਨਾਵਾਂ ਕਰਕੇ ਸਥਿੱਤੀ ਪਹਿਲਾਂ ਹੀ ਭੜਕੀ ਹੋਈ ਸੀ। ਇੰਨਾਂ ਘਟਨਾਵਾਂ ਨੇ ਇਸ ਨੂੰ ਲਾਂਬੂ ਲਾਉਣ ਦਾ ਕੰਮ ਕੀਤਾ।

7 ਜੁਲਾਈ, 2016 ਨੂੰ ਅਮਰੀਕਾ ਅੰਦਰ ਕਾਲੇ ਨੌਜਵਾਨਾਂ ਇੰਨਾਂ ਘਟਨਾਵਾਂ ਵਿਰੁੱਧ ‘ਕਾਲੀਆਂ ਜਿੰਦਗਾਨੀਆਂ ਮਹੱਤਵ ਰਖਦੀਆਂ ਹਨ’ (Black Lives Matter) and‘Pigs in a blanket, fry’em like bacon ਬੈਨਰ ਲਈ ਵੱਖ-ਵੱਖ ਸ਼ਹਿਰਾਂ ਵਿਚ ਸ਼ਾਂਤਮਈ ਵਿਰੋਧ ਮੁਜ਼ਾਹਿਰੇ ਸ਼ੁਰੂ ਕਰ ਦਿਤੇ। ਅਜਿਹਾ ਇਕ ਮੁਜ਼ਾਹਿਰਾ ਉਹ ਟੈਕਸਾਸ ਰਾਜ ਦੇ ਸ਼ਹਿਰ ਡੱਲਸ ਵਿਖੇ ਕੱਢ ਰਹੇ ਸਨ। ਉਨ੍ਹਾਂ ਮੁਜ਼ਾਹਿਰਾਕਾਰੀਆਂ ਨਾਲ-ਨਾਲ ਪੁਲਸ ਚਲ ਰਹੀ ਸੀ ਕਿ ਇਕ ਬਹੁਤ ਹੀ ਵੱਡੀ ਮਾਰੂ ਘਟਨਾ ਵਾਪਰ ਗਈ ਜਿਸ ਨੇ 9/11 ਤੋਂ ਬਾਅਦ ਪਹਿਲੀ ਵਾਰ ਪੂਰੇ ਅਮਰੀਕੀ ਰਾਜ ਅਤੇ ਸਮਾਜ ਨੂੰ ਹਿਲਾ ਕੇ ਰਖ ਦਿਤਾ।

ਅਮਰੀਕੀ ਰਾਜ, ਸਮਾਜ, ਰਾਜਨੀਤੀ ਅਤੇ ਪ੍ਰਸ਼ਾਸ਼ਨ ਵਿਚ ਲਗਾਤਾਰ ਕਾਲੇ ਲੋਕਾਂ ਨਾਲ ਹੋ ਰਹੇ ਵਿੱਤਕਰੇ, ਗੋਲਾਬਾਰੀ, ਕੱਤਲਾਂ ਅਤੇ ਖਾਸ ਕਰਕੇ ਪਿਛਲੇ ਦੋ ਦਿਨਾਂ ਅੰਦਰ ਘਟੀਆਂ ਪੁਲਿਸ ਪ੍ਰਸ਼ਾਸ਼ਨ ਦੁਆਰਾ ਕਾਤਲਾਨਾਂ ਹਿਰਦੇ ਵੇਧਕ ਘਟਨਾਵਾਂ ਤੋਂ ਦੁੱਖੀ ਅਤੇ ਆਹਤ 25 ਸਾਲਾਂ ਕਾਲੇ ਨੌਜਵਾਨ ਮਾਇਕਾ ਐਗਜੇਵੀਅਰ ਜਾਹਨਸਨ ਜੋ ਸਾਬਕਾ ਅਮਰੀਕੀ ਫੌਜੀ ਨੌਜਵਾਨ ਸੀ, ਜਿਸ ਨੇ ਅਫਗਾਨਿਸਤਾਨ ਜੰਗ ਵਿਚ ਹਿੱਸਾ ਲਿਆ ਸੀ, ਨੇ ਇਕ ਮਾਰੂ ਬੰਦੂਕ ਨਾਲ ਘਾਤ ਲਾ ਕੇ ਪੁਲਿਸ ਮੁਲਾਜ਼ਮਾਂ ਤੇ ਯੋਜਨਾਬੱਧ ਹਮਲਾ ਕਰ ਦਿਤਾ। ਇਸ ਹਮਲੇ ਵਿਚ ਪੰਜ ਪੁਲਿਸ ਅਫਸਰ ਮਾਰੇ ਗਏ, 7 ਜ਼ਖ਼ਮੀ ਹੋਏ। ਇਨ੍ਹਾਂ ਤੋਂ ਇਲਾਵਾ ਦੋ ਸਿਵਲੀਅਨ ਵੀ ਜਖ਼ਮੀ ਹੋਏ। ਕੁਝ ਘੰਟਿਆਂ ਬਾਅਦ ਡੱਲਸ ਪੁਲਿਸ ਵਲੋਂ ਪਹਿਲੀ ਵਾਰ ਵਰਤੇ ਗਏ ਰੋਬੋਟ ਬੰਬ ਰਾਹੀਂ ਉਸ ਨੌਜਵਾਨ ਨੂੰ ਵੀ ਮਾਰ ਮੁਕਾਇਆ। ਇਸ ਨੌਜਵਾਨ ਦਾ ਕਹਿਣਾ ਸੀ ਕਿ ਉਹ ਗੋਰੇ ਲੋਕਾਂ ਅਤੇ ਖਾਸ ਕਰਕੇ ਗੋਰੇ ਪੁਲਿਸ ਅਫਸਰਾਂ ਨੂੰ ਮਾਰਨਾ ਚਾਹੁੰਦਾ ਸੀ ਜੋ ਉਸਦੇ ਘੱਟ-ਗਿਣਤੀ ਸਮਾਜ ਤੇ ਸਦੀਆਂ ਤੋਂ ਨਸਲਘਾਤੀ ਜ਼ੁਲਮ, ਜ਼ਬਰ, ਗੁਲਾਮੀ ਢਾਹ ਰਹੇ ਹਨ।

ਇਸ ਘਟਨਾ ਦੇ ਪ੍ਰਤੀਕਰਮ ਵਜੋਂ ਡਲੱਸ ਪੁਲਿਸ ਮੁੱਖੀ ਡੇਵਿਡ ਬਰਾਊਨ (ਕਾਲਾ ਅਫਸਰ) ਦਾ ਕਹਿਣਾ ਸੀ, “ਅਸੀਂ ਨਿਸ਼ਾਨਾ ਬਣਾਏ ਗਏ, ਸਾਡਾ ਪੇਸ਼ਾ ਨਿਸ਼ਾਨਾ ਬਣਾਇਆ ਗਿਆ, ਸਾਡੇ ਅਫਸਰ ਨਿਸ਼ਾਨਾ ਬਣਾਏ ਗਏ। ਸਾਡੇ ਦਿਲ ਟੁੱਟੇ ਪਏ ਹਨ। ਸਾਡੇ ਸ਼ਹਿਰ ਤੇ ਜੋ ਜ਼ੁਲਮ ਢੱਠਾ ਹੈ, ਅਸੀਂ ਸ਼ਬਦਾਂ ਵਿਚ ਬਿਆਨ ਨਹੀਂ ਕਰ ਸਕਦੇ। ਇਹ ਬੰਦ ਹੋਣਾ ਚਾਹੀਦਾ ਹੈ। ਸ਼ਹਿਰੀਆਂ ਅਤੇ ਪੁਲਿਸ ’ਚ ਵੰਡ ਖ਼ਤਮ ਹੋਣੀ ਚਾਹੀਦੀ ਹੈ।”



ਉਸਦੇ ਅਖ਼ੀਰਲੇ ਸ਼ਬਦ ਬਹੁਤ ਹੀ ਮਹੱਤਵਪੂਰਨ ਹਨ ਜੋ ਕਾਲੇ ਲੋਕਾਂ ਦੇ ਦਿਲ ਦੀ ਅਵਾਜ਼ ਹਨ।

ਇਹ ਉਹੀ ਬਦਨਾਮ ਡੱਲਸ ਸ਼ਹਿਰ ਹੈ, ਜਿਥੇ ਸੰਨ 1963 ਵਿਚ ਅਮਰੀਕਾ ਦਾ ਹਰਮਨ ਪਿਆਰਾ ਪ੍ਰਧਾਨ ਜਾਹਨ ਐੱਫ. ਕੈਨੇਡੀ ਗੋਲੀਆਂ ਦਾ ਇਵੇਂ ਹੀ ਘਾਤ ਲਾ ਕੇ ਸ਼ਿਕਾਰ ਬਣਾਇਆ ਸੀ।

ਇਹ ਉਹੀ ਟੈਕਸਾਸ ਹੈ ਜਿਥੇ 1966 ਵਿਚ ਸਾਬਕਾ ਫੌਜੀ ਚਾਰਲਸ ਵਿੱਟਮੈਨ ਨੇ ਟੈਕਸਾਸ ਯੂਨੀਵਰਸਿਟੀ ਦੇ ਕਲਾਕ ਟਾਵਰ ਤੇ ਚੜ੍ਹ ਕੇ 49 ਵਿਅਕਤੀਆਂ ਦੇ ਗੋਲੀਆਂ ਦਾਗੀਆਂ ਜਿੰਨਾਂ ਵਿਚੋਂ 16 ਮਰ ਗਏ।

ਅਮਰੀਕਾ ਅੰਦਰ ਸੰਨ 1950ਵੇਂ ਅਤੇ 60ਵੇਂ ਦਹਾਕੇ ਵਿਚ ਉੱਠੀ ਨਸਲੀ ਵਿਤਕਰੇ ਅਤੇ ਮਨੁੱਖੀ ਅਧਿਕਾਰਾਂ ਦੇ ਘਾਤ ਵਿਰੋਧੀ ਲਹਿਰ ਹੌਲੀ-ਹੌਲੀ ਠੰਡੀ ਪੈ ਗਈ ਲਗਦੀ ਸੀ। ਭਾਵੇਂ ਵਿਦਿਆ ਅਤੇ ਰੋਜ਼ਗਾਰ ਖੇਤਰਾਂ ਵਿਚ ਸੁਧਾਰ ਲਿਆਂਦੇ ਗਏ ਪਰ ਕਾਲੇ ਅਮਰੀਕੀ-ਅਫਰੀਕੀ ਅਤੇ ਭੂਰੇ ਲਾਤੀਨੀ ਅਮਰੀਕੀਆਂ ਦੇ ਜੀਵਨ ਵਿਚ ਕੋਈ ਸੁਧਾਰ ਨਾ ਆਇਆ। ਬਹੁਤ ਸਾਰੇ ਪ੍ਰਾਂਤਾਂ ਅਤੇ ਸ਼ਹਿਰਾਂ ਵਿਚ ਨਸਲੀ ਵਿਤਕਰੇ ਅਤੇ ਹਿੰਸਾ, ਜ਼ਿਆਦਤੀਆਂ, ਪੁਲਿਸ ਦੇ ਮਾਰੂ ਵਤੀਰੇ ਕਰਕੇ ਇੰਨਾਂ ਲੋਕਾਂ ਵਿਚ ਅਸੁਰਖਿਆ ਦਾ ਭੈਅ ਜਾਰੀ ਰਿਹਾ। ਦੇਸ਼ ਦੀ ਰਾਜਧਾਨੀ ਵਾਸ਼ਿੰਗਟਨ ਵਿਚ ਇਹ ਵਰਤਾਰਾ ਅਤੇ ਨਸਲੀ ਵੰਡ ਜਾਰੀ ਰਹੀ ਜਿੱਥੇ ਰਾਜਨੀਤੀਵਾਨ ਦੇਸ਼ ਅੰਦਰ ਵਿਅਕਤੀਗਤ ਅਜ਼ਾਦੀਆਂ, ਸਮਾਜਿਕ ਇਨਸਾਫ, ਬਰਾਬਰੀ ਅਤੇ ਸਹਿਨਸ਼ੀਲਤਾ ਢੰਡੋਰਾ ਪਿੱਟਦੇ ਨਹੀਂ ਥੱਕਦੇ।

ਦਰਅਸਲ ਕਾਲੇ ਲੋਕਾਂ ਨੂੰ ਮਾਰਨ ਵਾਲੇ ਪੁਲਿਸ ਅਧਿਕਾਰੀ, ਗੋਰੇ ਲੋਕ, ਨਸਲੀ ਹਿੰਸਾ ਦੇ ਆਗੂ ਹਮੇਸ਼ਾ ਅਮਰੀਕੀ ਦੋਸ਼ ਪੂਰਨ ਕਾਨੂੰਨ ਕਰਕੇ ਬੱਚਦੇ ਰਹੇ। ਸੰਨ 2013 ਵਿਚ ਜਾਰਜ਼ ਜ਼ਿਮਰਮੈਨ ਦੀ ਅਫਰੀਕੀ ਅਮਰੀਕਨ ਗੱਭਰੂ ਟਰੇਵਨ ਮਾਰਟਿਨ ਦੇ ਕਤੱਲ ਵਿਚੋਂ ਰਿਹਾਈ ਕਾਨੂੰਨੀ ਨਸਲੀ ਵਿਤਕਰੇ ਦਾ ਸਬੂਤ ਹੈ।

ਅਮਰੀਕਾ ਅੰਦਰ ਅਜੋਕੀਆਂ ਘਟਨਾਵਾਂ ਦਰਸਾਉਂਦੀਆਂ ਹਨ ਕਿ ਆਉਣ ਸਮੇਂ ਵਿਚ ਨਸਲੀ ਵਿਤਕਰੇ ਸੰਬੰਧੀ ਲਹਿਰ ਹੋਰ ਭੜਕੇਗੀ ਜੇਕਰ ਇਸ ਨੂੰ ਅਮਰੀਕਾ ਨੇ ਸਮਾਜਿਕ ਬਰਾਬਰੀ, ਇਨਸਾਫ ਅਤੇ ਘੱਟ ਗਿਣਤੀਆਂ ਦੀ ਸੁਰਖਿਆ ਨੂੰ ਸਖ਼ਤੀ ਨਾਲ ਯਕੀਨੀ ਨਾ ਬਣਾਇਆ।

ਪਿਛਲੇ ਮਹੀਨੇ ਪਿਊ ਕੇਂਦਰ ਸਰਵੇ ਅਨੁਸਾਰ 88 ਪ੍ਰਤੀਸ਼ਤ ਅਮਰੀਕੀਆਂ ਦਾ ਮੰਨਣਾ ਹੈ ਕਿ ਜੇ ਅਮਰੀਕਾ ਕਾਲੇ ਲੋਕਾਂ ਅਤੇ ਉਨ੍ਹਾਂ ਦੀ ਸੋਚ ਵਿਚ ਤਬਦੀਲੀ ਚਾਹੁੰਦਾ ਹੈ ਤਾਂ ਉਨ੍ਹਾਂ ਨੂੰ ਗੋਰਿਆਂ ਬਰਾਬਰ ਅਧਿਕਾਰ ਦਿਤੇ ਜਾਣੇ ਚਾਹੀਦੇ ਹਨ। 43 ਪ੍ਰਤੀਸ਼ਤ ਅਮਰੀਕੀਆਂ ਕਿਹਾ ਕਿ ਅਜਿਹਾ ਹੋਣਾ ਸੰਭਵ ਨਹੀਂ। 55 ਪ੍ਰਤੀਸ਼ਤ ਗੋਰੇ ਲੋਕਾਂ ਨੇ ਮੰਨਿਆ ਕਿ ਨਸਲੀ ਭੇਦਭਾਵ ਖ਼ਤਮ ਕਰਨ ਲਈ ਇਸ ਦਿਸ਼ਾ ਵਿਚ ਕੰਮ ਹੋਣਾ ਜ਼ਰੂਰੀ ਹੈ। 11 ਪ੍ਰਤੀਸ਼ਤ ਗੋਰਿਆਂ ਕਿਹਾ ਕਿ ਇਹ ਭੇਦਭਾਵ ਖ਼ਤਮ ਨਹੀਂ ਹੋ ਸਕਦਾ।

ਇਸ ਮਾਰੂ ਭੇਦਭਾਵ ਦੇ ਮੁੱਖ ਕਾਰਨਾਂ ਨੂੰ ਅਮਰੀਕਾ ਜਿੰਨਾਂ ਚਿਰ ਸਮਝਦਾ ਅਤੇ ਦੂਰ ਨਹੀਂ ਕਰਦਾ ਅਮਰੀਕਾ ਅੰਦਰ ਨਸਲੀ ਸ਼ਾਂਤੀ ਅਤੇ ਸਹਿਨਸ਼ੀਲਤਾ ਸੰਭਵ ਨਹੀਂ। ਅਮਰੀਕੀ ਰਾਜ ਆਪਣੇ ਸ਼ਹਿਰਾਂ ਵਿਚ ਵਧਦੀ ਨਸਲੀ ਵੰਡ ਰੋਕਣ ਲਈ ਤੁਰੰਤ ਕਦਮ ਪੁੱਟੇ। ਸਮਾਜਿਕ, ਆਰਥਿਕ, ਪ੍ਰਸਾਸ਼ਨਿਕ ਨਾ ਬਰਾਬਰੀ ਦੂਰ ਕਰੇ। ਡੀਟਰਾਇਟ ਰਾਜ ਵਿਚ 10 ਪ੍ਰਤੀਸ਼ਤ ਗੋਰੇ ਅਤੇ 33 ਪ੍ਰਤੀਸ਼ਤ ਕਾਲੇ ਲੋਕ ਗਰੀਬ ਹਨ। ਇਹੋ ਹਾਲ ਹੋਰਨਾਂ ਪ੍ਰਾਂਤਾਂ ਵਿਚ ਹੈ।

ਬੰਦੂਕ ਸਭਿਆਚਾਰ ਦੇਸ਼ ਲਈ ਬਹੁਤ ਮਾਰੂ ਸਿੱਧ ਹੋ ਰਿਹਾ ਹੈ। ਅਮਰੀਕਾ ਵਿਚ ਸਵੈ-ਚਾਲਕ ਮਾਰੂ ਬੰਦੂਕ ਲੈਣੀ ਸੌਖੀ ਹੈ, ਪਰ ਹੈਲਥ ਕਾਰਡ ਬਣਾਉਣਾ ਔਖਾ ਹੈ। ਹੁਣ ਤਕ ਅਨੇਕ ਘਟਨਾਵਾਂ ਇਲਾਵਾ 177 ਨਾਰ-ਸੰਘਾਰ ਵਾਪਰ ਚੁੱਕੇ ਹਨ। ਇਸ ਸਾਲ ਹੁਣ ਤਕ 573 ਲੋਕ ਮਾਰੇ ਜਾ ਚੁੱਕੇ ਹਨ। ਸਾਬਕਾ ਨੇਵੀ ਸੀਲ ਲੜਾਕੇ ਕਰਿਸ ਕਾਈਲ ਦਾ ਕਹਿਣਾ ਹੈ, ਭਾਵੇਂ ਇਹ ਜੰਗ ਜਾਂ ਸ਼ਾਂਤੀ ਕਰਨ ਲਈ ਵਰਤੀਆਂ ਜਾਂਦੀਆਂ ਹਨ, ਬੰਦੂਕਾਂ ਸਿਰਫ ਸੰਦ ਹੁੰਦੇ ਹਨ ਦੂਸਰੇ ਸੰਦਾਂ ਵਾਂਗ। ਜਿਵੇਂ ਇਹ ਵਰਤੇ ਜਾਂਦੇ ਹਨ ਇਹ ਉਸ ਸਮਾਜ ਦਾ ਚਿਹਰਾ ਬਿਆਨ ਕਰਦੇ ਹਨ ਜਿਸ ਦੇ ਕੋਲ ਇਹ ਹੁੰਦੇ ਹਨ।’ ਇਹ ਸੱਚਾਈ ਅਮਰੀਕੀ ਸਮਾਜ ਤੇ ਸੌ ਫ਼ੀਸਦੀ ਸਹੀ ਢੁੱਕਦੀ ਹੈ।

ਕਾਲੇ ਲੋਕਾਂ ਨਾਲ ਵਿੱਤਕਰੇ ਨੂੰ ਪ੍ਰਧਾਨ ਬਾਰਾਕ ਓਬਾਮਾ ਇੰਜ ਬਿਆਨ ਕਰਦੇ ਮੰਨਦੇ ਹਨ ਕਿ ਜਦੋਂ ਲੋਕ ਬੈਨਰ ਲੈ ਕੇ ਅਵਾਜ਼ ਉਠਾ ਰਹੇ ਹਨ

ਕਿ ਕਾਲੇ ਲੋਕਾਂ ਦਾ ਜੀਵਨ ਮਹੱਤਵ ਰਖਦਾ ਹੈ, ਇਸਦਾ ਮਤਲਬ ਇਹ ਨਹੀਂ ਕਿ ਗੋਰੀਆਂ ਜ਼ਿੰਦਗੀਆਂ ਮਹੱਤਵ ਨਹੀਂ ਰਖਦੀਆਂ। ਪਰ ਡਾਟਾ ਦਰਸਾਉਂਦਾ ਹੈ ਕਿ ਕਾਲੇ ਲੋਕ ਐਸੀਆਂ ਘਟਨਾਵਾਂ (ਮਾਰੂ) ਦੇ ਜ਼ਿਆਦਾ ਸ਼ਿਕਾਰ ਹਨ। ਕੈਨੇਡਾ ਦੇ ਦਿਹਾਤੀ ਅਤੇ ਦੂਰ-ਦੁਰੇਡੇ ਇਲਾਕੇ ਵਿਚ ਲੇਖਕ ਨਾਲ ਗੋਰੇ ਮਰਦਾਂ ਅਤੇ ਔਰਤਾਂ ਨਾਲ ਇਸ ਅਮਰੀਕੀ ਨਸਲੀ ਭੇਦ-ਭਾਵ ਸਬੰਧੀ ਗੱਲਬਾਤ ਹੋਈ। ਹਰ ਇਕ ਨੇ ਅਮਰੀਕੀ ਪ੍ਰਸਾਸ਼ਨ, ਪੁਲਿਸ ਅਤੇ ਸਮਾਜ ਦੀ ਤਿੱਖੇ ਸ਼ਬਦਾਂ ਵਿਚ ਨਿਖੇਧੀ ਕੀਤੀ। ਗੁਰੂ ਗ੍ਰੰਥ ਸਾਹਿਬ ਦੀ ਪਵਿੱਤਰ

ਬਾਣੀ ਵਿਚੋਂ ਭਗਤ ਕਬੀਰ ਜੀ ਦੇ ਇਸ ਸਲੋਕ ਦੀ ਅੰਗਰੇਜ਼ੀ ਵਿਚ ਵਿਆਖਿਆ ਨੂੰ ਸਭ ਨੇ ਅਤਿ ਉਤਸ਼ਾਹ ਨਾਲ ਸਲਾਹੁੰਦੇ ਸਭ ਨੂੰ ਬਗੈਰ ਗੋਰੀ, ਕਾਲੀ, ਭੂਰੀ ਚਮੜੀ ਦੇ ਬਰਾਬਰ ਸਤਿਕਾਰ, ਅਧਿਕਾਰ ਅਤੇ ਇਨਸਾਫ ਦੇਣ ਦੀ ਪ੍ਰੋੜਤਾ ਕੀਤੀ।

ਅਵਲਿ ਅਲਹ ਨੂਰੁ ਉਪਾਇਆ
ਕੁਦਰਤਿ ਕੇ ਸਭ ਬੰਦੇ॥
ਏਕ ਨੂਰੁ ਤੇ ਸਭ ਜਗੁ ਉਪਜਿਆ,
ਕਉਨ ਭਲੇ ਕੋ ਮੰਦੇ॥

ਅਸੀਂ ਸਮਝਦੇ ਹਾਂ ਕਿ ਜੇਕਰ ਅਮਰੀਕਾ ਨੇ ਨੇੜੇ ਦੇ ਭਵਿੱਖ ਵਿਚ ਘੱਟ-ਗਿਣਤੀ ਕਾਲੇ, ਭੂਰੇ ਅਤੇ ਹੋਰ ਲੋਕਾਂ ਨਾਲ ਨਸਲਘਾਤ ਅਤੇ

ਵਿਤਕਰਾ ਦੂਰ ਨਾ ਕੀਤਾ ਤਾਂ ਇਸ ਦੇ ਮਹਾਂ ਸ਼ਕਤੀਪੁਣੇ ਦੀ ਕਬਰ ਦੇਸ਼ ਅੰਦਰ ਖੋਦੀ ਜਾਂਦੀ ਵਿਖਾਈ ਦੇਵੇਗੀ।

**ਸਾਬਕਾ ਰਾਜ ਸੂਚਨਾ ਕਮਿਸ਼ਨਰ,**
**ਪੰਜਾਬ।**
**ਹੈਵਲਾਕ-ਕੈਨੇਡਾ।**
001-905-910-1124



# ਸ਼ਹੀਦ ਕਿਰਨਜੀਤ ਕੌਰ ਮਹਿਲਕਲਾਂ ਦੀ 19ਵੀਂ ਬਰਸੀ 'ਤੇ ਜੁੜਿਆ ਹਜ਼ਾਰਾਂ ਕਿਸਾਨਾਂ-ਮਜਦੂਰਾਂ-ਔਰਤਾਂ ਦਾ ਸੈਲਾਬ

**• ਨਾਮਵਰ ਲੇਖਕਾਂ/ਬੁੱਧੀਜੀਵੀਆਂ ਨੇ ਮਹਿਲਕਲਾਂ ਦੇ ਲੋਕ ਸੰਘਰਸ਼ ਨੂੰ ਇਤਿਹਾਸਕ ਕਰਾਰ ਦਿੱਤਾ • ਮਨਜੀਤ ਧਨੇਰ ਦੀ ਉਮਰ ਕੈਦ ਦੀ ਸਜ਼ਾ ਰੱਦ ਕਰਨ ਦੀ ਕੀਤੀ ਜ਼ੋਰਦਾਰ ਮੰਗ**





ਮਹਿਲਕਲਾਂ ਵਿਖੇ ਵਿਦਿਆਰਥਣ ਕਿਰਨਜੀਤ ਕੌਰ ਨੂੰ ਪਿੰਡ ਦੇ ਕੁੱਝ ਸਿਆਸੀ ਸ਼ਹਿ ਪ੍ਰਾਪਤ ਗੁੰਡਿਆਂ ਵੱਲੋਂ ਅਗਵਾ/ਸਮੂਹਿਕ ਜਬਰਜਿਨਾਹ ਤੋਂ ਬਾਅਦ ਕਤਲ ਕਰ ਦਿੱਤਾ ਗਿਆ ਸੀ। ਦੋਸ਼ੀਆਂ ਨੂੰ ਲੋਕ ਤਾਕਤ ਦੇ ਲੰਮੇ ਸੰਘਰਸ਼ ਆਸਰੇ ਸਖਤ ਸਜ਼ਾਵਾਂ ਦਿਵਾਈਆਂ ਗਈਆਂ ਸਨ। ਔਰਤ ਮੁਕਤੀ ਲਈ 'ਸੰਘਰਸ਼ ਦਾ ਚਿੰਨ' ਬਣੀ ਕਿਰਨਜੀਤ ਕੌਰ ਦੀ ਯਾਦ ਨੂੰ ਅੱਜ ਵੀ 'ਔਰਤ ਮੁਕਤੀ ਦਿਵਸ' ਵਜੋਂ ਮਨਾਇਆ ਜਾਂਦਾ ਹੈ। ਇਹ ਸੰਘਰਸ਼ ਲੋਕਾਂ ਨੂੰ ਹਰ ਸਾਲ ਲੋਕ ਪੱਖੀ ਨਵਾਂ ਜਮਹੂਰੀ ਸਮਾਜ ਦੀ ਸਿਰਜਣ ਲਈ ਜੂਝਣ ਦਾ ਸੰਦੇਸ਼ ਦਿੰਦਾ ਹੈ। ਇਹ ਗੱਲ ਹਜ਼ਾਰਾਂ ਦੇ ਇਕੱਠ ਨੂੰ ਸੰਬੋਧਨ ਕਰਦਿਆਂ ਐਕਸ਼ਨ ਕਮੇਟੀ ਦੇ ਕਨਵੀਨਰ ਗੁਰਬਿੰਦਰ ਸਿੰਘ ਨੇ ਕਹੀ। ਇਸ ਸਮੇਂ ਇਨਕਲਾਬੀ ਕੇਂਦਰ ਪੰਜਾਬ ਦੇ ਜਨਰਲ ਸਕੱਤਰ ਕੰਵਲਜੀਤ ਖੰਨਾ ਨੇ ਕਿਹਾ ਕਿ ਦੇਸ਼ ਦੇ ਹਾਕਮ ਦੇਸੀ ਬਦੇਸੀ ਕਾਰਪੋਰੇਟ ਜਗਤ ਪੱਖੀ ਵਿਕਾਸ ਮਾਡਲ ਨੂੰ ਬੇਰੋਕ ਅੱਗੇ ਵਧਾਉਣ ਲਈ ਲੋਕਾਂ ਉੱਪਰ ਲੁੱਟ, ਜਬਰ ਤੇ ਦਾਬਾ ਪਾ ਰਹੇ ਹਨ। ਖਾਸ ਕਰ ਔਰਤਾਂ ਉੱਪਰ ਜਬਰ ਸਾਰੇ ਹੱਦਾਂ ਬੰਨੇ ਪਾਰ ਕਰ ਰਿਹਾ ਹੀ ਕਿਉਂਕਿ ਔਰਤਾਂ ਉੱਪਰ ਜਬਰ ਅਤੇ ਦਾਬਾ ਇਸ ਰਾਜਕੀ ਪ੍ਰਬੰਧ ਦੀ ਪੈਦਾਵਾਰ ਹੈ ਜੋ ਸਮੇਂ-ਸਮੇਂ ਬਦਲਦੀਆਂ ਰਹੀਆਂ ਸਰਕਾਰਾਂ ਦੇ ਬਾਵਜੂਦ ਵੀ ਜਾਰੀ ਹੈ। ਫਿਰਕੂ ਫਾਸ਼ੀਵਾਦੀ ਹਾਕਮ ਨਵਉਦਾਰਵਾਦੀ ਨੀਤੀਆਂ ਨੂੰ ਹੋਰ ਵੱਧ ਸਖਤੀ ਨਾਲ ਲਾਗੂ ਕਰਨ ਲਈ ਜਿੱਥੇ ਲੋਕਾਂ ਉੱਤੇ ਮਹਿੰਗਾਈ, ਟੈਕਸਾਂ ਆਦਿ ਦਾ ਬੋਝ ਪਾ ਰਹੇ ਹਨ ਉੱਥੇ ਉਹ ਕਾਲੇ ਕਾਨੂੰਨਾਂ ਰਾਹੀਂ ਲੋਕਾਂ ਦੀ ਜੁਬਾਨਬੰਦੀ ਕਰਨ ਦੇ ਵੀ ਰਾਹ ਪਏ ਹੋਏ ਹਨ। ਫਿਰਕੂ ਤਾਕਤਾਂ ਅਗਾਂਹਵਧੂ ਵਿਅਕਤੀਆਂ ਤੇ ਸ਼ਕਤੀਆਂ ਉੱਤੇ ਕਾਤਲਾਨਾ ਹਮਲੇ ਤੇਜ ਕਰ ਰਹੀਆਂ ਹਨ। ਜਮਹੂਰੀ ਹੱਕਾਂ ਦੀ ਅਵਾਜ ਨੂੰ ਦਬਾਇਆ ਜਾ ਰਿਹਾ ਹੈ। ਸੀ.ਪੀ.ਐਮ. ਪੰਜਾਬ ਦੇ ਸਕੱਤਰ ਮੰਗਤ ਰਾਮ ਪਾਸਲਾ ਨੇ ਕਿਹਾ ਕਿ ਅੱਜ ਦੱਬੇ-ਲਤਾੜੇ ਜਾਂਦੇ ਤਬਕਿਆਂ ਵੱਲੋਂ ਸਾਮਰਾਜਪ੍ਰਸਤ ਲੋਕਮਾਰੂ ਨੀਤੀਆਂ ਖਿਲਾਫ ਡਟਵੀ ਜੱਦੋਜਹਿਦ ਕਰਨ ਦੀ ਅਹਿਮ ਲੋੜ ਹੈ। ਸਾਥੀ ਪਾਸਲਾ ਨੇ ਕਿਹਾ ਕਿ ਮੌਜੂਦਾ ਰਾਜ ਤੇ ਸਮਾਜ ਲਗਾਤਾਰ ਨਿਘਾਰ ਵੱਲ ਜਾ ਰਿਹਾ ਹੈ। ਇਸਨੂੰ ਚੰਗੇ ਪਾਸੇ ਲਿਜਾਣ ਲਈ ਲੋਕ ਏਕਤਾ ਦੀ ਵੱਡੀ ਲੋੜ ਹੈ। ਸੀ.ਪੀ.ਆਈ. ਦੇ ਕਾ. ਜਗਰੂਪ ਨੇ ਬੋਲਦਿਆਂ ਕਿਹਾ ਕਿ ਔਰਤ ਜਮਾਤ ਉੱਪਰ ਹਰ ਤਰਾਂ ਦਾ ਹਮਲਾ ਸਾਮਰਾਜੀ-ਸਰਮਾਏਦਾਰਾ ਪ੍ਰਬੰਧ ਦੁਆਰਾ ਕੀਤੀ ਜਾਂਦੀ ਹਰ ਤਰਾਂ ਦੀ ਲੁੱਟ ਦਾ ਇਕ ਅੰਗ ਹੈ। ਇਸ ਤੋਂ ਮੁਕਤੀ ਲਈ ਜਰੂਰੀ ਹੈ ਕਿ ਜਮਾਤੀ ਜੱਦੋਜਹਿਦ ਨੂੰ ਹੋਰ ਵੱਧ ਤੇਜ ਕੀਤਾ ਜਾਵੇ। ਭਾਰਤੀ ਕਿਸਾਨ ਯੂਨੀਅਨ (ਡਕੌਂਦਾ) ਦੇ ਸੂਬਾ ਪ੍ਰਧਾਨ ਬੂਟਾ ਸਿੰਘ ਬੁਰਜਗਿੱਲ ਨੇ ਕਿਹਾ ਕਿ ਸੂਬੇ ਦਾ ਦਰਮਿਆਨਾ ਤੇ ਗਰੀਬ ਕਿਸਾਨ ਕਰਜੇ, ਖੁਦਕਸ਼ੀਆਂ, ਬੇਰੁਜ਼ਗਾਰੀ, ਬਿਮਾਰੀਆਂ, ਅਣਪੜ੍ਹਤਾ ਤੇ ਮਾਨਸਿਕ ਪ੍ਰੇਸ਼ਾਨੀਆਂ 'ਚ ਦਿਨ ਕੱਟ ਰਿਹਾ ਹੈ। ਕਿਸਾਨਾਂ ਦੀ ਮੁਕਤੀ ਲਈ ਕਿਸਾਨ ਲਹਿਰ ਨੂੰ ਮਜ਼ਬੂਤ ਕਰਦਿਆਂ ਚੇਤੰਨ ਤੇ ਜੁਝਾਰੂ ਸੰਗਰਾਮ ਛੇੜਣ ਦੀ ਲੋੜ ਹੈ। ਡੀ.ਟੀ.ਐਫ. ਦੇ ਜ਼ਿਲ੍ਹਾ ਪ੍ਰਧਾਨ ਗੁਰਮੀਤ ਸੁਖਪੁਰ ਨੇ ਸਿੱਖਿਆ ਦਾ ਬਜਾਰੀਕਰਨ, ਵਪਾਰੀਕਰਨ ਤੇ ਭਗਵਾਂਕਰਨ ਕਰਨ ਵਾਲੀਆਂ ਸਰਕਾਰੀ ਨੀਤੀਆਂ ਦਾ ਵਿਰੋਧ ਕੀਤਾ, ਨਾਲ ਹੀ ਸਮਾਜ ਜਬਰ ਵਿਰੋਧ ਮਹਿਲਕਲਾਂ ਦੀ ਧਰਤੀ ਉੱਤੇ ਚੱਲ ਰਹੀ ਜੱਦੋਜਹਿਦ ਵਿੱਚ ਲਗਾਤਾਰ ਯੋਗਦਾਨ ਪਾਉਂਦੇ ਰਹਿਣ ਦਾ ਵਾਅਦਾ ਕੀਤਾ। ਇਸ ਸਮੇਂ ਸ਼੍ਰੋਮਣੀ ਅਕਾਲੀ ਦਲ ਦੇ ਹਲਕਾ ਇੰਚਾਰਜ ਅਜੀਤ ਸਿੰਘ ਸ਼ਾਤ ਨੇ ਕਿਹਾ ਕਿ ਐਕਸ਼ਨ ਕਮੇਟੀ ਔਰਤਾਂ ਹੱਕਾਂ ਲਈ ਇਤਿਹਾਸਕ ਯੋਗਦਾਨ ਪਾ ਰਹੀ ਹੈ ਜਿਸ ਦਾ ਨਾਂਅ ਸੁਨਹਿਰੀ ਅੱਖਰਾਂ ਵਿਚ ਲਿਖਿਆ ਹੋਇਆ ਹੈ। ਇਸ ਨੂੰ ਜੋ ਵੀ ਲੋਕ ਵਿਰੋਧੀ ਤਾਕਤ ਮਿਟਾਉਣ ਜਾਂ ਛੇੜਛਾੜ ਕਰਨ ਦੀ ਸਾਜਿਸ਼ ਰਚੇਗੀ ਤਾਂ ਉਸ ਦਾ ਲੋਕਾਂ ਨੂੰ ਨਾਲ ਲੈ ਕੇ ਜ਼ੋਰਦਾਰ ਵਿਰੋਧ ਕੀਤਾ ਜਾਵੇਗਾ ਜਿਵੇਂ ਸ਼ਹੀਦ ਬੀਬੀ ਕਿਰਨਜੀਤ ਕੌਰ ਮੈਮੋਰੀਅਲ ਸੀਨੀਅਰ ਸੈਕੰਡਰੀ ਸਕੂਲ ਦਾ ਨਾਮ ਮਿਟਾਉਣ ਦੀ ਸਾਜਿਸ਼ ਖਿਲਾਫ ਪਾਰਟੀ ਨੇ ਸਖਤ ਸਟੈਂਡ ਲੈਂਦਿਆਂ ਸਕੂਲ ਦੇ ਨਾਮ ਦੀ ਅਸਲ ਸਥਿਤੀ ਲੋਕਾਂ ਦੀ ਮੰਗ 'ਤੇ ਮੁਖ ਮੰਤਰੀ ਪੰਜਾਬ ਪਾਸੋਂ ਬਹਾਲ ਕਰਵਾਈ ਹੈ। ਆਮ ਆਦਮੀ ਪਾਰਟੀ ਵੱਲੋਂ ਸੁਖਪਾਲ ਸਿੰਘ ਖਹਿਰਾ ਨੇ ਸਰਕਾਰਾਂ ਵੱਲੋਂ ਕੀਤੇ ਰਹੇ ਜਬਰ ਤਸ਼ੱਦਦ ਦੀ ਨਿਖੇਧੀ ਕਰਦਿਆਂ ਪਾਰਟੀ ਵੱਲੋਂ ਮਹਿਲਕਲਾਂ ਦੇ ਲੋਕ ਸੰਘਰਸ਼ ਨਾਲ ਹਰ ਪੱਖ ਤੋਂ ਸਹਿਯੋਗ ਕਰਨ ਦਾ ਵਾਅਦਾ ਕੀਤਾ। ਅਧਿਆਪਕ ਦਲ ਪੰਜਾਬ ਦੇ ਆਗੂ ਸੁਖਵਿੰਦਰ ਸਿੰਘ ਭੰਡਾਰੀ ਨੇ ਸਮਾਜਿਕ ਜਬਰ ਖਾਸ ਕਰ ਔਰਤਾਂ ਉੱਤੇ ਜਬਰ ਦੇ ਵਰਤਾਰੇ ਉੱਪਰ ਚਿੰਤਾ ਪਰਗਟ ਕਰਦਿਆਂ ਇਸ ਵਰਤਾਰੇ ਨੂੰ ਨੱਥ ਪਾਉਣ ਲਈ ਮਹਿਲਕਲਾਂ ਵਾਂਗ ਸਾਂਝੇ ਵਿਸ਼ਾਲ ਸੰਘਰਸ਼ਾਂ ਦੀ ਲੋੜ 'ਤੇ ਜ਼ੋਰ ਦਿੱਤਾ। ਮੈਡੀਕਲ ਪ੍ਰੈਕਟੀਸ਼ਨਰ ਐਸੋਸੀਏਸ਼ਨ ਦੇ ਪ੍ਰਧਾਨ ਧੰਨਾ ਮੱਲ ਨੇ ਕਿਹਾ ਕਿ ਜਦੋਂ ਸਰਕਾਰ ਕਿਰਤੀ ਲੋਕਾਂ ਨੂੰ ਸਸਤੀਆਂ ਸਿਹਤ ਸਹੂਲਤਾਂ ਪ੍ਰਦਾਨ ਕਰਦੇ ਗਰੀਬ ਮੱਧਵਰਗੀ ਪੇਂਡੂ ਡਾਕਟਰਾਂ ਨੂੰ ਨਵੀਆਂ ਨੀਤੀਆਂ ਰਾਹੀਂ ਉਜਾੜਨ ਦੇ ਰਾਹ ਪਈ ਹੋਈ ਹੈ ਤਾਂ ਸਮਾਜਿਕ ਜਬਰ ਵੀ ਸਾਰੇ ਹੱਦਾਂ ਬੰਨੇ ਪਾਰ ਕਰ ਰਿਹਾ ਹੈ। ਇਸ ਲਈ ਸਾਂਝੇ ਸੰਘਰਸ਼ਾਂ ਨੂੰ ਸਹੀ ਬੁਨਿਆਦ ਰਾਹੀਂ ਅੱਗੇ ਵਧਾਇਆ ਜਾਵੇ। ਟੀ.ਐੱਸ.ਯੂ. ਦੇ ਸਰਕਲ ਆਗੂ ਗੁਰਦੇਵ ਸਿੰਘ ਨੇ ਨਿੱਜੀਕਰਨ, ਨਿਗਮੀਕਰਨ ਦੀਆਂ ਨੀਤੀਆਂ ਵਿਰੁੱਧ ਆਪਣੀ ਤਬਕਾਤੀ ਮੰਗਾਂ ਲਈ ਚੱਲ ਰਹੇ ਸੰਘਰਸ਼ ਦੀ ਗੱਲ ਕਰਦਿਆਂ ਕਿਹਾ ਕਿ ਹਾਕਮਾਂ ਦਾ ਇਹ ਹੱਲਾ ਬਹੁਤ ਵੱਡਾ ਹੈ। ਇਸ ਹੱਲੇ ਦਾ ਮੂੰਹ ਤੋੜ ਜਵਾਬ ਦੇਣ ਲਈ ਸੰਘਰਸ਼ਾਂ ਦਾ ਘੇਰਾ ਵਿਸ਼ਾਲ ਕਰਦਿਆਂ ਇਸ ਨੂੰ ਤੇਜ ਕਰਨਾ ਪਵੇਗਾ। ਐਕਸ਼ਨ ਕਮੇਟੀ ਦੇ ਆਗੂ ਨਰਾਇਣ ਦੱਤ, ਮਨਜੀਤ ਧਨੇਰ, ਸੁਰਿੰਦਰ ਜਲਾਲਦੀਵਾਲ ਨੇ ਸਾਂਝੇ ਸੰਬੋਧਨ 'ਚ ਕਿਹਾ ਕਿ ਅੱਜ ਔਰਤ ਸਮੇਤ ਦੇਸ਼ ਦਾ ਹਰ ਕਿਰਤੀ ਤਬਕਾ ਘੋਰ ਤੰਗੀਆਂ-ਤੁਰਸ਼ੀਆਂ 'ਚ ਕਰਾਹ ਰਿਹਾ ਹੈ ਤੇ ਗੁਲਾਮੀ ਦੀ ਜੂਨ ਭੋਗ ਰਿਹਾ ਹੈ। ਇਸ ਗੁਲਾਮੀ ਤੋਂ ਮੁਕਤੀ ਲਈ ਕਿਰਤੀ ਲੋਕਾਂ ਨੂੰ ਮਹਿਲਕਲਾਂ ਦੇ ਇਸ ਸਾਂਝੇ ਲੋਕ ਘੋਲ ਤੋਂ ਪ੍ਰੇਰਨਾ ਹਾਸਲ ਕਰਦਿਆਂ ਲੋਕ ਜੱਦੋਜਹਿਦ ਨੂੰ ਚੇਤੰਨ ਤੇ ਲਾਮਬੰਦ ਕੀਤਾ ਜਾਣਾ ਅਤੀ ਜਰੂਰੀ ਹੈ। ਐਕਸ਼ਨ ਕਮੇਟੀ ਵੱਲੋਂ ਦੇਸ਼ ਭਗਤ ਯਾਦਗਾਰ ਕਮੇਟੀ ਦੀ ਜਨਰਲ ਸਕੱਤਰ ਡਾ ਰਘੁਬੀਰ ਕੌਰ ਨੂੰ ਸਨਮਾਨਿਤ ਕੀਤਾ ਗਿਆ। ਇਹ ਸਨਮਾਨ ਸਮੁੱਚੀ ਐਕਸ਼ਨ ਕਮੇਟੀ ਵੱਲੋਂ ਤੇ ਇਸ ਸੰਘਰਸ਼ ਵਿੱਚ ਅਹਿਮ ਭੂਮਿਕਾ ਨਿਭਾਉਣ ਵਾਲੀਆਂ ਔਰਤ ਆਗੂਆਂ ਤੇ ਐਕਸ਼ਨ ਕਮੇਟੀ ਦੇ ਕਨਵੀਨਰ ਰਹੇ ਮਰਹੂਮ ਆਗੂ ਸਾਥੀ ਭਗਵੰਤ ਸਿੰਘ ਦੀ ਜੀਵਨ ਸਾਥਣ ਭੈਣ ਪ੍ਰੇਮਪਾਲ ਕੌਰ, ਅਮਰਜੀਤ ਕੌਰ, ਪਰਮਜੀਤ ਕੌਰ ਜੋਧਪੁਰ, ਪਰਮਜੀਤ ਕੌਰ ਸ਼ਹਿਣਾ ਦੇ ਸਹਿਯੋਗ ਨਾਲ ਦਿੱਤਾ ਗਿਆ। ਡਾ. ਰਘਬੀਰ ਕੌਰ ਨੇ ਆਪਣੇ ਸੰਬੋਧਨ 'ਚ ਕਿਹਾ ਕਿ ਔਰਤ ਜਮਾਤ ਦੀ ਮੁਕਤੀ ਲਈ ਉਨਾਂ ਨੂੰ ਖੁਦ ਆਪਣੇ ਹੱਕਾਂ ਲਈ ਸਭ ਤਰਾਂ ਦੀਆਂ ਰੁਕਾਵਟਾਂ ਤੋੜਕੇ ਅੱਗੇ ਆਉਣਾ ਚਾਹੀਦਾ ਹੈ। ਇਸ ਸਮੇਂ ਐਕਸ਼ਨ ਕਮੇਟੀ ਵੱਲੋਂ ਮਨਜੀਤ ਧਨੇਰ ਦੀ ਸਜ਼ਾ ਰੱਦ ਕਰਨ, ਸ਼ਹੀਦ ਬੀਬੀ ਕਿਰਨਜੀਤ ਕੌਰ ਮੈਮੋਰੀਅਲ ਸੀਨੀਅਰ ਸੈਕੰਡਰੀ ਸਕੂਲ ਮਹਿਲਕਲਾਂ ਦਾ ਨਾਮ ਬਦਲੀ ਕਰਨ ਵਿਰੁੱਧ ਸਰਕਾਰ ਦੀ ਸ਼ਹਿ ਪ੍ਰਾਪਤ ਗੁੰਡਾ ਟੋਲੇ ਦੀ ਸਾਜਿਸ਼ ਨੂੰ ਬੇਨਕਾਬ ਕਰਦਿਆਂ ਅਸਲ ਸਥਿਤੀ ਬਹਾਲ ਕਰਾਉਣ ਚ ਹਾਸਿਲ ਕੀਤੀ ਸਫਲਤਾ ਦੇ ਸਬਕਾਂ ਨੂੰ ਪੱਲੇ ਬੰਨਦਿਆਂ ਚੌਕਸੀ ਬਰਕਰਾਰ ਰੱਖਣ, ਸਾਜਿਸ਼ਾਂ ਰਚਣ ਵਾਲਿਆਂ ਨਾਲ ਲੋਕ ਤਾਕਤ ਦੇ ਆਸਰੇ ਕਰੜੇ ਹੱਥੀਂ ਨਜਿੱਠਣ, ਵਿੱਦਿਆ ਦਾ ਭਗਵਾਂਕਰਨ/ਬਜਾਰੀਕਰਨ/ਵਿਸ਼ਵ ਵਪਾਰ ਸੰਸਥਾ ਦੇ ਹਵਾਲੇ ਕਰਨ ਵਿਰੁੱਧ, ਔਰਤਾਂ ਖਾਸ ਕਰ ਦਲਿਤ ਪ੍ਰੀਵਾਰ ਦੀਆਂ ਔਰਤਾਂ ਉਪਰ ਜਬਰ ਨੂੰ ਠੱਲਣ, ਅਖੌਤੀ ਗਊ ਰੱਖਿਅਕਾਂ ਵੱਲੋਂ ਦਲਿਤਾਂ ਨੂੰ ਜਬਰ ਦਾ ਨਿਸ਼ਾਨਾ ਬਨਾਉਣ ਖਿਲਾਫ, ਨਸ਼ਾਖੋਰੀ ਤੇ ਲੱਚਰ-ਲੋਟੂ ਸੱਭਿਆਚਾਰ ਬੰਦ ਕਰਨ, ਅਵਾਰਾ ਪਸ਼ੂਆਂ ਦਾ ਠੋਸ ਹੱਲ ਕਰਨ, ਸੰਘਰਸ਼ ਕਰਨ ਵਾਲੇ ਤਬਕਿਆਂ ਉੱਪਰ ਪੰਜਾਬ ਸਰਕਾਰ ਵੱਲੋਂ ਮੜੀ ਅਣਐਲਾਨੀ ਐਮਰਜੈਂਸੀ ਵਿਰੁੱਧ, ਦਰਜ ਝੂਠੇ ਪੁਲਿਸ ਕੇਸ ਵਾਪਸ ਲੈਣ, ਕਿਰਤ ਕਾਨੂੰਨਾਂ ਵਿਰੁੱਧ ਕੀਤੀਆਂ ਜਾ ਰਹੀਆਂ ਕਿਰਤੀਆਂ ਵਿਰੋਧੀ ਸੋਧਾਂ ਵਾਪਸ ਲੈਣ, ਵੱਖ-ਵੱਖ ਤਬਕਿਆਂ ਦੇ ਚੱਲ ਰਹੇ ਹੱਕੀ ਅਤੇ ਜਾਇਜ ਸੰਘਰਸ਼ਾਂ ਦੀ ਡਟਵੀਂ ਹਮਾਇਤ ਕਰਨ ਦੇ ਮਤੇ ਪਾਸ ਕੀਤੇ ਗਏ। ਬੁਲਾਰਿਆਂ ਤੇ ਹਜ਼ਾਰਾਂ ਦੇ ਲੋਕ ਇਕੱਠ ਨੇ ਕਿਰਨਜੀਤ ਕੌਰ ਨੂੰ ਸ਼ਰਧਾਂਜਲੀ ਦਿੰਦਿਆਂ ਮਨਜੀਤ ਧਨੇਰ ਦੀ ਸਜ਼ਾ ਰੱਦ ਕਰਨ ਦੀ ਜੋਰਦਾਰ ਮੰਗ ਕੀਤੀ। ਇਸ ਸਮੇ ਆਜਾਦ ਰੰਗ ਮੰਚ ਬਰਨਾਲਾ (ਰਣਜੀਤ ਭੋਤਨਾ) ਦੀ ਨਾਟਕ ਟੀਮ ਵੱਲੋਂ ਬਹੁਤ ਹੀ ਖੂਬਸੂਰਤ ਨਾਟਕ ਔਰਤਾਂ ਉੱਪਰ ਜਬਰ ਦੀ ਤਰਾਸਦੀ ਨੂੰ ਪੇਸ਼ ਕਰਦਾ "ਕਿਰਨਾਂ ਦੇ ਕਾਫਲੇ" ਪੇਸ਼ ਕੀਤਾ ਗਿਆ। ਲੋਕ ਕਲਾ ਮੰਚ ਮੰਡੀ ਮੁੱਲਾਂਪੁਰ (ਹਰਕੇਸ ਚੌਧਰੀ) ਵੱਲੋਂ ਦੋ ਕੋਰਿਉਗ੍ਰਾਫੀਆਂ ਕਿਸਾਨਾਂ-ਮਜਦੂਰਾਂ ਦੇ ਸੰਕਟ ਨੂੰ ਬਿਆਨ ਕਰਦੀ "ਪਿੰਡ ਵਿਕਾਊ ਹੈ ਅਤੇ ਫੋਰਡ ਟਰੈਕਟਰ" ਪੇਸ਼ ਕੀਤੀਆਂ ਗਈਆਂ। ਜੁਗਰਾਜ ਧੌਲਾ, ਅਜਮੇਰ ਅਕਲੀਆ, ਰਾਮ ਸਿੰਘ ਹਠੂਰ ਨੇ ਇਨਕਲਾਬੀ ਗੀਤ ਪੇਸ਼ ਕੀਤੇ। ਇਸ ਸਮੇਂ ਦਰਸ਼ਨ ਸਿੰਘ ਉਗੋਕੇ,ਦਰਸ਼ਨ ਸਿੰਘ ਰਾਇਸਰ,ਗੁਰਦੇਵ ਸਹਿਜੜਾ, ਅਮਰਜੀਤ ਕੁੱਕੂ, ਮਲਕੀਤ ਸਿੰਘ ਵਜੀਦਕੇ, ਪ੍ਰੇਮ ਕੁਮਾਰ, ਜਰਨੈਲ ਸਿੰਘ, ਨਿਹਾਲ ਸਿੰਘ, ਮਲਕੀਤ ਸਿੰਘ ਮਹਿਲਕਲਾਂ, ਪ੍ਰੀਤਮ ਦਰਦੀ, ਗੁਰਜੰਟ ਸਿੰਘ, ਏਕਮ ਸਿੰਘ ਛੀਨੀਵਾਲਕਲਾਂ, ਜਗਰਾਜ ਹਰਦਾਸਪੁਰਾ, ਗੁਰਮੇਲ ਠੁੱਲੀਵਾਲ ਆਦਿ ਆਗੂ ਹਾਜ਼ਰ ਸਨ। ਅਗਾਂਹਵਧੂ ਕਿਤਾਬਾਂ ਦੀਆਂ ਡੇਢ ਦਰਜਨ ਦੇ ਕਰੀਬ ਸਟਾਲਾਂ ਲੱਗੀਆਂ ਹੋਈਆਂ ਸਨ। ਸਟੇਜ ਸਕੱਤਰ ਦੀ ਅਹਿਮ ਭੂਮਿਕਾ ਪ੍ਰੇਮ ਕੁਮਾਰ ਅਤੇ ਹਰਚਰਨ ਚੰਨਾ ਨੇ ਬਾਖੂਬੀ ਨਿਭਾਈ। ਇਸ ਵਾਰ 19 ਸਾਲ ਦੇ ਸ਼ਾਨਾਮੱਤਾ ਲੋਕ ਇਤਿਹਾਸ ਸਬੰਧੀ ਅੱਧੀ ਦਰਜਨ ਪ੍ਰਮੁੱਖ ਬੁੱਧੀਜੀਵੀਆਂ (ਗੁਰਬਚਨ ਭੁੱਲਰ, ਜਤਿੰਦਰ ਪੰਨੂ, ਰਘੁਬੀਰ ਕੌਰ, ਸੁਸ਼ੀਲ ਦੁਸਾਂਝ, ਅਜਮੇਰ ਸਿੱਧੂ, ਡਾ. ਸੁਖਦੇਵ ਸਿਰਸਾ) ਨੇ ਲਿਖਤੀ ਰੂਪ ਵਿੱਚ ਆਪਣੇ ਵਿਚਾਰ ਭੇਜੇ ਗਏ, ਜੋ ਐਕਸ਼ਨ ਕਮੇਟੀ ਨੇ ਵੱਡੀਆਂ ਫਲੈਕਸਾਂ ਉੱਪਰ ਲਿਖਕੇ ਪ੍ਰਦਰਸ਼ਤ ਕੀਤੇ ਗਏ ਜੋ ਸਾਰਾ ਸਮਾਂ ਆਪਣੇ ਵੱਲ ਦਰਸ਼ਕਾਂ ਦਾ ਧਿਆਨ ਖਿੱਚਦੇ ਰਹੇ।

# ਜਿਸ ਵੇਲੇ ਸਾਕਸ਼ੀ ਮਲਿਕ ਤੇ ਪੀਵੀ ਸਿੰਧੂ ਦੇ ਉਲੰਪਿਕ 'ਚ ਤਗਮੇ ਜਿੱਤਣ ਦਾ ਜਸ਼ਨ ਮਨਾਇਆ ਜਾ ਰਿਹਾ ਸੀ





ਜਿਸ ਵੇਲੇ ਸਾਕਸ਼ੀ ਮਲਿਕ ਤੇ ਪੀਵੀ ਸਿੰਧੂ ਦੇ ਉਲੰਪਿਕ 'ਚ ਤਗਮੇ ਜਿੱਤਣ ਦਾ ਜਸ਼ਨ ਮਨਾਇਆ ਜਾ ਰਿਹਾ ਸੀ ਉਸ ਵੇਲੇ ਹੈਂਡਬਾਲ ਦੀ ਇੱਕ ਕੌਮਾਂਤਰੀ ਖਿਡਾਰਨ ਵੱਲੋਂ ਖੁਦਕੁਸ਼ੀ ਕਰਨ ਦੀ ਸੋਗਮਈ ਖ਼ਬਰ ਆਈ ਹੈ। 20 ਸਾਲਾ ਪੂਜਾ ਕੁਮਾਰੀ ਮੂਲ ਰੂਪ ਚ ਉੱਤਰ ਪ੍ਰਦੇਸ਼ ਦੀ ਸੀ ਤੇ ਸ਼੍ਰੋਮਣੀ ਕਮੇਟੀ ਵੱਲੋਂ ਚਲਾਏ ਜਾ ਰਹੇ ਖਾਲਸਾ ਕਾਲਜ ਪਟਿਆਲਾ ਚ ਬੀਏ (ਦੂਜਾ ਸਾਲ) ਦੀ ਵਿਦਿਆਰਥਣ ਸੀ। ਰੇੜੀ ਲਾਉਣ ਵਾਲੇ ਪਿਤਾ ਦੀ ਇਸ ਧੀ ਨੂੰ ਸਪੋਰਟਸ ਕੋਟੇ ਦੀਆਂ ਸਹੂਲਤਾਂ ਨਾ ਮਿਲਣ ਕਾਰਨ, ਆਪਣੇ ਹੋਸਟਲ ਦਾ ਮਹੀਨਾਵਾਰ ਖਰਚਾ (3720 ਰੁਪਏ) ਆਪਣੇ ਕੋਲੋਂ ਭਰਨਾ ਪੈਣਾ ਸੀ ਪਰ ਆਰਥਿਕ ਤੰਗੀ ਕਾਰਨ ਉਸ ਲਈ ਇਹ ਖਰਚਾ ਸੰਭਵ ਨਹੀਂ ਸੀ। ਇਸ ...ਗੱਲੋਂ ਤੰਗ ਆ ਕੇ ਉਸਨੇ ਖੁਦਕੁਸ਼ੀ ਕਰ ਲਈ। ਉਸਨੇ ਖਾਲਸਾ ਕਾਲਜ ਦੇ ਸਰੀਰਕ ਸਿੱਖਿਆ ਵਿਭਾਗ ਦੇ ਮੁਖੀ ਗੁਰਸ਼ਰਨ ਸਿੰਘ ਗਿੱਲ ਉੱਪਰ ਖਿਡਾਰੀਆਂ ਨੂੰ ਤੰਗ ਕਰਨ ਦਾ ਵੀ ਦੋਸ਼ ਲਾਇਆ ਹੈ।

ਪੂਜਾ ਕੁਮਾਰੀ ਦੀ ਇਸ ਮੌਤ ਦਾ ਕਾਰਨ ਮੌਜੂਦਾ ਸਿਆਸੀ-ਸਮਾਜਿਕ ਢਾਂਚਾ ਜੋ ਵਿਦਿਆਰਥੀਆਂ ਨੂੰ ਸਿੱਖਿਆ ਜਿਹੀਆਂ ਬੁਨਿਆਦੀ ਸਹੂਲਤਾਂ ਦੇਣ ਤੋਂ ਵੀ ਮੁੱਕਰ ਰਿਹਾ ਹੈ। ਸਾਡਾ ਪੁਰਜੋਰ ਮੰਨਣਾ ਹੈ ਕਿ ਸਿੱਖਿਆ ਹਰ ਨਾਗਰਿਕ ਦਾ ਬੁਨਿਆਦੀ ਹੱਕ ਹੈ ਤੇ ਇਸਨੂੰ ਵਪਾਰ ਨਹੀਂ ਬਣਾਇਆ ਜਾਣਾ ਚਾਹੀਦਾ। ਸਿੱਖਿਆ ਦੇ ਖਰਚੇ ਵਿਦਿਆਰਥੀਆਂ ਤੋਂ ਫੀਸਾਂ ਲੈ ਕੇ ਨਹੀਂ ਸਗੋਂ ਸਰਕਾਰ ਦੀ ਆਮਦਨ 'ਚੋਂ ਕੀਤੇ ਜਾਣੇ ਚਾਹੀਦੇ ਹਨ। ਸਰਕਾਰ ਆਮ ਲੋਕਾਂ ਤੋਂ ਅਰਬਾਂ ਰੁਪਏ ਕਰਾਂ ਦੇ ਰੂਪ ਚ ਇਕੱਠੇ ਕਰਦੀ ਹੈ ਜਿਸ ਵਿੱਚੋਂ ਸੌਖਿਆਂ ਹੀ ਸਭ ਨਾਗਰਿਕਾਂ ਨੂੰ ਮੁਫਤ ਸਿੱਖਿਆ ਮੁਹੱਈਆ ਕਰਵਾਈ ਜਾ ਸਕਦੀ ਹੈ। ਪਰ ਸਾਡੀਆਂ ਸਰਕਾਰਾਂ ਅਰਬਾਂ ਰੁਪਏ ਦੇਸ਼ ਦੇ ਧਨਾਢ ਸਰਮਾਏਦਾਰਾਂ ਨੂੰ ਟੈਕਸਾਂ ਚ ਛੋਟਾਂ ਦੇਣ, ਕਰਜੇ ਮਾਫ ਕਰਨ ਚ ਲੁਟਾ ਦਿੰਦੀਆਂ ਹਨ, ਬੇਲੋੜੇ ਹਥਿਆਰਾਂ ਤੇ ਫੌਜ ਉੱਪਰ ਖਰਚਦੀਆਂ ਹਨ ਤੇ ਮੰਤਰੀਆਂ ਨੂੰ ਤਨਖਾਹਾਂ, ਭੱਤਿਆਂ ਦੇ ਰੂਪ 'ਚ ਲੁਟਾਉਂਦੀਆਂ ਹਨ, ਪਰ ਸਿੱਖਿਆ ਉੱਪਰ ਇਹਨਾਂ ਨਾਲੋਂ ਬਹੁਤ ਹੀ ਨਿਗੂਣਾ ਹਿੱਸਾ ਖਰਚਿਆ ਜਾ ਰਿਹਾ ਹੈ। ਅੱਜ ਸਿੱਖਿਆ ਨੂੰ ਪੂਰੀ ਤਰ੍ਹਾਂ ਮੁਨਾਫੇ ਤੇ ਵਪਾਰ ਦਾ ਸਾਧਨ ਬਣਾ ਦਿੱਤਾ ਗਿਆ ਹੈ।

ਅੱਜ ਪੂਜਾ ਕੁਮਾਰੀ ਦੀ ਮੌਤ ਦੇ ਦੋਸ਼ੀਆਂ ਖਿਲਾਫ ਤਾਂ ਕੋਈ ਕਾਰਵਾਈ ਹੋ ਸਕਦੀ ਹੈ ਪਰ ਜਿੰਨਾ ਚਿਰ ਸਰਕਾਰਾਂ ਆਪਣੇ ਨਾਗਰਿਕਾਂ ਨੂੰ ਸਿੱਖਿਆ, ਸਿਹਤ, ਰਿਹਾਇਸ਼, ਰੁਜਗਾਰ, ਖੇਡਾਂ ਆਦਿ ਜਿਹੀਆਂ ਸਹੂਲਤਾਂ ਮੁਹੱਈਆ ਨਹੀਂ ਕਰਵਾਉਂਦੀ ਓਨਾ ਚਿਰ ਪੂਜਾ ਜਿਹੀਆਂ ਹੋਰ ਅਨੇਕਾਂ ਮਾਸੂਮ ਜਿੰਦਾਂ ਕਤਲ ਹੁੰਦੀਆਂ ਰਹਿਣਗੀਆਂ, ਰੁਲਦੀਆਂ ਰਹਿਣਗੀਆਂ ਤੇ ਉਲੰਪਿਕ 'ਚ ਤਗਮਿਆਂ ਤੋਂ ਲੈ ਕੇ ਜੀਵਨ ਦੇ ਹਰ ਖੇਤਰ 'ਚ ਪ੍ਰਾਪਤੀਆਂ ਇੱਕ ਸੁਪਨਾ ਬਣੀਆਂ ਰਹਿਣਗੀਆਂ। ਇਹਨਾਂ ਹਾਲਤਾਂ ਨੂੰ ਮੋੜਾ ਪਾਉਣ ਲਈ ਦੇਸ਼ ਦੇ ਵਿਦਿਆਰਥੀਆਂ ਤੇ ਕਿਰਤੀ ਲੋਕਾਂ ਨੂੰ ਸਭ ਲਈ ਮੁਫਤ ਤੇ ਯਕੀਨੀ ਸਿੱਖਿਆ ਲਈ ਇੱਕ ਲੰਮਾ ਸੰਘਰਸ਼ ਲੜਨਾ ਪਵੇਗਾ।

# ਰੈੱਡ ਵਿੱਲੋ ਕਲੱਬ ਵਲੋਂ ਕੈਨੇਡਾ ਡੇਅ ਅਤੇ ਭਾਰਤ ਦਾ ਆਜ਼ਾਦੀ ਦਿਵਸ ਮਨਾਏ







**ਬਰੈਂਪਟਨ/ਹਰਜੀਤ ਬੇਦੀ**

ਰੈੱਡ ਵਿੱਲੋ ਕਲੱਬ ਜਿਹੜੀ ਕਿ ਇੱਕ ਨਾਮਵਰ ਅਤੇ ਵਿਲੱਖਣ ਕਲੱਬ ਹੈ ਵਲੋਂ ਐਨ ਨੈਸ਼ (ਰੈੱਡਵਿੱਲੋ) ਪਾਰਕ ਵਿੱਚ ਕਨੇਡਾ ਡੇਅ ਅਤੇ ਭਾਰਤ ਦਾ ਆਜ਼ਾਦੀ ਦਿਵਸ 6 ਦਿਨ ਅਗਸਤ ਦਿਨ ਸ਼ਨੀਵਾਰ ਦਿਨ ਦੇ 12:30 ਵਜੇ ਮਨਾਏ ਗਏ। ਚਾਹ-ਪਾਣੀ ਤੋਂ ਬਾਅਦ ਕਲੱਬ ਦੇ ਪ੍ਰਧਾਨ ਗੁਰਨਾਮ ਸਿੰਘ ਗਿੱਲ ਨੇ ਬਾਹਰੋਂ ਆਏ ਮਹਿਮਾਨਾਂ ਅਤੇ ਕਲੱਬ ਮੈਂਬਰਾਂ ਦਾ ਉਹਨਾਂ ਦੀ ਵੱਡੀ ਗਿਣਤੀ ਵਿੱਚ ਹਾਜ਼ਰ ਹੋਣ ਲਈ ਧੰਨਵਾਦ ਕਰਦਿਆਂ ਕਿਹਾ ਕਿ ਕਿਸੇ ਵੀ ਸੰਸਥਾ ਦਾ ਸਭ ਤੋਂ ਮਹੱਤਵ ਪੂਰਨ ਭਾਗ ਉਸ ਦੇ ਮੈਂਬਰ ਹੀ ਹੁੰਦੇ ਹਨ। ਹਰਬੰਸ ਸਿੰਘ ਮੁੱਖ ਸੰਪਾਦਕ 'ਸਰੋਕਾਰਾਂ ਦੀਆਵਾਜ਼' ਨੇ ਜ਼ਿੰਦਗੀ ਦੇ ਯਥਾਰਥ ਨੂੰ ਪੇਸ਼ ਕਰਦੀ ਕਲਪਨਾ ਦੇ ਅੰਬਰੀ ਉੱਡਣ ਵਾਲੇ ਲੇਖਕਾਂ ਨੂੰ ਹਲੂਣਾ ਦੇਣ ਵਾਲੀ ਕਵਿਤਾ ਪੇਸ਼ ਕੀਤੀ। ਇਸ ਉਪਰੰਤ ਰਾਮੇਸ਼ਵਰ ਸੰਘਾ ਐਮਪੀ ਜੋ ਰੈੱਡ ਵਿੱਲੋ ਕਲੱਬ ਦੇ ਮੈਂਬਰ ਵੀ ਹਨ ਨੇ ਆਪਣੇ ਵਿਚਾਰ ਪੇਸ਼ ਕਰਦਿਆਂ ਫੈਡਰਲ ਸਰਕਾਰ ਵਲੋਂ ਸੁਧਾਰਾਂ ਲਈ ਚੁੱਕੇ ਜਾ ਰਹੇ ਕਦਮਾਂ ਬਾਰੇ ਦੱਸਿਆ। ਪਰਵਾਸੀ ਮੀਡੀਆ ਗਰੁੱਪ ਦੇ ਰਾਜਿੰਦਰ ਸੈਣੀ ਨੇ ਕਲੱਬ ਮੈਂਬਰਾਂ ਨੂੰ ਅਜਿਹਾ ਵਧੀਆ ਪ੍ਰੋਗਰਾਮ ਪੇਸ਼ ਕਰਨ ਲਈ ਵਧਾਈ ਦਿੰਦਿਆਂ ਆਪਣੇ ਅਖਬਾਰ ਵਿੱਚ ਸੀਨੀਅਰਾਂ ਲਈ ਥਾਂ ਦੇਣ ਦਾ ਵਾਅਦਾ ਕੀਤਾ।

ਐਮ ਪੀ ਰਾਜ ਗਰੇਵਾਲ ਅਤੇ ਐਮ ਪੀ ਸੋਨੀਆ ਸਿੱਧੂ ਨੇ ਫੈਡਰਲ ਸਰਕਾਰ ਦੁਆਰਾ ਕੀਤੇ ਜਾ ਰਹੇ ਕੰਮਾਂ ਬਾਰੇ ਅੱਪਡੇਟਕੀਤਾ। ਐਮ ਪੀ ਪੀ ਹਰਿੰਦਰ ਮੱਲ੍ਹੀ ਨੇ ਪ੍ਰੋਵਿੰਸ ਸਰਕਾਰ ਦੀ ਕਾਰਗੁਜ਼ਾਰੀ ਬਾਰੇ ਗੱਲਬਾਤ ਕੀਤੀ। ਐਮ ਪੀਪੀ ਜਗਮੀਤ ਸਿੰਘ ਨੇ ਭਾਰਤ ਵਿੱਚ ਘੱਟ ਗਿਣਤੀ ਤੇ ਦਲਿਤਾਂ ਤੇ ਹੁੰਦੇ ਅਤਿੱਆਚਾਰ ਬਾਰੇ ਦੱਸਿਆ। ਕਾਉਂਸਲਰ ਪੈਟਫੋਰਟੀਨੀ ਨੇ ਕਨੇਡਾ ਡੇਅ ਦੀ ਵਧਾਈ ਦਿੰਦੇ ਹੋਏ ਸੀਨੀਅਰਜ਼ ਦੀਆਂ ਮੁਸ਼ਕਲਾ ਦੂਰ ਕਰਨ ਲਈ ਯਤਨ ਕਰਨ ਦਾ ਭਰੋਸਾ ਦਿੱਤਾ। ਕਾਉਂਸਲਰ ਗੁਰਪ੍ਰੀਤ ਢਿੱਲੋਂ ਬਰੈਂਪਟਨ ਵਿੱਚ ਜੌਬਾਂ ਦੇ ਵੱਧ ਮੌਕੇ ਪੈਦਾ ਕਰਨ ਦੀਆਂ ਸਕੀਮਾਂ ਅਤੇ ਯੂਨੀਵਰਸਿਟੀ ਦੀ ਸਥਾਪਨਾ ਲਈ ਸਿਟੀ ਦੁਆਰਾ ਯਤਨ ਬਾਰੇ, ਸਕੂਲ ਟਰੱਸਟੀ ਗੁਰਕੀਰਤ ਸਿੰਘ ਨੇ ਸਕੂਲਾਂ ਵਿੱਚ ਕਬੱਡੀ ਸ਼ੁਰੂ ਕਰਵਾਉਣ ਅਤੇ ਭੰਗੜੇ ਨੂੰ ਵੀ ਡਾਂਸ ਵਜੋਂ ਮਾਨਤਾ ਦਿਵਾਉਣ ਲਈ ਉਸ ਦੁਆਰਾ ਕੀਤੇ ਜਾ ਰਹੇ ਯਤਨਾਂ ਦਾ ਜ਼ਿਕਰ ਕੀਤਾ। ਸਾਬਕਾ ਕਾਉਂਸਲਰ ਵਿੱਕੀ ਢਿੱਲੋਂ ਨੇ ਕਿਹਾ ਕਿ ਨਵੇਂ ਕਲੱਬ ਬਣਾਕੇ ਸੀਨੀਅਰਾਂ ਵਿੱਚ ਪਾੜ ਪਾਉਣ ਤੋਂ ਗੁਰੇਜ਼ ਕੀਤਾ ਜਾਵੇ। ਪ੍ਰੋ: ਕੁਲਦੀਪ ਸਿੰਘ ਢੀਂਡਸਾ ਅਤੇ ਨਿਰਮਲ ਸਿੰਘ ਸੰਧੂ ਨੇ ਕਨੇਡਾ ਡੇਅ ਅਤੇ ਭਾਰਤ ਦੇ ਆਜ਼ਾਦੀ ਦਿਵਸ ਦੀ ਵਧਾਈ ਦਿੱਤੀ। ਅੰਮ੍ਰਿਤ ਢਿੱਲੋਂ ਨੇ ਭਗਤ ਸਿੰਘ ਦੀ ਦੂਰਦਿ 15-20 ਸਾਲਾਂ ਵਿੱਚ ਅੰਗਰੇਜ ਭਾਰਤ ਛੱਡ ਜਾਣਗੇ ਤੇ ਉਸ ਤੋਂ ਬਾਅਦ ਦੇ ਹਾਲਤ ਅਨਾਰਕੀ ਵਾਲੇ ਹੋਣਗੇ ਤੇ ਫਿਰ ਲੋਕ ਸਾਨੂੰ ਯਾਦ ਕਰਨਗੇ। ਉਹਨਾਂ ਸ: ਅਜੀਤ ਸਿੰਘ ਨੂੰ ਆਜ਼ਾਦੀ ਸੰਗਰਾਮ ਦਾ ਭੀਸ਼ਮ ਪਿਤਾਮਾ ਦਸਦਿਆਂ ਕਿਹਾ ਕਿ ਉਹਨਾਂ ਦਾ ਆਪਣੇ ਭਤੀਜੇ ਭਗਤ ਸਿੰਘ ਉੱਤੇ ਬਹੁਤ ਅਸਰਸੀ। ਅੰਤ ਵਿੱਚ ਹਰਬੰਸ ਸਿੰਘ 'ਸਰੋਕਾਰਾਂ ਦੀ ਅਵਾਜ਼' ਨੇ ਕਿਹਾ ਕਿ ਸਰਕਾਰ ਵਲੋਂ ਕਾਰਪੋਰੇਟ ਸੈਕਟਰ ਨੂੰ ਖੁੱਲ੍ਹੇ ਗੱਫੇ ਦਿੱਤੇ ਜਾ ਰਹੇ ਹਨ ਜਦਕਿ ਕਾਮਿਆਂ ਵਾਰੀ ਹੱਥ ਘੁੱਟੇ ਜਾ ਰਹੇ ਹਨ ਜਦ ਟੈਕਸ ਦੇ ਵੱਡੇ ਦਾਤਾ ਉਹ ਹੀ ਹਨ। ਨੌਜਵਾਨ ਬੱਚਿਆਂ ਲਈ ਬਰੈਂਪਟਨ ਵਿੱਚ ਕੋਈ ਯੁਨੀਵਰਸਿਟੀ ਨਾ ਹੋਣਾ ਤੇ ਸਪਸ਼ਟ ਭਵਿੱਖ ਸਾਹਮਣੇ ਨਾ ਹੋਣਾ ਉਹਨਾਂ ਨੂੰ ਨਸ਼ਿਆਂ ਆਦਿ ਵੱਲ ਧੱਕਣ ਦਾ ਕਾਰਣ ਬਣਦਾ ਹੈ। ਉਹਨਾਂ ਸੀਨੀਅਰਜ਼ ਨੂੰ ਸਲਾਹ ਦਿੱਤੀ ਕਿ ਸਿਆਸੀ ਨੁਮਾਇੰਦਿਆਂ ਦੀ ਚਾਪਲੂਸੀ ਕਰਨ ਦੀ ਥਾਂ ਆਪਣੀਆਂ ਮੁਸ਼ਕਲਾਂ ਪੇਸ਼ ਕਰਕੇ ਆਪਣੇ ਬੱਚਿਆਂ ਦੇ ਭਵਿੱਖ ਦੀ ਬਿਹਤਰੀ ਲਈ ਕੰਮ ਕਰਨ। ਹਰਬੰਸ ਸਿੰਘ ਦੇ ਵਿਚਾਰਾਂ ਦੀ ਪ੍ਰੋੜ੍ਹਤਾ ਕਰਦਿਆਂ ਸਰੋਤਿਆਂ ਨੇ ਉਹਨਾਂ ਦੇ ਵਿਚਾਰਾਂ ਦਾ ਤਾੜੀਆਂ ਮਾਰਕੇ ਸਵਾਗਤ ਕੀਤਾ। ਪ੍ਰੋਗਰਾਮ ਦੌਰਾਨ ਬੱਚਿਆਂ ਸਾਹਿਲ ਗਿੱਲ, ਰੌਨਿਤ ਅਤੇ ਹਰਮੀਤ ਨੇ ਕਵਿਤਾਵਾਂ ਸੁਣਾਈਆਂ। ਇਸ ਪ੍ਰੋਗਰਾਮ ਵਿੱਚ ਵੱਖ-ਵੱਖ ਕਲੱਬਾਂ ਦੇ ਨੁਮਾਇੰਦੇ ਤੇ ਹੋਰ ਸ਼ਖਸ਼ੀਅਤਾਂ ਜਿੰਨ੍ਹਾ ਵਿੱਚ ਜੰਗੀਰ ਸਿੰਘ ਸੈਂਭੀ, ਕਰਤਾਰ ਸਿੰਘ ਚਾਹਲ, ਜਗਜੀਤ ਗਰੇਵਾਲ , ਪ੍ਰੋ: ਨਿਰਮਲ ਧਾਰਨੀ, ਦੇਵ ਸੂਦ, ਅਵਤਾਰ ਸਿੰਘ ਜੱਜ, ਐਚ ਐਸ ਮਿਨਹਾਸ, ਬਚਿੱਤਰ ਸਿੰਘ ਬੁੱਟਰ, ਹਰਭਜਨ ਸਿੰਘ ਪੰਨੂ, ਪਿਆਰਾ ਸਿੰਘ ਤੂਰ, ਅਵਤਾਰ ਸਿੰਘ ਬੈਂਸ, ਤਰਕਸ਼ੀਲ ਸੁਸਾਇਟੀ ਦੇ ਬਲਰਾਜ ਛੋਕਰ, ਬਲਵਿੰਦਰ ਬਰਾੜ, ਬਖਸ਼ੀਸ਼ ਗਿੱਲ, ਨਾਮਵਰ ਲੇਖਕ ਹਰਚੰਦ ਸਿੰਘ ਬਾਸੀ, ਅਵਤਾਰ ਅਰਸ਼ੀ ਤੇ ਹੋਰ ਬਹੁਤ ਸਾਰੀਆਂ ਸ਼ਖਸ਼ੀਅਤਾਂ ਹਾਜ਼ਰ ਸਨ।

ਸਟੇਜ ਦੇ ਪ੍ਰੋਗਰਾਮ ਬਾਅਦ ਬੱਚਿਆਂ ਅਤੇ ਸੀਨੀਅਰਜ਼ ਦੀਆਂ ਖੇਡਾਂ ਕਰਵਾਈਆਂ ਗਈਆਂ ਜਿੰਨਾਂ ਦੀ ਜ਼ਿਮੇਵਾਰੀ ਬਲਦੇਵ ਰਹਿਪਾ, ਪ੍ਰੋ: ਬਲਵੰਤ ਸਿੰਘ, ਬਲਵੰਤ ਕਲੇਰ, ਹਿੰਮਤ ਸਿੰਘ ਲੱਛੜ, ਮਹਿੰਦਰ ਪੱਡਾ, ਨਿਰਮਲਾ ਦੇਵੀ, ਬਲਜੀਤ ਸੇਖੋਂ, ਬਲਜੀਤ ਗਰੇਵਾਲ, ਇੰਦਰਜੀਤ ਗਿੱਲ ਤੇ ਉਨ੍ਹਾਂ ਦੇ ਸਹਿਯੋਗੀਆਂ ਵਲੋਂ ਬੜੇ ਵਧੀਆ ਢੰਗ ਨਾਲ ਨਿਭਾਈ ਗਈ। ਜੇਤੂਆਂ ਨੂੰ ਟਰਾਫੀਆਂ ਦੇ ਕੇ ਸਨਮਾਨਤ ਕੀਤਾ ਗਿਆ। ਕਲੱਬ ਦੇ ਸਭ ਤੋਂ ਸੀਨੀਅਰ ਮੈਂਬਰਾਂ ਅਕੁਰ ਸਵਾਮੀ ਅਤੇ ਕਮਲਾ ਦੇਵੀ ਨੂੰ ਸ਼ਾਨਦਾਰ ਮੋਮੈਂਟੋ ਦੇ ਕੇ ਸਨਮਾਨਤ ਕੀਤਾ ਗਿਆ। ਇਨ੍ਹਾਂ ਟਰਾਫੀਆਂ ਦੇ ਸਪਾਂਸਰ ਤੇਜ ਬੇਦੀ ਆਲ-ਰਿਸਕ ਇੰਸ਼ੋਰੈਂਸ ਬਰੋਕਰ ਦਾ ਕਲੱਬ ਵਲੋਂ ਧੰਨਵਾਦ ਕੀਤਾ ਗਿਆ। ਸਾਰੇ ਪ੍ਰੋਗਰਾਮ ਦੀ ਤਿਆਰੀ ਲਈ ਜੋਗਿੰਦਰ ਪੱਡਾ ਨੇ ਪੂਰੀ ਤਨਦੇਹੀ ਨਾਲ ਕੰਮ ਕੀਤਾ। ਇਸ ਪ੍ਰੋਗਰਾਮ ਦੀ ਸਫਲਤਾ ਲਈ ਬਹੁਤ ਸਾਰੀਆਂ ਬੀਬੀਆਂ ਦਾ ਵਿਸ਼ੇਸ਼ ਸਹਿਯੋਗ ਰਿਹਾ। ਸਰੋਕਾਰਾਂ ਦੀਆਵਾਜ਼ ਦੇ ਦੇਵਿੰਦਰ ਤੂਰ ਨੇ ਸਾਰੀ ਕਾਰਵਾਈ ਨੂੰ ਕੈਮਰੇ ਵੱਧ ਕੀਤਾ।







# ਐਮ. ਐਮ. ਕਲਬੁਰਗੀ ਹੋਣ ਦਾ ਅਰਥ

**ਡਾ. ਚਮਨ ਲਾਲ**

ਠੀਕ ਇਕ ਸਾਲ ਪਹਿਲਾਂ 30 ਅਗਸਤ, 2015 ਨੂੰ ਸਵੇਰੇ 8.30 ਕੁ ਵਜੇ ਕਰਨਾਟਕ ਦੇ ਧਾਰਵਾੜ ਸ਼ਹਿਰ ਦੇ ਆਪਣੇ ਘਰ ਵਿੱਚ ਕੰਨੜ ਵਿਦਵਾਨ ਡਾ. ਐਮ.ਐਮ. ਕਲਬੁਰਗੀ ਪਰਿਵਾਰ ਨਾਲ ਨਾਸ਼ਤਾ ਕਰਨ ਬੈਠੇ ਸਨ। ਉਹ ਕੰਨੜ ਯੂਨੀਵਰਸਿਟੀ ਹਾਮਪੀ ਦੇ 1998 ਤੋਂ 2001 ਤੱਕ ਵਾਈਸ ਚਾਂਸਲਰ ਰਹੇ ਸਨ ਤੇ ਰਿਟਾਇਰ ਹੋਣ ਉਪਰੰਤ ਧਾਰਵਾੜ ਵਿੱਚ ਵਸ ਗਏ ਸਨ। ਦਰਵਾਜ਼ੇ ਦੀ ਘੰਟੀ ਵੱਜੀ, ਉਨ੍ਹਾਂ ਦੀ ਪਤਨੀ ਨੇ ਉੱਠ ਕੇ ਦਰਵਾਜ਼ਾ ਖੋਲ੍ਹਿਆ, ਦੋ ਮੁੰਡੇ ਸਨ ਜਿਨ੍ਹਾਂ ਕਿਹਾ ਕਿ ਉਹ ਡਾ. ਕਲਬੁਰਗੀ ਦੇ ਵਿਦਿਆਰਥੀ ਹਨ ਤੇ ਕੁਝ ਗੱਲ ਕਰਨ ਆਏ ਹਨ। ਸ੍ਰੀਮਤੀ ਕਲਬੁਰਗੀ ਨੇ ਉਨ੍ਹਾਂ ਨੂੰ ਜੀ ਆਇਆਂ ਕਿਹਾ ਤੇ ਉਨ੍ਹਾਂ ਲਈ ਚਾਹ-ਕੌਫੀ ਬਣਾਉਣ ਰਸੋਈ ਵੱਲ ਚਲੇ ਗਈ। ਅਚਾਨਕ ਉਨ੍ਹਾਂ ਨੌਜਵਾਨਾਂ ਨੇ ਡਾ. ਕਲਬੁਰਗੀ ਦੇ ਮੱਥੇ ਅਤੇ ਛਾਤੀ 'ਤੇ ਸਿੱਧੀਆਂ ਦੋ ਗੋਲੀਆਂ ਮਾਰੀਆਂ ਅਤੇ ਘਰੋਂ ਬਾਹਰ ਚਾਲੂ ਹਾਲਤ ਵਿੱਚ ਖੜ੍ਹੇ ਕੀਤੇ ਮੋਟਰਸਾਈਕਲਾਂ 'ਤੇ ਦੌੜ ਗਏ। ਡਾ. ਕਲਬੁਰਗੀ ਹਸਪਤਾਲ ਪਹੁੰਚਣ ਤੋਂ ਪਹਿਲਾਂ ਹੀ ਦਮ ਤੋੜ ਗਏ ਸਨ।

ਪ੍ਰੋਫੈਸਰ ਕਲਬੁਰਗੀ ਦਾ ਇਸ ਤਰ੍ਹਾਂ ਕਤਲ ਕਿਉਂ ਕੀਤਾ ਗਿਆ? ਇਹ ਕਤਲ ਉਸੇ ਕੜੀ ਦਾ ਅਗਲਾ ਹਿੱਸਾ ਸੀ, ਜਿਸ ਵਿੱਚ ਠੀਕ ਦੋ ਸਾਲ ਪਹਿਲਾਂ 20 ਅਗਸਤ, 2013 ਨੂੰ ਪੁਣੇ ਵਿੱਚ 68 ਸਾਲਾਂ ਦੇ ਡਾ. ਨਰੇਂਦਰ ਦਾਭੋਲਕਰ ਦਾ ਅਤੇ ਛੇ ਮਹੀਨੇ ਪਹਿਲਾਂ 20 ਫਰਵਰੀ, 2015 ਨੂੰ ਹੀ ਮਹਾਰਾਸ਼ਟਰ ਦੇ ਕੋਹਲਾਪੁਰ ਸ਼ਹਿਰ ਵਿੱਚ 82 ਵਰ੍ਹਿਆਂ ਦੇ ਕਾਮਰੇਡ ਗੋਵਿੰਦ ਪਨਸਾਰੇ ਦਾ ਕਤਲ ਕੀਤਾ ਗਿਆ ਸੀ। ਡਾ. ਕਲਬੁਰਗੀ ਦੀ ਸ਼ਹਾਦਤ ਦੇ ਇਕ ਸਾਲ ਪੂਰਾ ਹੋਣ ਮੌਕੇ ਦੇਸ਼ ਭਰ ਦੀਆਂ ਅਨੇਕ ਭਾਸ਼ਾਵਾਂ ਦੇ ਲੇਖਕ, ਜਿਨ੍ਹਾਂ ਵਿੱਚੋਂ ਕਈਆਂ ਨੇ ਇਸ ਕਤਲ ਖਿਲਾਫ ਆਪਣੇ ਸਾਹਿਤ ਅਕਾਦਮੀ ਅਤੇ ਹੋਰ ਇਨਾਮ ਵਾਪਸ ਕੀਤੇ ਸਨ ਅਤੇ ਸੈਂਕੜੇ ਸਭਿਆਚਾਰਕ ਕਾਰਕੁਨ ਸ਼ਰਧਾਂਜਲੀ ਦੇਣ ਲਈ ਇਕੱਠੇ ਹੋ ਰਹੇ ਹਨ। ਕਲਬੁਰਗੀ, ਦਾਭੋਲਕਰ ਅਤੇ ਪਨਸਾਰੇ-ਤਿੰਨੇ ਪਰਿਵਾਰ ਵੀ ਇਸ ਮੌਕੇ ਹਾਜ਼ਰ ਹੋਣਗੇ ਜਿਨ੍ਹਾਂ ਨੂੰ ਹੁਣ ਤੱਕ ਇਨਸਾਫ ਨਹੀਂ ਮਿਲਿਆ।

ਡਾ. ਕਲਬੁਰਗੀ ਦੇ ਸ਼ਾਨਦਾਰ ਜੀਵਨ 'ਤੇ ਇਕ ਨਜ਼ਰ ਇਸ ਮੌਕੇ ਵਾਜਿਬ ਹੋਵੇਗੀ। ਮੱਲੇਸ਼ਪਾ ਮਾਦਿਵਾਲਾਪਾ ਕਲਬੁਰਗੀ ਦਾ ਜਨਮ 28 ਨਵੰਬਰ, 1938 ਨੂੰ ਹੁਣ ਦੇ ਬੀਜਾਪੁਰ ਜ਼ਿਲ੍ਹੇ ਦੇ ਤਾਲੁੱਕੇ ਸਿੰਗੜੀ ਦੇ ਯਾਰਾਗੱਲ ਪਿੰਡ ਵਿੱਚ ਹੋਇਆ ਸੀ, ਜੋ ਧਾਰਵਾੜ ਤੋਂ ਬਹੁਤਾ ਦੂਰ ਨਹੀਂ ਹੈ। ਉਨ੍ਹਾਂ ਦੇ ਮਾਤਾ-ਪਿਤਾ ਕਿਸਾਨ ਸਨ ਅਤੇ ਉਨ੍ਹਾਂ ਆਪਣੇ ਪੁੱਤਰ ਕਲਬੁਰਗੀ ਦੀ ਮੁਢਲੀ ਅਤੇ ਉੱਚੀ ਪੜ੍ਹਾਈ ਬੀਜਾਪੁਰ ਤੋਂ ਕਰਵਾਈ। ਬੀ.ਏ. ਕਰਨ ਬਾਅਦ ਕਲਬੁਰਗੀ ਨੇ ਕੰਨੜ ਭਾਸ਼ਾ ਵਿੱਚ ਐਮ.ਏ. ਦੀ ਡਿਗਰੀ ਕਰਨਾਟਕ ਯੂਨੀਵਰਸਿਟੀ ਧਾਰਵਾੜ ਤੋਂ ਫਸਟ ਰਹਿ ਕੇ ਗੋਲਡ ਮੈਡਲ ਨਾਲ 1962 ਵਿਚ ਹਾਸਲ ਕੀਤੀ। ਉਨ੍ਹਾਂ ਨੂੰ ਕਰਨਾਟਕ ਯੂਨੀਵਰਸਿਟੀ ਦੇ ਕੰਨੜ ਵਿਭਾਗ ਵਿਚ ਉਸੇ ਵੇਲੇ ਹੀ ਲੈਕਚਰਾਰ ਲਾ ਲਿਆ ਗਿਆ, ਜਿਥੇ ਉਹ 1982 ਤੱਕ ਪ੍ਰੋਫੈਸਰ ਅਤੇ ਵਿਭਾਗ ਦੇ ਮੁਖੀ ਦੇ ਅਹੁਦੇ ਤੱਕ ਪਹੁੰਚ ਗਏ। ਉਨ੍ਹਾਂ ਨੂੰ ਵਿਭਾਗ ਦੀ ਬਸਵੇਸ਼ਪਰਾ ਚੇਅਰ ਦਾ ਮੁਖੀ ਵੀ ਬਣਾਇਆ ਗਿਆ। ਇਸ ਦੌਰਾਨ ਉਨ੍ਹਾਂ ਨੇ ਕੰਨੜ ਮੱਧਕਾਲੀ ਸਾਹਿਤ 'ਤੇ ਪੀਐਚ.ਡੀ. ਦੀ ਡਿਗਰੀ ਵੀ ਹਾਸਲ ਕਰ ਲਈ ਸੀ। ਡਾ. ਕਲਬੁਰਗੀ ਕਰਨਾਟਕ ਸਰਕਾਰ ਵੱਲੋਂ ਪ੍ਰਕਾਸ਼ਿਤ 'ਸਮੱਗਰ ਵਚਨ ਸੰਪੁੱਟ' ਦੇ ਸੰਪਾਦਕ ਸਨ ਅਤੇ ਡਾ. ਬੇਂਦਰੇ ਸਮਾਰਕ ਕੌਮੀ ਟਰਸਟ



ਦੇ ਪ੍ਰਧਾਨ ਅਤੇ ਸਾਹਿਤ ਅਕਾਦਮੀ ਦੀ ਕੰਨੜ ਭਾਸ਼ਾ ਦੇ ਸਲਾਹਕਾਰ ਬੋਰਡ ਦੇ ਮੈਂਬਰ ਵੀ। ਡਾ. ਕਲਬੁਰਗੀ ਵਚਨ ਸਾਹਿਤ ਦੇ ਮਰਮੱਗ ਸਨ ਅਤੇ ਵਚਨ ਸਾਹਿਤ ਦੇ ਵਿਸ਼ਾਲ ਸਮੱਗਰੀ ਦੇ ਸੰਪਾਦਨ ਦੇ ਨਾਲ ਉਨ੍ਹਾਂ ਦੇ 22 ਭਾਸ਼ਾਵਾਂ ਵਿੱਚ ਅਨੁਵਾਦ ਦੀ ਯੋਜਨਾ ਨਾਲ ਵੀ ਜੁੜੇ ਸਨ। ਉਨ੍ਹਾਂ ਵੱਲੋਂ ਲਿਖੀਆਂ ਅਤੇ ਸੰਪਾਦਿਤ ਕਿਤਾਬਾਂ ਦੀ ਗਿਣਤੀ 103 ਅਤੇ ਖੋਜ ਲੇਖਾਂ ਦੀ ਗਿਣਤੀ 600 ਤੋਂ ਵੱਧ ਹੈ। ਡਾ. ਕਲਬੁਰਗੀ ਨੂੰ ਕੌਮੀ ਸਾਹਿਤ ਅਕਾਦਮੀ ਵੱਲੋਂ 2006 ਵਿੱਚ ਉਨ੍ਹਾਂ ਦੇ ਖੋਜ ਸੰਗ੍ਰਹਿ ਮਾਰਗ-4 'ਤੇ ਸਨਮਾਨ ਦਿੱਤਾ ਗਿਆ ਸੀ। ਇਸ ਤੋਂ ਇਲਾਵਾ ਉਨ੍ਹਾਂ ਨੂੰ ਕਰਨਾਟਕ ਰਾਜ ਸਾਹਿਤ ਅਕਾਦਮੀ ਇਨਾਮ, ਪੰਪਾ ਇਨਾਮ, ਯਕਸ਼ਗੰਗਾ ਇਨਾਮ, ਜਨਪਦ ਇਨਾਮ, ਵਚਨ ਸਾਹਿਤ ਸ੍ਰੀ, ਬਸਵਾ ਇਨਾਮ ਅਤੇ ਕਈ ਹੋਰ ਇਨਾਮ-ਸਨਮਾਨ ਵੀ ਮਿਲੇ।

ਡਾ. ਕਲਬੁਰਗੀ ਸ਼ੁਰੂ ਤੋਂ ਬੜੇ ਗੰਭੀਰ ਅਤੇ ਆਲੋਚਨਾਤਮਕ ਨਜ਼ਰੀਏ ਵਾਲੇ ਖੋਜੀ ਰਹੇ ਅਤੇ ਉਨ੍ਹਾਂ ਵੱਲੋਂ ਕੀਤੀ ਪ੍ਰਾਚੀਨ ਅਤੇ ਮੱਧਕਾਲੀ ਸਾਹਿਤ ਦੀ ਤਾਰਕਿਕ ਵਿਆਖਿਆ ਨੇ ਉਨ੍ਹਾਂ ਦੇ ਕਈ ਦੁਸ਼ਮਣ ਬਣਾ ਦਿੱਤੇ, ਜੋ ਉਨ੍ਹਾਂ ਦੇ ਲਿੰਗਾਯਤ ਤਬਕੇ ਵਿੱਚੋਂ ਹੀ ਸਨ। 1988 ਵਿੱਚ ਪਹਿਲੀ ਵਾਰ ਕੰਨੜ ਭਗਤ ਕਵੀ-ਦਾਰਸ਼ਨਿਕ ਬਸਵਾ ਦੇ ਕੁਝ ਪਦਾਂ ਦੀ ਵਿਆਖਿਆ 'ਤੇ ਉਨ੍ਹਾਂ ਨੂੰ ਧਮਕੀਆਂ ਮਿਲੀਆਂ ਜਿਸ ਕਰਕੇ ਉਨ੍ਹਾਂ ਨੂੰ ਸਰਕਾਰੀ ਸੁਰੱਖਿਆ ਲੈਣੀ ਪਈ, ਜਿਸ ਨੂੰ ਲੈ ਕੇ ਹੀ ਉਹ ਯੂਨੀਵਰਸਿਟੀ ਪੜ੍ਹਾਉਣ ਜਾਂਦੇ ਸਨ। ਬਾਅਦ ਵਿੱਚ ਆਪਣੇ ਨਿੰਦਕਾਂ ਨਾਲ ਉਨ੍ਹਾਂ ਸਮਝੌਤਾ ਕਰਕੇ ਸੁਰੱਖਿਆ ਵਾਪਸ ਕਰ ਦਿੱਤੀ। ਉਨ੍ਹਾਂ ਆਪਣੀ ਵਿਆਖਿਆ ਵਿੱਚੋਂ ਨਿੰਦਕਾਂ ਦੇ ਇਤਰਾਜ਼ ਵਾਲੇ ਪੈਰੇ ਹਟਾ ਦਿੱਤੇ, ਹਾਲਾਂਕਿ ਉਨ੍ਹਾਂ ਇਹ ਵੀ ਕਿਹਾ ਕਿ ਉਹ ਇਹ 'ਪਰਿਵਾਰ ਦੀ ਸੁਰੱਖਿਆ' ਲਈ ਕਰ ਰਹੇ ਹਨ ਅਤੇ ਇਹ 'ਬੌਧਿਕ ਖੁਦਕੁਸ਼ੀ ਕਰਨ' ਬਰਾਬਰ ਹੈ। ਇਹੋ ਗੱਲ 2015 ਵਿੱਚ ਤਾਮਿਲ ਲੇਖਕ ਪੇਰੂਮਲ ਮੁਰੂਗਨ ਨੂੰ ਕਹਿਣੀ ਪਈ, ਜਦੋਂ ਉਨ੍ਹਾਂ ਆਪਣੇ ਨਾਵਲ 'ਤੇ ਹੱਲੇ-ਗੁੱਲੇ ਬਾਅਦ 'ਲੇਖਕ ਦੀ ਖੁਦਕੁਸ਼ੀ' ਦਾ ਐਲਾਨ ਕੀਤਾ। (ਸ਼ੁਕਰ ਹੈ ਕਿ ਉਨ੍ਹਾਂ ਆਪਣੇ ਲੇਖਕ ਨੂੰ ਮੁੜ ਜਿੰਦਾ ਕਰ ਲਿਆ ਹੈ)।

ਬਾਅਦ ਵਿੱਚ ਕੰਨੜ ਯੂਨੀਵਰਸਿਟੀ ਦੇ ਵੀ.ਸੀ. ਬਣਨ 'ਤੇ ਉਨ੍ਹਾਂ ਕਈ ਖੋਜ ਯੋਜਨਾਵਾਂ ਸ਼ੁਰੂ ਕੀਤੀਆਂ, ਜਿਨ੍ਹਾਂ ਵਿੱਚ 'ਕੈਫ਼ਿਯਤ', ਆਦਿਲਸ਼ਾਹੀ ਸਾਹਿਤ, ਘੱਟ ਜਾਣੇ ਜਾਂਦੇ ਹੋਰ ਸ਼ਾਹੀ ਪਰਿਵਾਰਾਂ ਦੇ ਸਾਹਿਤ ਤੇ ਖੋਜ ਸ਼ਾਮਲ ਸੀ। 12ਵੀਂ ਸਦੀ ਦੇ 'ਸ਼ਰਣ' ਸਾਹਿਤ ਤੇ ਖੋਜ ਵਿੱਚ ਵੀ ਉਨ੍ਹਾਂ ਦੀ ਦਿਲਚਸਪੀ ਸੀ, ਆਪਣੇ ਕਾਰਜ ਦੇ ਖਰੜਿਆਂ ਲਈ ਉਨ੍ਹਾਂ ਆਕਸਫੋਰਡ ਯੂਨੀਵਰਸਿਟੀ, ਕੈਂਬਰਿਜ ਯੂਨੀਵਰਸਿਟੀ ਅਤੇ ਲੰਦਨ ਦੇ ਸਫ਼ਰ ਵੀ ਕੀਤੇ। ਪ੍ਰੋਫੈਸਰ ਕਲਬੁਰਗੀ ਸਾਹਿਤ ਸਬੰਧੀ ਆਪਣੇ ਤਾਰਕਿਕ ਵਿਚਾਰਾਂ ਨੂੰ ਦਬਾਅ ਕੇ ਨਹੀਂ ਰੱਖ ਸਕਦੇ ਸਨ, ਇਸ ਲਈ ਜਦ ਕੁਝ ਹਿੰਦੂਤਵਵਾਦੀ ਤਾਕਤਾਂ-ਵਿਸ਼ਵ ਹਿੰਦੂ ਪ੍ਰੀਸ਼ਦ, ਬਜਰੰਗ ਦਲ ਅਤੇ ਸ੍ਰੀਰਾਮ ਸੈਨਾ ਆਦਿ ਨੇ ਪ੍ਰਸਿੱਧ ਕੰਨੜ ਲੇਖਕ ਅਤੇ ਗਿਆਨਪੀਠ ਇਨਾਮ ਜੇਤੂ ਯੂ.ਆਰ. ਅਨੰਤਮੂਰਤੀ ਨੂੰ ਆਪਣੇ ਹਮਲਿਆਂ ਦਾ ਨਿਸ਼ਾਨਾ ਬਣਾਇਆ ਤਾਂ ਡਾ. ਕਲਬੁਰਗੀ ਨੇ ਡਾ. ਦਾਭੋਲਕਰ ਦੇ ਮਹਾਰਾਸ਼ਟਰ ਵਿੱਚ ਅੰਧ-ਵਿਸ਼ਵਾਸ ਵਿਰੋਧੀ ਕਾਨੂੰਨ ਬਣਾਉਣ ਦੀ ਮੰਗ ਵਾਂਗ ਕਰਨਾਟਕ ਵਿੱਚ ਵੀ ਅਜਿਹਾ ਕਾਨੂੰਨ ਬਣਾਉਣ ਦੀ ਹਮਾਇਤ ਕੀਤੀ। ਇਨ੍ਹਾਂ ਘਟਨਾਵਾਂ ਤੋਂ ਮਿਲੀਆਂ ਧਮਕੀਆਂ ਤੋਂ ਬਾਅਦ ਜੋ ਸੁਰੱਖਿਆ ਉਨ੍ਹਾਂ ਨੂੰ ਦਿੱਤੀ ਗਈ ਸੀ, ਉਹ 2015 ਦੇ ਸ਼ੁਰੂ ਵਿੱਚ ਵਾਪਸ ਲਈ ਗਈ ਸੀ। ਉਨ੍ਹਾਂ ਦੇ ਘਿਨੌਣੇ ਕਤਲ ਤੋਂ ਬਾਅਦ ਕੰਨੜ ਲੇਖਕ ਕੇ.ਐਸ. ਭਗਵਾਨ ਅਤੇ ਕੰਨੜ ਯੂਨੀਵਰਸਿਟੀ ਦੀ ਮੌਜੂਦਾ ਵੀ.ਸੀ. ਡਾ. ਮਲਿਕਾ ਨੂੰ ਵੀ ਅਜਿਹੀਆਂ ਹੀ ਧਮਕੀਆਂ ਮਿਲੀਆਂ, ਜਿਨ੍ਹਾਂ ਕਰਕੇ ਉਨ੍ਹਾਂ ਨੂੰ ਐਫ.ਆਈ.ਆਰ. ਤੱਕ ਦਰਜ ਕਰਾਉਣੀ ਪਈ। ਕਰਨਾਟਕ ਦੇ ਪ੍ਰਸਿੱਧ ਇਤਿਹਾਸਕਾਰ ਅਤੇ ਆਈ.ਸੀ. ਐਚ. ਆਰ. ਦੇ ਸਾਬਕਾ ਪ੍ਰਧਾਨ ਡਾ. ਐਸ. ਸੇਤਾਰ, ਜਿਨ੍ਹਾਂ ਡਾ. ਕਲਬੁਰਗੀ ਨਾਲ ਮਿਲ ਕੇ ਇਕ ਸਾਂਝਾ ਖੋਜ-ਪੱਤਰ ਵੀ ਲਿਖਿਆ ਸੀ, ਨੇ ਡਾ. ਕਲਬੁਰਗੀ ਨੂੰ ਪ੍ਰਸਿੱਧ ਅੰਗਰੇਜ਼ੀ ਪੱਤ੍ਰਿਕਾ ਈ.ਪੀ.ਡਬਲਿਊ ਵਿੱਚ ਇਨ੍ਹਾਂ ਸ਼ਬਦਾਂ ਵਿੱਚ ਸ਼ਰਧਾਂਜਲੀ ਦਿੱਤੀ:

ਪਿਛਲੇ 150 ਸਾਲਾਂ ਵਿੱਚ ਕੰਨੜ ਦੇ ਕਿਸੇ ਹੋਰ ਵਿਦਵਾਨ ਨੇ ਵੱਖ-ਵੱਖ ਵਿਸ਼ਿਆਂ 'ਤੇ ਇੰਨੀ ਮਾਤਰਾ ਵਿੱਚ ਨਹੀਂ ਲਿਖਿਆ ਜਿੰਨਾ ਡਾ. ਕਲਬੁਰਗੀ ਨੇ। ਉਨ੍ਹਾਂ ਦਾ ਗਿਆਨ ਵਿਸ਼ਵ-ਕੋਸ਼ੀ ਸੀ ਅਤੇ ਉਹ ਸੂਖਮ ਖੋਜ ਦੇ ਮਾਹਿਰ ਸਨ।

ਡਾ. ਕਲਬੁਰਗੀ ਦੇ ਕਤਲ ਨੇ ਭਾਰਤੀ ਲੇਖਕਾਂ ਨੂੰ ਡੂੰਘਾ ਸਦਮਾ ਪੁਚਾਇਆ ਅਤੇ ਉਨ੍ਹਾਂ ਵਿੱਚ ਡਾ. ਦਾਭੋਲਕਰ ਅਤੇ ਕਾਮਰੇਡ ਪਨਸਾਰੇ ਦੇ ਕਤਲਾਂ ਬਾਅਦ ਦੱਬਿਆ ਗੁੱਸਾ ਸਹਿਜ ਸੁਭਾਅ ਹੀ ਇਕ ਵਿਸਫੋਟ ਵਾਂਗ, ਇਨਾਮ ਵਾਪਸ ਕਰਨ ਦੇ ਰੂਪ ਵਿੱਚ ਫੁੱਟਿਆ। ਇਸ 'ਤੇ ਅਕਤੂਬਰ ਦੇ ਸ਼ੁਰੂ ਵਿੱਚ ਭਾਰਤ ਦੇ ਪਹਿਲੇ ਪ੍ਰਧਾਨ ਮੰਤਰੀ ਜਵਾਹਰ ਲਾਲ ਨਹਿਰੂ ਦੀ ਭਾਣਜੀ 88 ਵਰ੍ਹਿਆਂ ਦੀ ਨਯਨਤਾਰਾ ਸਹਿਗਲ ਨੇ ਆਪਣੇ 1986 ਦਾ ਅੰਗਰੇਜ਼ੀ ਭਾਸ਼ਾ ਦਾ ਅਕਾਦਮੀ ਇਨਾਮ ਵਾਪਸ ਕਰ ਦਿੱਤਾ। ਫਿਰ ਤਾਂ ਜਿਵੇਂ ਇਨਾਮ ਵਾਪਸ ਕਰਨ ਵਾਲਿਆਂ ਦੀ ਕਤਾਰ ਹੀ ਲੱਗ ਗਈ। ਡਾ. ਕਲਬੁਰਗੀ ਨੂੰ ਸ਼ਰਧਾਂਜਲੀ ਭੇਟ ਕਰਨ ਲਈ 30 ਅਗਸਤ ਨੂੰ ਧਾਰਵਾੜ ਵਿੱਚ ਦੇਸ਼ ਭਰ ਤੋਂ ਲੇਖਕ/ਵਿਦਵਾਨ ਅਤੇ ਕਰਨਾਟਕ ਦੇ ਸੈਂਕੜੇ ਕਾਰਕੁਨ ਇਕੱਠੇ ਹੋ ਰਹੇ ਹਨ, ਜੋ ਮੌਨ ਜਲੂਸ ਕੱਢਣ ਤੋਂ ਇਲਾਵਾ ਦਿਨ ਭਰ ਦੀ ਵਿਚਾਰ-ਚਰਚਾ ਵੀ ਕਰਨਗੇ।

**ਲੇਖਕ ਜਵਾਹਰ ਲਾਲ ਨਹਿਰੂ ਯੂਨੀਵਰਸਿਟੀ ਦਾ ਸਾਬਕਾ ਪ੍ਰੋਫੈਸਰ ਹੈ।**
**ਸੰਪਰਕ:** 096464-94538

# ਅਖੇ ਮੁੰਡਾ ਜੱਟ ਦਾ

ਸ਼ਾਮੀਂ ਸਾਡੇ GYM ਵਿਚ ਇਕ ਗੀਤ ਪੰਜਾਬੀ ਵੱਜਿਆ, ਜੋ ਪਹਿਲੀ ਵਾਰ ਸੁਣਿਆਂ:

ਓਦੋਂ ਕਿੰਨੀ ਸੋਹਣੀ ਨੀਂ ਤੂੰ ਲੱਗਿਆ ਕਰੇਂਗੀ
ਗੋਦੀ ਚੱਕਿਆ ਕਰੇਂਗੀ ਜਦੋਂ ਮੁੰਡਾ ਜੱਟ ਦਾ।

ਇਕ ਪੰਜਾਬੀ ਗੱਭਰੂ (ਪੁਰਸ਼) ਵਲੋਂ ਕਿਸੇ ਕੁੜੀ (ਔਰਤ) ਨੂੰ ਸੰਬੋਧਤ ਇਸ ਗੀਤ ਦੇ ਮੁਖੜੇ ਦੇ ਦੋ ਸ਼ਬਦ ਕਿੱਲ ਵਾਂਗ ਵੱਜੇ, ਇੱਕ 'ਮੁੰਡਾ' ਅਤੇ ਦੂਜਾ 'ਜੱਟ'। ਵਿਉ ਵਾਂਗੂੰ ਲੱਗੀ ਇਕੋ ਲਾਈਨ। ਅਨੇਕਾਂ ਸਵਾਲ ਉੱਠੇ ਮਨ ਵਿਚ ਅਤੇ ਉਹਨਾਂ ਸਵਾਲਾਂ ਦੇ ਜਵਾਬ ਵਜੋਂ ਜੋ ਸੂਚਨਾ ਉਘੜੀ, ਉਸ ਤੋਂ ਪੰਜਾਬੀ ਗੀਤਕਾਰੀ, ਗਾਇਕੀ ਅਤੇ ਸਮਕਾਲੀ ਪੰਜਾਬੀ ਮਾਨਸਿਕਤਾ ਦੇ ਪੱਧਰ ਬਾਰੇ ਸੋਚ ਕੇ ਕਚਿਆਣ ਆਈ:



**ਜਸਵੰਤ ਸਿੰਘ ਜ਼ਾਫ਼ਰ**

ਪਹਿਲਾ ਸਵਾਲ-
ਕੀ ਗੀਤ ਵਿਚ ਮੁੰਡਾ 'ਜੱਟ ਦਾ' ਦੀ ਜਗ੍ਹਾ ਤੇ ਮੁੰਡਾ ਨਾਈ ਦਾ, ਝਿਊਰ ਦਾ, ਘੁਮਿਆਰ ਦਾ, ਸੁਨਿਆਰ ਦਾ ਜਾਂ ਕਿਸੇ ਹੋਰ ਜਾਤ ਦਾ ਜੋ ਸਕਦਾ ਸੀ? ਨਹੀਂ ਨਾ? ਇਸ ਤਰ੍ਹਾਂ ਕੋਈ ਗੀਤ ਲਿਖ ਸਕਦਾ ਜਾਂ ਗਾ ਸਕਦਾ? ਜੇ ਲਿਖ-ਗਾ ਵੀ ਕੋਈ ਲਵੇ ਤਾਂ ਕੀ ਉਹ ਗੀਤ ਚੱਲ ਸਕਦਾ? ਬਿਲਕੁਲ ਨਹੀਂ ਨਾ? ਕਿਉਂ ਬਈ? ਕੀ ਬੱਚਾ ਪੈਦਾ ਕਰਨ ਵਾਲਾ ਸਿਸਟਮ ਕੁਦਰਤ ਨੇ ਸਿਰਫ ਜੱਟ ਦੇ ਹੀ ਲਗਾਇਆ ਹੈ? ਬਾਕੀ ਸਾਰੇ ਉਂਜ ਹੀ ਤੁਰੇ ਫਿਰਦੇ?

ਦੂਜਾ ਸਵਾਲ- ਕੀ ਗੀਤ ਵਿਚ 'ਮੁੰਡਾ' ਜੱਟ ਦਾ ਦੀ ਜਗ੍ਹਾ ਤੇ 'ਕੁੜੀ' ਜੱਟ ਦੀ ਹੋ ਸਕਦੀ ਸੀ? ਜੇ ਲਿਖੇ ਗਾਏ ਗੀਤ ਵਿਚ ਜੱਟ ਦੀ ਕੁੜੀ ਹੁੰਦੀ ਤਾਂ ਗੀਤ ਮਸ਼ਹੂਰ ਹੋਣ ਯੋਗ ਹੁੰਦਾ? ਬਿਲਕੁਲ ਨਹੀਂ ਨਾ? ਪਰ ਕਿਉਂ? ਕੀ ਜੱਟ ਦੇ ਸਰੀਰ 'ਚ ਸਿਰਫ ਮੁੰਡੇ ਪੈਦਾ ਕਰਨ ਵਾਲੇ ਕਰੋਮੋਸੋਮ ਹੀ ਹੁੰਦੇ ਹਨ? ਜਾਂ ਕੀ ਜੱਟ ਦੇ ਘਰ ਸਿਰਫ ਮੁੰਡੇ ਨੂੰ ਹੀ ਜੰਮਣ ਦੀ ਆਗਿਆ?

ਤੀਜਾ ਸਵਾਲ- ਗੋਦੀ ਚੁੱਕੇ ਬੱਚੇ ਦੇ gender ਦਾ ਔਰਤ ਦੇ ਸੁਹੱਪਣ ਤੇ ਅਸਰ ਕਿਵੇਂ ਅਤੇ ਕਿਉਂ ਪੈ ਜਾਂਦਾ? ਉਹੀ ਔਰਤ ਕੁੜੀ ਦੀ ਬਜਾਏ ਮੁੰਡੇ ਦੀ ਮਾਂ ਹੋਣ ਨਾਲ ਸੋਹਣੀ ਕਿਵੇਂ ਅਤੇ ਕਿਉਂ ਹੋ ਜਾਂਦੀ ਹੈ?

ਚੌਥਾ ਸਵਾਲ- ਕੀ ਮੁੰਡਾ 'ਜੱਟ ਦਾ' ਦੀ ਬਜਾਏ 'ਜੱਟੀ ਦਾ' ਮਕਬੂਲ ਹੋ ਸਕਦਾ? ਨਹੀਂ ਨਾ? ਕੀ ਗੱਲ ਬਈ, ਬੱਚਾ ਸਿਰਫ ਪਿਉ ਦਾ ਹੁੰਦਾ? ਨਹੀਂ, ਮਾਪਿਆਂ ਦਾ ਹੁੰਦਾ, ਮਾਪਿਆਂ ਵਿਚੋਂ ਵੀ ਮਾਂ ਦਾ ਕਿਤੇ ਵਧੇਰੇ। ਫ਼ਸਲ ਖੇਤ ਦੀ ਹੁੰਦੀ ਹੈ ਜਿਸ ਵਿਚ ਬੀਜ ਪੁੰਗਰਦਾ, ਪਲਦਾ, ਬੂਟਾ ਬਣਦਾ, ਕਈ ਮਹੀਨੇ ਖੇਤ 'ਚੋਂ ਖ਼ੁਰਾਕ ਲੈ ਕੇ ਮੁਕੰਮਲ ਫ਼ਸਲ ਬਣਦੀ। ਨਾ ਕਿ ਉਸ ਹੱਟੀ ਦੀ ਜਿਥੋਂ ਬੀਅ ਲਿਆਂਦਾ ਹੁੰਦਾ। ਜਾਂ ਕਹਿ ਸਕਦੇ ਹਾਂ ਕਿ ਫ਼ਸਲ ਖੇਤ ਵਾਲੇ ਕਿਸਾਨ ਦੀ ਹੁੰਦੀ ਨਾ ਕਿ ਬੀਜਾਂ ਦੀ ਹੱਟੀ ਵਾਲੇ ਹਟਵਾਣੀਏਂ ਦੀ।

ਪੰਜਵਾਂ ਸਵਾਲ- ਕੀ ਬੱਚੇ ਨੂੰ ਚੁੱਕਣ (ਪਾਲਣ) ਦਾ ਠੇਕਾ 'ਕੱਲੀ ਮਾਂ ਨੇ ਲਿਆ ਹੋਇਆ? ਪਿਉ ਦਾ ਕੰਮ ਸਿਰਫ ਮੇਰ ਕਰਨਾ ਜਾ ਪਿਉ ਹੋਣ ਦੀ ਅਕੜਾਂਦ ਦਾ ਪ੍ਰਦਰਸ਼ਨ ਕਰਨਾ ਹੀ ਹੈ। ਗੀਤ ਕਹਿੰਦਾ ਕਿ ਜੱਟ ਦਾ ਹੱਕ ਤਾਂ ਔਰਤ (ਦੇ ਸਰੀਰ) ਉੱਤੇ ਜਾਇਜ਼ ਜਾਂ ਨਜ਼ਾਇਜ਼ (ਔਰਤ ਦੀ ਮਰਜੀ ਦੇ ਖਿਲਾਫ਼ ਜਾ ਕੇ ਵੀ) ਕਬਜ਼ਾ ਕਰਨਾ ਹੈ। ਇਸ ਕਬਜ਼ੇ ਦੇ ਫਲਸਰੂਪ ਪੈਦਾ ਹੋਣ ਵਾਲੀ ਜਾਇਜ਼ ਨਜਾਇਜ਼ ਔਲਾਦ ਦਾ gender ਵੀ ਜੱਟ ਦੀ 'ਕਾਬਲੀਅਤ' ਜਾਂ ਮਰਜੀ ਅਨੁਸਾਰ 'ਮੁੰਡਾ' ਹੀ ਹੋਵੇਗਾ। ਇਸ ਨਵੇਂ ਜੰਮੇ ਜਾਂ ਨਿੱਕੇ 'ਜੱਟ' ਨੂੰ ਪਾਲਣ ਪੋਸਣ ਦੀ ਸਾਰੀ ਜਿੰਮੇਵਾਰੀ ਔਰਤ ਦੀ ਹੋਵੇਗੀ। ਇਹ ਜਿੰਮੇਵਾਰੀ ਉਹ ਖੁਸ਼ੀ ਖੁਸ਼ੀ ਨਿਭਾਏਗੀ ਤਾਂ ਹੀ ਉਹ 'ਸੋਹਣੀ' ਲੱਗੇਗੀ ਜਾਂ ਸੋਹਣੀ ਮੰਨੀ ਜਾਵੇਗੀ।

ਇਸ 'ਸੱਭਿਆਚਾਰ' ਬਾਰੇ ਕੋਈ ਕਹਿ ਸਕਦਾ ਹੈ ਕਿ ਇਹ ਪੰਜਾਬ ਦੇ ਜਗੀਰਦਾਰੀ ਪ੍ਰਬੰਧ ਨਾਲ ਜੁੜੀਆਂ ਹੋਈਆਂ ਪਿਛੇ ਤੋਂ ਚਲੀਆਂ ਆਉਂਦੀਆਂ ਡ ਹਨ। ਨਹੀਂ ਜੀ, ਇਹ ਸਭ ਅੱਜ ਕੱਲ੍ਹ ਕਮਲ ਕੁੱਟਣ ਦੀ ਅੰਨ੍ਹੀਂ ਮੁਕਾਬਲੇਬਾਜ਼ੀ ਦਾ ਨਤੀਜਾ ਹੈ। ਸਾਡੇ ਗਰੀਬੀ ਵੇਸ ਵਾਲੇ ਅਨਪੜ ਪੁਰਖੇ ਤਾਂ ਕਿੰਨੇ ਬੀਬੇ ਅਤੇ ਜਿੰਮੇਵਾਰ ਸਨ ਜਿਹਨਾਂ ਦੇ ਰਚੇ ਲੋਕ ਗੀਤਾਂ ਦੇ ਬੋਲ ਹਨ:

ਚੱਲ ਚੱਲੀਏ ਜਰਗ ਦੇ ਮੇਲੇ ਮੁੰਡਾ ਤੇਰਾ ਮੈਂ ਚੱਕ ਲਊਂ।

ਇਹਨੂੰ ਕਹਿੰਦੇ ਨੇ ਜ਼ਿੰਮੇਵਾਰੀ ਲੈਣੀ। ਲੋਕ ਗੀਤ ਦਾ ਕਾਵਿ-ਨਾਇਕ ਕਹਿੰਦਾ ਕਿ ਜ਼ਿੰਮੇਵਾਰੀ ਸਾਰੀ ਮੇਰੀ ਅਤੇ ਸੁਹਾਵਨਾ ਸਾਥ ਤੇਰਾ, ਇੰਜ ਮਾਣਾਂਗੇ ਜ਼ਿੰਦਗੀ ਦਾ ਮੇਲਾ। ਅੱਜ ਕੱਲ੍ਹ ਦੀ ਕਨੱਸਲ ਕਹਿ ਰਹੀ ਹੈ ਕਿ ਜਿੰਮੇਵਾਰੀ ਦਾ ਭਾਰ ਔਰਤ ਉੱਤੇ ਤੇ ਜੱਟ 'ਸਾਥ ਦੇਣਗੇ ਸਿਰਫ ਮੁੱਛ ਨੂੰ ਵੱਟ 'ਤੇ ਪਹਿਨਣਗੇ ਮਹਿੰਗੇ ਸੂਟ ਬੂਟ, ਮਰਵਾਉਣਗੇ ਸਲੂਟ।

ਗੱਲ ਲੰਮੀ ਹੋ ਜਾਣੀ ਹੈ। ਇਸ ਸਬੰਧੀ ਆਪਾਂ ਕੀ ਅਤੇ ਕਿਵੇਂ ਜਿੰਮੇਵਾਰੀ ਲਈਏ, ਇਸ ਦੀ ਚਰਚਾ ਇਕ ਦੋ ਦਿਨਾਂ ਵਿਚ ਕਰਾਂਗੇ। ਫਿਲਹਾਲ ਮੈਂ ਇਸ ਗੀਤ ਨੂੰ ਆਪਣੇ ਲਈ ਉਲਟਾ ਕੇ ਗਾ ਲੈਂਨਾ ਅਤੇ ਖੁਸ਼ ਹੋ ਲੈਂਨਾ:

ਓਦੋਂ ਕਿੰਨਾ ਸੋਹਣਾ ਮੈਂ ਵੀ ਲਗਦਾ ਸੀ ਹੁੰਦਾ
ਗੋਦੀ ਚੁੱਕਦਾ ਹੁੰਦਾ ਸੀ ਤੇਰੀ ਕੁੜੀ ਸੋਹਣੀਏ





**SHERJANG SINGH RANA**
Lic. # M14002019
**416.910.9000**
*www.fmpmortgages.com*
*rana@punjabinsurance.ca*

ਜੇਕਰ ਤੁਸੀਂ 1 ਲੱਖ ਡਾਲਰ ਇਨਵੈਸਟ ਕਰਦੇ ਹੋ ਤਾਂ ਸਾਲ ਦਾ 8000 ਡਾਲਰ ਤੁਹਾਨੂੰ ਵਿਆਜ਼ ਮਿਲੇਗਾ

- Minimum Investment $ 30,000
- Available to cash and registered plans including RRSP, RESP, LIRA, TFSA

# Earn 8-10% Interest Annually


FMP




## •TFSA •RRSP •CASH

YOU CAN GET 8-10% FIXED ANNUAL RETURN

## DIVERSIFY INTO REAL ESTATE Through a Syndicate Mortgage




Investment Example

| Principal $100,000 | Year 1 | Year 2 | Year 3 | Totals |
|---|---|---|---|---|
| Interest Paid Quarterly | $8000 | $8000 | $8000 | $24,000 |
| Principal Repayment | - | - | - | $100,000 |
| Deferred Lender Fee | - | - | 12%* | $12,000 |
| Total Inflow | - | - | - | $136,000 |

Disclaimer : Fortress Real Capital is product offered by FMP Mortgage Investments (FSCO License 12373). Fortress Real Capital transactions are all closed by Building and Development Mortgage Canada Inc. (BDMC) (FSCO Lic.# 10182) unless specifically noted otherwise. This product is availableto Ontario and Nova Scotia residents only. Final terms and conditions can be found in loan agreements. Please speak with a Licensed mortgage agent/broker for more details. All project images displayed on this material are artist renderings only and are subject to change.